



Twenty-Fifth Year of Publication
ਨਿਊਯਾਰਕ ਐਡੀਸ਼ਨ
Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 26, Issue 40; October 4, 2025

Email:punjabtimes1@gmail.com
www.punjabtimesusa.com
20451 N. Plum Grove Rd., Palatine, IL 60074
Ph:847-359-0746, Fax:847-705-9388

## ਕੈਨੇਡਾ ਸਰਕਾਰ ਨੇ ਬਿਸ਼ਨੋਈ ਗੈਂਗ ਨੂੰ ਐਲਾਨਿਆ ਅੱਤਵਾਦੀ ਸੰਗਠਨ

**ਓਟਾਵਾ (ਕੈਨੇਡਾ):** ਕੈਨੇਡਾ ਸਰਕਾਰ ਨੇ ਬਿਸ਼ਨੋਈ ਗੈਂਗ ਨੂੰ ਅਪਰਾਧਿਕ ਜ਼ਾਬਤੇ ਤਹਿਤ ਇੱਕ ਅੱਤਵਾਦੀ ਸੰਗਠਨ ਐਲਾਨ ਕੀਤਾ ਹੈ। ਇਹ ਜਾਣਕਾਰੀ ਪਬਲਿਕ ਸੇਫਟੀ ਮੰਤਰੀ ਮੰਤਰੀ ਗੈਰੀ ਆਨੰਦਸੰਗੀ ਨੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਹਿੰਸਾ ਅਤੇ ਅੱਤਵਾਦੀ ਕਾਰਵਾਈਆਂ ਲਈ ਕੈਨੇਡਾ ਵਿੱਚ ਕੋਈ ਥਾਂ ਨਹੀਂ ਹੈ ।ਕੈਨੇਡਾ ਸਰਕਾਰ ਨੇ ਕਿਹਾ ਕਿ ਬਿਸ਼ਨੋਈ ਗੈਂਗ ਇੱਕ ਅੱਤਵਾਦੀ ਸੰਗਠਨ ਵਜੋਂ ਹੋਣਗੀਆਂ। ਬਿਸ਼ਨੋਈ ਗੈਂਗ ਭਾਰਤ ਤੋਂ ਕੰਮ ਕਰਨ ਵਾਲਾ ਅਤੇ ਕੈਨੇਡਾ ਵਿੱਚ ਸਰਗਰਮ ਇੱਕ ਅੰਤਰਰਾਸ਼ਟਰੀ ਅਪਰਾਧਿਕ ਸੰਗਠਨ ਹੈ।ਇਹ ਗਿਰੋਹ ਕਤਲ, ਗੋਲੀਬਾਰੀ, ਅੱਗਜ਼ਨੀ ਅਤੇ ਜਬਰੀ ਵਸੂਲੀ ਦੀਆਂ ਕਾਰਵਾਈਆਂ ਰਾਹੀਂ ਪ੍ਰਵਾਸੀ ਭਾਈਚਾਰਿਆਂ ਵਿੱਚ ਡਰ ਅਤੇ ਅਸੁਰੱਖਿਆ ਪੈਦਾ ਕਰਦਾ ਹੈ।

ਮੰਤਰੀ ਗੈਰੀ ਆਨੰਦਸੰਗੀ ਨੇ ਕਿਹਾ



ਨਾਮਜ਼ਦ ਹੋਣ ਦੇ ਨਾਲ, ਗਿਰੋਹ ਦੀਆਂ ਜਾਇਦਾਦਾਂ, ਵਾਹਨਾਂ ਅਤੇ ਪੈਸੇ ਨੂੰ ਕੈਨੇਡਾ ਵਿੱਚ ਜ਼ਬਤ ਜਾਂ ਫ੍ਰੀਜ਼ ਕੀਤਾ ਜਾ ਸਕਦਾ ਹੈ। ਅੱਤਵਾਦੀ ਸੂਚੀ ਕੈਨੇਡੀਅਨ ਏਜੰਸੀਆਂ ਨੂੰ ਵਿੱਤ, ਯਾਤਰਾ ਅਤੇ ਭਰਤੀ ਨਾਲ ਸਬੰਧਤ ਮਾਮਲਿਆਂ ਵਿੱਚ ਇਹਨਾਂ ਗਿਰੋਹਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਦਾ ਕਾਨੂੰਨੀ ਆਧਾਰ ਪ੍ਰਦਾਨ ਕਰੇਗੀ।

ਕੈਨੇਡਾ ਅਤੇ ਵਿਦੇਸ਼ਾਂ ਵਿੱਚ ਕੈਨੇਡੀਅਨ ਨਾਗਰਿਕਾਂ ਲਈ ਇਹਨਾਂ ਗਿਰੋਹਾਂ ਨਾਲ ਲੈਣ-ਦੇਣ ਜਾਂ ਸਮਰਥਨ ਨੂੰ ਵੀ ਅਪਰਾਧ ਮੰਨਿਆ ਜਾਵੇਗਾ। ਇਮੀਗ੍ਰੇਸ਼ਨ ਅਤੇ ਸਰਹੱਦੀ ਸੁਰੱਖਿਆ ਏਜੰਸੀਆਂ ਵੀ ਇਸ ਸੂਚੀ ਦੇ ਆਧਾਰ 'ਤੇ ਕੈਨੇਡਾ ਵਿੱਚ ਦਾਖਲੇ ਬਾਰੇ ਫੈਸਲੇ ਲੈਣ ਦੇ ਯੋਗ ''ਹਰੇਕ ਵਿਅਕਤੀ ਨੂੰ ਆਪਣੇ ਘਰ ਅਤੇ ਭਾਈਚਾਰੇ ਵਿੱਚ ਸੁਰੱਖਿਅਤ ਮਹਿਸੂਸ ਕਰਨ ਦਾ ਅਧਿਕਾਰ ਹੈ। ਬਿਸ਼ਨੋਈ ਗੈਂਗ ਵਿਰੁੱਧ ਇਹ ਕਾਰਵਾਈ ਉਨ੍ਹਾਂ ਦੇ ਅਪਰਾਧਾਂ ਨੂੰ ਰੋਕਣ ਲਈ ਇੱਕ ਸ਼ਕਤੀਸ਼ਾਲੀ ਸਾਧਨ ਸਾਬਤ ਹੋਵੇਗੀ।'' ਇਸ ਨਵੇਂ ਐਲਾਨ ਨਾਲ, ਕੈਨੇਡਾ ਦੇ ਅਪਰਾਧਿਕ ਸੰਹਿਤਾ ਅਧੀਨ ਸੂਚੀਬੱਧ ਅੱਤਵਾਦੀ ਸੰਗਠਨਾਂ ਦੀ ਗਿਣਤੀ ਹੁਣ 88 ਹੋ ਗਈ ਹੈ। ਆਰਸੀਐਮਪੀ (ਕੈਨੇਡੀਅਨ ਪੁਲਿਸ ਸੇਵਾ) ਅੱਤਵਾਦੀ ਗਤੀਵਿਧੀਆਂ ਨੂੰ ਰੋਕਣ, ਖੋਜਣ ਅਤੇ ਜਾਂਚ ਕਰਨ ਲਈ ਜ਼ਿੰਮੇਵਾਰ ਹੈ, ਨਾਲ ਹੀ ਵਿਅਕਤੀਆਂ ਦੇ ਅਧਿਕਾਰਾਂ ਅਤੇ ਆਜ਼ਾਦੀਆਂ ਦਾ ਸਨਮਾਨ ਵੀ ਕਰਦੀ ਹੈ।

## ਵਿਸ਼ੇਸ਼ ਵਿੱਤੀ ਪੈਕੇਜ ਨਾ ਦੇਣ 'ਤੇ ਕੇਂਦਰ ਖ਼ਿਲਾਫ਼ ਵਿਧਾਨ ਸਭਾ ਵਿਚ ਨਿੰਦਾ ਮਤਾ ਪਾਸ

**ਚੰਡੀਗੜ੍ਹ:** ਪੰਜਾਬ 'ਚ ਆਏ ਹੜ੍ਹਾਂ ਨਾਲ ਹੋਏ ਨੁਕਸਾਨ ਦੀ ਭਰਪਾਈ ਲਈ ਕੇਂਦਰ ਸਰਕਾਰ ਵੱਲੋਂ ਵਿਸ਼ੇਸ਼ ਵਿੱਤੀ ਪੈਕੇਜ ਨਾ ਦੇਣ ਖ਼ਿਲਾਫ਼ ਸੂਬਾ ਵਿਧਾਨ ਸਭਾ 'ਚ ਕੇਂਦਰ ਸਰਕਾਰ ਖ਼ਿਲਾਫ਼ ਮਤਾ ਪਾਸ ਕੀਤਾ ਗਿਆ। ਪੰਜਾਬ 'ਚ ਆਏ ਹੜ੍ਹਾਂ ਤੇ ਉਸ ਤੋਂ ਰਾਹਤ ਤੇ ਮੁੜ ਵਸੇਬੇ ਸਬੰਧੀ ਦੋ ਦਿਨਾਂ ਦੌਰਾਨ ਸੱਤ ਘੰਟੇ ਚੱਲੀ ਬਹਿਸ 'ਚ ਭਾਰਤੀ ਜਨਤਾ ਪਾਰਟੀ ਦੇ ਦੋਵਾਂ ਵਿਧਾਇਕਾਂ ਦੀ ਗ਼ੈਰ ਹਾਜ਼ਰੀ 'ਚ ਸੱਤਾ ਧਿਰ ਤੇ ਵਿਰੋਧੀ ਧਿਰ ਨੇ ਮਤਾ ਪਾਸ ਕਰ ਦਿੱਤਾ। ਸਦਨ ਨੇ ਆਪਣੀ ਇਹ ਮੰਗ ਦੁਹਰਾਈ ਕਿ ਪੰਜਾਬ ਨੂੰ ਹੜ੍ਹ ਤੇ ਰਾਹਤ ਕਾਰਜਾਂ ਲਈ ਕੇਂਦਰ ਸਰਾਕਰ ਫ਼ੌਰੀ ਤੌਰ 'ਤੇ 20,000 ਕਰੋੜ ਰੁਪਏ ਦਾ ਵਿਸ਼ੇਸ਼ ਵਿੱਤੀ ਪੈਕੇਜ ਜਾਰੀ ਕਰੇ। ਦਿਲਚਸਪ ਗੱਲ ਇਹ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਦੋਵੇਂ ਦਿਨ ਆਪਣੇ ਵਿਚਾਰ ਰੱਖੇ। ਉਨ੍ਹਾਂ ਨੇ ਸਦਨ ਨੂੰ ਇਹ ਜਾਣਕਾਰੀ ਦਿੱਤੀ ਕਿ ਉਹ ਮੰਗਲਵਾਰ ਨੂੰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਸਟੇਟ ਡਿਜ਼ਾਸਟਰ ਰਿਪਸਪਾਂਸ ਫੰਡ ਦੇ ਨਿਯਮਾਂ ਨੂੰ ਸਰਲ ਕਰਵਾਉਣ ਲਈ ਮੁਲਾਕਾਤ ਕਰਨਗੇ। ਵਿਧਾਨ ਸਭਾ 'ਚ ਪਾਸ ਮਤੇ 'ਚ ਕਿਹਾ ਗਿਆ ਹੈ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਪ੍ਰਤੀਕਿਰਿਆ ਦੀ ਕਮੀ ਤੇ ਪੰਜਾਬ 'ਚ ਦਹਾਕਿਆਂ ਦੀ ਹੁਣ ਤੱਕ ਦੇ ਸਭ ਤੋਂ ਨੁਕਸਾਨਦਾਈ ਹੜ੍ਹ ਦੇ ਪੈਮਾਨੇ ਮੁਤਾਬਕ ਵਿਸ਼ੇਸ਼ ਵਿੱਤੀ ਪੈਕੇਜ ਨੂੰ ਮਨਜ਼ੂਰੀ ਦੇਣ 'ਚ ਨਾਕਾਮੀ ਦੀ ਵੱਡੀ ਨਿਖੇਧੀ ਕੀਤੀ ਜਾਂਦੀ ਹੈ। ਪੰਜਾਬ ਦੇ ਚੁਣੇ ਹੋਏ ਮੁੱਖ ਮੰਤਰੀਵੱਲੋਂ ਵਾਰ-ਵਾਰ ਬੈਠਕ ਲਈ ਕੀਤੀ ਗਈ ਬੇਨਤੀ ਦਾ ਜਵਾਬ ਨਾ ਦੇਣ ਲਈ ਪ੍ਰਧਾਨ ਮੰਤਰੀ ਦਫ਼ਤਰ ਦੀ ਸਖ਼ਤ ਸਖ਼ਤ ਨਿੰਦਾ ਕੀਤੀ ਜਾਂਦੀ ਹੈ ਜਿਸ ਨੇ ਸੂਬੇ ਦੇ ਲੋਕਾਂ ਦਾਅਪਮਾਨ ਕੀਤਾ ਹੈ ਤੇ ਆਫਤ ਪ੍ਰਭਾਵਿਤ ਸੂਬੇ



ਦੀ ਨੁਮਾਇੰਦਗੀ ਕਰਨ ਤੋਂ ਰੋਕਿਆ ਹੈ। 1600 ਕਰੋੜ ਰੁਪਏ ਦੇ ਰਾਹਤ ਪੈਕੇਜ ਦੇ ਐਲਾਨ

**ਵਿਧਾਨ ਸਭਾ 'ਚ ਪਾਸ ਮਤੇ 'ਚ ਕਿਹਾ ਗਿਆ ਹੈ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਪ੍ਰਤੀਕਿਰਿਆ ਦੀ ਕਮੀ ਤੇ ਪੰਜਾਬ 'ਚ ਦਹਾਕਿਆਂ ਦੀ ਹੁਣ ਤੱਕ ਦੇ ਸਭ ਤੋਂ ਨੁਕਸਾਨਦਾਈ ਹੜ੍ਹ ਦੇ ਪੈਮਾਨੇ ਮੁਤਾਬਕ ਵਿਸ਼ੇਸ਼ ਵਿੱਤੀ ਪੈਕੇਜ ਨੂੰ ਮਨਜ਼ੂਰੀ ਦੇਣ 'ਚ ਨਾਕਾਮੀ ਦੀ ਵੱਡੀ ਨਿਖੇਧੀ ਕੀਤੀ।**

'ਤੇ ਡੂੰਘੀ ਨਿਰਾਸ਼ਾ ਪ੍ਰਗਟਾਈ ਜਾਂਦੀ ਹੈ, ਜੋ ਸੂਬੇ ਦੀ 20,000 ਕਰੋੜ ਰੁਪਏ ਦੀ ਅਸਲ ਮੰਗ ਨਾਲ ਕਰੂਰ ਮਜ਼ਾਕ ਹੈ। ਪੰਜਾਬ ਸਰਕਾਰ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਬੇਪਰਵਾਹੀ ਖ਼ਿਲਾਫ਼ ਆਪਣਾ ਸਖ਼ਤ ਵਿਰੋਧ ਦਰਜ ਕਰਵਾ ਰਹੀ ਹੈ। ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਉਹ ਤਬਾਹ ਹੋਏ ਸੂਬੇ ਦੇ ਬੁਨਿਆਦੀ ਢਾਂਚੇ ਦੇ ਮੁੜ ਨਿਰਮਾਣ ਤੇ ਪੰਜਾਬ ਦੇ ਲੋਕਾਂ ਦੀ ਰੋਜ਼ੀ ਰੋਟੀ ਬਹਾਲ ਕਰਨ ਲਈ ਘੱਟੋ-ਘੱਟੋ 20,000 ਕਰੋੜ ਰੁਪਏ ਦੇ ਵਿਸ਼ੇਸ਼ ਵਿੱਤੀ ਪੈਕੇਜ ਨੂੰ ਫ਼ੌਰੀ ਮਨਜ਼ੂਰੀ ਦੇਵੇ ਤੇ ਪੰਜਾਬ ਲਈ ਐਲਾਨੇ 1600 ਕਰੋੜ ਰੁਪਏ ਦੀ ਪੂਰੀ ਵਿੱਤੀ ਮਦਦ ਫ਼ੌਰੀ ਤੇ ਪੂਰੀ ਤਰ੍ਹਾਂ ਸੂਬੇ ਦੇ ਖ਼ਜ਼ਾਨੇ 'ਚ ਜਮ੍ਹਾਂ ਕਰੇ। ਮਤੇ 'ਚ ਕਿਹਾ ਗਿਆ ਹੈ ਕਿ ਇਸ ਹੜ੍ਹ ਕਾਰਨ ਪੰਜਾਬ ਦਾ ਜਿੰਨਾ ਨੁਕਸਾਨ ਹੋਇਆ ਹੈ, ਉਨ੍ਹਾਂ ਨਿਯਮਾਂ ਮੁਤਾਬਕ ਅਸੀਂ ਪੀੜਤਾਂ ਨੂੰ 1200 ਕਰੋੜ ਰੁਪਏ ਤੋਂ ਵੱਧ ਨਹੀਂ ਦੇ ਸਕਦੇ, ਇਸ ਲਈ ਇਨ੍ਹਾਂ ਨਿਯਮਾਂ ਨੂੰ ਸੁਖਾਲਾ ਕਰਵਾਉਣ ਲਈ ਕੇਂਦਰ ਨੂੰ ਮਿਲਣਾ ਜ਼ਰੂਰੀ ਹੈ।






# ਫ਼ਿਲਮ 'ਅਮਰ ਸਿੰਘ ਚਮਕੀਲਾ' ਦੀ ਇੰਟਰਨੈਸ਼ਨਲ ਐਵਾਰਡ ਲਈ ਚੋਣ

**ਮੁੰਬਈ:** ਦਿਲਜੀਤ ਦੋਸਾਂਝ ਅਤੇ ਪਰਿਨੀਤੀ ਚੋਪੜਾ ਦੀ ਫਿਲਮ 'ਅਮਰ ਸਿੰਘ ਚਮਕੀਲਾ' ਇੰਟਰਨੈਸ਼ਨਲ ਐਮੀ ਐਵਾਰਡ 2025 ਲਈ ਚੁਣੀ ਗਈ ਹੈ। ਨੈਟਫਲਿਕਸ ਬਾਇਓਗ੍ਰਾਫੀਕਲ ਡਰਾਮਾ ਸ਼੍ਰੇਣੀ ਵਿਚ ਸਰਵੋਤਮ ਅਦਾਕਾਰ ਵਜੋਂ ਚੋਣ ਹੋਣ 'ਤੇ ਦਿਲਜੀਤ ਨੇ ਇਸ ਦਾ ਸਿਹਰਾ ਫਿਲਮ ਦੇ ਨਿਰਦੇਸ਼ਕ ਨੂੰ ਦਿੱਤਾ ਹੈ। ਦਿਲਜੀਤ ਨੇ ਕਿਹਾ, "ਇਹ ਸਾਰਾ ਕੁਝ ਇਮਤਿਆਜ਼ ਅਲੀ ਸਰ ਤੁਹਾਡੇ ਕਰਕੇ ਹੈ।" 2025 ਦੇ ਇੰਟਰਨੈਸ਼ਨਲ ਐਮੀ ਐਵਾਰਡ ਲਈ ਸਰਵੋਤਮ ਅਦਾਕਾਰਾਂ ਵਿੱਚ 'ਲੁਡਵਿਗ' ਲਈ ਡੇਵਿਡ ਮਿਸ਼ੇਲ, 'ਯੋ ਐਡਿਕਟਾਂ ਲਈ ਓਰੀਓਲ ਪਲਾ, ਵਨ ਹੰਡਰੇਡ ਈਅਰਜ਼ ਆਫ ਸੋਲੀਟਿਊਡ' ਲਈ ਡਿਏਗੋ ਵਾਸਕੇਜ਼ ਸ਼ਾਮਲ ਹਨ। 'ਅਮਰ ਸਿੰਘ ਚਮਕੀਲਾ' ਵਿੱਚ ਅਮਰਜੋਤ ਦੀ ਭੂਮਿਕਾ ਨਿਭਾਉਣ ਵਾਲੀ ਅਦਾਕਾਰਾ ਪਰਿਨੀਤੀ ਨੇ ਖੁਸ਼ੀ ਜ਼ਾਹਿਰ ਕਰਦਿਆਂ ਕਿਹਾ, "ਵਾਹ ਮੇਰੀ ਟੀਮ ਚਮਕੀਲਾ 'ਤੇ ਮਾਣ ਹੈ। ਜ਼ਿਕਰਯੋਗ ਹੈ ਕਿ ਇਮਤਿਆਜ਼ ਵਲੋਂ ਨਿਰਦੇਸ਼ਿਤ ਇਹ ਫਿਲਮ ਪੰਜਾਬ ਦੇ ਉੱਘੇ ਗਾਇਕ ਅਮਰ ਸਿੰਘ ਚਮਕੀਲਾ ਦੇ



ਜੀਵਨ 'ਤੇ ਆਧਾਰਿਤ ਹੈ, ਜਿਸ ਦੀ 1988 ਵਿੱਚ 27 ਸਾਲ ਦੀ ਉਮਰ ਵਿੱਚ ਉਸ ਦੀ ਪਤਨੀ ਸਣੇ ਗੋਲੀਆਂ ਮਾਰ ਹੱਤਿਆ ਕਰ ਦਿੱਤੀ ਗਈ ਸੀ। ਅਪਰੈਲ 2024 ਵਿੱਚ ਨੈਟਫਲਿਕਸ 'ਤੇ ਰਿਲੀਜ਼ ਹੋਈ 'ਅਮਰ ਸਿੰਘ ਚਮਕੀਲਾ' ਇਮਤਿਆਜ਼ ਅਲੀ ਅਤੇ ਸਾਜਿਦ ਅਲੀ ਵੱਲੋਂ ਲਿਖੀ ਗਈ ਸੀ।

# ਪੰਜਾਬ 'ਚ ਤਬਾਹੀ ਮਚਾਉਣ ਮਗਰੋਂ ਮੌਨਸੂਨ ਦੀ ਵਾਪਸੀ

**ਚੰਡੀਗੜ੍ਹ:** ਪੰਜਾਬ ਵਿੱਚ ਭਾਰੀ ਤਬਾਹੀ ਮਚਾਉਣ ਮਗਰੋਂ ਮੌਨਸੂਨ ਨੇ ਸੂਬੇ 'ਚੋਂ ਰਸਮੀ ਤੌਰ 'ਤੇ ਵਾਪਸੀ ਕਰ ਲਈ ਹੈ। ਪਿਛਲੇ ਕੁਝ ਦਿਨਾਂ ਤੋਂ ਪੰਜਾਬ ਵਿੱਚ ਮੌਸਮ ਸਾਫ ਹੋਣ ਕਾਰਨ ਲੋਕਾਂ ਨੇ ਸੁੱਖ ਦਾ ਸਾਹ ਲਿਆ ਹੈ। ਸੂਬੇ ਵਿੱਚ ਮੌਨਸੂਨ ਦੌਰਾਨ ਪਏ ਭਾਰੀ ਮੀਂਹ ਨੇ 23 ਜ਼ਿਲ੍ਹਿਆਂ ਵਿੱਚ ਭਾਰੀ ਤਬਾਹੀ ਮਚਾਈ, ਜਿਸ ਕਾਰਨ 2500 ਦੇ ਕਰੀਬ ਪਿੰਡ ਪ੍ਰਭਾਵਿਤ ਹੋਏ ਹਨ। ਇਸ ਦੌਰਾਨ ਲੱਖਾਂ ਲੋਕ ਬੇਘਰ ਹੋ ਗਏ, 5 ਲੱਖ ਏਕੜ ਫ਼ਸਲ ਤਬਾਹ ਹੋ ਗਈ ਅਤੇ 59 ਜਣਿਆਂ ਦੀ ਜਾਨ ਚਲੀ ਗਈ। ਜਾਣਕਾਰੀ ਅਨੁਸਾਰ ਇਸ ਵਾਰ ਮੌਨਸੂਨ ਸੀਜ਼ਨ ਦੌਰਾਨ ਆਮ ਨਾਲੋਂ 43 ਫ਼ੀਸਦ ਵੱਧ ਮੀਂਹ ਪਏ ਹਨ। ਆਮ ਤੌਰ 'ਤੇ ਪਹਿਲੀ ਜੂਨ ਤੋਂ 26 ਸਤੰਬਰ ਤੱਕ ਮੌਨਸੂਨ ਸੀਜ਼ਨ ਦੌਰਾਨ ਪੰਜਾਬ ਵਿੱਚ 433.5 ਐੱਮ ਐੱਮ ਮੀਂਹ ਪੈਂਦਾ ਹੈ ਪਰ ਇਸ ਵਾਰ 621.7 ਐੱਮ ਐੱਮ ਮੀਂਹ ਪਿਆ ਹੈ। ਮੌਨਸੂਨ ਦੀ ਵਾਪਸੀ ਦੇ ਨਾਲ ਹੀ ਡੈਮਾਂ ਵਿੱਚੋਂ ਵੀ ਪਾਣੀ ਘਟਨਾ ਸ਼ੁਰੂ ਹੋ ਗਿਆ ਹੈ। ਪੰਜਾਬ ਵਿੱਚ ਅਗਲਾ ਪੂਰਾ ਹਫ਼ਤਾ ਮੌਸਮ ਸਾਫ ਰਹਿਣ ਦੀ ਪੇਸ਼ੀਨਗੋਈ ਕੀਤੀ ਗਈ ਹੈ। ਮੌਸਮ ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ ਮੌਨਸੂਨ ਦੌਰਾਨ ਤਰਨ ਤਾਰਨ ਵਿੱਚ ਸਭ ਤੋਂ ਵੱਧ 145 ਫ਼ੀਸਦ ਅਤੇ ਕਪੂਰਥਲਾ ਵਿੱਚ ਆਮ ਨਾਲੋਂ 25 ਫ਼ੀਸਦ ਘੱਟ ਮੀਂਹ ਪਿਆ ਹੈ। ਅੰਮ੍ਰਿਤਸਰ ਵਿੱਚ 46 ਫ਼ੀਸਦ, ਬਰਨਾਲਾ 'ਚ 81 ਫ਼ੀਸਦ, ਫਰੀਦਕੋਟ 'ਚ 49 ਫ਼ੀਸਦ, ਫਤਿਹਗੜ੍ਹ ਸਾਹਿਬ 'ਚ 10 ਫ਼ੀਸਦ, ਫਾਜ਼ਿਲਕਾ 'ਚ 15 ਫ਼ੀਸਦ, ਫਿਰੋਜ਼ਪੁਰ 'ਚ 60 ਫ਼ੀਸਦ, ਗੁਰਦਾਸਪੁਰ 'ਚ 93 ਫ਼ੀਸਦ, ਹੁਸ਼ਿਆਰਪੁਰ 'ਚ 12 ਫ਼ੀਸਦ, ਜਲੰਧਰ 'ਚ 74 ਫ਼ੀਸਦ, ਲੁਧਿਆਣਾ 'ਚ 77 ਫ਼ੀਸਦ, ਮਾਨਸਾ 'ਚ 52 ਫ਼ੀਸਦ, ਮੋਗਾ 'ਚ 79 ਫ਼ੀਸਦ, ਮੁਕਤਸਰ 'ਚ 18 ਫ਼ੀਸਦ, ਪਠਾਨਕੋਟ 'ਚ 72 ਫ਼ੀਸਦ, ਪਟਿਆਲਾ 'ਚ 3 ਫ਼ੀਸਦ, ਰੋਪੜ 'ਚ 35 ਫ਼ੀਸਦ, ਸੰਗਰੂਰ 'ਚ 56 ਫ਼ੀਸਦ ਅਤੇ ਨਵਾਂ ਸ਼ਹਿਰ 'ਚ 6 ਫ਼ੀਸਦ ਵੱਧ ਮੀਂਹ ਪਏ ਹਨ ਜਦਕਿ ਮੁਹਾਲੀ 'ਚ 19 ਫ਼ੀਸਦ ਘੱਟ ਮੀਂਹ ਪਿਆ ਹੈ।



# ਅੰਮ੍ਰਿਤਸਰ ਹਵਾਈ ਅੱਡੇ ਤੋਂ 'ਸੱਟਾ ਕਿੰਗ' ਗ੍ਰਿਫ਼ਤਾਰ

**ਅੰਮ੍ਰਿਤਸਰ:** ਦਿੱਲੀ ਪੁਲੀਸ ਦੇ ਸਪੈਸ਼ਲ ਸੈੱਲ ਨੇ ਅੱਜ ਇਥੋਂ ਦੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਉਸ ਨੂੰ ਤੁਰੰਤ ਹੋਰ ਜਾਂਚ ਲਈ ਦਿੱਲੀ ਲਿਜਾਇਆ ਗਿਆ। ਮੁਲਜ਼ਮ ਦੀ ਪਛਾਣ ਰੂਬਲ ਸਰਦਾਰ ਦੱਸੀ ਗਈ ਹੈ ਜਿਸ ਨੂੰ ਕਥਿਤ ਤੌਰ 'ਤੇ ਦਿੱਲੀ ਦੇ 'ਸੱਟਾ ਕਿੰਗ' ਵਜੋਂ ਜਾਣਿਆ ਜਾਂਦਾ ਹੈ। ਜਾਣਕਾਰੀ ਅਨੁਸਾਰ ਇਸ ਵਿਅਕਤੀ ਨੂੰ ਅੱਜ ਉਸ ਵੇਲੇ ਕਾਬੂ ਕੀਤਾ ਗਿਆ ਜਦੋਂ ਉਹ ਹਵਾਈ ਉਡਾਣ ਰਾਹੀਂ ਵਿਦੇਸ਼ ਜਾਣ ਦੀ ਤਿਆਰੀ ਵਿੱਚ ਸੀ। ਉਸ ਦੇ ਵਿਰੁੱਧ ਲੁੱਕਆਊਟ ਸਰਕੂਲਰ ਜਾਰੀ ਸਨ। ਲੁੱਕਆਊਟ ਨੋਟਿਸ ਦੇ ਕਾਰਨ ਹਵਾਈ' ਅੱਡੇ ਦੇ ਅਧਿਕਾਰੀਆਂ ਨੇ ਉਸ ਨੂੰ ਮੌਕੇ 'ਤੇ ਹੀ ਹਿਰਾਸਤ ਵਿੱਚ ਲੈ ਲਿਆ। ਅਤੇ ਦਿੱਲੀ ਪੁਲੀਸ ਨੂੰ ਸੂਚਿਤ ਕੀਤਾ। ਜਿਸ ਨੇ ਬਾਅਦ ਵਿੱਚ ਉਸ ਨੂੰ ਹਿਰਾਸਤ 'ਚ ਲੈ ਲਿਆ।



# ਇਮੀਗ੍ਰੇਸ਼ਨ ਕਟੌਤੀ ਤੋਂ ਬਾਅਦ ਕੈਨੇਡਾ ਦੀ ਆਬਾਦੀ 'ਚ ਆਈ ਖੜੋਤ

**ਟੋਰਾਂਟੋ:** ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰਾਲੇ ਦੇ ਅੰਕੜੇ ਦੇਖੇ ਜਾਣ ਤਾਂ ਦੁਨੀਆ 'ਚ ਇਹ ਚੋਟੀ ਦਾ ਦੇਸ਼ ਅਜੇ ਵੀ ਵਿਦੇਸ਼ੀਆਂ ਦੀ ਪਹਿਲੀ ਪਸੰਦ ਜਾਪਦਾ ਹੈ। ਸਰਕਾਰ ਵਲੋਂ ਜਾਰੀ ਜਾਣਕਾਰੀ ਅਨੁਸਾਰ 31 ਅਗਸਤ 2025 ਤੱਕ ਲਗਭਗ 22 ਲੱਖ ਅਰਜ਼ੀਕਰਤਾ ਅਪਲਾਈ ਕਰਨ ਤੋਂ ਬਾਅਦ ਆਪਣੇ ਵੀਜ਼ੇ ਦੀ ਉਡੀਕ ਕਰ ਰਹੇ ਸਨ, ਜਿਨ੍ਹਾਂ 'ਚ 9 ਲੱਖ ਤੋਂ ਵੱਧ ਅਰਜ਼ੀਆਂ ਪੱਕੀ ਇਮੀਗ੍ਰੇਸ਼ਨ ਦੀਆਂ ਸਨ। ਬੀਤੇ ਕੁਝ ਸਾਲਾਂ ਦੌਰਾਨ ਸਰਕਾਰ ਵਲੋਂ ਸਟੱਡੀ, ਵਰਕ ਤੇ ਵਿਜ਼ਟਰ ਵੀਜ਼ਾ ਦੀ ਰੱਖੀ ਗਈ ਬੇਲਗਾਮ ਨੀਤੀ ਕਾਰਨ ਦੇਸ਼ 'ਚ ਸਮਾਜਿਕ ਤੇ ਆਰਥਿਕ ਹਾਲਾਤ ਤੇਜ਼ੀ ਨਾਲ ਨਿਘਾਰ ਵੱਲ ਗਏ। 2021 ਤੋਂ 2024 ਤੱਕ ਵਿਦੇਸ਼ੀਆਂ ਦੀ ਧੜਾਧੜ ਆਮਦ ਨਾਲ ਕੈਨੇਡਾ ਦੀ ਆਬਾਦੀ 'ਚ ਹਰੇਕ ਸਾਲ ਤੇਜ਼ੀ ਨਾਲ ਵਾਧਾ ਹੁੰਦਾ ਰਿਹਾ, ਜੋ ਦੇਸ਼ ਵਿਚ ਬੱਚਿਆਂ ਦੀ ਜਨਮ ਦਰ 'ਤੇ ਆਧਾਰਿਤ ਨਹੀਂ ਸੀ। ਪਿਛਲੇ ਸਾਲਾਂ ਦੌਰਾਨ ਦੇਸ਼ 'ਚ ਜਨਮ ਦਰ ਨਾਲੋਂ ਮਰਨ ਦਰ ਵੱਧ ਹੋਣ ਬਾਰੇ ਖਬਰਾਂ ਵੀ ਮਿਲਦੀਆਂ ਰਹੀਆਂ। ਇਮੀਗ੍ਰੇਸ਼ਨ ਯੋਜਨਾਬੱਧ ਨਾ ਹੋਣ ਕਾਰਨ ਦੇਸ਼ ਅੰਦਰੋਂ ਲੋਕਾਂ ਦਾ ਦਬਾਅ ਵਧਣ ਕਰਕੇ ਸਰਕਾਰ ਨੇ ਬੀਤੇ ਸਾਲ ਤੋਂ ਵੀਜ਼ਾ, ਵਰਕ ਪਰਮਿਟ ਅਤੇ ਇਮੀਗ੍ਰੇਸ਼ਨ ਦੀਆਂ ਸਖ਼ਤ ਨੀਤੀਆਂ ਲਾਗੂ ਕੀਤੀਆਂ। ਹੇਰਾਫੇਰੀ ਨਾਲ ਵੀਜ਼ਾ ਲੈ ਕੇ ਕੈਨੇਡਾ ਪਹੁੰਚਣ ਵਾਲੇ ਵਿਦੇਸ਼ੀਆਂ ਦੇ ਵੀਜ਼ੇ ਰੱਦ ਕਰਕੇ ਉਨ੍ਹਾਂ ਨੂੰ ਵਾਪਸ ਭੇਜਣ ਦਾ ਅਧਿਕਾਰ ਇਮੀਗ੍ਰੇਸ਼ਨ ਅਫਸਰਾਂ ਨੂੰ ਦਿੱਤਾ ਗਿਆ। ਗੈਰ-ਕਾਨੂੰਨੀ (ਵਿਜ਼ਟਰ) ਕਾਮਿਆਂ ਦੀ ਫੜੋ-ਫੜੀ ਵਧੀ ਅਤੇ ਵਾਪਸ ਭੇਜਣ (ਡਿਪੋਰਟ) 'ਚ ਤੇਜ਼ੀ ਆਈ। ਅਜਿਹੇ 'ਚ ਦੇਸ਼ ਦੇ ਅੰਕੜਾ ਵਿਭਾਗ ਦੇ ਤਾਜ਼ਾ ਤੱਥਾਂ ਅਨੁਸਾਰ 2025 'ਚ ਜੂਨ ਦੇ ਅਖੀਰ ਤੱਕ ਬੀਤੇ ਛੇ ਮਹੀਨਿਆਂ ਦੌਰਾਨ ਕੈਨੇਡਾ ਦੀ ਆਬਾਦੀ 'ਚ ਲਗਭਗ 77000 ਲੋਕਾਂ ਦਾ ਮਾਮੂਲੀ ਵਾਧਾ ਹੋਇਆ ਜੋ ਕੁੱਲ ਆਬਾਦੀ ਦਾ ਸਿਰਫ਼ 0.1 ਪ੍ਰਤੀਸ਼ਤ ਹੈ ਜਦ ਕਿ 2022 'ਚ ਪਹਿਲੇ ਛੇ ਮਹੀਨਆਂ ਦੌਰਾਨ ਇਹੀ ਅੰਕੜਾ 4,45,000 ਦੇ ਕਰੀਬ ਸੀ। ਸਥਾਪਤੀ ਦੀਆਂ ਸੰਭਾਵਨਾਵਾਂ ਨਾ ਹੋਣ ਅਤੇ ਮਹਿੰਗਾਈ 'ਚ ਗੁਜ਼ਾਰਾ ਔਖਾ ਹੋਣ ਕਰਕੇ ਬੀਤੇ ਚਾਰ ਮਹੀਨਿਆਂ 'ਚ 58000 ਤੋਂ ਵੱਧ ਵਿਦੇਸ਼ੀ ਕੈਨੇਡਾ ਛੱਡ ਕੇ ਆਪਣੇ ਦੇਸ਼ਾਂ ਨੂੰ ਵੀ ਮੁੜੇ ਹਨ। 2022 ਤੋਂ 2025 ਦੇ ਸ਼ੁਰੂ ਤੱਕ ਕੈਨੇਡਾ ਦੀ ਆਬਾਦੀ ਵਿਚ ਲਗਭਗ 10 ਲੱਖ ਲੋਕਾਂ ਦਾ ਵਾਧਾ ਦਰਜ ਕੀਤਾ ਗਿਆ ਸੀ, ਜਿਸ ਨੂੰ ਹੁਣ ਵੱਡੀ ਹੱਦ ਤੱਕ ਨੱਕਾ ਲੱਗ ਚੁੱਕਾ ਹੈ। ਅਜਿਹੇ 'ਚ ਦੇਸ਼ ਅੰਦਰ ਆਰਥਿਕ ਮਾਹਿਰ ਮਹਿਸੂਸ ਕਰ ਰਹੇ ਹਨ ਕਿ ਉਪਭੋਗਤਾਵਾਂ ਦੀ ਗਿਣਤੀ ਵਿਚ ਵਾਧਾ ਨਾ ਹੋਣ ਕਰਕੇ ਵਸਤਾਂ ਦੀ ਮੰਗ ਘਟੇਗੀ ਅਤੇ ਇਹ ਸਥਿਤੀ ਆਰਥਿਕਤਾ 'ਚ ਖੜੋਤ ਆਉਣ ਦਾ ਕਾਰਨ ਬਣ ਸਕਦੀ ਹੈ।

ਪਰ ਦੇਸ਼ ਦੀ ਸਰਕਾਰ ਦੀ ਸਾਰੀ ਸ਼ਕਤੀ ਇਸ ਸਮੇਂ ਅਮਰੀਕਾ ਨਾਲ ਵਿਗੜੇ ਹੋਏ ਸੰਬੰਧ, ਬੇਰੁਜ਼ਗਾਰੀ, ਮਹਿੰਗਾਈ ਅਤੇ ਮਕਾਨਾਂ ਦੀ ਘਾਟ ਦੀ ਸਥਿਤੀ ਸੁਧਾਰਨ ਵੱਲ ਲੱਗੀ ਹੋਈ ਹੈ ਅਤੇ ਇਮੀਗ੍ਰੇਸ਼ਨ ਦੀ ਸਖ਼ਤਾਈ ਭਵਿੱਖ 'ਚ ਅਜੇ ਜਾਰੀ ਰੱਖਣਾ ਹੀ ਸਰਕਾਰ ਦੀ ਮਜਬੂਰੀ ਬਣੀ ਹੋਈ ਹੈ।



# ਮੰਡ ਖੇਤਰ ਦੇ ਦਰਜਨਾਂ ਪਿੰਡਾਂ ਵਿਚ ਅਜੇ ਵੀ ਹਾਲਾਤ ਬਦਤਰ; ਖੇਤ ਪਾਣੀ ਵਿਚ ਡੁੱਬੇ

## ਸੱਤਾਧਾਰੀ ਪਾਰਟੀ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਤੋਂ ਖ਼ਫ਼ਾ ਹਨ ਪਿੰਡਾਂ ਦੇ ਲੋਕ

**ਸੁਲਤਾਨਪੁਰ ਲੋਧੀ:** ਸਤੰਬਰ- ਸੁਲਤਾਨਪੁਰ ਲੋਧੀ ਸਬ-ਡਵੀਜ਼ਨ ਦੇ ਹੜ੍ਹ ਮਾਰੇ ਮੰਡ ਖੇਤਰ ਦੇ ਦਰਜਨ ਤੋਂ, ਵੱਧ ਟਾਪੂਨੁਮਾ ਪਿੰਡਾਂ ਬਾਊਪੁਰ ਜਦੀਦ, ਬਾਊਪੁਰ ਕਦੀਮ, ਮੰਡ ਸਾਂਗਰਾ, ਰਾਮਪੁਰ ਗੋਰੇ, ਮੁਹੰਮਦਾਬਾਦ, ਭੈਣੀ ਕਾਦਰ ਬਖਸ਼ਵਾਲਾ, ਭੈਣੀ ਬਹਾਦਰ, ਮੰਡ ਮੁਬਾਰਕਪੁਰ ਤੋਂ ਇਲਾਵਾ ਬੇ ਚਿਰਾਗ ਪਿੰਡ ਬੰਧੂ ਜਦੀਦ, ਕਿਸ਼ਨਪੁਰ ਘੜਕਾ, ਮੰਡ ਗੁਜਰਪੁਰ, ਮੰਡ ਆਲਮ ਖਾਂ, ਅਕਾਲਪੁਰ ਦੇ ਹਾਲਾਤ ਅਜੇ ਵੀ ਬਦਤਰ ਹਨ। ਪਿੰਡਾਂ ਦੇ ਖੇਤਾਂ ਵਿਚ ਅਜੇ ਵੀ 2 ਤੋਂ ਲੈ ਕੇ 3 ਫੁਟ ਤੇ ਕੁੱਝ ਨੀਵੀਆਂ ਥਾਵਾਂ 'ਤੇ ਚਾਰ ਫੁੱਟ ਤੱਕ ਪਾਣੀ ਖੜ੍ਹਾ ਹੈ। ਦਰਿਆ ਬਿਆਸ ਦੇ ਤੇਜ਼ ਵਹਾਅ ਨੇ ਇਨ੍ਹਾਂ ਟਾਪੂਨੁਮਾ ਪਿੰਡਾਂ ਦੀ 5 ਹਜ਼ਾਰ , ਏਕੜ ਜ਼ਮੀਨ ਵਿਚੋਂ 500 ਏਕੜ ਰਕਬੇ ਵਿਚ 3 ਤੋਂ ਲੈ ਕੇ 4 ਫੁੱਟ ਤੱਕ ਰੇਤ ਪਾ ਦਿੱਤੀ ਹੈ, ਕਈ ਥਾਵਾਂ 'ਤੇ ਡੂੰਘੇ ਟੋਏ ਪੈ ਚੁੱਕੇ ਹਨ ਤੇ ਸਾਢੇ 4 4 ਹਜ਼ਾਰ ਏਕੜ ਜ਼ਮੀਨ ਅਜੇ ਵੀ ਪਾਣੀ ਦੀ ਮਾਰ ਹੇਠ ਹੈ। ਪਾਣੀ ਕਾਰਨ ਕੁੱਝ ਪਿੰਡਾਂ ਨੂੰ ਜਾਣ ਵਾਲੇ ਰਸਤੇ ਬੰਦ ਹਨ, ਮੰਡ ਸਾਂਗਰਾ ਨੂੰ ਜਾਣ ਲਈ ਪਿੰਡ ਵਾਸੀਆਂ ਨੂੰ ਅਜੇ ਬੇੜੀ ਦਾ ਸਹਾਰਾ ਲੈਣਾ ਪੈ ਰਿਹਾ ਹੈ। ਪਿਛਲੇ ਦੋ ਮਹੀਨਿਆਂ ਦੌਰਾਨ ਹੜ੍ਹ ਦੀ ਭਿਆਨਕ ਤਬਾਹੀ ਦੇ . ਮੰਜਰ ਵਿਚੋਂ ਗੁਜ਼ਰੇ ਪਿੰਡਾਂ ਦੇ ਲੋਕ ਸੱਤਾਧਾਰੀ ਪਾਰਟੀ' ਤੇ ਪ੍ਰਸ਼ਾਸਨਿਕ ਅਧਿਕਾਰੀਆਂ ਤੋਂ ਖਫ਼ਾ ਹਨ। ਪ੍ਰਭਾਵਿਤ ਲੋਕਾਂ ਦਾ ਕਹਿਣਾ ਹੈ ਕਿ ਹੜ੍ਹ ਦੌਰਾਨ ਸੱਤਾਧਾਰੀ ਪਾਰਟੀ ਦੇ ਆਗੂਆਂ ਤੇ ਕੈਬਨਿਟ ਮੰਤਰੀਆਂ ਨੇ ਉਨ੍ਹਾਂ ਨਾਲ ਵਾਅਦਾ ਕੀਤਾ ਸੀ ਕਿ ਉਹ ਇਨ੍ਹਾਂ ਟਾਪੂਨੁਮਾ ਪਿੰਡਾਂ ਨੂੰ ਸੁਰੱਖਿਅਤ ਰੱਖਣ ਵਾਲੇ ਆਰਜ਼ੀ ਬੰਨ੍ਹ ਜੋ ਕਈ ਥਾਵਾਂ 'ਤੋਂ ਟੁੱਟ ਚੁੱਕਾ ਹੈ, ਉਸ ਨੂੰ ਬੰਨ੍ਹਣ ਵਿਚ ਮਦਦ ਕਰਨਗੇ, ਪਰ ਹੜ੍ਹ ਦਾ ਪਾਣੀ ਥੋੜ੍ਹਾ ਘਟਣ ਤੋਂ ਬਾਅਦ ਵੀ ਨਾ ਕੋਈ ਮੰਤਰੀ ਤੇ ਨਾ ਹੀ ਕੋਈ ਪ੍ਰਸ਼ਾਸਨਿਕ ਅਧਿਕਾਰੀ ਉਨ੍ਹਾਂ ਦੀ ਸਾਰ ਲੈਣ ਨਹੀਂ



ਆਇਆ। ਪਿੰਡ ਬਾਊਪੁਰ ਦੇ ਸਰਪੰਚ ਗੁਰਮੀਤ ਸਿੰਘ ਨੇ ਦੱਸਿਆ ਕਿ 2500 ਦੀ ਆਬਾਦੀ ਵਾਲੇ ਇਸ ਖੇਤਰ ਵਿਚ ਹੜ੍ਹ ਦੌਰਾਨ ਕਈ ਥਾਵਾਂ 'ਤੇ ਚਾਰ ਫੁੱਟ ਤੇ ਕਈ ਨੀਵੀਆਂ ਥਾਵਾਂ 'ਤੇ 10 ਤੋਂ 12 ਫੁੱਟ ਤੱਕ ਪਾਣੀ ਦਾ ਵਹਾਅ ਸੀ ਤੇ ਉਸ ਸਮੇਂ ਪੰਜਾਬ ਦੇ ਕੁੱਝ ਕੈਬਨਿਟ ਮੰਤਰੀ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਉਨ੍ਹਾਂ ਦੀ ਮਦਦ ਵੀ ਕੀਤੀ, ਪਰ ਇਸ ਤਰਾਸਦੀ ਵਿਚ ਸਮਾਜ ਸੇਵੀ ਸੰਸਥਾਵਾਂ,ਧਾਰਮਿਕ ਜਥੇਬੰਦੀਆਂ ਤੇ ਪੰਜਾਬ ਦੇ ਗੁਆਂਢੀ ਸੂਬਿਆਂ ਤੋਂ ਆਈਆਂ ਸੰਗਤਾਂ ਤੋਂ ਇਲਾਵਾ ਹਲਕੇ ਦੇ ਆਜ਼ਾਦ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ, ਬਾਬਾ ਬਲਬੀਰ ਸਿੰਘ ਸੀਚੇਵਾਲ ਮੈਂਬਰ ਰਾਜ ਸਭਾ, ਬਾਬਾ ਸੁੱਖਾ ਸਿੰਘ ਸਰਹਾਲੀ ਵਾਲਿਆਂ ਨੇ ਉਨ੍ਹਾਂ ਦੀ ਬਾਂਹ ਫੜੀ ਤੇ ਅੱਜ ਵੀ ਉਨ੍ਹਾਂ ਦਾ ਸਾਥ ਦੇ ਰਹੇ ਹਨ। ਗੁਰਮੀਤ ਸਿੰਘ ਨੇ ਦੱਸਿਆ ਕਿ ਜੇਕਰ ਹੜ੍ਹ ਦਾ ਪਾਣੀ ਅਗਲੇ 10-15 ਦਿਨਾਂ ਵਿਚ ਸੁੱਕ ਜਾਂਦਾ ਹੈ ਤਾਂ ਇਨ੍ਹਾਂ ਖੇਤਾਂ ਵਿਚ ਕਣਕ ਤੇ ਹੋਰ ਫ਼ਸਲਾਂ ਦੀ ਬਿਜਾਈ ਹੋ ਸਕਦੀ ਹੈ।ਪਿੰਡ ਮੁਹੰਮਦਾਬਾਦ ਦੇ ਕਿਸਾਨ ਜਗੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਿੰਡ ਦੇ 10-12 ਪਰਿਵਾਰ ਪਿਛਲੇ 2 ਮਹੀਨਿਆਂ ਤੋਂ ਆਪਣਾ ਘਰ-ਬਾਰ ਛੱਡ ਕੇ ਝੁੱਗੀਆਂ ਬੰਧੂ ਪਿੰਡ ਵਿਚ ਰਹਿ ਰਹੇ ਹਨ, ਕਿਉਂਕਿ ਪਿੰਡ ਨੂੰ ਜਾਣ ਲਈ ਕੋਈ ਰਸਤਾ ਨਹੀਂ ਤੇ ਨਾ ਹੀ ਪਿੰਡ ਵਿਚ ਬਿਜਲੀ ਹੈ। ਮੌਕੇ 'ਤੇ ਹਾਜ਼ਰ ਪਿੰਡ ਖੀਰਾਂਵਾਲੀ- ਜਹਾਂਗੀਰ ਦੇ ਸਰਪੰਚ ਸੇਵਾ ਸਿੰਘ ਨੇ ਦੱਸਿਆ ਕਿ ਉਹ ਪਹਿਲਾਂ ਆਪਣੇ ਸਾਥੀਆਂ ਦੇ ਨਾਲ ਇਸ ਖੇਤਰ ਵਿਚ ਰਾਸ਼ਨ ਲੈ ਕੇ ਆਉਂਦੇ ਸਨ ਤੇ ਹੁਣ ਪਿਛਲੇ ਦਿਨਾਂ ਤੋਂ ਦੋ ਦਰਜਨ ਤੋਂ ਵੱਧ ਟਰੈਕਟਰ ਲੈ ਕੇ ਟੁੱਟਿਆ ਆਰਜ਼ੀ ਬੰਨ੍ਹ ਬੰਨ੍ਹਣ ਵਿਚ ਜੁਟੇ ਹੋਏ ਹਨ।

ਜਿੰਨੀ ਦੇਰ ਤੱਕ ਬੰਨ੍ਹ ਨਹੀਂ ਬੱਝਦਾ, ਉਹ ਆਪਣੇ ਸਾਥੀਆਂ ਨਾਲ ਇਸ ਕਾਰਜ ਨੂੰ ਨੇਪਰੇ ਚੜ੍ਹਾਉਣ ਵਿਚ ਯੋਗਦਾਨ ਪਾਉਣਗੇ। ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਦੇ ਜ਼ਿਲ੍ਹਾ ਪ੍ਰਧਾਨ ਸਰਵਣ ਸਿੰਘ ਬਾਊਪੁਰ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਇਸ ਖੇਤਰ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਮੁੱਖ ਰੱਖਦਿਆਂ ਉਨ੍ਹਾਂ ਦੇ ਮੁੜ ਵਸੇਬੇ ਲਈ ਯਤਨ ਕਰਨੇ ਚਾਹੀਦੇ ਹਨ।

# ਪੁਲਿਸ ਮੁਕਾਬਲੇ ਵਿਚ ਗੈਂਗਸਟਰ ਹਲਾਕ


**ਨਵਾਂਸ਼ਹਿਰ:** ਨਵਾਂਸ਼ਹਿਰ ਪੁਲਿਸ ਵਲੋਂ ਅੱਜ ਇੱਕ ਪੁਲਿਸ ਮੁਕਾਬਲੇ 'ਚ ਗੈਂਗਸਟਰ ਦੀ ਮੌਤ ਹੋ ਗਈ। ਜਿਸਦੀ ਪਹਿਚਾਣ ਬਰਿੰਦਰ ਸਿੰਘ ਪੰਡੋਰੀ ਗੋਹਲਾ ਜਿਲ੍ਹਾ ਤਰਨ ਤਾਰਨ ਵਜੋਂ ਹੋਈ, ਜਿਸ ਤੋਂ ਪਹਿਲਾਂ ਵੀ ਕਾਫੀ ਮੁਕਦਮੇ ਦਰਜ ਸਨ ਤੇ ਇਹ ਕੁਝ ਸਮਾਂ ਪਹਿਲਾਂ ਹੀ ਜੇਲ੍ਹ ਤੋਂ ਆਇਆ ਸੀ। ਨਵਾਂ ਸ਼ਹਿਰ ਵਿਖੇ ਸਤਿੰਦਰ ਸਿੰਘ ਡੀ.ਆਈ.ਜੀ. ਪੰਜਾਬ ਪੁਲਿਸ ਨੇ ਦੱਸਿਆ ਕਿ ਨਵਾਂ ਸ਼ਹਿਰ ਪੁਲਿਸ ਨੂੰ ਉਸ ਸਮੇਂ ਵੱਡੀ ਕਾਮਯਾਬੀ ਮਿਲੀ ਜਦੋਂ ਉਹ ਗਸ਼ਤ 'ਤੇ ਜਾ ਰਹੇ ਸਨ ਤੇ ਇੱਕ ਸ਼ੱਕੀ ਵਿਅਕਤੀ ਨੂੰ ਰੁਕਣ ਦਾ ਇਸ਼ਾਰਾ ਕੀਤਾ, ਜੋ ਮੋਟਰਸਾਈਕਲ 'ਤੇ ਸਵਾਰ ਸੀ। ਉਸ ਦਾ ਮੋਟਰਸਾਈਕਲ ਸ਼ਿਪ ਹੋ ਗਿਆ ਅਤੇ ਉਹ ਡਿੱਗ ਪਿਆ। ਪੁਲਿਸ ਪਾਰਟੀ ਵਲੋਂ ਉਸ ਦਾ ਪਿੱਛਾ ਕਰਨ 'ਤੇ ਉਸ ਨੇ ਰਿਵਾਲਵਰ ਨਾਲ ਪੁਲਿਸ 'ਤੇ ਫਾਇਰਿੰਗ ਕਰ ਦਿੱਤੀ। ਪੁਲਿਸ ਵਲੋਂ ਜਵਾਬੀ ਗੋਲੀਬਾਰੀ 'ਚ ਉਸ ਦੇ ਇੱਕ ਗੋਲੀ ਲੱਗੀ ।ਜਿਸ ਨੂੰ ਸਿਵਲ ਹਸਪਤਾਲ ਨਵਾਂ ਸ਼ਹਿਰ ਵਿਖੇ ਲਿਆਂਦਾ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਉਨ੍ਹਾਂ ਦੱਸਿਆ ਕਿ ਇਸ 'ਤੇ ਪਿੰਡ ਜਾਡਲਾ ਨਵਾਂ ਸ਼ਹਿਰ ਲਾਗੇ ਬੰਬ ਧਮਾਕੇ ਕਰਨ ਦੇ ਦੋਸ਼ ਤਹਿਤ ਵੀ ਮਾਮਲਾ ਦਰਜ ਕੀਤਾ ਗਿਆ ਸੀ। ਬਰਿੰਦਰ ਨੇ ਮਨੂ ਅਗਵਾਨ ਤੇ ਗੋਪੀ ਨਵਾਂ ਸ਼ਹਿਰੀਆ ਦੇ ਕਹਿਣ 'ਤੇ ਸ਼ਹੀਦ ਭਗਤ ਸਿੰਘ ਨਗਰ 'ਚ ਵਾਰਦਾਤਾਂ ਕੀਤੀਆਂ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਨੇ ਹਰਿਗੋਬਿੰਦ ਨਗਰ 'ਚ ਸਰਪੰਚ ਯਵਰਾਜ ਸਿੰਘ ਦੀ ਹੱਤਿਆ ਵੀ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦਾ ਮਾਹੌਲ ਨੂੰ ਖਰਾਬ ਕਰਨ ਵਾਲੀਆਂ ਤਾਕਤਾਂ ਤੋਂ ਬਚਣ ਦੀ ਲੋੜ ਹੈ। ਇਸ ਮੌਕੇ ਜ਼ਿਲ੍ਹਾ ਪੁਲਿਸ ਮੁਖੀ ਡਾਕਟਰ ਮਹਿਤਾਬ ਸਿੰਘ, ਸਰਬਜੀਤ ਸਿੰਘ ਬਾਹੀਆ ਐਸ.ਪੀ. ਸ਼ਹੀਦ ਭਗਤ ਸਿੰਘ ਨਗਰ, ਰਾਜ ਕੁਮਾਰ ਬਜਾੜ ਡੀ.ਐਸ.ਪੀ. ਹਾਜ਼ਰ ਸਨ।



# ਗਾਖਲ ਗਰੁੱਪ ਯੂ.ਐਸ.ਏ. ਨੇ 'ਰੰਗਲਾ ਪੰਜਾਬ ਫੰਡ' ਲਈ ਦਿੱਤੇ 13 ਲੱਖ ਰੁਪਏ

## ਹੜ੍ਹ ਪੀੜਤਾਂ ਲਈ ਹੋਰ ਦੇਵਾਂਗੇ 12 ਲੱਖ: ਗਾਖਲ

ਸਮਾਜ ਸੇਵੀ ਸੰਸਥਾ ਗਾਖਲ ਗਰੁੱਪ ਯੂ.ਐੱਸ.ਏ. ਵਲੋਂ ਪੰਜਾਬ ਦੇ ਹੜ੍ਹ ਪੀੜਤਾਂ ਲਈ ਪੰਜਾਬ ਸਰਕਾਰ ਵਲੋਂ ਬਣਾਏ ਗਏ 'ਰੰਗਲਾ ਪੰਜਾਬ ਫੰਡ' ਲਈ 13 ਲੱਖ ਰੁਪਏ ਦਿੱਤੇ ਗਏ ਹਨ। ਇਸਦਾ ਚੈੱਕ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਨੂੰ ਗਾਖਲ ਗਰੁੱਪ ਦੇ ਨੁਮਾਇੰਦਿਆਂ ਸ. ਨੱਥਾ ਸਿੰਘ ਗਾਖਲ ਅਤੇ ਮਯੰਕ ਗੁਪਤਾ ਨੇ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਦੇ ਚੇਅਰਮੈਨ ਸ੍ਰੀ ਪਵਨ ਕੁਮਾਰ ਟੀਨੂੰ ਦੀ ਮੌਜੂਦਗੀ 'ਚ ਭੇਟ ਕੀਤਾ।



ਗਾਖਲ ਗਰੁੱਪ ਯੂ.ਐੱਸ.ਏ. ਦੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਨੇ ਦੱਸਿਆ ਕਿ ਉਹ ਆਉਣ ਵਾਲੇ ਸਮੇਂ 'ਚ 12 ਲੱਖ ਰੁਪਏ ਹੋਰ ਇਸ ਫੰਡ ਵਿਚ ਦੇਣਗੇ। ਉਨ੍ਹਾਂ ਕਿਹਾ ਕਿ ਗਾਖਲ ਪਰਿਵਾਰ (ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ) ਹਮੇਸ਼ਾ ਹੀ ਪੰਜਾਬ ਨਾਲ ਖੜ੍ਹਦੇ ਆਏ ਹਨ ਅਤੇ ਖੜ੍ਹਦੇ ਰਹਿਣਗੇ। ਗੁਰੂ ਨਾਨਕ ਦੇਵ ਜੀ ਦੀ ਕਿਰਪਾ ਨਾਲ ਪੰਜਾਬ ਹੜ੍ਹ ਦੇ ਸੰਤਾਪ ਤੋਂ ਜਲਦੀ ਹੀ ਉੱਭਰੇਗਾ ਅਤੇ ਸਮੂਹ ਐਨ.ਆਰ.ਆਈਜ਼ ਆਪੋ ਆਪਣੇ ਪੱਧਰ 'ਤੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਸੇਵਾ ਕਰ ਰਹੇ ਹਨ, ਜਿਸ ਕਾਰਨ ਹੜ੍ਹ ਦੇ ਝੰਬੇ ਪਰਿਵਾਰ ਦੁਬਾਰਾ ਜਲਦੀ ਪਹਿਲਾਂ ਵਰਗੀ ਜ਼ਿੰਦਗੀ ਜਿਊਣ ਦੇ ਸਮਰੱਥ ਹੋ ਜਾਣਗੇ। ਉਨ੍ਹਾਂ ਦੱਸਿਆ ਕਿ ਜਲੰਧਰ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਗਲੋਬਲ ਹਸਪਤਾਲ ਜਲੰਧਰ ਦੇ ਡਾ. ਦਾਹੀਆ ਦੇ ਸਹਿਯੋਗ ਨਾਲ ਮੁਫ਼ਤ ਐਂਬੂਲੈਂਸ ਵੀ ਚਲਾਈ ਜਾ ਰਹੀ ਹੈ ਜਿਸ ਨਾਲ ਹੜ੍ਹ ਪੀੜਤਾਂ ਨੂੰ ਕਾਫ਼ੀ ਰਾਹਤ ਮਿਲੀ ਹੈ।



*ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਨੂੰ ਚੈੱਕ ਭੇਟ ਕਰਦੇ ਹੋਏ ਨੱਥਾ ਸਿੰਘ ਗਾਖਲ, ਮਯੰਕ ਗੁਪਤਾ ਨਾਲ ਖੜ੍ਹੇ ਹਨ ਪਵਨ ਕੁਮਾਰ ਟੀਨੂੰ।*

# ਅਮਰੀਕਾ 'ਚ ਵਿਦੇਸ਼ੀ ਫ਼ਿਲਮਾਂ 'ਤੇ 100% ਟੈਰਿਫ਼

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਲਾਨ ਕੀਤਾ ਹੈ ਕਿ ਉਹ ਸਾਰੀਆਂ ਵਿਦੇਸ਼ੀ ਫਿਲਮਾਂ 'ਤੇ 100 ਫ਼ੀਸਦੀ ਟੈਰਿਫ ਲਗਾਉਣਗੇ। ਇਹ ਇਕ ਬੇਮਿਸਾਲ ਕਦਮ ਹੈ ਜਿਸ ਨਾਲ ਹਾਲੀਵੁੱਡ ਦੇ ਵਿਸ਼ਵ ਵਪਾਰ ਮਾਡਲ 'ਤੇ ਖਤਰਾ ਮੰਡਰਾ ਸਕਦਾ ਹੈ। ਇਹ ਕਦਮ ਸੁਰੱਖਿਆਵਾਦੀ ਵਪਾਰ ਨੀਤੀਆਂ ਦਾ ਸਭਿਆਚਾਰਕ ਉਦਯੋਗ ਤੱਕ ਵਿਸਥਾਰ ਕਰਨ ਦੀ ਟਰੰਪ ਦੀ ਇੱਛਾ ਦਾ ਸੰਕੇਤ ਹੈ। ਇਸ ਨਾਲ ਉਨ੍ਹਾਂ ਸਟੂਡੀਓਜ਼ ਲਈ ਅਨਿਸ਼ਚਿਤਤਾ ਵਧੀ ਹੈ, ਜਿਹੜੇ ਅੰਤਰਰਾਸ਼ਟਰੀ ਬਾਕਸ ਆਫਿਸ ਦੇ ਮਾਲੀਏ ਤੇ ਵਿਦੇਸ਼ 'ਚ ਸਹਿ ਨਿਰਮਾਣ 'ਤੇ ਬਹੁਤ ਜ਼ਿਆਦਾ ਨਿਰਭਰ ਹਨ। ਇਸ ਫ਼ੈਸਲੇ ਦਾ ਅਸਰ ਭਾਰਤੀ ਫਿਲਮ ਇੰਡਸਟਰੀ 'ਤੇ ਤੇ ਵੀ ਪੈਣ ਦੀ ਸੰਭਾਵਨਾ ਹੈ, ਕਿਉਂਕਿ ਇਹ ਫਿਲਮਾਂ ਅਮਰੀਕਾ 'ਚ ਪਰਵਾਸੀ ਭਾਰਤੀਆਂ 'ਚ ਕਾਫ਼ੀ ਪਸੰਦ ਕੀਤੀਆਂ ਜਾਂਦੀਆਂ ਹਨ। ਅਮਰੀਕਾ ਵਲੋਂ ਕਿਹਾ ਗਿਆ, 'ਸਾਡੇ ਫਿਲਮ ਨਿਰਮਾਣ ਕਾਰੋਬਾਰ ਨੂੰ ਦੂਜੇ ਦੇਸ਼ਾਂ ਨੇ ਅਮਰੀਕਾ ਤੋਂ ਚੋਰੀ ਕਰ ਲਿਆ ਹੈ, ਠੀਕ ਉਸੇ ਤਰ੍ਹਾਂ ਹੀ ਜਿਵੇਂ ਬੱਚੇ ਤੋਂ ਕੈਂਡੀ ਚੋਰੀ ਕਰਨਾ। ਆਪਣੇ ਕਮਜ਼ੋਰ ਤੇ ਅਸਮਰੱਥ ਗਵਰਨਰ ਦੇ ਕਾਰਨ ਕੈਲੀਫੋਰਨੀਆ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਇਸ ਲਈ ਇਸ ਦੀਰਘਕਾਲੀ ਤੇ ਕਦੇ ਨਾ ਖ਼ਤਮ ਹੋਣ ਵਾਲੀ ਸਮੱਸਿਆ ਨੂੰ ਹੱਲ ਕਰਨ ਲਈ ਮੈਂ ਅਮਰੀਕਾ ਤੋਂ ਬਾਹਰ ਬਣਨ ਵਾਲੀਆਂ ਸਾਰੀਆਂ ਫਿਲਮਾਂ 'ਤੇ 100 ਫ਼ੀਸਦੀ ਟੈਰਿਫ ਲਗਾਵਾਂਗਾ। ਇਸ ਮਾਮਲੇ 'ਤੇ ਧਿਆਨ ਦੇਣ ਲਈ ਧੰਨਵਾਦ।'ਅਮਰੀਕਾ ਨੂੰ ਮੁੜ ਮਹਾਨ ਬਣਾਓ!'' ਹਾਲੇ ਇਹ ਸਪਸ਼ਟ ਨਹੀਂ ਹੈ ਕਿ ਟਰੰਪ ਵਿਦੇਸ਼ੀ ਫਿਲਮਾਂ 'ਤੇ 100 ਫ਼ੀਸਦੀ ਟੈਰਿਫ ਲਗਾਉਣ ਲਈ ਕਿਸ ਕਾਨੂੰਨੀ ਅਧਿਕਾਰ ਦੀ ਵਰਤੋਂ ਕਰਨਗੇ। ਵ੍ਹਾਈਟ ਹਾਊਸ ਨੇ ਟੈਰਿਫ ਲਾਗੂ ਕਰਨ ਦੇ ਤਰੀਕੇ 'ਤੇ ਸਵਾਲ ਦਾ ਜਵਾਬ ਨਹੀਂ ਦਿੱਤਾ। ਵਾਰਨਰ ਬ੍ਰਦਰਸ਼ ਡਿਸਕਵਰੀ, ਕਾਮਕਾਸਟ, ਪੈਰਾਮਾਊਂਟ ਸਕਾਈਡਾਂਸ ਤੇ ਨੈੱਟਫਲਿਕਸ ਨੇ ਵੀ ਫਿਲਹਾਲ ਕੋਈ ਟਿੱਪਣੀ ਨਹੀਂ ਕੀਤੀ। ਪੀ.ਪੀ. ਫੋਰਸਾਈਟ ਦੇ ਵਿਸ਼ਲੇਸ਼ਕ ਪਾਓਲੋ ਪੇਸਕਾਟੋਰੇ ਨੇ ਕਿਹਾ, 'ਬੇਯਕੀਨੀ ਬਹੁਤ ਜ਼ਿਆਦਾ ਹੈ ਤੇ ਇਹ ਤਾਜ਼ਾ ਕਦਮ ਜਵਾਬਾਂ ਤੋਂ ਜ਼ਿਆਦਾ ਸਵਾਲ ਖੜ੍ਹੇ ਕਰਦਾ ਹੈ। ਫਿਲਹਾਲ ਜਿਹੋ ਜਿਹੀ ਸਥਿਤੀ ਹੈ, ਲਾਗਤ ਵਧਣ ਦੀ ਸੰਭਾਵਨਾ ਹੈ । ਇਸਦਾ ਬੋਝ ਲਾਜ਼ਮੀ ਤੌਰ 'ਤੇ ਖਪਤਕਾਰਾਂ 'ਤੇ ਪਵੇਗਾ।' ਸ਼ੁਰੂਆਤੀ ਕਾਰੋਬਾਰ 'ਚ ਨੈੱਟਫਲਿਕਸ ਦੇ ਸ਼ੇਅਰ 1.5 ਫ਼ੀਸਦੀ ਹੇਠਾਂ ਆ ਗਏ। ਪੈਰਾਮਾਊਂਟ ਸਕਾਈਡਾਂਸ ਤੇ ਵਾਰਨਰ ਬ੍ਰਦਰਸ ਡਿਸਕਵਰੀ ਦੇ ਸ਼ੇਅਰਾਂ 'ਚ ਕ੍ਰਮਵਾਰ 2.1 ਫ਼ੀਸਦੀ ਤੇ 1.3 ਫ਼ੀਸਦੀ ਦੀ ਗਿਰਾਵਟ ਆ ਗਈ। ਟਰੰਪ ਨੇ ਫਿਲਮ ਟੈਰਿਫ ਦਾ ਵਿਚਾਰ ਪਹਿਲੀ ਵਾਰੀ ਮਈ 'ਚ ਪੇਸ਼ ਕੀਤਾ ਸੀ, ਪਰ ਬਹੁਤ ਘੱਟ ਵੇਰਵੇ ਦਿੱਤੇ ਸਨ। ਇਸ ਨਾਲ ਮਨੋਰੰਜਨ ਅਧਿਕਾਰੀਆਂ ਨੂੰ ਇਹ ਸਮਝ ਨਹੀਂ ਆ ਰਿਹਾ ਸੀ ਕਿ ਇਹ ਖਾਸ ਦੇਸ਼ਾਂ 'ਤੇ ਲਾਗੂ ਹੋਵੇਗਾ ਜਾਂ ਵਿਦੇਸ਼ਾਂ 'ਚ ਬਣੀਆਂ ਸਾਰੀਆਂ ਫਿਲਮਾਂ 'ਤੇ। ਸਟੂਡੀਓ ਦੇ ਅਧਿਕਾਰੀਆਂ ਨੇ ਇਸ ਸਾਲ ਦੀ ਸ਼ੁਰੂਆਤ 'ਚ ਦੱਸਿਆ ਸੀ ਕਿ ਉਹ ਇਸ ਗੱਲ ਤੋਂ ਪਰੇਸ਼ਾਨ ਹਨ ਕਿ ਫਿਲਮ ਟੈਰਿਫ ਕਿਵੇਂ ਲਾਗੂ ਕੀਤਾ ਜਾ ਸਕਦਾ ਹੈ ਕਿਉਂਕਿ ਆਧੁਨਿਕ ਫਿਲਮਾਂ 'ਚ ਅਕਸਰ ਕਈ ਦੇਸ਼ਾਂ ਦੇ ਪ੍ਰੋਡਕਸ਼ਨ, ਫਾਈਨਾਂਸਿੰਗ, ਪੋਸਟ ਪ੍ਰੋਡਕਸ਼ਨ ਤੇ ਵਿਜ਼ੁਅਲ ਇਫੈਕਟਸ ਦਾ ਇਸਤੇਮਾਲ ਕੀਤਾ ਜਾਂਦਾ ਹੈ। ਹਾਲੀਵੁੱਡ ਨੇ ਕੈਨੇਡਾ, ਬਰਤਾਨੀਆ ਤੇ ਆਸਟ੍ਰੇਲੀਆ ਵਰਗੇ ਵਿਦੇਸ਼ੀ ਪ੍ਰੋਡਕਸ਼ਨ ਕੇਂਦਰਾਂ 'ਤੇ ਨਿਰਭਰਤਾ ਤੇਜ਼ੀ ਨਾਲ ਵਧਾਈ ਹੈ। ਉੱਥੇ ਟੈਕਸ ਪ੍ਰੋਤਸਾਹਨਾਂ ਨੇ ਸੁਪਰਹੀਰੋ ਬਲਾਕਬਸਟਰ ਤੋਂ ਲੈ ਕੇ ਸਟ੍ਰੀਮਿੰਗ ਡਰਾਮਾ ਤੱਕ ਵੱਡੇ ਬਜਟ ਦੀਆਂ ਫਿਲਮਾਂ ਦੀ ਸ਼ੂਟਿੰਗ ਨੂੰ ਆਕਰਸ਼ਿਤ ਕੀਤਾ ਹੈ। ਨਾਲ ਹੀ ਵਿਦੇਸ਼ੀ ਸਟੂਡੀਓ ਦੇ ਨਾਲ ਕੋ-ਪ੍ਰੋਡਕਸ਼ਨ ਜ਼ਿਆਦਾ ਆਮ ਹੋ ਗਿਆ ਹੈ। ਉਦਯੋਗਾਂ ਨੇ ਚਿਤਾਵਨੀ ਦਿੱਤੀ ਹੈ ਕਿ ਟੈਰਿਫ ਨਾਲ ਵਿਦੇਸ਼ੀ ਸ਼ੂਟਿੰਗ 'ਚ ਕੰਮ ਕਰ ਰਹੇ ਹਜ਼ਾਰਾਂ ਅਮਰੀਕੀ ਮੁਲਾਜ਼ਮ ਪ੍ਰਭਾਵਿਤ ਹੋ ਸਕਦੇ ਹਨ, ਜਿਨ੍ਹਾਂ 'ਚ ਵਿਚੁਅਲ ਇਫੈਕਟ ਆਰਟਿਸਟ ਤੋਂ ਲੈ ਕੇ ਪ੍ਰੋਡਕਸ਼ਨ ਕਰੂ ਤੱਕ ਸ਼ਾਮਲ ਹਨ। ਕੁੱਝ ਕਾਨੂੰਨੀ ਤੇ ਵਪਾਰ ਵਿਸ਼ਲੇਸ਼ਕਾਂ ਦੀ ਦਲੀਲ ਹੈ ਕਿ ਫਿਲਮਾਂ ਬੌਧਿਕ ਸੰਪਦਾ ਦਾ ਇਕ ਰੂਪ ਹਨ।

# Matrimonials

## ਲੜਕੇ ਦੀ ਲੋੜ ਹੈ

Looking for suitable match green card/citizen only for jatsikh girl 30, 5'.4", Masters in environmental Science, working in university. Brother Doctor in Stanford, parents well educated. Caste no bar. Please contact us at: Dhillon 3531@gmail.com With picture &biodata of the boy in question. 39-42

## ਲੜਕੀ ਦੀ ਲੋੜ ਹੈ

ਯੂ.ਐਸ.ਏ. ਵਿਚ ਵਧੀਆ ਸਥਾਪਿਤ, ਆਪਣਾ ਕਾਰੋਬਾਰ ਕਰਦੇ ਯੂ.ਐਸ.ਏ. ਸਿਟੀਜ਼ਨ ਸੈਣੀ ਸਿੱਖ ਕਲੀਨਸ਼ੇਵ ਲੜਕੇ ਉਮਰ 28, ਕੱਦ 5'8" ਲਈ ਪੜ੍ਹੀ- ਲਿਖੀ, ਸੁੰਦਰ, ਸੂਝਵਾਨ ਲੜਕੀ ਦੀ ਲੋੜ ਹੈ। ਲੜਕੇ ਨੇ Business and Accounts Managemengt, ਵਿਚ ਗ੍ਰੈਜੂਏਸ਼ਨ ਕੀਤੀ ਹੋਈ ਹੈ। ਚਾਹਵਾਨ ਯੂਐਸਏ ਨੰਬਰ: (317) 260-8950, ਵ੍ਹਟਸਐਪ ਨੰਬਰ 98720-33235 'ਤੇ ਸੰਪਰਕ ਜਾਂ paramjit12913@gmail.com 'ਤੇ ਈ-ਮੇਲ ਕਰ ਸਕਦੇ ਹਨ।

Qualified compatible match for sikh Khatri postgraduate IT engineer Nov 86 born 5'8" working near New York on H1B. Green card under process. Father retired as Chief Manager from bank in India. Educated Punjabi family. Contact us at Mobile +1 315 849 6562, Whatsapp +91 8860131363 or E-mail richiewalia@gmail.com 37-40

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.

# Change of Name

**I ANMOLDEEP S/O Sube Singh Resident Of 6231 W Indianapolis Ave Fresno CA 93723. Declared that I have changed my name from ANMOLDEEP to ANMOLDEEP SINGH VIRK. All Concerned please note.**






UMA TRAVELS
2541 W. Devon Ave., Chicago, IL 60659
For Delhi Amritsar-Bombay Ahmedabad, Hydrabad-Madras
Call For Special Sale Fares
Call: 773-338-5603

# ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਤੇ ਦਸਵੇਂ ਪਾਤਿਸ਼ਾਹ ਦਾ ਪ੍ਰਕਾਸ਼ ਪੁਰਬ ਇੱਕੋ ਦਿਨ ਆਉਣ ਕਾਰਨ ਸਿੱਖ ਜਗਤ ਦੁਬਿਧਾ 'ਚ

### 2014 ਵਿਚ ਵੀ ਦੋਵਾਂ ਸ਼ਹੀਦੀ ਤੇ ਪ੍ਰਕਾਸ਼ ਦਿਹਾੜਿਆਂ ਦੇ ਇੱਕੋ ਦਿਨ ਆਉਣ ਕਾਰਣ ਇਸੇ ਤਰ੍ਹਾਂ ਦੀ ਸਥਿਤੀ ਪੈਦਾ ਹੋ ਗਈ ਸੀ

**ਅੰਮ੍ਰਿਤਸਰ:** ਨਾਨਕਸ਼ਾਹੀ ਕੈਲੰਡਰ ਅਨੁਸਾਰ ਸਾਲ ਦੇ ਅਖ਼ੀਰ ਵਿਚ 27 ਦਸੰਬਰ ਨੂੰ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਦਾ ਸ਼ਹੀਦੀ ਦਿਵਸ ਮਨਾਇਆ ਜਾਣਾ ਹੈ।

ਇਸ ਵਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਵੀ ਉਸੇ ਦਿਨ, ਭਾਵ 27 ਦਸੰਬਰ ਨੂੰ ਹੀ ਆਉਣ ਵਰਕੇ ਸਿੱਖ ਸੰਗਤਾਂ ਵਿਚ ਦੋਵੇਂ ਗੁਰਪੁਰਬ ਇੱਕੋ ਦਨ ਮਨਾਉਣ ਨੂੰ ਲੈ ਕੇ ਦੁਬਿਧਾ ਪਾਈ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਕਈ ਵਾਰੀ ਇਨ੍ਹਾਂ ਸ਼ਹੀਦੀ ਅਤੇ ਪ੍ਰਕਾਸ਼ ਦਿਹਾੜਿਆਂ ਦੇ ਇੱਕੋ ਦਿਨ ਆਉਣ ਕਰਕੇ ਸਿੱਖ ਜਗਤ ਦੁਬਿਧਾ ਦਾ ਸ਼ਿਕਾਰ ਹੁੰਦਾ ਆ ਰਿਹਾ ਹੈ। ਇਸ ਵਾਰ ਦੋਵੇਂ ਅਹਿਮ ਦਿਹਾੜੇ ਇੱਕੋ ਦਿਨ ਆ ਜਾਣ ਕਰਕੇ ਸਿੱਖ -ਜਗਤ ਇਸ ਸਮੱਸਿਆ ਦੇ ਹੱਲ ਲਈ ਜਥੇਦਾਰ ਅਕਾਲ ਤਖਤ ਸਾਹਿਬ ਤੇ ਸ਼੍ਰੋਮਣੀ ਕਮੇਟੀ ਵੱਲ ਟੇਕ ਲਗਾ ਕੇ ਬੈਠਾ ਹੈ ਕਿ ਉਨ੍ਹਾਂ ਵਲੋਂ ਇਨ੍ਹਾਂ ਦੋਵਾਂ ਅਹਿਮ ਦਿਹਾੜਿਆਂ ਨੂੰ ਮਨਾਉਣ ਸੰਬੰਧੀ ਕੀ ਆਦੇਸ਼ ਜਾਰੀ ਹੁੰਦਾ ਹੈ।

ਇੱਥੇ ਦੱਸਣਯੋਗ ਹੈ ਕਿ ਸੰਨ੍ਹ 2014 ਵਿਚ ਵੀ ਦੋਵਾਂ ਸ਼ਹੀਦੀ ਤੇ ਪ੍ਰਕਾਸ਼ ਦਿਹਾੜਿਆਂ ਦੇ ਇੱਕੋ ਦਿਨ ਆਉਣ ਕਾਰਣ ਇਸੇ ਤਰ੍ਹਾਂ ਦੀ ਸਥਿਤੀ ਪੈਦਾ ਹੋ ਗਈ ਸੀ ਜਿਸ ਸਮੇਂ ਤਤਕਾਲੀ ਜਥੇਦਾਰ ਗਿਆਨੀ ਗੁਰਬਚਨ ਸਿੰਘ ਵਲੋਂ 17 ਨਵੰਬਰ, 2014 ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਦੌਰਾਨ ਮਤਾ ਪਾਸ ਕਰਕੇ ਦਸਵੇਂ ਪਾਤਿਸ਼ਾਹ ਦੇ ਪ੍ਰਕਾਸ਼ ਦਿਹਾੜੇ ਦੀ ਮਿਤੀ ਅੱਗੇ ਪਾਉਂਦਿਆਂ 23 ਪੋਹ ਨਿਰਧਾਰਤ ਕਰ ਦਿੱਤੀ ਗਈ ਸੀ।

ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਕੁਲਵੰਤ ਸਿੰਘ ਮੰਨਣ ਦੀ ਅਗਵਾਈ ਵਿਚ ਜਲੰਧਰ ਜ਼ਿਲ੍ਹੇ ਦੀਆਂ 80 ਦੇ ਕਰੀਬ ਸਿੰਘ ਸਭਾ ਸੁਸਾਇਟੀਆਂ ਤੇ ਸਿੱਖ ਜਥੇਬੰਦੀਆਂ ਦੇ ਪ੍ਰਬੰਧਕਾਂ ਤੇ ਨੁਮਾਇੰਦਿਆਂ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਸ਼ਹੀਦੀ ਤੇ ਪ੍ਰਕਾਸ਼ ਪੁਰਬ ਇੱਕੋ ਦਿਨ ਆਉਣ ਸੰਬੰਧੀ ਜਾਣੂੰ ਕਰਵਾ ਕੇ ਸੰਗਤਾਂ ਨੂੰ ਦੁਬਿਧਾ ਵਿਚੋਂ ਕੱਢਣ ਦੀ ਅਪੀਲ ਕੀਤੀ ਗਈ।

## ਲਾਹੌਰ ਹਾਈ ਕੋਰਟ 'ਚ ਲੱਗੇ 'ਭਗਤ ਸਿੰਘ ਜ਼ਿੰਦਾਬਾਦ' ਦੇ ਨਾਅਰੇ

### ਕੇਕ ਕੱਟ ਕੇ ਮਨਾਇਆ ਸ਼ਹੀਦ ਭਗਤ ਸਿੰਘ ਦਾ 118ਵਾਂ ਜਨਮ ਦਿਵਸ

**ਅੰਮ੍ਰਿਤਸਰ:** ਲਾਹੌਰ ਹਾਈਕੋਰਟ ਬਾਰ ਐਸੋਸੀਏਸ਼ਨ ਦੇ ਡੈਮੋਕ੍ਰੇਟਿਕ ਪਾਰਕ 'ਚ ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ ਦੇ ਚੇਅਰਮੈਨ ਇਮਤਿਆਜ਼ ਰਾਸ਼ਿਦ ਕੁਰੈਸ਼ੀ ਦੀ ਪ੍ਰਧਾਨਗੀ 'ਚ - ਸ਼ਹੀਦ ਭਗਤ ਸਿੰਘ ਦਾ 118ਵਾਂ ਜਨਮ ਦਿਵਸ ਮਨਾਉਂਦਿਆਂ ਉਨ੍ਹਾਂ ਦੇ ਵਿਚਾਰਾਂ 'ਤੇ ਚਰਚਾ ਕੀਤੀ ਗਈ। ਇਸ ਮੌਕੇ ਹਾਜ਼ਰ ਵਕੀਲਾਂ ਵਲੋਂ ਬਕਾਇਦਾ ਜਨਮ ਦਿਨ ਦਾ ਕੇਕ ਕੱਟ ਕੇ 'ਜ਼ਿੰਦਾ ਹੈ, ਭਗਤ ਸਿੰਘ ਜ਼ਿੰਦਾ ਹੈ' ਤੇ 'ਭਗਤ ਸਿੰਘ ਨੂੰ ਸਾਡਾ ਸਲਾਮ' ਆਦਿ ਨਾਅਰੇ ਲਗਾਏ ਗਏ। ਕੁਰੈਸ਼ੀ ਨੇ ਆਪਣੇ ਸੰਬੋਧਨ 'ਚ ਭਗਤ ਸਿੰਘ ਦੀ ਜੀਵਨੀ ਸਕੂਲੀ-ਪੁਸਤਕਾਂ 'ਚ ਸ਼ਾਮਿਲ ਕਰਨ ਤੇ ਉਨ੍ਹਾਂ ਦੀ ਤਸਵੀਰ ਵਾਲੀ ਡਾਕ ਟਿਕਟ ਜਾਰੀ ਕਰਨ ਵੀ ਮੰਗ ਕੀਤੀ। ਸੁਪਰੀਮ ਕੋਰਟ ਦੇ ਵਕੀਲ ਰਾਜਾ ਜ਼ੁਲਕਰਨੈਨ, ਵਕੀਲ ਮੀਆਂ ਗੁਲਾਮਉੱਲਾ ਖਾਨ ਜੋਇਆਂ, ਮੁਕਤਦਰ - ਅਖ਼ਤਰ ਸ਼ਬੀਰ, ਖ਼ਾਲਿਦ ਜ਼ਮਾਨ ਖਾਨ ਕੱਕੜ, ਪਾਕਿ ਇੰਡੀਆ ਬਿਜ਼ਨਸ ਕੌਂਸਲ ਦੇ ਚੇਅਰਮੈਨ ਨੂਰ ਮੁਹੰਮਦ ਕਸੂਰੀ ਤੇ ਹੋਰਾਂ ਨੇ ਮਤਾ ਪੇਸ਼ ਕਰਦਿਆਂ ਭਾਰਤੀ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਪਾਸੋਂ ਸ਼ਹੀਦ ਭਗਤ ਸਿੰਘ ਨੂੰ 'ਭਾਰਤ ਰਤਨ' ਅਤੇ ਪਾਕਿ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੂੰ ਪਾਕਿਸਤਾਨ ਦੇ ਸਭ ਤੋਂ



ਵੱਡੇ ਐਵਾਰਡ 'ਨਿਸ਼ਾਨ-ਏ-ਪਾਕਿਸਤਾਨ' ਨਾਲ ਸਨਮਾਨਿਤ ਕਰਨ ਦੀ ਮੰਗ ਕੀਤੀ।

## ਦਿੱਲੀ ਵਾਲਿਆਂ ਖਿਲਾਫ਼ ਬੋਲਣ ਦੀ ਭੁਗਤ ਰਿਹਾ ਹਾਂ ਸਜ਼ਾ: ਪਠਾਣਮਾਜਰਾ

**ਪਟਿਆਲਾ:** ਹਲਕਾ ਸਨੌਰ ਤੋਂ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੇ ਤੀਸਰੀ ਵੀਡੀਓ ਜ਼ਾਰੀ ਕਰਕੇ ਆਮ ਆਦਮੀ ਪਾਰਟੀ ਵਲੋਂ ਉਸ ਤੇ ਉਸ ਦੇ ਪਰਿਵਾਰ 'ਤੇ ਕੀਤੇ ਜਾ ਰਹੇ ਤਸ਼ੱਦਦ ਬਾਰੇ ਲੋਕਾਂ ਦੀ ,ਕਚਹਿਰੀ ਵਿਚ ਆਪਣਾ ਪੱਖ ਰੱਖਿਆ ਹੈ। 25 ਦਿਨਾਂ ਤੋਂ ਫਰਾਰ ਚਲ ਰਹੇ ਵਿਧਾਇਕ ਨੇ ਦੱਸਿਆ ਕਿ ਉਹ ਪੰਜਾਬ ਦੇ ਹੱਕ ਵਿਚ ਦਿੱਲੀ ਵਾਲੇ ਆਗੂਆਂ ਦੇ ਖਿਲਾਫ਼ ਬੋਲਿਆ ਸੀ ਜਿਸ ਦਾ ਉਸ ਨੂੰ ਖ਼ਮਿਆਜ਼ਾ ਭੁਗਤਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਉਸ ਖਿਲਾਫ ਜਬਰ ਜਨਾਹ ਦੇ ਪਰਚੇ ਤੋਂ ਬਿਨਾਂ ਇਕ ਮਾਈਨਿੰਗ ਅਤੇ ਇਕ ਗੋਲੀ ਚਲਾਉਣ ਦਾ ਤੇ ਇਕ ਨਸ਼ੇ ਦੇ ਪੁਰਾਣੇ ਪਰਚੇ ਵਿਚ ਉਸ ਨੂੰ ਨਾਮਜ਼ਦ ਕਰਕੇ ਨਾਜਾਇਜ਼ ਤੌਰ 'ਤੇ ਆਮ ਆਦਮੀ ਪਾਰਟੀ ਉਸ ਨੂੰ ਪਰੇਸ਼ਾਨ



ਕਰ ਰਹੀ ਹੈ। ਇਨ੍ਹਾਂ ਸਾਰੇ ਪਰਚਿਆਂ ਦਾ ਜਵਾਬ ਉਹ ਸਬੂਤਾਂ ਸਮੇਤ ਹਾਈਕੋਰਟ ਵਿਚ ਦੇਣਗੇ। ਪਠਾਣਮਾਜਰਾ ਨੇ ਵੀਡੀਓ 'ਚ ਕਿਹਾ ਕਿ ਦਿੱਲੀ ਵਾਲੇ ਆਗੂ ਪੰਜਾਬ ਨੂੰ ਕਿਵੇਂ ਵਰਤ ਰਹੇ ਹਨ ਇਹ ਜਾਣਕਾਰੀ ਜਨਤਕ ਕਰਨ ਦਾ ਖ਼ਮਿਆਜ਼ਾ ਉਨ੍ਹਾਂ ਦੇ ਪਰਿਵਾਰ ਨੂੰ ਭੁਗਤਣਾ ਪੈ ਰਿਹਾ ਹੈ। ਜੇਕਰ ਮੇਰੇ ਪਰਿਵਾਰ ਨੂੰ ਕੁਝ ਹੁੰਦਾ ਹੈ ਤਾਂ ਜ਼ਿੰਮੇਵਾਰ ਪੰਜਾਬ ਸਰਕਾਰ ਹੋਵੇਗੀ। ਵਿਧਾਇਕ ਪਠਾਣਮਾਜਰਾ ਨੇ ਵਿਧਾਇਕਾਂ ਨੂੰ ਅਪੀਲ ਕੀਤੀ ਕਿ ਉਸਦਾ ਮੁੱਦਾ ਵਿਧਾਨ ਸਭਾ ਵਿਚ ਉਠਾ ਕੇ ਪਠਾਣਮਾਜਰਾ ਨੂੰ ਇਨਸਾਫ਼ ਦਿਵਾਓ ਕਿ ਆਮ ਆਦਮੀ ਪਾਰਟੀ ਉਸ ਦੇ ਪਰਿਵਾਰ ਨੂੰ ਇੰਨਾਂ ਤੰਗ ਪਰੇਸ਼ਾਨ ਕਿਉਂ ਕਰ ਰਹੀ ਹੈ।

## ਗਿਰਝਾਂ ਦੀ ਘਾਟ ਕਾਰਨ ਖ਼ੂਖ਼ਾਰ ਕੁੱਤਿਆਂ ਦੀ ਗਿਣਤੀ ਵਧੀ

**ਪਟਿਆਲਾ:** ਮਰੇ ਪਸ਼ੂਆਂ ਦਾ ਮਾਸ ਖਾ ਕੇ ਮਨੁੱਖੀ ਜੀਵਨ ਨੂੰ ਤੰਦਰੁਸਤ ਵਾਤਾਵਰਨ ਦੇਣ ਲਈ ਜਿਹੜੀਆਂ ਗਿਰਝਾਂ(ਗਿੱਧਾਂ)ਦੇ ਝੁੰਡਾਂ ਦਾ ਅਹਿਮ ਰੋਲ ਹੁੰਦਾ ਸੀ, ਹੁਣ ਲੁਪਤ ਹੋਣ ਕੰਢੇ ਉਨ੍ਹਾਂ ਗਿੱਧਾਂ ਨੂੰ ਬਚਾਉਣ ਦੇ ਮਕਸਦ ਨਾਲ ਪੰਜਾਬ ਸਰਕਾਰ ਵਲੋਂ ਕੇਂਦਰ ਸਰਕਾਰ ਦੇ ਸਹਿਯੋਗ ਨਾਲ ਜੋ 'ਵਲਚਰ ਰੈਸਟੋਰੈਂਟ ਪ੍ਰਾਜੈਕਟ' ਸ਼ੁਰੂ ਕੀਤਾ ਗਿਆ ਸੀ। ਉਹ ਫ਼ੰਡਾਂ ਦੀ ਤੋਟ ਵਿਚ ਵੀ ਭਾਵੇਂ ਸਾਰਥਿਕ ਨਤੀਜਿਆਂ ਨਾਲ ਅੱਗੇ ਵੱਧ ਰਿਹਾ ਹੈ। ਇਸ ਦੇ ਬਾਵਜੂਦ ਅਜਿਹੇ, ਪ੍ਰਾਜੈਕਟ ਸੂਬੇ ਵਿਚ ਹੋਰ ਲਗਾਉਣ ਦੀ ਥਾਂ ਇਸ ਪ੍ਰਾਜੈਕਟ ਨੂੰ ਵੀ ਉਤਸ਼ਾਹਿਤ ਕਰਨ ਵਿਚ ਸੂਬਾ ਅਤੇ ਕੇਂਦਰ. ਸਰਕਾਰ ਦੀ ਰੁਚੀ ਨਜ਼ਰ ਨਹੀਂ ਆ ਰਹੀ। ਇਨ੍ਹਾਂ ਗਿੱਧਾਂ ਦੀ ਘਾਟ ਕਾਰਨ ਮਰੇ ਹੋਏ ਪਸ਼ੂਆਂ ਦਾ ਮਾਸ ਖਾ ਕੇ ਪਲਦੇ ਉਨ੍ਹਾਂ ਖੂੰਖ਼ਾਰ ਕੁੱਤਿਆਂ ਦੀ ਗਿਣਤੀ ਤੇਜ਼ੀ ਨਾਲ ਵਧਦੀ ਜਾ ਰਹੀ ਹੈ, ਜਿਨ੍ਹਾਂ ਦੀ ਭੇਟ ਨਿੱਤ ਦਿਨ ਪੰਜਾਬ 'ਚ ਮਨੁੱਖੀ ਜਾਨਾਂ ਚੜ੍ਹ ਰਹੀਆਂ ਹਨ। ਅੱਜ ਤੋਂ ਲਗਭਗ ਚਾਰ ਦਹਾਕੇ ਪਹਿਲਾਂ ਜਿਹੜੀਆਂ ਗਿੱਧਾਂ ਦੇ ਹੱਡਾ ਰੋੜੀ ਤੇ ਮਰੇ ਪਸ਼ੂਆਂ, ਜਾਨਵਰਾਂ ਦਾ ਮਾਸ ਖਾਣ ਲਈ ਵੱਡੇ ਝੁੰਡ ਵੇਖਣ ਨੂੰ ਆਮ ਮਿਲਦੇ, ਸਨ, ਉਹ ਗਿੱਧਾਂ ਪਿਛਲੇ ਤਿੰਨ ਦਹਾਕਿਆਂ ਤੋਂ ਵੇਖਣ ਨੂੰ ਵੀ ਨਹੀਂ ਮਿਲ ਰਹੀਆਂ। ਮਾਹਿਰਾਂ ਮੁਤਾਬਿਕ 1990 ਤੋਂ ਬਾਅਦ ਗਿੱਧਾਂ ਦੀ ਗਿਣਤੀ ਵਰਤਮਾਨ ਸਮੇਂ 99 ਫ਼ੀਸਦੀ ਘੱਟ ਗਈ ਹੈ। ਗਿੱਧਾਂ ਦੇ ਖ਼ਤਮ ਹੋਣ ਦਾ ਮੁੱਖ ਕਾਰਨ 1980-90 ਦੇ ਦਹਾਕੇ ਵਿਚਕਾਰ ਜੋ ਪਾਲਤੂ ਗਾਵਾਂ ਤੇ ਮੱਝਾਂ ਦੀ ਵੱਡੀ ਗਿਣਤੀ ਸੀ, ਉਸ ਸਮੇਂ ਇਨਾਂ ਪਸ਼ੂਆਂ ਨੂੰ ਦਰਦ, ਸੋਜਿਸ਼ ਤੇ



ਦੁਧਾਰੂ ਪਸ਼ੂਆਂ ਨੂੰ ਪਸਮਾਉਣ ਲਈ 'ਡਾਇਕਲੋਫੈਨਿਕ' ਨਾਂਅ ਦਾ ਇੰਜੈਕਸ਼ਨ ਲਗਾਇਆ ਜਾਂਦਾ ਸੀ। ਜਦੋਂ ਇਨ੍ਹਾਂ ਦਵਾਈ ਯੁਕਤ ਪਸ਼ੂਆਂ ਨੂੰ ਮਰਨ 1 ਉਪਰੰਤ ਗਿੱਧਾਂ ਖਾਂਦੀਆਂ ਤਾਂ ਫਿਰ ਇਸ ਦਵਾਈ ਵਾਲੇ ਮੀਟ ਦਾ ਘਾਤਕ ਅਸਰ ਗਿਰਝਾਂ (ਗਿੱਧਾਂ) ਦੀਆਂ ਕਿਡਨੀਆਂ 'ਤੇ ਪੈਦਾ ਸੀ ਤੇ ਉਹ ਇਸਦੇ ' ਅਸਰ ਨਾਲ ਮਰ ਕੇ ਖ਼ਤਮ ਹੋ ਗਈਆਂ। ਉਪਰੰਤ 2006 ਵਿਚ ਭਾਵੇਂ ਇਸ ਦਵਾਈ 'ਤੇ ਰੋਕ ਲਗਾ ਦਿੱਤੀ ਗਈ ਸੀ ਪਰ ਇਸ ਦੇ ਘਾਤਕ ਸਿੱਟਿਆਂ ਤੋਂ ਅਸੀਂ ਗਿੱਧਾਂ ਨੂੰ ਗਵਾ ਲਿਆ। ਇਸ ਵਰਤਾਰੇ ਨੂੰ ਰੋਕਣ ਲਈ 2009 ਵਿਚ ਕੇਂਦਰ ਸਰਕਾਰ ਦੀ ਮਦਦ ਨਾਲ ਪੰਜਾਬ ਸਰਕਾਰ ਦੇ ਜੰਗਲੀ ਜੀਵ ਵਿਭਾਗ ਵਲੋਂ ਪਠਾਨਕੋਟ ਦੇ ਪਹਾੜੀ ਖੇਤਰ 'ਚ ਪੈਂਦੇ ਪਿੰਡ ਚੰਦੋਲਾ' ਵਿਖੇ ਇਹ 'ਵਲਚਰ ਰੈਸਟੋਰੈਂਟ' ਬਣਾਇਆ ਗਿਆ। ਇਸ ਜਗ੍ਹਾ 'ਤੇ 2012 ਵਿਚ 35 ਦੇ ਕਰੀਬ ਗਿੱਧਾਂ ਦੀ ਹਾਜ਼ਰੀ ਦਰਜ. ਕੀਤੀ ਗਈ। ਉਪਰੰਤ 2022 ਵਿਚ ਇਨ੍ਹਾਂ ਦੀ ਗਿਣਤੀ ਵਧ ਕੇ 350 ਦੇ ਕਰੀਬ ਦਰਜ ਕੀਤੀ ਗਈ ਹੈ। ਸਾਲ 2012 ਵਿਚ ਇਹ ਪ੍ਰਾਜੈਕਟ ਫ਼ੰਡਾਂ ਦੀ ਘਾਟ ਕਾਰਨ ਬੰਦ ਹੋ ਗਿਆ ਸੀ। ਫਿਰ ਦੁਬਾਰਾ ਉਸ ਵਕਤ ਦੇ ਡਿਪਟੀ ਕਮਿਸ਼ਨਰ ਨੇ 2021 ਵਿਚ 14 ਲੱਖ ਦੇ ਫੰਡ ਜਾਰੀ ਕਰਕੇ ਇਸ ਪ੍ਰਾਜੈਕਟ ਨੂੰ ਮੁੜ ਸ਼ੁਰੂ ਕਰਵਾਇਆ ਸੀ। ਇਸ ਸੰਬੰਧੀ ਫੋਨ 'ਤੇ ਗੱਲ ਕਰਦਿਆਂ ਪਰਮਜੀਤ ਸਿੰਘ ਨੇ ਕਿਹਾ ਕਿ ਇਹ ਪ੍ਰਾਜੈਕਟ ਕਾਮਯਾਬੀ ਨਾਲ ਅੱਗੇ ਵੱਧ ਰਿਹਾ ਹੈ ਅਤੇ ਹੁਣ ਇਥੇ ਗਿੱਧਾਂ ਦੀ ਹਾਜ਼ਰੀ 450 ਵੀ ਦਰਜ ਕੀਤੀ ਜਾਂਦੀ ਹੈ। ਇਸ ਸੰਬੰਧੀ ਗੱਲ ਕਰਦਿਆਂ ਡਾ. ਓਂਕਾਰ ਸਿੰਘ ਮੁੱਖੀ ਜੀਵ ਤੇ ਵਾਤਾਵਰਨ ਵਿਗਿਆਨ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਕਿਹਾ ਕਿ ਇਨ੍ਹਾਂ ਨੂੰ ਮੁੜ ਸੁਰਜੀਤ ਕਰਨ ਲਈ ਪੰਜਾਬ ਦੇ ਹਰ ਜ਼ਿਲ੍ਹੇ ਵਿਚ 'ਵਲਚਰ' ਪ੍ਰੋਗਰਾਮ ਚਲਾਉਣੇ ਚਾਹੀਦੇ ਹਨ।

## ਗਾਇਕ ਜ਼ੁਬੀਨ ਗਰਗ ਦੇ ਮੈਨੇਜਰ ਵਿਰੁੱਧ ਲੁੱਕਆਊਟ ਨੋਟਿਸ

**ਗੁਹਾਟੀ:** ਅਸਾਮ ਦੇ ਮੁੱਖ ਮੰਤਰੀ ਹੇਮੰਤਾ ਬਿਸਵਾ ਸਰਮਾ ਨੇ ਕਿਹਾ ਹੈ ਕਿ ਗਾਇਕ ਜ਼ੁਬੀਨ ਦੀ ਮੌਤ ਦੇ ਮਾਮਲੇ ਵਿਚ ਪੂਰਬੀ ਭਾਰਤ ਫੈਸਟੀਵਲ ਦੇ ਮਹੰਤ ਤੇ ਜ਼ੁਬੀਨ ਗਰਗ ਦੇ ਮੈਨੇਜਰ ਸਿਧਾਰਥ ਸ਼ਰਮਾ ਵਿਰੁੱਧ ਲੁੱਕਆਊਟ



ਨੋਟਿਸ ਜਾਰੀ ਕੀਤੇ ਗਏ ਹਨ। ਫੇਸਬੁੱਕ ਲਾਈਵ 'ਚ ਸਰਮਾ ਨੇ ਕਿਹਾ ਕਿ ਦੋਵਾਂ ਨੂੰ 6 ਅਕਤੂਬਰ ਨੂੰ ਗੁਹਾਟੀ ਆਉਣਾ ਹੋਵੇਗਾ ਤੇ ਆਪਣੇ ਬਿਆਨ ਦੇਣੇ ਹੋਣਗੇ, ਨਹੀਂ ਤਾਂ ਪੁਲਿਸ ਉਨ੍ਹਾਂ ਲਈ ਤਲਾਸ਼ੀ ਮੁਹਿੰਮ ਤੇਜ਼ ਕਰੇਗੀ।

## ਬਾਪ ਵਲੋਂ 9 ਸਾਲਾ ਬੱਚੀ ਨਾਲ ਜਬਰ-ਜਨਾਹ

**ਸਮਰਾਲਾ:** ਇੱਥੋਂ ਨਜ਼ਦੀਕੀ ਇੱਕ ਪਿੰਡ 'ਚ ਮਤਰੇਏ ਪਿਤਾ ਵਲੋਂ 9 ਸਾਲਾ ਬੱਚੀ ਨਾਲ ਜਬਰ ਜਨਾਹ ਕੀਤਾ ਗਿਆ। ਇਸ ਮਾਸੂਮ ਬੱਚੀ ਦੀ ਮਾਤਾ ਨੇ ਫ਼ਰੀਦਕੋਟ ਜ਼ਿਲ੍ਹੇ ਦੇ ਵਸਨੀਕ ਇਸ 35 ਸਾਲਾ ਕਥਿਤ ਦੋਸ਼ੀ ਨਾਲ 6 ਮਹੀਨੇ ਪਹਿਲਾਂ ਹੀ ਦੂਜਾ ਵਿਆਹ ਕਰਵਾਇਆ ਸੀ ਤੇ ਹੁਣ ਨੇੜਲੇ ਪਿੰਡ ਵਿਚ ਆ ਕੇ ਰਹਿਣ ਲੱਗ ਪਿਆ ਸੀ। ਇਹ ਨਿੰਦਣਯੋਗ ਘਟਨਾ ਤੋਂ ਬਾਅਦ ਬੱਚੀ ਦੀ ਹਾਲਤ ਵੇਖ ਕੇ ਮਾਂ ਨੇ ਪੁਲਿਸ ਨੂੰ ਸੂਚਨਾ ਦਿੱਤੀ। ਪੁਲਿਸ ਵਲੋਂ ਪੀੜਤ ਬੱਚੀ ਨੂੰ ਸਮਰਾਲਾ ਸਿਵਲ ਹਸਪਤਾਲ



ਲਿਆਂਦਾ ਗਿਆ, ਜਿੱਥੇ ਬੱਚੀ ਦੀ ਮੈਡੀਕਲ ਜਾਂਚ ਕਰਵਾਈ ਗਈ। ਐੱਸ. ਐੱਚ. ਓ. ਪਵਿੱਤਰ ਸਿੰਘ ਨੇ ਦੱਸਿਆ ਕਿ ਪੁਲਿਸ ਵਲੋਂ ਦੋ ਘੰਟਿਆਂ ਵਿਚ ਮੁਲਜ਼ਮ ਮਤਰੇਏ ਬਾਪ ਨੂੰ ਗਿਝਫ਼ਤਾਰ ਕਰ ਲਿਆ ਗਿਆ ਹੈ। ਦੋਸ਼ੀ ਪਹਿਲਾਂ ਵੀ ਇਕ ਕਤਲ ਕੇਸ ਵਿਚ 8 ਵਾਲ ਜੇਲ੍ਹ 'ਚ ਰਿਹਾ ਹੈ।

## ਅਪਰਾਧਾਂ ਖਿਲਾਫ਼ ਸਖ਼ਤ ਕਾਰਵਾਈ ਲਈ ਡੀ.ਜੀ.ਪੀ. ਦਾ ਸਖ਼ਤ ਐਲਾਨ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਇੱਕ ਐਂਟੀ ਆਰਗਨਾਈਜ਼ਡ ਕ੍ਰਾਇਮ ਹੈਲਪਲਾਈਨ ਸ਼ੁਰੂ ਕੀਤੀ ਹੈ ਅਤੇ ਲੋਕਾਂ ਤੋਂ ਅਪੀਲ ਕੀਤੀ ਕਿ ਕੋਈ ਵੀ ਜਾਣਕਾਰੀ ਹੋਵੇ ਤਾਂ ਪੁਲਿਸ ਨੂੰ ਸੂਚਿਤ ਕਰਨ। ਹੁਣ ਤੱਕ 88 ਲੋਕ ਵੱਡੀਆਂ ਘਟਨਾਵਾਂ ਵਿੱਚ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ, ਜਦਕਿ ਪਿਛਲੇ ਦਿਨਾਂ ਵਿੱਚ 20 ਕਤਲ ਦੇ ਮਾਮਲਿਆਂ ਵਿੱਚੋਂ 18 ਲੋਕ ਕਾਬੂ ਕੀਤੇ ਗਏ। ਡੀ.ਜੀ.ਪੀ. ਗੌਰਵ ਯਾਦਵ ਨੇ ਕਿਹਾ ਕਿ ਪੰਜਾਬ ਵਿੱਚ ਕਾਨੂੰਨ-ਵਿਵਸਥਾ ਬਾਰੇ ਵਿਸ਼ੇਸ਼ ਬੈਠਕ ਕੀਤੀ ਗਈ, ਜਿਸ ਵਿੱਚ ਐਸਟੀਐਫ ਦੇ ਏਡੀਜੀਪੀ, ਬਾਰਡਰ ਰੇਂਜ ਦੇ ਡੀ.ਆਈ.ਜੀ. ਅਤੇ ਹੋਰ ਅਧਿਕਾਰੀਆਂ ਨੇ ਸ਼ਾਮਿਲ ਹੋ ਕੇ ਸਥਿਤੀ ਦਾ ਮੁਲਾਂਕਣ ਕੀਤਾ। ਉਨ੍ਹਾਂ ਕਿਹਾ ਕਿ ਓਪਰੇਸ਼ਨ ਸਿੰਦੂਰ ਦੇ ਬਾਅਦ ਵੱਡੀਆਂ ਘਟਨਾਵਾਂ ਦੀਆਂ ਜਾਣਕਾਰੀਆਂ ਮਿਲਣ ਕਾਰਨ ਵੱਧ ਤੋਂ ਵੱਧ ਫੋਰਸ ਤਾਇਨਾਤ ਕੀਤੀ ਗਈ ਹੈ।

ਗੌਰਵ ਯਾਦਵ ਨੇ ਕਿਹਾ ਕਿ ਹੈਰੋਇਨ ਦੇ ਨਾਲ ਹੁਣ ਛੋਟੇ ਹਥਿਆਰ ਵੀ ਆ ਰਹੇ ਹਨ ਅਤੇ



ਬਹੁਤ ਸਾਰੇ ਛੋਟੇ ਹਥਿਆਰ ਬਰਾਮਦ ਕੀਤੇ ਜਾ ਚੁੱਕੇ ਹਨ। ਉਹਨਾਂ ਨੇ ਦੱਸਿਆ ਕਿ ਬਾਹਰਲੇ ਦੇਸ਼ਾਂ ਤੋਂ ਨਸ਼ੇ ਅਤੇ ਹਥਿਆਰ ਭੇਜੇ ਜਾ ਰਹੇ ਹਨ। ਹੜ੍ਹਾਂ ਦੇ ਬਾਅਦ ਚੌਕਸੀਆਂ ਵਧਾਈਆਂ ਗਈਆਂ ਹਨ ਅਤੇ ਫੈਂਸਿੰਗ ਨੂੰ ਨੁਕਸਾਨ ਪਹੁੰਚਣ ਵਾਲੀਆਂ ਜਗ੍ਹਾਵਾਂ ਦੀ ਜਾਂਚ ਕੀਤੀ ਜਾ ਰਹੀ ਹੈ। ਐਂਟੀ-ਡ੍ਰੋਨ ਸਿਸਟਮ ਲਗਾਉਣ ਤੋਂ ਬਾਅਦ ਵੀ ਵੱਧ ਚੌਕਸੀ ਰੱਖੀ ਗਈ ਹੈ। ਡੀਜੀਪੀ ਨੇ ਫਿਰੌਤੀ ਅਤੇ ਫਾਇਰਿੰਗ ਦੇ ਮਾਮਲਿਆਂ ਵਿੱਚ ਕਿਹਾ ਕਿ ਪੰਜਾਬ ਪੁਲਿਸ ਜੀਰੋ ਟਾਲਰੈਂਸ ਨੀਤੀ ਦੇ ਤਹਿਤ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਨਸ਼ੇ ਅਤੇ ਹਥਿਆਰਾਂ ਦੇ ਕਾਰੋਬਾਰ ਵਿੱਚ ਸ਼ਾਮਿਲ ਹੋਣ ਵਾਲਿਆਂ ਦੀਆਂ ਗੱਲਾਂ ਵਿੱਚ ਨਾ ਆਵੋ।

ਪਠਾਣਮਾਜਰਾ ਵੱਲੋਂ ਜਾਰੀ ਕੀਤੇ ਗਏ ਵੀਡੀਓ ਵਿੱਚ ਪੁਲਿਸ ਉੱਤੇ ਲਗਾਏ ਗਏ ਦੋਸ਼ਾਂ ਬਾਰੇ ਕਿਹਾ ਗਿਆ ਕਿ ਇਸ ਮਾਮਲੇ ਵਿੱਚ ਉਹ ਖਾਸ ਟਿੱਪਣੀ ਨਹੀਂ ਕਰ ਰਹੇ, ਪਰ ਪੰਜਾਬ ਪੁਲਿਸ ਕਦੇ ਵੀ ਕਾਨੂੰਨ ਤੋਂ ਬਾਹਰ ਨਹੀਂ ਜਾਂਦਾ।

# ਸਮਾਜ ਸੇਵਾ ਦੇ ਕਾਰਜਾਂ ਲਈ ਉੱਘੇ ਕਾਰੋਬਾਰੀ ਜਤਿੰਦਰ ਜੇ ਮਿਨਹਾਸ ਦਾ ਸਨਮਾਨ

**ਸਰੀ (ਹਰਦਮ ਮਾਨ):** ਵੈਨਕੂਵਰ ਖੇਤਰ ਦੇ ਉੱਘੇ ਕਾਰੋਬਾਰੀ ਜਤਿੰਦਰ ਜੇ ਮਿਨਹਾਸ ਨੂੰ ਉਨ੍ਹਾਂ ਦੀਆਂ ਸਮਾਜਿਕ ਸੇਵਾਵਾਂ ਲਈ ਗੁਰਦੁਆਰਾ ਦੁੱਖ ਨਿਵਾਰਣ ਸਾਹਿਬ ਸਰੀ ਵਿਚ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।



ਵਰਣਨਯੋਗ ਹੈ ਕਿ ਜੇ ਮਿਨਹਾਸ ਬੀਤੇ ਕਈ ਸਾਲਾਂ ਤੋਂ ਗੁਰੂ ਨਾਨਕ ਫੂਡ ਬੈਂਕ 1313 ਦੇ ਫਾਊਂਡਰ ਮੈਂਬਰ ਹਨ। ਇਸ ਸੰਸਥਾ ਵੱਲੋਂ ਇੰਡੀਆ ਅਤੇ ਵਿਸ਼ੇਸ਼ ਕਰ ਕੇ ਪੰਜਾਬ ਤੋਂ ਆਏ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਲੋੜੀਂਦੀਆਂ ਵਸਤੂਆਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਪਿਛਲੇ ਦਿਨੀਂ ਪੰਜਾਬ ਵਿਚ ਆਏ ਹੜ੍ਹਾਂ ਨਾਲ ਕਈ ਜ਼ਿਲ੍ਹੇ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ, ਅਨੇਕਾਂ ਘਰ ਤਬਾਹ ਹੋ ਗਏ। ਜਿੱਥੇ ਪੰਜਾਬੀਆਂ ਨੇ ਪੀੜਤਾਂ ਦੀ ਸਹਾਇਤਾ ਲਈ ਵੱਡਾ ਯੋਗਦਾਨ ਪਾਇਆ, ਉੱਥੇ ਪੰਜਾਬ ਤੋਂ ਬਾਹਰ ਵਸਦੇ ਸਿੱਖ ਭਾਈਚਾਰੇ ਨੇ ਵੀ ਵੱਡਾ ਯੋਗਦਾਨ ਪਾਇਆ।

ਜਤਿੰਦਰ ਜੇ ਮਿਨਹਾਸ ਅਤੇ ਉਨ੍ਹਾਂ ਦੇ ਸਹਿਯੋਗੀ ਗਿਆਨੀ ਨਰਿੰਦਰ ਸਿੰਘ (ਪ੍ਰਧਾਨ ਗੁਰਦੁਆਰਾ ਦੁੱਖ ਨਿਵਾਰਨ ਸਰੀ) ਨੇ ਵੀ ਹੜ੍ਹ ਪੀੜਤਾਂ ਲਈ ਰਾਹਤ ਫੰਡ ਇਕੱਠਾ ਕਰਨ ਦਾ ਉਪਰਾਲਾ ਕੀਤਾ ਅਤੇ ਦਾਨੀਆਂ ਵੱਲੋਂ ਮਿਲੇ ਭਰਵੇਂ ਹੁੰਗਾਰੇ ਸਦਕਾ ਕਈ ਲੱਖ ਡਾਲਰ ਇਕੱਤਰ ਹੋਏ। ਕਾਰ ਸੇਵਾ ਵਾਲੇ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲਿਆਂ ਨਾਲ ਸੰਪਰਕ ਕਰ ਕੇ ਉਨ੍ਹਾਂ ਰਾਹੀਂ ਇਹ ਰਾਹਤ ਰਾਸ਼ੀ ਹੜ੍ਹ ਪੀੜਤਾਂ ਵਿੱਚ ਤਕਸੀਮ ਕਰਨ ਲਈ ਯਤਨ ਹੋ ਰਹੇ ਹਨ।

ਉਨ੍ਹਾਂ ਦੇ ਸਮਾਜ ਸੇਵੀ ਕਾਰਜਾਂ ਕਰ ਕੇ ਹੀ ਉਨ੍ਹਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕਮਲਜੀਤ ਸਿੰਘ ਸਰਪੰਚ ਚਾਵਾ ਵੀ ਮੌਜੂਦ ਸਨ।

## ਨਕਵੀ ਨੂੰ ਭਾਰੀ ਪਵੇਗਾ 'ਟਰਾਫੀ' ਆਪਣੇ ਨਾਲ ਲਿਜਾਣਾ

**ਦੁਬਈ:** ਪਾਕਿਸਤਾਨ ਦੇ ਗ੍ਰਹਿ ਮੰਤਰੀ ਤੇ ਏਸ਼ੀਅਨ ਕ੍ਰਿਕਟ ਕੌਂਸਲ (ਏਸੀਸੀ) ਦੇ ਚੇਅਰਮੈਨ ਮੋਹਸਿਨ ਨਕਵੀ ਨੂੰ ਏਸ਼ੀਆ ਕੱਪ ਦੀ ਟਰਾਫੀ ਲੈ ਕੇ ਭੱਜ ਜਾਣਾ ਬਹੁਤ ਭਾਰੀ ਪਵੇਗਾ। ਐਤਵਾਰ ਨੂੰ ਏਸ਼ੀਆ ਕੱਪ ਦੇ ਫਾਈਨਲ 'ਚ ਪਾਕਿਸਤਾਨ ਨੂੰ ਪੰਜ ਵਿਕਟਾਂ ਨਾਲ ਹਰਾਉਣ ਤੋਂ ਬਾਅਦ 18 ਜੇਤੂ ਭਾਰਤੀ ਟੀਮ ਨੇ ਮੋਹਸਿਨ ਨਕਵੀ, ਜੋ ਪਾਕਿਸਤਾਨ ਕ੍ਰਿਕਟ ਬੋਰਡ (ਪੀਸੀਬੀ) ਦੇ ਚੇਅਰਮੈਨ ਵੀ ਹਨ, ਦੇ ਹੱਥੋਂ ਟਰਾਫੀ ਲੈਣ ਤੋਂ ਇਨਕਾਰ



ਕਰ ਦਿੱਤਾ ਸੀ, ਜਿਸ ਤੋਂ ਬਾਅਦ ਉਹ ਟਰਾਫੀ ਆਪਣੇ ਨਾਲ ਲੈ ਗਏ ਸਨ।

ਏਸ਼ੀਆ ਕੱਪ ਫਾਈਨਲ 'ਚ ਭਾਰਤ ਦੀ ਜਿੱਤ ਤੋਂ ਬਾਅਦ ਕਪਤਾਨ ਸੂਰਿਆਕੁਮਾਰ ਯਾਦਵ, ਕੋਚ ਗੌਤਮ ਗੰਭੀਰ ਸਮੇਤ ਸਾਰੇ ਖਿਡਾਰੀ ਪਰਿਵਾਰਾਂ ਨਾਲ ਮੈਦਾਨ 'ਤੇ ਪੁੱਜੇ। ਜਦੋਂ ਇਨਾਮ ਵੰਡਣ ਦਾ ਸਮਾਂ ਆਇਆ ਤਾਂ ਭਾਰਤੀ ਖਿਡਾਰੀ ਮੰਚ 'ਤੇ ਜਾਣ ਨੂੰ ਤਿਆਰ ਨਹੀਂ ਸਨ। ਇਸਦੇ ਬਾਵਜੂਦ ਨਕਵੀ ਕਾਫੀ ਦੇਰ ਤੱਕ ਮੰਚ 'ਤੇ ਮੌਜੂਦ ਰਹੇ। ਹਾਲਾਤ ਵਿਗੜਨ 'ਤੇ ਪ੍ਰੈਜ਼ੈਂਟਰ ਸਾਈਮਨ ਡਲ ਨੇ ਸਿਰਫ ਨਿੱਜੀ ਇਨਾਮਾਂ ਦਾ ਐਲਾਨ ਕੀਤਾ ਤੇ ਅੰਤ 'ਚ ਦੱਸਿਆ ਕਿ ਏਸੀਸੀ ਤੋਂ ਸੂਚਨਾ ਮਿਲੀ ਹੈ ਕਿ ਭਾਰਤੀ ਟੀਮ ਕੋਈ ਇਨਾਮ ਨਹੀਂ ਲਵੇਗੀ। ਇਸ ਤੋਂ ਬਾਅਦ ਨਕਵੀ ਮੰਚ ਤੋਂ ਹੇਠਾਂ ਉਤਰ ਕੇ ਬਾਹਰ ਚਲੇ ਗਏ ਤੇ ਏਸੀਸੀ ਦਾ ਸਟਾਫ ਵੀ ਟਰਾਫੀ ਲੈ ਕੇ ਉਨ੍ਹਾਂ ਦੇ ਨਾਲ ਹੀ ਚਲਾ ਗਿਆ।

ਬੀਸੀਸੀਆਈ ਦੇ ਸੂਤਰਾਂ ਨੇ ਦੱਸਿਆ ਕਿ ਇਹ ਬਿਲਕੁਲ ਬਚਕਾਨਾ ਤੇ ਨਾਮਨਜ਼ੂਰ ਹੈ। ਨਕਵੀ ਟਰਾਫੀ ਤੇ ਮੈਡਲ ਆਪਣੇ ਹੋਟਲ ਨਹੀਂ ਲਿਜਾ ਸਕਦੇ। ਹੁਣ ਏਸੀਸੀ 'ਚ ਨਕਵੀ ਦੇ ਦਿਨ ਬੇਹੱਦ ਗਿਣੇ-ਚੁਣੇ ਰਹਿ ਗਏ ਹਨ ਤੇ ਉਨ੍ਹਾਂ ਨੂੰ ਜਲਦ ਹੀ ਬਾਹਰ ਦਾ ਰਾਹ ਦਿਖਾ ਦਿੱਤਾ ਜਾਵੇਗਾ।

Maxspurt

Sell, Buy, Invest, Finance or Insure Real Estate & Business In State Of Texas.

MAXSPURT 'ਤੇ ਅਸੀਂ ਇਹ ਸੇਵਾਵਾਂ ਦਿੰਦੇ ਹਾਂ!

REAL ESTATE (RESIDENTIAL & COMMERCIAL)
* ਘਰ ਜਾਂ ਕਮਰਸ਼ੀਅਲ ਜਾਇਦਾਦ ਵੇਚੋ, ਖਰੀਦੋ ਜਾਂ ਕਿਰਾਏ 'ਤੇ ਲਵੋ
* ਆਫ ਮਾਰਕੀਟ Opportunities
* ਖਰੀਦਦਾਰ ਅਤੇ ਵੇਚਣ ਵਾਲਿਆਂ ਦੀ ਨੁਮਾਇੰਦਗੀ
* 1031 ਐਕਸਚੇਂਜ Opportunities

LENDING SOLUTIONS
* ਰੈਜ਼ੀਡੈਂਸ਼ਲ ਮਾਰਟਗੇਜ (CONVENTIONAL, FHA, VA, JUMBO)
* ਕਮਰਸ਼ੀਅਲ ਲੋਨ (RETAIL, MULTIFAMILY, OFFICE, SBA)
* ਬ੍ਰਿਜ ਲੋਨ ਅਤੇ ਹਾਰਡ ਮਨੀ ਫਾਇਨੈਂਸਿੰਗ
* ਲੋਨ ਸਟ੍ਰਕਚਰਿੰਗ ਅਤੇ ਰੀਫਾਇਨੈਂਸ

INSURANCE SERVICES
*ਹੋਮ, ਆਟੋ ਤੇ ਬਿਜ਼ਨਸ ਲਈ ਪ੍ਰਾਪਰਟੀ ਅਤੇ ਕੈਜ਼ੂਐਲਿਟੀ ਇਨਸ਼ੋਰੈਂਸ
* ਕਮਰਸ਼ੀਅਲ ਟਰੱਕ ਅਤੇ ਟਰੱਕਿੰਗ ਇਨਸ਼ੋਰੈਂਸ
* ਮਕਾਨ ਮਾਲਕਾਂ ਲਈ ਰੈਂਟਲ ਇਨਸ਼ੋਰੈਂਸ
* ਵਪਾਰ ਲਈ ਕਸਟਮ ਇਨਸ਼ੋਰੈਂਸ ਪੈਕੇਜ

ਭ੍ਰੀਓ ਓੁੜੀਛਓ & ਭ੍ਰੈਖਓੁਓਘਓ
* ਬਿਜ਼ਨਸ ਖਰੀਦੋ ਜਾਂ ਵੇਚੋ
* ਬਿਜ਼ਨਸ ਦੀ ਕੀਮਤ ਅਤੇ ਡੀਲ ਸਟਰਕਚਰ ਕਰਨਾ
* LLC ਜਾਂ CORPORATION ਬਣਾਉਣਾ ਅਤੇ ਲਾਇਸੈਂਸ ਲੈਣਾ
* ਬੁੱਕਕੀਪਿੰਗ, ਅਕਾਊਂਟਿੰਗ ਅਤੇ ਟੈਕਸ ਫਾਈਲਿੰਗ

ASSET MANAGEMENT
* HOA ਅਤੇ ਕਮਿਊਨਿਟੀ ਮੈਨੇਜਮੈਂਟ
* ਕਮਰਸ਼ੀਅਲ ਪ੍ਰਾਪਰਟੀ ਮੈਨੇਜਮੈਂਟ
* ਕੋਆਰਡੀਨੇਸ਼ਨ ਅਤੇ ਮੁਰੰਮਤ *ਕਿਰਾਏਦਾਰ ਸਬੰਧੀ ਸੇਵਾਵਾਂ

ASSET MAINTENANCE
* ਰੁਟੀਨ ਸਰਵਿਸ ਅਤੇ ਮੁਰੰਮਤ
* ਸੁਰੱਖਿਆ ਅਤੇ ਕੰਪਲਾਇੰਸ ਚੈਕ
* ਮੁਰੰਮਤ ਦੀਆਂ ਮੰਗਾਂ ਦੇ ਨਿਪਟਾਰੇ

TEAM MAXSPURT
8330 LBJ FWY, SUITE B520, DALLAS, TX 75243
(972) 918-5500 (DESK)
(972) 585-5500 (ROY MALKISON)
(972) 375-8628 (AMARJIT DHILLON)

Amarjit Dhillon
(Business Development Manager)
Maxspurt-LIBRA

Roy Malkison (Prabhat)
Licensed Real Estate, Loans & Insurance Professional In Texas.

Maxspurt Lending Inc. (NMLS #2021549), MAXSPURT Reality Inc., and, Manxspurt Insurance Agency Inc. are licensed brokerages operating in the state of Texas, providing regulated services in lending , real estate, and insurance under applicable Texas laws

Hicksville NY
BODY IN MOTION
PHYSICAL THERAPY P C
DR. INDERJIT KAINTH, PT, DPT

MOST INSURANCES ACCEPTED • SELF PAY OPTIONS AVAILABLE • WALKS IN WELCOME

WHAT WE TREAT
✓ Sports Related Injuries
✓ Orthopedic Conditions
✓ Joint Replacements
✓ Fractures, Sprains & Strains
✓ Arthritis
✓ Neck & Back Injuries
✓ Gait & Balance Disorders
✓ Work & Auto Related Injuries
✓ Geriatrics
✓ Pre & Post-Surgical Care

Live Pain Free!
MINEOLA AVE
BROADWAY PL
FARM LN
S BROADWAY

BODY IN MOTION PHYSICAL THERAPY P.C.
501 S. BROADWAY, SUITE 101
HICKSVILLE, NY 11801

HOW WE TREAT
✓ Manual Therapy & IASTM
✓ Kinesiotaping
✓ Individualized Exercise Therapy
✓ Therapeutic Ultrasound & Electrical Stimulation
✓ Postural Re-Education
✓ Evidence Based Treatment Approaches

To Book Your Appointment Call Today: 516-495-4892

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਵਿਧਾਨ ਸਭਾ 'ਚ ਹਰਪਾਲ ਚੀਮਾ ਅਤੇ ਪ੍ਰਤਾਪ ਬਾਜਵਾ ਭਿੜੇ

**ਚੰਡੀਗੜ੍ਹ:**ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੇ ਆਖ਼ਰੀ ਦਿਨ ਸੋਮਵਾਰ ਨੂੰ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਭਿੜ ਗਏ। ਦੋਵਾਂ ਨੇ ਇਕ-ਦੂਸਰੇ 'ਤੇ ਗੰਭੀਰ ਦੋਸ਼ ਲਾਏ। ਚੀਮਾ ਤੇ ਬਾਜਵਾ ਵਿਚ ਨਿੱਜੀ ਤੋਹਮਤਬਾਜ਼ੀ ਐਨੀ ਵੱਧ ਗਈ ਕਿ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸਦਨ ਦੀ ਕਾਰਵਾਈ ਦਸ ਮਿੰਟ ਲਈ ਮੁਲਤਵੀ ਕਰ ਦਿੱਤੀ।ਹੋਇਆ ਇੰਝ ਕਿ ਹੜ੍ਹਾਂ ਦੇ ਮੁੱਦੇ ਅਤੇ ਪੰਜਾਬ ਦੇ ਪੁਨਰਵਾਸ 'ਤੇ ਚੱਲ ਰਹੀ ਬਹਿਸ ਦੌਰਾਨ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ 'ਤੇ ਫੂਲਨ ਪਿੰਡ ਵਿਚ ਧੁੱਸੀ ਬੰਨ੍ਹ ਦੇ ਨਾਲ ਲੱਗਦੀ ਜ਼ਮੀਨ ਅਤੇ ਗੁਰਦਾਸਪੁਰ ਦੇ ਇੱਕ ਪਿੰਡ ਵਿਚ ਜ਼ਮੀਨ ਖਰੀਦਣ ਦੀ -ਗੱਲ ਕਹੀ। ਚੀਮਾ ਨੇ ਕਿਹਾ ਕਿ ਦਰਿਆ ਦੇ ਕਿਨਾਰੇ ਇਹ ਜ਼ਮੀਨ ਮਾਈਨਿੰਗ ਕਰਨ ਲਈ ਖਰੀਦੀ ਗਈ ਅਤੇ ਪਿਛਲੀ ਸਰਕਾਰ ਨੇ ਇਸ ਜ਼ਮੀਨ ਨੂੰ ਸੁਰੱਖਿਅਤ ਰੱਖਣ ਲਈ 1.12 ਕਰੋੜ ਰੁਪਏ ਜ਼ਮੀਨ ਬਚਾਉਣ ਯਾਨੀ ਦਰਿਆ ਦਾ ਰੁਖ਼ ਮੋੜਨ ਲਈ ਪੱਥਰਾਂ ਦਾ ਬੰਨ੍ਹ ਲਗਾਉਣ 'ਤੇ ਖਰਚ ਕੀਤੇ ਸਨ। ਉਨ੍ਹਾਂ ਕਿਹਾ ਕਿ ਬਾਜਵਾ ਲਗਾਤਾਰ ਸਰਕਾਰ ਦੇ ਕੰਮ ਵਿਚ ਨੁਕਸ ਕੱਢਦਾ ਹੈ, ਜਦਕਿ ਦਰਿਆ ਦੇ ਕਿਨਾਰੇ ਸਸਤੇ ਭਾਅ ਵਿਚ ਜ਼ਮੀਨ ਖਰੀਦੀ ਹੈ। ਇਸ ਦੇ ਜਵਾਬ ਵਿਚ ਬਾਜਵਾ ਨੇ ਨਾ ਸਿਰਫ਼ ਚੀਮਾ ਵੱਲੋਂ ਲਗਾਏ ਗਏ ਦੋਸ਼ਾਂ ਨੂੰ ਰੱਦ ਕੀਤਾ ਬਲਕਿ ਉਲਟਾ ਚੀਮਾ 'ਤੇ ਹੀ ਗੰਭੀਰ ਦੋਸ਼ ਲਾ ਦਿੱਤੇ। ਬਾਜਵਾ ਨੇ ਕਿਹਾ, 'ਮੈਂ ਜ਼ਮੀਨ ਖਰੀਦੀ ਅਤੇ ਸਟੈਂਪ ਡਿਊਟੀ ਦਾ ਭੁਗਤਾਨ ਕੀਤਾ ਹੈ. ਮੈਂ ਨਿੱਜੀ ਵਿਅਕਤੀਆਂ ਤੋਂ ਜ਼ਮੀਨ ਖਰੀਦੀ ਹੈ, ਉਸ ਨੂੰ ਪੈਸੇ ਅਦਾ ਕੀਤੇ ਹਨ ਅਤੇ ਇਸ ਦੀ ਪੂਰੀ ਜਾਣਕਾਰੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਤੁਹਾਡੀ ਪਾਰਟੀ ਦੇ ਸਾਰੇ ਆਗੂ ਆਬਕਾਰੀ ਘੁਟਾਲੇ ਵਿਚ ਗ੍ਰਿਫ਼ਤਾਰ ਕੀਤੇ ਗਏ ਸਨ ਪਰ ਤੁਹਾਨੂੰ ਬਚਾਇਆ ਗਿਆ ਕਿਉਂਕਿ ਤੁਹਾਡੇ ਭਾਜਪਾ ਨਾਲ ਸਬੰਧ ਹਨ। ਉਨ੍ਹਾਂ ਸ਼ਰਾਬ ਦੀ ਫੈਕਟਰੀ ਤੋਂ ਕਥਿਤ ਰੂਪ ਵਿਚ ਮਹੀਨਾ ਲੈਣ ਦਾ ਦੋਸ਼ ਵੀ ਲਾਇਆ। ਇਸ 'ਤੇ ਦੋਵਾਂ ਵਿਚਕਾਰ ਤਿੱਖੀ ਬਹਿਸ ਛਿੜ ਪਈ।ਜਦੋਂ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਦੋਵਾਂ ਧਿਰਾਂ ਨੂੰ ਬੈਠਣ ਲਈ ਕਿਹਾ ਤਾਂ ਕਾਂਗਰਸੀ ਵਿਧਾਇਕ ਅਵਤਾਰ ਸਿੰਘ ਜੂਨੀਅਰ ਹੈਨਰੀ ਨੇ ਸਪੀਕਰ 'ਤੇ ਪੱਖਪਾਤ ਦਾ ਦੋਸ਼ ਲਗਾਇਆ ਅਤੇ ਕਿਹਾ ਕਿ ਉਹ ਵਿਰੋਧੀ ਧਿਰ ਦੇ ਨੇਤਾ ਨੂੰ ਬੋਲਣ ਨਹੀਂ ਦੇ ਰਹੇ। ਇਸ ਦੌਰਾਨ ਬਾਜਵਾ ਅਤੇ ਚੀਮਾ ਦਰਮਿਆਨ ਬਹਿਸ ਐਨੀ ਤਿੱਖੀ ਹੋ ਗਈ ਕਿ ਦੋਵੇਂ ਇਕ-ਦੂਜੇ ਨੂੰ ਲਲਕਾਰਨ ਲੱਗੇ ਪਏ। ਚੀਮਾ ਆਪਣੀ ਸੀਟ ਛੱਡ ਕੇ ਅੱਗੇ ਆ ਗਏ ਅਤੇ ਪਾਰਟੀ ਦੇ ਹੋਰ ਵਿਧਾਇਕ ਵੀ ਉਨ੍ਹਾਂ ਦੇ ਸਮੱਰਥਨ ਵਿਚ ਅੱਗੇ ਆ ਗਏ। ਦੋਵਾਂ ਪਾਸਿਓ ਤਿੱਖੀ ਬਹਿਸ ਹੋਈ। ਸਪੀਕਰ ਨੇ ਮਾਹੌਲ ਸ਼ਾਂਤ ਕਰਨ ਲਈ ਸਦਨ ਦੀ ਕਾਰਵਾਈ ਦਸ ਮਿੰਟ ਲਈ ਮੁਲਤਵੀ ਕਰ ਦਿੱਤੀ। ਸਦਨ ਦੀ ਕਾਰਵਾਈ ਮੁੜ ਸ਼ੁਰੂ ਹੋਣ 'ਤੇ ਸਪੀਕਰ ਨੇ ਦੋਵਾਂ ਧਿਰ ਨੂੰ ਸ਼ਾਂਤ ਰਹਿਣ ਦੀ ਅਪੀਲ ਕੀਤੀ। ਚਰਚਾ ਦੌਰਾਨ ਜਲ ਸਰੋਤ ਮੰਤਰੀ ਬਰਿੰਦਰ ਗੋਇਲ ਅਤੇ ਪ੍ਰਤਾਪ ਸਿੰਘ ਬਾਜਵਾ ਵੀ ਹੜ੍ਹਾਂ ਦੌਰਾਨ ਉਚੇਚੇ ਪ੍ਰਬੰਧ ਨਾ ਕੀਤੇ ਜਾਣ ਕਰ ਕੇ ਇਕ ਦੂਜੇ 'ਤੇ ਮਿਹਣੋ ਮੇਹਣੀ ਹੋਈ। ਗੋਇਲ ਨੇ ਕਿਹਾ ਕਿ ਬਾਜਵਾ ਨੂੰ ਸਦਨ ਵਿਚ ਝੂਠ ਬੋਲਣ 'ਤੇ ਮਾਫ਼ੀ ਮੰਗਣੀ ਚਾਹੀਦੀ ਹੈ।





## ਸਿੱਧੂ ਮੂਸੇਵਾਲਾ ਦੇ ਪਿਤਾ ਲੜਨਗੇ ਚੋਣ

**ਮਾਨਸਾ:**ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਮਾਨਸਾ ਤੋਂ ਕਾਂਗਰਸ ਦੀ ਟਿਕਟ 'ਤੇ ਵਿਧਾਨ ਸਭਾ ਚੋਣ ਲੜਨ ਦਾ ਐਲਾਨ ਕੀਤਾ ਹੈ। ਇਕ ਸਮਾਗਮ ਦੌਰਾਨ ਬਲਕੌਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਪੁੱਤ ਦਾ ਵਿਧਾਨ ਸਭਾ ਦੀਆਂ ਪੌੜੀਆਂ ਚੜ੍ਹਨ ਦਾ ਸੁਪਨਾ ਸੀ। ਉਹ 2027 ਦੀਆਂ ਵਿਧਾਨ ਸਭਾ ਚੋਣਾਂ ਲੜ ਕੇ ਉਸ ਦਾ ਸੁਪਨਾ ਪੂਰਾ ਕਰਨਗੇ। ਉਨ੍ਹਾਂ ਕਿਹਾ ਕਿ ਜਿੱਤਣਗੇ ਤੇ ਆਪਣੇ ਪੁੱਤ ਦੀ ਤਸਵੀਰ ਜੇਬ 'ਤੇ ਲਗਾ ਕੇ ਵਿਧਾਨ ਸਭਾ ਦੀਆਂ ਪੌੜੀਆਂ ਚੜ੍ਹਨਗੇ।



## ਬਠਿੰਡਾ ਦੀ ਅਦਾਲਤ 'ਚ ਪੇਸ਼ ਨਹੀਂ ਹੋਈ ਕੰਗਨਾ ਰਣੌਤ

**ਬਠਿੰਡਾ:**ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਦੌਰਾਨ ਬਠਿੰਡਾ ਦੀ ਮਹਿਲਾ ਬਜ਼ੁਰਗ ਕਿਸਾਨ ਮਹਿੰਦਰ ਕੌਰ ਵਿਰੁੱਧ ਅਪਮਾਨਜਨਕ ਟਿੱਪਣੀ ਕਰਨ ਦੇ ਮਾਮਲੇ ਵਿੱਚ ਭਾਜਪਾ ਸਦ ਮੈਂਬਰ ਕੰਗਨਾ ਰਣੌਤ ਸੋਮਵਾਰ ਨੂੰ ਠਿੰਡਾ ਅਦਾਲਤ ਵਿੱਚ ਪੇਸ਼ ਨਹੀਂ ਹੋਈ। ਉਨ੍ਹਾਂ ਵਕੀਲ ਕੰਗਨਾ ਵੱਲੋਂ ਪੇਸ਼ ਹੋਏ ਅਤੇ ਉਨ੍ਹਾਂ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਅਦਾਲਤ ਵਿੱਚ ਸ਼ ਹੋਣ ਲਈ ਅਰਜ਼ੀ ਦਿੱਤੀ ਪਰ ਅਦਾਲਤ ਨੇ ਇਸ ਨੂੰ ਰੱਦ ਕਰ ਦਿੱਤਾ। ਮਾਮਲੇ ਦੀ ਅਗਲੀ ਸੁਣਵਾਈ 27 ਅਕਤੂਬਰ ਨੂੰ ਹੋਵੇਗੀ। ਇਸ ਤੋਂ ਪਹਿਲਾਂ ਅਦਾਲਤ ਨੇ ਕੰਗਨਾ ਦੇ ਸੰਮਨ ਜਾਰੀ ਕੀਤੇ ਸਨ ਅਤੇ ਪੇਸ਼ ਹੋਣ ਲਈ 29 ਸਤੰਬਰ ਦੀ ਤਰੀਕ ਨਿਰਧਾਰਤ ਕੀਤੀ ਸੀ ਪਰ ਅੱਜ ਕੰਗਨਾ ਪੇਸ਼ ਨਹੀਂ ਹੋਈ। ਮਹਿੰਦਰ ਕੌਰ ਦੇ ਵਕੀਲ ਰਘਵੀਰ ਸਿੰਘ ਬਹਿਣੀਵਾਲ ਨੇ ਕਿਹਾ ਕਿ ਕੰਗਨਾ ਰਣੌਤ ਨੂੰ ਪਹਿਲਾਂ ਵੀ ਸੰਮਨ ਜਾਰੀ ਕੀਤੇ ਗਏ ਪਰ ਕਿਸੇ ਨੇ ਉਨ੍ਹਾਂ ਨੂੰ ਪ੍ਰਾਪਤ ਨਹੀਂ ਕੀਤਾ ਸੀ। ਇਸ ਤੋਂ ਬਾਅਦ ਐੱਸਐੱਸਪੀ ਰਾਹੀਂ ਕੰਗਨਾ ਦੇ ਨਾਂ 'ਤੇ ਸੰਮਨ ਜਾਰੀ ਕੀਤੇ ਗਏ। ਅਦਾਲਤ ਨੇ ਇਸ ਨੂੰ ਗੰਭੀਰਤਾ ਨਾਲ ਲਿਆ ਅਤੇ ਕੰਗਨਾ ਨੂੰ ਜਲਦੀ ਹੀ ਅਦਾਲਤ ਵਿੱਚ ਪੇਸ਼ ਹੋਣ ਦੇ ਨਿਰਦੇਸ਼ ਦਿੱਤੇ।



## 10 ਨੂੰ ਬੰਦ ਹੋਣਗੇ ਹੇਮਕੁੰਟ ਸਾਹਿਬ ਦੇ ਕਿਵਾੜ

**ਉੱਤਰਕਾਸ਼ੀ:**ਸਰਦੀਆਂ ਦੇ ਮੱਦੇਨਜ਼ਰ ਉੱਤਰਾਖੰਡ ਸਥਿਤ ਧਾਮਾਂ ਦੇ ਕਿਵਾੜ ਬੰਦ ਕਰਨ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਹਨ। ਸ੍ਰੀ ਹੇਮਕੁੰਟ ਸਾਹਿਬ ਤੇ ਲੋਕਪਾਲ ਲਕਸ਼ਣ ਮੰਦਰ ਦੇ ਕਿਵਾੜ 10 ਅਕਤੂਬਰ ਨੂੰ ਬੰਦ ਕੀਤੇ ਜਾਣਗੇ। ਅੰਨਕੂਟ ਪੁਰਬ 'ਤੇ 22 ਅਕਤੂਬਰ ਨੂੰ ਗੰਗੋਤਰੀ ਧਾਮ, 23 ਅਕਤੂਬਰ ਨੂੰ ਕੇਦਾਰਨਾਥ ਧਾਮ ਦੇ ਕਿਵਾੜ ਬੰਦ ਕੀਤੇ ਜਾਣਗੇ।



## ਕੇਂਦਰ ਨੇ ਪੰਜਾਬ ਨੂੰ ਬਣਾਇਆ ਹੈ ਅਣਐਲਾਨਿਆ ਯੂ.ਟੀ.

**ਚੰਡੀਗੜ੍ਹ:**ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਵਿੱਚ ਦੌਰੇ ਤੇ ਆਉਣ ਵਾਲੇ ਕੇਂਦਰੀ ਮੰਤਰੀਆਂ ਬਾਰੇ ਕਿਹਾ ਕਿ ਉਹ ਡਿਜ਼ਾਸਟਰ ਟੂਰਿਜ਼ਮ 'ਤੇ ਆਏ ਹੋਏ ਹਨ। ਉਨ੍ਹਾਂ ਸਿਰਫ਼ ਫੋਟੋ ਖਿਚਵਾਉਣੀ ਹੈ ਤੇ ਚਲੇ ਜਾਣੇ ਜਾਣਾ ਹੈ। ਹਰ ਰੋਜ਼ ਸਾਡੇ ਡੀਸੀ ਨੂੰ ਆਪਣੇ ਨਾਲ ਲਈ ਫਿਰਦੇ ਹਨ ਜਿਸ ਕਾਰਨ ਉਹ ਕੰਮ ਨਹੀਂ ਕਰ ਪਾ ਰਹੇ। ਮਾਨ ਨੇ ਕਿਹਾ ਕਿ ਪਰਸੋਂ ਇਕ ਮੰਤਰੀ ਨੇ ਕਿਹਾ ਕਿ ਉਹ 1600 ਕਰੋੜ ਰੁਪਏ ਦਾ ਵਿੱਤੀ ਪੈਕੇਜ ਸੂਬਾ ਸਰਕਾਰ ਨੂੰ ਨਾ ਦੇ ਕੇ ਸਿੱਧਾ ਕਿਸਾਨਾਂ ਨੂੰ ਦੇਣਗੇ। ਮੁੱਖ ਮੰਤਰੀ ਨੇ ਕਿਹਾ ਕਿ ਕੀ ਭਾਰਤ ਸਰਕਾਰ ਨੇ ਪੰਜਾਬ ਨੂੰ ਅਣਐਲਾਨਿਆ ਯੂਟੀ ਬਣਾਇਆ ਹੋਇਆ ਹੈ। ਭਾਜਪਾ ਦੇ ਸਮਾਂਤਰ ਇਜਲਾਸ ਚਲਾਉਣ ਤੇ ਵਿਅੰਗ ਕੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇੱਥੇ ਇਜਲਾਸ ਚੱਲ ਰਿਹਾ ਹੈ, ਉਸ 'ਚ ਉਹ ਆਏ ਨਹੀਂ, ਪਰ ਨਕਲੀ ਵਿਧਾਨ ਸਭਾ ਚਲਾ ਕੇ ਮੰਤਰੀ ਬਣ ਕੇ ਬੈਠੇ ਹਨ।

# ਸਿੱਖ ਕੌਮ ਦੀਆਂ ਭਾਵਨਾਵਾਂ ਨਾਲ ਖੇਡਣ ਦੀ ਕੋਸ਼ਿਸ਼ ਨਾ ਕਰੇ ਮੋਦੀ ਸਰਕਾਰ: ਹਰਪ੍ਰੀਤ ਸਿੰਘ

**ਚੰਡੀਗੜ੍ਹ:**ਨਵੇਂ ਬਣੇ ਅਕਾਲੀ ਦਲ ਦੇ ਪ੍ਰਧਾਨ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕੇਂਦਰ ਸਰਕਾਰ ਨੂੰ ਸਖ਼ਤ ਤਾੜਨਾ ਕਰਦਿਆਂ ਕਿਹਾ ਹੈ ਕਿ ਜ਼ਿੰਦਾ ਸ਼ਹੀਦ ਭਾਈ ਬਲਵੰਤ ਸਿੰਘ ਰਾਜੋਆਣਾ ਸਬੰਧੀ ਕੋਈ ਵੀ ਅਜਿਹਾ ਫੈਸਲਾ ਨਾ ਲਿਆ ਜਾਵੇ ਜਿਸ ਨਾਲ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੇ। ਉਨ੍ਹਾਂ ਨੇ ਕਿਹਾ ਕਿ ਪੰਜਾਬ ਨੇ ਕਈ ਦਹਾਕਿਆਂ ਤੱਕ ਕਾਲਾ ਦੌਰ ਦੇਖਿਆ ਹੈ ਅਤੇ ਹੁਣ ਮੁੜ ਉਹ ਜਖ਼ਮਾਂ ਨੂੰ ਉਚੇੜਣ ਦੀ ਕੋਸ਼ਿਸ਼ ਬਹੁਤ ਹੀ ਗੰਭੀਰ ਸਾਜ਼ਿਸ਼ ਹੈ।

ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਭਾਈ ਰਾਜੋਆਣਾ ਨਾਲ ਜੁੜਿਆ ਮਾਮਲਾ ਕੋਈ ਵਿਅਕਤੀਗਤ ਨਹੀਂ ਸਗੋਂ ਪੂਰੀ ਸਿੱਖ ਕੌਮ ਦੀਆਂ ਆਸਥਾਵਾਂ ਅਤੇ ਸਤਿਕਾਰ ਨਾਲ ਜੁੜਿਆ ਹੈ। 2012 ਵਿੱਚ ਜਦੋਂ ਰਾਜੋਆਣਾ ਦੀ ਫਾਂਸੀ ਦਾ ਖਤਰਾ ਮੰਡਰਾਇਆ ਸੀ, ਤਾਂ ਪੂਰੀ ਸਿੱਖ ਕੌਮ ਇਕਜੁੱਟ ਹੋ ਕੇ ਸੰਘਰਸ਼ ਲਈ ਖੜੀ ਹੋਈ ਸੀ ਜਿਸ ਕਰਕੇ ਉਸ ਵੇਲੇ ਦੀ ਕੇਂਦਰ ਸਰਕਾਰ ਨੂੰ ਪਿੱਛੇ ਹਟਣਾ ਪਿਆ ਸੀ। ਹੁਣ ਮੁੜ ਇਸ ਮਾਮਲੇ ਨੂੰ ਉੱਠਾਉਣਾ ਕੇਂਦਰ ਦੇ ਸਿੱਖ ਵਿਰੋਧੀ ਮਨਸੂਬਿਆਂ ਨੂੰ ਬੇਨਕਾਬ ਕਰਦਾ ਹੈ।

ਨਵੇਂ ਅਕਾਲੀ ਦਲ ਪ੍ਰਧਾਨ ਨੇ ਪੰਜਾਬ ਸਰਕਾਰ ਨੂੰ ਵੀ ਸਿੱਧਾ ਚੁਣੌਤੀ ਦਿੰਦਿਆਂ ਕਿਹਾ ਕਿ ਸੂਬਾ ਸਰਕਾਰ ਤੁਰੰਤ ਆਪਣਾ ਸਪਸ਼ਟ ਸਟੈਂਡ ਜਨਤਾ ਸਾਹਮਣੇ ਰੱਖੇ। ਸਿੱਖ ਕੌਮ ਜਾਣਨਾ ਚਾਹੁੰਦੀ ਹੈ ਕਿ ਕੀ ਪੰਜਾਬ ਸਰਕਾਰ ਆਪਣੇ ਲੋਕਾਂ ਅਤੇ ਸਿੱਖ ਭਾਵਨਾਵਾਂ ਦੇ ਨਾਲ ਖੜੀ ਹੈ ਜਾਂ ਕੇਂਦਰ ਦੇ ਦਬਾਅ ਹੇਠ ਕੰਮ ਕਰ ਰਹੀ ਹੈ। ਚੁੱਪ ਰਹਿਣਾ ਜਾਂ ਦੋਹਰੇ ਮਾਪਦੰਡ ਰੱਖਣਾ ਸਰਕਾਰ ਲਈ ਘਾਤਕ ਸਾਬਤ ਹੋਵੇਗਾ।

ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਹਾਲੀਆ ਮੀਟਿੰਗ 'ਤੇ ਵੀ ਗੰਭੀਰ ਸਵਾਲ ਉਠਾਉਂ ਕਿਹਾ ਕਿ ਇਹ ਮੀਟਿੰਗ ਕਿਸੇ ਵੱਡੇ ਭੇਦ ਅਤੇ ਛੁਪੀ ਯੋਜਨਾ ਵੱਲ ਇਸ਼ਾਰਾ ਕਰਦੀ ਹੈ।ਮੀਡੀਆ ਰਿਪੋਰਟਾਂ ਦਾ ਹਵਾਲਾ ਦਿੰਦਿਆਂ ਉਨ੍ਹਾਂ ਨੇ ਕਿਹਾ ਕਿ ਪੰਜਾਬ ਵਿੱਚ 50 ਮਿਲਟਰੀ ਕੰਪਨੀਆਂ ਦੀ ਤੈਨਾਤੀ ਕਰਕੇ ਡਰ ਅਤੇ ਸਹਿਮ ਦਾ ਮਾਹੌਲ ਬਣਾਇਆ ਜਾ ਰਿਹਾ ਹੈ। ਇਹ ਪੰਜਾਬੀ ਲੋਕਾਂ ਦੇ ਹੌਸਲੇ ਤੋੜਣ ਦੀ ਸਾਜ਼ਿਸ਼ ਹੈ ਪਰ ਇਤਿਹਾਸ ਗਵਾਹ ਹੈ ਕਿ ਸਿੱਖ ਕੌਮ ਕਦੇ ਵੀ ਕਿਸੇ ਦਬਾਅ ਜਾਂ ਜ਼ਬਰ ਅੱਗੇ ਨਹੀਂ ਝੁਕੀ।

ਉਨ੍ਹਾਂ ਨੇ ਯਾਦ ਦਿਵਾਇਆ ਕਿ ਭਾਈ ਰਾਜੋਆਣਾ ਆਪਣੀ ਮਿਲੀ ਸਜ਼ਾ ਤੋਂ ਕਈ ਗੁਣਾ ਵੱਧ ਸਮਾਂ ਪਹਿਲਾਂ ਹੀ ਜੇਲ੍ਹ ਦੀ ਕਾਲ ਕੋਠੜੀ ਵਿੱਚ ਬਿਤਾ ਚੁੱਕੇ ਹਨ। ਕੋਈ ਵੀ ਕਾਨੂੰਨ ਅਜਿਹੀ ਇਜਾਜ਼ਤ ਨਹੀਂ ਦਿੰਦਾ ਕਿ ਕਿਸੇ ਕੈਦੀ ਨੂੰ ਉਸਦੀ ਸਜ਼ਾ ਤੋਂ ਵੱਧ ਸਮੇਂ ਲਈ ਬੰਦ ਰੱਖਿਆ ਜਾਵੇ।



## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਪੰਜਾਬੀ ਸੱਭਿਆਚਾਰ ਦੀ ਅਹਿਮ ਕਲਾ ਕਸੀਦਾਕਾਰੀ ਆਖ਼ਰੀ ਸਾਹਾਂ 'ਤੇ

**ਪਟਿਆਲਾ:** ਪੰਜਾਬ ਦੀਆਂ ਲੋਕ- ਕਲਾਵਾਂ ਤੇ ਸੱਭਿਆਚਾਰ ਦੇ ਅਹਿਮ ਅੰਗ ਮੰਨੇ ਜਾਂਦੇ ਕਸੀਦਾਕਾਰੀ ਕਲਾ ਅੱਜ ਅਲੋਪ ਹੋਣ ਦੀ ਕਗਾਰ 'ਤੇ ਪੁੱਜ ਚੁਕੀ ਹੈ। ਕਲਾਵਾਂ ਨਾਲ ਜੁੜੇ ਕਾਰੀਗਰ

**ਭਾਰਤ ਸਰਕਾਰ ਵਲੋਂ ਫੁਲਕਾਰੀ ਨੂੰ 2011 ਵਿਚ ਜੀ.ਆਈ. ਟੈਗ ਮਿਲਿਆ ਸੀ ਤੇ ਕਈ ਕਲਾਕਾਰਾਂ ਨੂੰ ਰਾਸ਼ਟਰੀ ਇਨਾਮਾਂ ਨਾਲ ਨਿਵਾਜਿਆ ਗਿਆ ਹੈ ਪਰ ਪਰਨਾਲਾ ਉਥੇ ਦਾ ਉਥੇ ਹੀ ਰਿਹਾ।**

ਦੀ ਆਰਥਿਕ ਤੰਗੀ, ਘਟਦੀ ਮੰਗ ਤੇ ਨੌਜਵਾਨ ਪੀੜ੍ਹੀ 'ਚ ਦਿਲਚਸਪੀ ਦੀ ਘਾਟ ਤੋਂ ਇਲਾਵਾ ਮਸ਼ੀਨਰੀ ਯੁੱਗ ਦੇ ਪ੍ਰਭਾਵ ਨੇ ਵੀ ਇਸ ਕਲਾ ਨੂੰ ਵੱਡੀ ਮਾਰ ਮਾਰੀ ਹੈ। ਇਸ ਦੇ ਨਾਲ ਹੀ ਕੱਚੇ ਮਾਲ ਦੀ ਅਣਹੋਂਦ ਤੇ ਇਨ੍ਹਾਂ ਦੀਆਂ ਵਧਦੀਆਂ ਕੀਮਤਾਂ ਵੀ ਕਾਰੀਗਰਾਂ ਲਈ ਮੁਸੀਬਤ ਬਣ ਗਈਆਂ ਹਨ। ਕਿਸੇ ਸਮੇਂ ਇਨ੍ਹਾਂ ਦਾ ਪੰਜਾਬ ਦੇ ਪੇਂਡੂ ਜੀਵਨ ਨਾਲ ਡੂੰਘਾ ਨਾਤਾ ਰਿਹਾ ਹੈ। ਵਿਆਹ-ਸ਼ਾਦੀਆਂ, ਤਿਉਹਾਰਾਂ ਤੇ ਸਮਾਜਿਕ ਰਸਮਾਂ-ਰਿਵਾਜਾਂ ਵਿਚ ਕਸੀਦਾਕਾਰੀ ਕੀਤੀਆਂ ਵਸਤਾਂ ਨੂੰ ਖ਼ਾਸ ਮਾਣ ਮਿਲਦਾ ਸੀ। ਕਸੀਦਾਕਾਰੀ ਤੇ ਫੁਲਕਾਰੀ ਸਿਰਫ਼ ਰੁਮਾਲਾ, ਸਿਰਹਾਣਿਆਂ ਤੇ ਚਾਦਰਾਂ ਦੀ ਸਜਾਵਟ ਨਹੀਂ ਸੀ, ਸਗੋਂ ਇਹ ਔਰਤਾਂ ਦੀ ਰਚਨਾਤਮਿਕਤਾ ਤੇ ਉਨ੍ਹਾਂ ਦੀ ਆਵਾਜ਼ ਦਾ ਪ੍ਰਤੀਕ ਸੀ। ਇਹ ਕਲਾਵਾਂ ਲੋਕਾਂ ਲਈ ਰੁਜ਼ਗਾਰ ਦਾ ਵੀ ਸਾਧਨ ਰਹੀਆਂ ਹਨ। ਕਈ ਪਰਿਵਾਰ ਆਪਣਾ ਗੁਜ਼ਾਰਾ ਸਿਰਫ਼ ਕਸੀਦਾ ਤੇ ਫੁਲਕਾਰੀ ਨਾਲ ਹੀ ਕਰਦੇ ਸਨ।ਬਾਜ਼ਾਰਾਂ ਵਿਚ ਮਸ਼ੀਨੀ ਤਿਆਰੀਆਂ ਤੇ ਸਸਤੀ ਸਮਗਰੀ ਨੇ ਰਵਾਇਤੀ ਹੱਥੋਂ ਬਣੀਆਂ ਵਸਤਾਂ ਨੂੰ ਪਿੱਛੇ ਧੱਕ ਦਿੱਤਾ ਹੈ। ਇਸ ਕਾਰਨ ਕਈ ਪੁਰਾਣੇ ਕਾਰੀਗਰ ਇਹ ਪੇਸ਼ਾ ਛੱਡਣ ਲਈ ਮਜ਼ਬੂਰ ਹੋ ਗਏ। ਨਤੀਜੇ ਵਜੋਂ ਕਾਰੀਗਰਾਂ ਦੀ ਰੋਜ਼ੀ-ਰੋਟੀ 'ਤੇ ਵੱਡਾ ਅਸਰ ਪੈ ਰਿਹਾ ਹੈ. ਅਧਿਅਨ ਅਨੁਸਾਰ ਇਕ ਕਾਰੀਗਰ ਦੀ ਮਹੀਨੇ ਦੀ ਔਸਤਨ ਆਮਦਨ 5,000 ਤੋਂ 10,000 ਰੁਪਏ ਦੇ ਵਿਚਕਾਰ ਸੀਮਤ ਹੋ ਗਈ ਹੈ। ਭਾਵੇਂ ਕਿ, ਭਾਰਤ ਸਰਕਾਰ ਦੇ ਵਿੱਤ ਤੇ



ਸਨਅਤੀ ਮੰਤਰਾਲੇ ਦੀਆਂ। ਰਿਪੋਰਟਾਂ ਅਨੁਸਾਰ ਸਾਲ 2024 'ਚ ਭਾਰਤ ਨੇ ਹਸਤਕਲਾ ਖੇਤਰ 'ਚ 4 ਅਰਬ ਡਾਲਰ ਦਾ ਸਾਮਾਨ ' ਬਰਾਮਦ ਕੀਤਾ ਹੈ, ਜਿਸ 'ਚ ਪੰਜਾਬੀ ਫੁਲਕਾਰੀ ਦਾ ਵੀ ਹਿੱਸਾ ਸੀ ਪਰ ਇਸ ਦੇ ਬਾਵਜੂਦ ਵੀ ਆਰਥਿਕ ਮੰਦਹਾਲੀ ਦੀ ਮਾਰ ਝੱਲ ਰਹੇ ਬਹੁਤ ਸਾਰੇ ਕਾਰੀਗਰ ਆਪਣੇ ਵਿਰਾਸਤੀ ਕਿੱਤਿਆਂ ਨੂੰ ਛੱਡ ਕਿ ਆਮਦਨ ਦੇ ਹੋਰ ਸਾਧਨਾਂ ਦੀ ਤਲਾਸ਼ ਕਰਨ ਲੱਗੇ ਹਨ। ਭਾਰਤ ਸਰਕਾਰ ਵਲੋਂ ਫੁਲਕਾਰੀ ਨੂੰ 2011 ਵਿਚ ਜੀ.ਆਈ. ਟੈਗ ਮਿਲਿਆ ਸੀ ਤੇ ਕਈ ਕਲਾਕਾਰਾਂ ਨੂੰ ਰਾਸ਼ਟਰੀ ਇਨਾਮਾਂ ਨਾਲ ਨਿਵਾਜਿਆ ਗਿਆ ਹੈ ਪਰ ਪਰਨਾਲਾ ਉਥੇ ਦਾ ਉਥੇ ਹੀ ਰਿਹਾ। ਜੀਓਗ੍ਰਾਫੀਕਲ ਇੰਡੀਕਸ਼ਨ (ਜੀ.ਆਈ.) ਦੀ ਮਾਨਤਾ ਪੰਜਾਬ, ਹਰਿਆਣਾ ਤੇ ਰਾਜਸਥਾਨ ਦੇ ਕੁਝ ਹਿੱਸਿਆਂ 'ਚ ਬਣਾਈ ਜਾਣ ਵਾਲੀ ਫੁਲਕਾਰੀ ਲਈ ਦਿੱਤੀ ਗਈ, ਜੋ ਇਸ ਦੀ ਵਿਸ਼ੇਸ਼ ਸੱਭਿਆਚਾਰਕ ਮਹੱਤਵ ਕਾਰਨ ਵਿਲੱਖਣ ਹੈ ਪਰ ਇਹ ਸਨਮਾਨ ਜ਼ਮੀਨੀ ਪੱਧਰ 'ਤੇ ਕੋਈ ਵੱਡਾ ਸੁਧਾਰ ਨਹੀਂ ਲਿਆ ਸਕੇ । ਕਾਰੀਗਰਾਂ ਨੂੰ ਇਸ ਦਾ ਪੂਰਾ ਲਾਭ ਨਹੀਂ ਮਿਲ ਸਕਿਆ।। ਮਾਰਕੀਟਿੰਗ, ਵਿੱਤੀ ਸਹਾਇਤਾ ' ਅਤੇ ਸਿਖਲਾਈ ਦੀ ਘਾਟ ਕਾਰਨ ਫੁਲਕਾਰੀ ਦੇ ਕਾਰੀਗਰ ਅਜੇ ਵੀ ਆਰਥਿਕ ਤੰਗੀ ਦਾ ਸਾਹਮਣਾ ਕਰ ਰਹੇ ਹਨ। ਸਥਾਨਕ ਅਤੇ ਅੰਤਰਰਾਸ਼ਟਰੀ ਬਾਜ਼ਾਰਾਂ 'ਚ ਜੀ.ਆਈ. ਟੈਗ ਦੀ ਵਰਤੋਂ ਨੂੰ ਹੋਰ ਪ੍ਰਚਾਰਨ ਦੀ ਲੋੜ ਹੈ। ਪੰਜਾਬ 'ਚ ਬਣਾਇਆ ਗਿਆ ਫੁਲਕਾਰੀ ਸੈਂਟਰ ਆਫ਼ ਐਕਸੀਲੈਂਸ ਵੀ ਉਪਰਾਲਾ ਹੈ ਪਰ ਇਸ ਨਾਲ ਹੀ ਲੋਕ ਕਲਾਵਾਂ ਦੇ ਭਵਿੱਖ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਨਹੀਂ ਕੀਤਾ ਜਾ ਸਕਿਆ। ਕਲਾਕਾਰਾਂ ਦੀ ਮੰਗ ਹੈ ਕਿ ਸਰਕਾਰੀ ਪੱਧਰ 'ਤੇ ਹਸਤਕਲਾ ਮੇਲੇ, ਸਿਖਲਾਈ ਕੇਂਦਰ, ਜੀ. ਆਈ. ਟੈਗ ਦੀ ਪ੍ਰਭਾਵਸ਼ਾਲੀ ਵਰਤੋਂ ਤੇ ਨਵੀਂ ਮਾਰਕੀਟਿੰਗ ਰਣਨੀਤੀ ਰਾਹੀਂ ਇਹ ਕਲਾਵਾਂ ਬਚਾਈਆਂ ਜਾਣ।

# ਵਿਧਾਨ ਸਭਾ ਵਲੋਂ ਪੰਜਾਬ ਜੀ.ਐੱਸ.ਟੀ. ਸੋਧ ਬਿੱਲ ਨੂੰ ਪ੍ਰਵਾਨਗੀ



**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਲੋਂ ਪੰਜਾਬ ਵਸਤੂਆਂ ਅਤੇ ਸੇਵਾਵਾਂ ਟੈਕਸ (ਘੰਠ)ਸੋਧ ਬਿੱਲ 2025 ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਵਿੱਤ ਮੰਤਰੀ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਸ਼ੁਰੂ ਵਿੱਚ ਜੀਐਸਟੀ ਬਿੱਲ ਪੇਸ਼ ਕੀਤਾ ਸੀ, ਜੋ ਬਾਅਦ ਵਿੱਚ ਵਿਰੋਧ ਕਾਰਨ ਰੁਕ ਗਿਆ ਸੀ। ਬਾਅਦ ਵਿੱਚ ਇਸਨੂੰ ਮਨਜ਼ੂਰੀ ਦੇ ਦਿੱਤੀ ਗਈ।

"ਜੇਕਰ ਅਸੀਂ ਇਨ੍ਹਾਂ ਸੋਧਾਂ ਨੂੰ ਮਨਜ਼ੂਰੀ ਨਹੀਂ ਦਿੰਦੇ, ਤਾਂ ਸਾਨੂੰ ਹੋਰ ਨੁਕਸਾਨ ਹੋਵੇਗਾ,'' ਚੀਮਾ ਨੇ ਕਿਹਾ। ਉਨ੍ਹਾਂ ਅੱਗੇ ਕਿਹਾ ਕਿ ਜੀ.ਐਸ.ਟੀ. ਲਾਗੂ ਹੋਣ ਤੋਂ ਬਾਅਦ ਸੂਬੇ ਨੂੰ ਪਹਿਲਾਂ ਹੀ 1.11 ਟ੍ਰਿਲੀਅਨ ਰੁਪਏ ਦਾ ਨੁਕਸਾਨ ਹੋ ਚੁੱਕਾ ਹੈ। ਉਨ੍ਹਾਂ ਅੱਗੇ ਕਿਹਾ ਕਿ 25 ਤੋਂ 30 ਕਰੋੜ ਰੁਪਏ ਦੇ ਖਰੀਦ ਟੈਕਸ ਮਾਲੀਏ ਦਾ ਨੁਕਸਾਨ ਹੋਇਆ ਹੈ। ਉਨ੍ਹਾਂ ਅੱਗੇ ਕਿਹਾ ਕਿ ਨਵੀਆਂ ਸੋਧਾਂ ਨਾਲ 6,000 ਕਰੋੜ ਰੁਪਏ ਦਾ ਹੋਰ ਨੁਕਸਾਨ ਹੋਵੇਗਾ। ਬਿੱਲ ਦੀਆਂ ਨਵੀਆਂ ਸੋਧਾਂ ਬਿੱਲ ਦੀ ਪ੍ਰਵਾਨਗੀ ਤੋਂ ਬਾਅਦ ਲਾਗੂ ਕੀਤੀਆਂ ਜਾਣਗੀਆਂ।

ਪੰਜਾਬ ਘੰਠ ਬਾਰੇ ਬੋਲਦਿਆਂ, ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਉਹ ਸਾਬਕਾ ਕੇਂਦਰੀ ਮੰਤਰੀ ਪੀ. ਚਿਦੰਬਰਮ ਦੇ ਇੱਕ ਲੇਖ ਦੇ ਹਵਾਲੇ ਨਾਲ ਕੁਝ ਨੁਕਤੇ ਦੱਸਣਾ ਚਾਹੁੰਦੇ ਹਨ।ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਫਿਰ ਪੁੱਛਿਆ, "ਇਸਦਾ ਜਨਮ ਦਾਤਾ ਕੌਣ ਹੈ? ਇਹ ਉਸ ਸਮੇਂ ਪੂਰੀ ਤਰ੍ਹਾਂ ਤਿਆਰ ਸੀ।''

ਉਨ੍ਹਾਂ ਕਿਹਾ ਕਿ ਜੀਐਸਟੀ ਕਾਰਨ ਰਾਜ ਨੂੰ ਸਾਲਾਨਾ ਲਗਭਗ 3,500 ਤੋਂ 3,600 ਕਰੋੜ ਰੁਪਏ ਦਾ ਨੁਕਸਾਨ ਹੋ ਰਿਹਾ ਹੈ। ਜੀਐਸਟੀ ਇੱਕ ਖਪਤਕਾਰ-ਅਧਾਰਤ ਟੈਕਸ ਹੈ। ਜੇਕਰ ਇਸ ਵਿੱਚ ਸਮੇਂ ਸਿਰ ਸੋਧ ਨਹੀਂ ਕੀਤੀ ਜਾਂਦੀ, ਤਾਂ ਰਾਜ ਨੂੰ ਹੋਰ ਨੁਕਸਾਨ ਹੋਵੇਗਾ।

ਉਨ੍ਹਾਂ ਇਹ ਵੀ ਕਿਹਾ ਕਿ ਹੁਣ "ਜੀਐਸਟੀ 2'' ਪੇਸ਼ ਕੀਤਾ ਗਿਆ ਹੈ, ਜਿਸ ਨਾਲ ਆਮ ਲੋਕਾਂ ਨੂੰ ਜ਼ਰੂਰ ਫਾਇਦਾ ਹੋਇਆ ਹੈ, ਪਰ ਇਸ ਨਾਲ ਰਾਜ ਨੂੰ ਮਾਲੀਆ ਨੁਕਸਾਨ ਹੋ ਰਿਹਾ ਹੈ।ਇਸ ਦੌਰਾਨ, ਸਪੀਕਰ ਕੁਲਤਾਰ ਸਿੰਘ ਸੰਧਵਾ ਨੇ ਮਜ਼ਾਕ ਵਿੱਚ ਟਿੱਪਣੀ ਕੀਤੀ, ''ਜੇਕਰ ਅਸੀਂ ਜੀਐਸਟੀ ਦੇ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨਾ ਚਾਹੁੰਦੇ ਹਾਂ, ਤਾਂ ਸਾਨੂੰ ਆਪਣੀ ਆਬਾਦੀ ਵਧਾਉਣੀ ਪਵੇਗੀ।'' ਬਿੱਲ ਸਰਬਸੰਮਤੀ ਨਾਲ ਪਾਸ ਹੋ ਗਿਆ।

# ਸੀ.ਪੀ.ਆਈ.ਐਮ.ਐਲ. ਵਲੋਂ ਸੋਨਮ ਵਾਂਗਚੁਕ ਦੀ ਗ੍ਰਿਫ਼ਤਾਰੀ ਦੀ ਨਿੰਦਾ



**ਜਲੰਧਰ:** ਸੀ. ਪੀ. ਆਈ. (ਐੱਮ-ਐੱਲ) ਨਿਊ ਡੈਮੋਕਰੇਸੀ ਦੀ ਪੰਜਾਬ ਰਾਜ ਕਮੇਟੀ ਵਲੋਂ ਕਾਮਰੇਡ ਅਜਮੇਰ ਸਿੰਘ ਨੇ ਲੱਦਾਖ ਦੇ ਲੋਕਾਂ ਦੇ ਹੱਕਾਂ ਲਈ ਲੜ ਰਹੇ ਉੱਘੇ ਵਾਤਾਵਰਨ ਪ੍ਰੇਮੀ ਸੋਨਮ ਵਾਂਗਚੁਕ ਨੂੰ ਐਨ.ਐਸ.ਏ. ਤਹਿਤ ਗ੍ਰਿਫਤਾਰ ਕਰਨ ਦੀ ਨਿਖੇਧੀ ਕਰਦਿਆਂ, ਉਸ ਦੀ ਫੌਰੀ ਰਿਹਾਈ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਬੀਤੀ 24 ਸਤੰਬਰ ਨੂੰ ਲੱਦਾਖ ਵਿਚ ਨੌਜਵਾਨਾਂ ਦੇ ਪ੍ਰਦਰਸ਼ਨ 'ਤੇ ਗੋਲੀ ਚਲਾਉਣ ਦੀ ਪਾਰਟੀ ਸਖਤ ਨਿਖੇਧੀ ਕਰਦੀ ਹੈ । ਕਾਮਰੇਡ ਅਜਮੇਰ ਸਿੰਘ ਨੇ ਕਿਹਾ ਕਿ ਪਾਰਟੀ ਅਮਨ-ਪਸੰਦ ਤੇ ਨਿਆਂ-ਪਸੰਦ ਲੋਕਾਂ ਨੂੰ ਅਪੀਲ ਕਰਦੀ ਹੈ ਕਿ ਉਹ ਇਸ ਜਬਰ ਦੀ ਨਿੰਦਾ ਕਰਨ ਤੇ ਲੱਦਾਖ ਦੇ ਲੋਕਾਂ ਦੀਆਂ ਜਾਇਜ਼ ਮੰਗਾਂ ਦਾ ਸਮਰਥਨ ਕਰਨ ਲਈ ਅੱਗੇ ਆਉਣ।

# ਬੀਜਾਂ ਦੀ ਮਿਲਾਵਟ ਨੂੰ ਰੋਕਣ ਲਈ ਸਖ਼ਤ ਕਾਨੂੰਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸਾਨੂੰ ਬੀਜ ਸੋਧ ਬਿੱਲ ਬਾਰੇ ਬਾਅਦ ਵਿੱਚ ਹੀ ਪਤਾ ਲੱਗਾ। ਅਸੀਂ ਬੀਜ ਮਿਲਾਵਟ ਵਿਰੁੱਧ ਕਾਨੂੰਨ ਨੂੰ ਹੋਰ ਸਖ਼ਤ ਬਣਾਉਣ ਜਾ ਰਹੇ ਹਾਂ। ਅਸੀਂ ਦੁਕਾਨਦਾਰਾਂ ਨੂੰ



ਇੱਕ ਸੂਚੀ ਪ੍ਰਦਾਨ ਕਰਾਂਗੇ। ਅਸੀਂ ਕਿਸਾਨਾਂ ਨੂੰ ਸਿਰਫ਼ ਪ੍ਰਮਾਣਿਤ ਬੀਜ ਖਰੀਦਣ ਲਈ ਕਹਾਂਗੇ। ਮੁੱਖ ਮੰਤਰੀ ਨੇ ਕਿਹਾ ਕਿ ਮਿਲਾਵਟਖੋਰੀ ਇੰਨੀ ਜ਼ਿਆਦਾ ਵਧ ਗਈ ਹੈ ਕਿ ਸਾਡੇ ਇੱਕ ਜਹਾਜ਼, ਜੋ ਅਨਾਜ ਲੈ ਕੇ ਸਿੰਗਾਪੁਰ ਗਿਆ ਸੀ, ਨੂੰ ਵਾਪਸ ਮੋੜ ਦਿੱਤਾ ਗਿਆ। ਅਕਾਲੀ ਦਲ ਦੇ ਵਿਧਾਇਕ ਮਨਪ੍ਰੀਤ ਇਆਲੀ ਨੇ ਬਿੱਲ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਆਲੂ ਦੀ ਖੇਤੀ ਨੂੰ ਸਰਕਾਰੀ ਸਹਾਇਤਾ ਦੀ ਘਾਟ ਹੈ। ਉਨ੍ਹਾਂ ਦਾ ਵੀ ਸਮਰਥਨ ਕੀਤਾ ਜਾਵੇਗਾ।

# ਖੇਤਾਂ 'ਚੋਂ ਰੇਤ ਕੱਢਣ ਲਈ ਕਿਸਾਨਾਂ ਨੂੰ 7200 ਰੁਪਏ ਪ੍ਰਤੀ ਏਕੜ ਮਿਲੇਗਾ

**ਚੰਡੀਗੜ੍ਹ:** ਪੰਜਾਬ ਦੇ ਹੜ੍ਹ ਪੀੜਤ ਲੋਕਾਂ ਨੂੰ ਵੱਡੀ ਰਾਹਤ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਵਿੱਚ 'ਜਿਸਦਾ ਖੇਤ, ਉਸਦੀ ਰੇਤ' ਸਕੀਮ ਤਹਿਤ ਕਿਸਾਨਾਂ ਨੂੰ ਖੇਤਾਂ ਵਿੱਚੋਂ ਰੇਤ ਕੱਢਣ ਲਈ 7200 ਰੁਪਏ ਪ੍ਰਤੀ ਏਕੜ ਦੇਣ ਦਾ ਐਲਾਨ ਕੀਤਾ ਹੈ। ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਦੌਰਾਨ ਵਿਚਾਰ-ਚਰਚਾ ਨੂੰ ਸਮੇਟਦਿਆਂ ਮੁੱਖ ਮੰਤਰੀ ਨੇ ਕਿਹਾ ਕਿ 'ਜਿਸਦਾ ਖੇਤ, ਉਸਦੀ ਰੇਤ' ਤਹਿਤ ਕਿਸਾਨਾਂ ਨੂੰ ਆਪਣੇ ਖੇਤਾਂ ਵਿੱਚੋਂ ਹੜ੍ਹਾਂ ਕਾਰਨ ਇਕੱਠੀ ਹੋਈ ਰੇਤ ਤੇ ਗਾਰ ਕੱਢਣ ਅਤੇ ਜੇਕਰ ਉਹ ਚਾਹੁਣ ਤਾਂ ਵੇਚਣ ਦੀ ਇਜਾਜ਼ਤ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਹੜ੍ਹਾਂ ਕਾਰਨ ਡੁੱਬੇ ਪਿੰਡਾਂ ਦੇ ਕਈ ਖੇਤਾਂ ਵਿੱਚ ਰੇਤ ਅਤੇ ਗਾਰ ਜਮ੍ਹਾਂ ਹੋ ਗਈ ਹੈ, ਇਸ ਲਈ ਇਹ ਫੈਸਲਾ ਕੀਤਾ ਗਿਆ ਹੈ ਕਿ ਕਿਸਾਨਾਂ ਨੂੰ ਆਪਣੇ ਖੇਤਾਂ ਵਿੱਚੋਂ ਇਸ ਨੂੰ ਕੱਢਣ ਦੀ ਆਗਿਆ ਦਿੱਤੀ ਜਾਵੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਇਸ ਸਕੀਮ ਤਹਿਤ ਕਿਸਾਨਾਂ ਨੂੰ 7200 ਰੁਪਏ ਪ੍ਰਤੀ ਏਕੜ ਦੇਵੇਗੀ।ਮੁੱਖ ਮੰਤਰੀ ਨੇ ਕਿਹਾ ਕਿ ਹੜ੍ਹ ਪੀੜਤਾਂ ਨੂੰ ਵੱਡੀ ਰਾਹਤ ਪਹੁੰਚਾਉਣ ਲਈ ਸੂਬਾ ਸਰਕਾਰ ਨੇ ਐਸ.ਡੀ. ਆਰ.ਐਫ. ਨਿਯਮਾਂ ਤਹਿਤ 26 ਤੋਂ 33 ਪ੍ਰਤੀਸ਼ਤ ਫਸਲ ਦੇ ਨੁਕਸਾਨ ਦੇ ਮੁਆਵਜ਼ੇ ਨੂੰ ਮੌਜੂਦਾ 2000 ਰੁਪਏ ਤੋਂ ਵਧਾ ਕੇ 10,000 ਰੁਪਏ ਪ੍ਰਤੀ ਏਕੜ, 33 ਤੋਂ 75 ਪ੍ਰਤੀਸ਼ਤ ਫਸਲ ਦੇ ਨੁਕਸਾਨ ਦੇ ਮੁਆਵਜ਼ੇ ਨੂੰ ਮੌਜੂਦਾ 6800 ਰੁਪਏ ਪ੍ਰਤੀ ਏਕੜ ਤੋਂ ਵਧਾ ਕੇ 10,000 ਰੁਪਏ ਪ੍ਰਤੀ ਏਕੜ ਅਤੇ 75 ਤੋਂ 100 ਪ੍ਰਤੀਸ਼ਤ ਫਸਲ ਦੇ ਨੁਕਸਾਨ ਦੇ ਮੁਆਵਜ਼ੇ ਨੂੰ ਮੌਜੂਦਾ 6800 ਰੁਪਏ ਤੋਂ ਵਧਾ ਕੇ 20,000 ਰੁਪਏ ਪ੍ਰਤੀ ਏਕੜ ਕਰਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਦਿੱਤੇ ਜਾ ਰਹੇ 20,000 ਰੁਪਏ ਪ੍ਰਤੀ ਏਕੜ ਮੁਆਵਜ਼ੇ ਵਿੱਚ ਸੂਬਾ ਸਰਕਾਰ 14900 ਰਪਏ ਦਾ ਯੋਗਦਾਨ ਪਾਵੇਗੀ ਜੋ ਕਿ ਦੇਸ਼ ਵਿੱਚ ਸਭ ਤੋਂ ਵੱਧ ਹੈ।



ਮੁੱਖ ਮੰਤਰੀ ਨੇ ਕਿਹਾ ਕਿ ਪੂਰੀ ਤਰ੍ਹਾਂ ਨੁਕਸਾਨੇ ਗਏ ਘਰਾਂ ਦੀ ਮੁਰੰਮਤ ਲਈ 1.20 ਲੱਖ ਰੁਪਏ ਅਤੇ ਅੰਸ਼ਕ ਤੌਰ 'ਤੇ ਨੁਕਸਾਨੇ ਗਏ ਘਰਾਂ ਲਈ ਮੁਆਵਜ਼ਾ ਮੌਜੂਦਾ 6500 ਰੁਪਏ ਤੋਂ ਵਧਾ ਕੇ 35,100 ਰੁਪਏ ਕਰ ਦਿੱਤਾ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਹੜ੍ਹਾਂ ਨਾਲ ਲੋਕਾਂ ਨੂੰ ਹੋਏ ਨੁਕਸਾਨ ਦਾ ਪਤਾ ਲਾਉਣ ਲਈ ਤੈਅ ਸਮੇਂ ਦੇ ਅੰਦਰ ਵਿਸ਼ੇਸ਼ ਗਿਰਦਾਵਰੀ ਪਹਿਲਾਂ ਹੀ ਚੱਲ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਉਨ੍ਹਾਂ ਕਿਸਾਨਾਂ ਨੂੰ ਪ੍ਰਤੀ ਹੈਕਟੇਅਰ 47,500 ਰੁਪਏ (18,800 ਰੁਪਏ ਪ੍ਰਤੀ ਏਕੜ) ਦੇਵੇਗੀ, ਜਿਨ੍ਹਾਂ ਦੀ ਜ਼ਮੀਨ ਦਰਿਆਵਾਂ ਵਿੱਚ ਰੁੜ ਗਈ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਭਾਰਤ ਸਰਕਾਰ ਤੋਂ ਹੜ੍ਹਾਂ ਦਾ ਮੁਆਵਜ਼ਾ ਵਧਾ ਕੇ 50,000 ਰੁਪਏ ਪ੍ਰਤੀ ਏਕੜ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਇਸ ਗੱਲ 'ਤੇ ਅਫ਼ਸੋਸ ਪ੍ਰਗਟ ਕੀਤਾ ਕਿ ਪ੍ਰਧਾਨ ਮੰਤਰੀ ਕੋਲ ਮਹੱਤਵਪੂਰਨ ਮੁੱਦਿਆਂ 'ਤੇ ਰਾਜਪਾਲ ਨੂੰ ਮਿਲਣ ਦਾ ਸਮਾਂ ਹੈ ਜਦੋਂ ਕਿ ਲੋਕਾਂ ਵੱਲੋਂ ਚੁਣੇ ਹੋਏ ਪ੍ਰਤੀਨਿਧੀਆਂ ਨੂੰ ਉਨ੍ਹਾਂ ਵੱਲੋਂ ਅਣਗੌਲਿਆ ਕੀਤਾ ਜਾ ਰਿਹਾ ਹੈ। ਰਾਹਤ ਕਾਰਜਾਂ ਲਈ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਦੀ ਮੰਗ ਕੀਤੀ ਕੀਤੀ ਪਰ ਪ੍ਰਧਾਨ ਮੰਤਰੀ ਕੋਲ ਚੁਣੇ ਹੋਏ ਪ੍ਰਤੀਨਿਧੀਆਂ ਲਈ ਸਮਾਂ ਨਹੀਂ ਹੈ।

ਭਗਵੰਤ ਸਿੰਘ ਮਾਨ ਨੇ ਕਿਹਾ ਕਿ ਗੰਭੀਰ ਸੰਕਟ ਦੀ ਇਸ ਘੜੀ ਵਿੱਚ ਵੀ ਕੇਂਦਰੀ ਮੰਤਰੀ ਸੂਬਾ ਸਰਕਾਰ ਅਤੇ ਲੋਕਾਂ ਦੀ ਮਦਦ ਦੀ ਬਜਾਏ ਆਫ਼ਤ ਸਿਰਫ਼ ਹੜ੍ਹ ਸੈਰ-ਸਪਾਟੇ ਲਈ ਫੋਟੋਆਂ ਖਿਚਵਾਉਣ ਵਾਸਤੇ ਸੂਬੇ ਵਿੱਚ ਆਏ। ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਵੱਲੋਂ ਐਲਾਨੇ ਗਏ 1600 ਕਰੋੜ ਰੁਪਏ ਵੀ ਸੂਬੇ ਨਾਲ ਇੱਕ ਕੋਝਾ ਮਜ਼ਾਕ ਹੈ। ਉਨ੍ਹਾਂ ਕਿਹਾ ਕਿ ਇਹ ਵੀ ਸੁਣਨ ਵਿੱਚ ਆ ਰਿਹਾ ਹੈ ਕਿ ਸੂਬੇ ਨੂੰ ਐਸ.ਡੀ.ਆਰ.ਐਫ. ਤੋਂ ਮਿਲਣ ਵਾਲੇ 240 ਕਰੋੜ ਰੁਪਏ ਵੀ ਇਸ ਵਿੱਚ ਹੀ ਸ਼ਾਮਲ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਇਸ ਦੇ ਉਲਟ ਪ੍ਰਧਾਨ ਮੰਤਰੀ ਬਿਹਾਰ ਵਰਗੇ ਚੋਣਾਂ ਵਾਲੇ ਸੂਬਿਆਂ ਵਿੱਚ ਵੱਡੇ ਰਾਹਤ ਪੈਕੇਜ ਦਾ ਐਲਾਨ ਕਰ ਰਹੇ ਹਨ।

## ਭਾਜਪਾ ਪੰਜਾਬ ਨਾਲ ਘਟੀਆ ਚਾਲਾਂ ਚੱਲ ਰਹੀ ਹੈ: ਮਾਨ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਮਤਰੇਈ ਮਾਂ ਵਾਲੇ ਸਲੂਕ ਦਾ ਸਖ਼ਤ ਵਿਰੋਧ ਕੀਤਾ।ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਅਜਿਹੀਆਂ ਘਟੀਆ ਚਾਲਾਂ ਨਾਲ ਲੋਕਾਂ ਦੇ ਫ਼ਤਵੇ ਨੂੰ ਦਰਕਿਨਾਰ ਕਰ ਰਹੀ ਹੈ, ਜੋ ਕਿ ਪੂਰੀ ਤਰ੍ਹਾਂ ਗੈਰ-ਵਾਜਬ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ 'ਅਣਐਲਾਨਿਆ ਰਾਸ਼ਟਰਪਤੀ ਰਾਜ' ਲਾਗੂ ਕੀਤਾ ਹੋਇਆ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਸੰਵਿਧਾਨ ਦੇ ਮੁੱਢਲੇ ਸੰਘੀ ਢਾਂਚੇ ਨੂੰ ਢਾਹ ਲਾ ਰਹੀ।

# ਸਿੱਖ ਜਥੇਬੰਦੀਆਂ ਵੱਲੋਂ ਭਾਰਤੀ ਹਕੂਮਤ ਵਿਰੁੱਧ ਨਿਊਯਾਰਕ ਯੂਐਨ ਦੇ ਹੈੱਡ ਕੁਆਰਟਰ ਸਾਹਮਣੇ ਪ੍ਰਦਰਸ਼ਨ

## ਸਿੱਖ ਸਿਆਸੀ ਕੈਦੀਆਂ ਦੀ ਰਿਹਾਈ ਅਤੇ ਸਿੱਖ ਹੋਮਲੈਂਡ ਪੰਜਾਬ ਨੂੰ ਆਜ਼ਾਦ ਕਰਵਾਉਣ ਲਈ ਆਵਾਜ਼ ਕੀਤੀ ਬੁਲੰਦ







**ਨਿਊਯਾਰਕ:** ਭਾਰਤੀ ਵਿਦੇਸ਼ ਮੰਤਰੀ ਐਸ.ਜੇ. ਸ਼ੰਕਰ ਦੇ ਯੂਐਨ ਵਿਚ ਸੰਬੋਧਨ ਸਮੇਂ ਈਸਟ ਕੋਸਟ ਦੀਆਂ ਸਿੱਖ ਜਥੇਬੰਦੀਆਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਿੱਖ ਸੰਗਤਾਂ ਨੇ ਭਾਰੀ ਵਿਰੋਧ ਪ੍ਰਦਰਸ਼ਨ ਕੀਤਾ।

ਚੇਤੇ ਰਹੇ ਕਿ ਇਸ ਵਾਰ ਯੂਨਾਈਟਿਡ ਨੇਸ਼ਨ ਦੇ ਸੈਸ਼ਨ ਵਿਚ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਭਾਰਤ ਪ੍ਰਤੀ ਸਖ਼ਤ ਰੁਖ ਲੈਂਦਿਆਂ ਟੈਰਿਫ ਲਗਾਉਣ ਅਤੇ ਸਿੱਖ ਖ਼ਾਲਿਸਤਾਨੀ ਲੀਡਰਾਂ ਦੀਆਂ ਡਾਇਸਪੋਰਾ ਵਿਚ ਭਾਰਤੀ ਏਜੰਸੀਆਂ ਵੱਲੋਂ ਕੀਤੇ ਜਾ ਰਹੇ ਕਤਲਾਂ ਦੀ ਜਵਾਬਦੇਹੀ ਤੋਂ ਭੱਜਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਯੂਨਾਈਟਿਡ ਨੇਸ਼ਨ ਦੇ ਸੈਸ਼ਨ ਵਿਚ ਨਹੀਂ ਪਹੁੰਚੇ।

ਵਿਰੋਧ ਪ੍ਰਦਰਸ਼ਨ ਕਰ ਰਹੀਆਂ ਜਥੇਬੰਦੀਆਂ ਦੇ ਆਗੂਆਂ ਵੱਲੋਂ ਸਿੱਖ ਕੌਮ ਨਾਲ ਭਾਰਤੀ ਹਕੂਮਤ ਦੀਆਂ ਧੱਕੇਸ਼ਾਹੀਆਂ ਅਤੇ ਹਾਲ ਹੀ ਵਿਚ ਪੂਰੇ ਪੰਜਾਬ ਨੂੰ ਸੋਚੀ ਸਮਝੀ ਸਾਜ਼ਿਸ਼ ਤਹਿਤ ਆਰਥਿਕ ਪੱਖੋਂ ਕਮਜ਼ੋਰ ਕਰਨ ਲਈ ਰਾਤ ਦੇ ਹਨੇਰੇ ਵਿਚ ਭਾਖੜਾ ਡੈਮ ਦੇ ਫਲੱਡ ਗੇਟ ਖੋਲ੍ਹ ਕੇ ਪਾਣੀ ਵਿਚ ਡੋਬਣ ਦੀ ਨਿਖੇਧੀ ਕੀਤੀ ਗਈ।







ਸਮੂਹ ਆਗੂਆਂ ਨੇ ਸਿੱਖ ਸਿਆਸੀ ਕੈਦੀਆਂ ਤੇ ਪੰਜਾਬ ਨੂੰ ਭਾਰਤੀ ਕਬਜ਼ੇ ਵਿਚੋਂ ਆਜ਼ਾਦ ਕਰਵਾਉਣ ਅਤੇ ਖਾਲਿਸਤਾਨ ਦੀ ਪ੍ਰਾਪਤੀ ਲਈ ਆਖ਼ਰੀ ਸਾਹਾਂ ਤੱਕ ਸੰਘਰਸ਼ ਲੜਦੇ ਰਹਿਣ ਬਾਰੇ ਵਿਚਾਰ ਪ੍ਰਗਟ ਕੀਤੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਜਥੇਬੰਦੀ ਦੇ ਸਿੰਘਾਂ ਨੇ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ।

ਵਿਰੋਧ ਪ੍ਰਦਰਸ਼ਨ ਵਿਚ ਨਿਊਯਾਰਕ, ਨਿਊਜਰਸੀ, ਪੈਨਸਲਵੀਨੀਆ, ਵਰਜੀਨੀਆ, ਇੰਡੀਆਨਾ ਤੋਂ ਖ਼ਾਲਿਸਤਾਨੀ ਲੀਡਰ ਪਹੁੰਚੇ ਹੋਏ ਸਨ ਜਿਨ੍ਹਾਂ ਵਿਚ ਡਾ. ਅਮਰਜੀਤ ਸਿੰਘ, ਹਿੰਮਤ ਸਿੰਘ, ਬੂਟਾ ਸਿੰਘ ਖੜੋਦ, ਸੁਰਜੀਤ ਸਿੰਘ ਕੁਲਾਰ, ਡਾ. ਬਖਸ਼ੀਸ਼ ਸਿੰਘ ਸੰਧੂ, ਜੋਗਾ ਸਿੰਘ, ਬਲਾਕਾ ਸਿੰਘ, ਗੁਰਮੇਲ ਸਿੰਘ ਬੱਧਣ, ਹਰਮਿੰਦਰ ਸਿੰਘ ਆਹਲੂਵਾਲੀਆ, ਸੰਤੋਖ ਸਿੰਘ, ਬਲਵਿੰਦਰ ਸਿੰਘ ਚੱਠਾ, ਰਜਿੰਦਰ ਸਿੰਘ, ਭਗਤ ਸਿੰਘ ਡੇਕਵਾਲਾ, ਦਲਵਿੰਦਰ ਸਿੰਘ, ਨਰਿੰਦਰ ਸਿੰਘ ਆਦਿ ਤੋਂ ਇਲਾਵਾ ਵੱਡੀ ਗਿਣਤੀ ਸਿੱਖ ਸੰਗਤਾਂ ਨੇ ਵੀ ਸ਼ਮੂਲੀਅਤ ਕੀਤੀ। ਸਮਾਪਤੀ ਮੌਕੇ ਆਈਆਂ ਸੰਗਤਾਂ ਦਾ ਕੋਆਰਡੀਨੇਟਰ ਸ. ਹਿੰਮਤ ਸਿੰਘ ਨੇ ਧੰਨਵਾਦ ਕੀਤਾ।

# ਸ਼ਹੀਦ ਭਗਤ ਸਿੰਘ ਨੂੰ ਸਮਰਪਿਤ ਸੈਮੀਨਾਰ ਅਤੇ ਕਵੀ ਦਰਬਾਰ

**ਬੰਗਾ:** ਭਾਸ਼ਾ ਵਿਭਾਗ ਪੰਜਾਬ ਵੱਲੋਂ ਇੱਥੇ ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਿਤ 'ਸ਼ਹੀਦ ਦੀਆਂ ਲਿਖਤਾਂ ਅਤੇ ਉਸ ਬਾਰੇ ਲਿਖਤਾਂ' ਵਿਸ਼ੇ 'ਤੇ ਸੈਮੀਨਾਰ ਅਤੇ ਕਵੀ ਦਰਬਾਰ ਕਰਵਾਇਆ ਗਿਆ।

ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਦੀ ਅਗਵਾਈ 'ਚ ਹੋਏ ਸੈਮੀਨਾਰ ਦੌਰਾਨ ਉੱਘੇ ਵਿਦਵਾਨ ਡਾ. ਰਾਜਿੰਦਰਪਾਲ ਸਿੰਘ ਬਰਾੜ ਸਾਬਕਾ ਡੀਨ ਭਾਸ਼ਾਵਾਂ ਪੰਜਾਬੀ ਯੂਨੀਵਰਸਿਟੀ ਤੇ ਡਾ. ਮਨਪ੍ਰੀਤ ਸਿੰਘ ਜੱਸ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਮੁੱਖ ਵਕਤਾ ਵਜੋਂ, ਡਾ. ਸਿਮਰਨਜੀਤ ਸਿੰਘ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਜਗਤਾਰ ਆਵਾਰਾ ਖੋਜਾਰਥੀ ਪੰਜਾਬੀ ਯੂਨੀਵਰਸਿਟੀ ਤੇ ਸੁਕ੍ਰਿਤੀ ਚੋਪੜਾ ਵਿਦਿਆਰਥਣ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਵਕਤਾ ਵਜੋਂ ਵਿਚਾਰ ਪੇਸ਼ ਕੀਤੇ। ਮੇਜ਼ਬਾਨ ਕਾਲਜ ਦੇ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਨੇ ਆਏ ਮਹਿਮਾਨਾਂ ਤੇ ਵਿਦਵਾਨਾਂ ਦਾ ਸਵਾਗਤ ਕੀਤਾ।

ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਦੀ ਧਰਤੀ 'ਤੇ ਸੈਮੀਨਾਰ ਕਰਵਾਉਣ ਦੇ ਦੋ ਉਦੇਸ਼ ਹਨ। ਸ਼ਹੀਦ ਭਗਤ ਸਿੰਘ ਦੀਆਂ ਲਿਖਤਾਂ ਬਾਰੇ ਨਵੀਂ ਪੀੜ੍ਹੀ ਨੂੰ ਜਾਣੂ ਕਰਵਾਉਣਾ ਅਤੇ ਪੰਜਾਬੀ 'ਚ ਸ਼ਹੀਦ ਭਗਤ ਸਿੰਘ ਬਾਰੇ ਰਚੇ ਸਾਹਿਤ ਦੀ ਪੜਚੋਲ ਕਰਨਾ। ਉਨ੍ਹਾਂ ਕਿਹਾ ਕਿ ਕਈ ਵਾਰ ਮਕਬੂਲ ਕ੍ਰਿਤਾਂ ਰਾਹੀਂ ਮਹਾਨ ਸ਼ਖ਼ਸੀਅਤਾਂ ਬਾਰੇ ਉਲਾਰੂ ਤੇ ਉਲਝਣਾਂ ਪੈਦਾ ਕਰਨ ਵਾਲੇ ਬਿੰਬ ਸਥਾਪਿਤ ਜਾਂਦੇ ਹਨ। ਇਸ ਤਰ੍ਹਾਂ ਦੀਆਂ ਗ਼ਲਤ ਧਾਰਨਾਵਾਂ ਨੂੰ ਦੂਰ ਕਰਨ ਲਈ ਬੁੱਧੀਜੀਵੀ ਤੇ ਖੋਜੀ ਬਿਰਤੀਆਂ ਨੂੰ ਸੰਵਾਦ ਰਚਾਉਣ ਦੀ ਜ਼ਰੂਰਤ ਹੈ।

ਇਸ ਸਮਾਗਮ ਦੇ ਦੂਸਰੇ ਹਿੱਸੇ ਵਿੱਚ ਕਵੀ ਦਰਬਾਰ ਕਰਵਾਇਆ ਗਿਆ। ਜਿਸ ਦੀ ਪ੍ਰਧਾਨਗੀ ਮੇਜ਼ਬਾਨ ਕਾਲਜ ਦੇ ਪ੍ਰਿੰਸੀਪਲ ਡਾ. ਤਰਸੇਮ ਸਿੰਘ, ਸ਼੍ਰੋਮਣੀ ਕਵੀ ਸੁਰਜੀਤ ਜੱਜ ਅਤੇ ਸ਼੍ਰੋਮਣੀ ਟੈਲੀ ਫਿਲਮ ਨਿਰਮਾਤਾ ਤੇ ਕਵੀ ਡਾ. ਲਖਵਿੰਦਰ ਜੌਹਲ ਨੇ ਕੀਤੀ। ਇਸ ਮੌਕੇ ਪੰਜਾਬੀ ਦੇ ਨਾਮਵਰ ਤੇ ਮੇਜ਼ਬਾਨ ਕਾਲਜ ਦੇ ਉਭਰਦੇ ਕਵੀਆਂ ਨੇ ਆਪਣੀਆਂ ਰਚਨਾਵਾਂ ਦੀਆਂ ਸ਼ਾਨਦਾਰ ਪੇਸ਼ਕਾਰੀਆਂ ਕੀਤੀਆਂ।ਕਵੀ ਦਰਬਾਰ ਦੀ ਸ਼ੁਰੂਆਤ ਡਾ. ਨਿਰਮਲ ਕੌਰ ਦੇ ਸੰਚਾਲਨ ਤਹਿਤ ਮੇਜ਼ਬਾਨ ਕਾਲਜ ਦੇ ਕਵੀਆਂ ਨੇ ਕੀਤੀ। ਇਸ ਵਿੱਚ ਹਰਜਿੰਦਰ ਸਿੰਘ, ਹਰਸਾਹਿਬ ਸਿੰਘ,ਜਸਕਰਨ, ਇਸ਼ਮੀਤ ਕੌਰ ਅਤੇ ਸੁਖਮਨਜੀਤ ਸਿੰਘ ਨੇ ਕਵਿਤਾਵਾਂ ਪੇਸ਼ ਕੀਤੀਆਂ। ਕਵੀ ਦਰਬਾਰ ਦੇ ਦੂਸਰੇ ਪੜਾਅ ਵਿੱਚ ਸਥਾਪਤ ਕਵੀਆਂ ਵੱਲੋਂ ਪੇਸ਼ ਕੀਤੀਆਂ ਗਈਆਂ ਕਾਵਿ ਰਚਨਾਵਾਂ ਦੀ ਸ਼ੁਰਆਤ ਤ੍ਰੈਲੋਚਨ ਲੋਚੀ ਨੇ 'ਘਰਾਂ ਵਿੱਚ ਰੋਸ਼ਨੀ ਹੁੰਦੇ ਹੋਏ ਵੀ ਨਹੀਂ ਹੁੰਦਾ, ਕੋਈ ਹੁੰਦੇ ਹੋਏ ਵੀ...' ਗਜ਼ਲ ਤਰੰਨੁਮ 'ਚ ਗਾ ਕੇ ਸਾਡੇ ਅਜੋਕੇ ਸਮਾਜਿਕ ਤਾਣੇ-ਬਾਣੇ 'ਤੇ ਵਧੀਆ ਵਿਅੰਗ ਕੀਤਾ। ਇਸੇ ਤਰ੍ਹਾਂ ਅਨੀ ਕਾਠਗੜ੍ਹ ਨੇ 'ਉਹ ਮੇਰੇ ਨਾਲ ਬੈਠਾ ਵੀ ਗੈਰਹਾਜ਼ਰ ਹੈ..' ਰਾਹੀਂ ਆਪਣੇ ਆਪ ਨੂੰ ਇਕੱਲਤਾ ਵੱਲ ਧੱਕ ਰਹੇ ਵਿਅਕਤੀਆਂ 'ਤੇ ਕਟਾਕਸ਼ ਕੀਤਾ। ਕੁਲਵਿੰਦਰ ਕੁੱਲਾ ਨੇ ਆਪਣੇ ਗੀਤ 'ਮੇਰੀ ਪੱਗੜੀ ਰੰਗ ਦੇ ਲਲਾਰੀਆਂ ਵੇ ਊਧਮ ਭਗਤ ਸਰਾਭੇ ਵਰਗੀ..' ਨੂੰ ਤੁਰੰਨੁਮ 'ਚ ਗਾ ਕੇ ਸ਼ਹੀਦਾਂ ਦੀ ਸੋਚ 'ਤੇ ਚੱਲਣ ਦਾ ਸੁਨੇਹਾ ਦਿੱਤਾ। ਸੁਨੀਲ ਚੰਦਿਆਣਵੀ 'ਕੋਸ਼ਿਸ਼ ਹੈ ਕਿ ਭਗਤ ਸਿੰਘ ਦਾ ਰਸਤਾ ਨਿੱਕੇ-ਨਿੱਕੇ ਪੈਰਾਂ ਅੱਗੇ ਧਰ ਜਾਵਾ..' ਰਾਹੀਂ ਨਵੀਂ ਪੀੜ੍ਹੀ ਨੂੰ ਅਗਾਂਹਵਧੂ ਵਿਚਾਰਾਂ ਦੇ ਧਾਰਨੀ ਬਣਾਉਣ ਲਈ ਯਤਨ ਕਰਨ 'ਤੇ ਜ਼ੋਰ ਦਿੱਤਾ। ਤਲਵਿੰਦਰ ਸ਼ੇਰਗਿੱਲ ਨੇ 'ਹੁਣ ਤਾਂ ਮਿੱਤਰ ਮੇਰਿਆਂ ਮੈਂ ਤਾਂ ਆਪ ਹੀ ਸਰਕਾਰ ਹਾਂ..' ਰਾਹੀਂ ਅਜੋਕੇ ਸਿਆਸੀ ਢਾਂਚੇ ਦੀ ਤਸਵੀਰ ਪੇਸ਼ ਕੀਤੀ। ਮਨਜਿੰਦਰ ਧਨੋਆ ਨੇ ਆਪਣੀ ਗਜ਼ਲ 'ਕੱਲੇ ਤੇਰੇ ਸ਼ਹਿਰ ਹੀ ਤਲਵਾਰਾਂ ਨਹੀਂ ਲਿਸ਼ਕਦੀਆਂ ਸਾਡੇ ਪਿੰਡ ਵੀ ਬੜੇ ਸ਼ੁਦਾਈ ਫਿਰਦੇ ਨੇ..' ਰਾਹੀਂ ਫਿਰਕੂ ਸੋਚ ਵਾਲੇ ਲੋਕਾਂ ਨੂੰ ਨਿਸ਼ਾਨਾ ਬਣਾਇਆ।



*ਭਾਸ਼ਾ ਵਿਭਾਗ ਪੰਜਾਬ ਵੱਲੋਂ ਕਰਵਾਏ ਗਏ ਕਵੀ ਦਰਬਾਰ 'ਚ ਸ਼ਾਮਲ ਕਵੀਆਂ ਨੂੰ ਸਨਮਾਨਿਤ ਕਰਦੇ ਹੋਏ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਤੇ ਵਿਭਾਗ ਦੇ ਅਧਿਕਾਰੀ।*

ਅਵਤਾਰਜੀਤ ਨੇ 'ਪ੍ਰਣਾਮ ਸ਼ਹੀਦਾਂ ਨੂੰ ਸਲਾਮ ਸ਼ਹੀਦਾਂ ਨੂੰ, ਦਿਓ ਰੱਬ ਵਰਗਾ ਨਾਮ ਸ਼ਹੀਦਾਂ ਨੂੰ' ਗੀਤ ਨੂੰ ਤੁਰੰਨਮ 'ਚ ਗਾ ਕੇ ਮਾਹੌਲ ਨੂੰ ਜੋਸ਼ੀਲਾ ਬਣਾ ਦਿੱਤਾ। ਸ਼੍ਰੋਮਣੀ ਕਵੀ ਬਲਵਿੰਦਰ ਸੰਧੂ ਨੇ 'ਅਖੌਤੀ ਬਣਨਾ ਕੁਝ ਵੀ ਚੰਗਾ ਨਹੀਂ ਹੁੰਦਾ...' ਅਤੇ 'ਜਲ ਹੈ ਰਾਜਾ ਅੱਗ ਹੈ ਰਾਣੀ' ਨਜ਼ਮਾਂ ਰਾਹੀਂ ਮਾਹੌਲ ਨੂੰ ਸੰਜ਼ੀਦਗੀ ਪ੍ਰਦਾਨ ਕੀਤੀ। ਡਾ. ਸੰਦੀਪ ਸ਼ਰਮਾ ਨੇ ਡੂੰਘੇ ਅਰਥਾਂ ਵਾਲੀ ਛੋਟੀ ਜਿਹੀ ਨਜ਼ਮ 'ਵਹਿਣ' ਸੁਣਾ ਕੇ ਦਾਦ ਹਾਸਿਲ ਕੀਤੀ।

ਡਾ. ਲਖਵਿੰਦਰ ਜੌਹਲ ਨੇ ਭਾਸ਼ਾ ਵਿਭਾਗ ਪੰਜਾਬ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਹਰ ਸੰਸਥਾ ਦੇ ਮੁਖੀ ਨੂੰ ਅਜਿਹੇ ਵਿਲੱਖਣ ਉਪਰਾਲੇ ਕਰਨ ਦੀ ਅਪੀਲ ਕੀਤੀ। ਉਨ੍ਹਾਂ ਸ਼ਹੀਦ ਭਗਤ ਸਿੰਘ ਦੀ ਦਰਬਾਨ ਨਾਲ ਹੋਈ ਮੁਲਾਕਾਤ 'ਤੇ ਅਧਾਰਤ ਕਵਿਤਾ 'ਘੁੰਮ ਰਿਹਾ ਹੈ ਭਗਤ ਸਿੰਘ ਆਪਣੇ ਅਜਾਇਬ ਘਰ ਅੰਦਰ..' ਰਾਹੀਂ ਸ਼ਹੀਦ ਦੇ ਸੁਪਨਿਆਂ ਦੀ ਬਾਖ਼ੂਬੀ ਬਾਤ ਪਾਈ। ਸ਼੍ਰੋਮਣੀ ਕਵੀ ਸੁਰਜੀਤ ਜੱਜ ਨੇ 'ਅਧੂਰਾ ਚੱਲਿਆ ਹਾਂ ਮੈਨੂੰ ਤੁਸੀਂ ਰਲ ਪੂਰਾ ਕਰਨਾ ਹੈ..' ਨਜ਼ਮ ਰਾਹੀਂ ਸਮਾਗਮ ਨੂੰ ਸਿਖਰ 'ਤੇ ਪਹੁੰਚਾ ਦਿੱਤਾ।

ਆਪਣੇ ਧੰਨਵਾਦੀ ਭਾਸ਼ਨ ਵਿੱਚ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਨੇ ਕਿਹਾ ਜਿਸ ਮਕਸਦ ਨਾਲ ਉਨ੍ਹਾਂ ਨੇ ਇਹ ਸਮਾਗਮ ਰਚਾਇਆ ਸੀ ਉਸ ਨੂੰ ਮਿਲੇ ਹੁੰਗਾਰੇ ਤੋਂ ਜਾਪਿਆ ਕਿ ਸ਼ਹੀਦ ਭਗਤ ਸਿੰਘ ਦੀ ਰੂਹ ਅਜੇ ਵੀ ਸਾਡੇ ਵਿਚਕਾਰ ਹਾਜ਼ਰ ਹੈ। ਉਨ੍ਹਾਂ ਕਿਹਾ ਕਿ ਅਜਿਹੇ ਸਮਾਗਮਾਂ ਨੂੰ ਮਿਲਣ ਵਾਲੇ ਹੁੰਗਾਰੇ ਤੋਂ ਪਤਾ ਚਲਦਾ ਹੈ ਕਿ ਸ਼ਹੀਦ ਭਗਤ ਸਿੰਘ ਦੇ ਸੁਪਨੇ ਭਾਵੇਂ ਪੂਰੇ ਨਹੀਂ ਹੋਏ ਪਰ ਅਜੇ ਮਰੇ ਵੀ ਨਹੀਂ ਹਨ।

ਉਨ੍ਹਾਂ ਕਿਹਾ ਕਿ ਅਸੀਂ ਆਪਣੇ ਪੁਰਖਿਆਂ ਨੂੰ ਤਾਂ ਮਹਾਨ ਮੰਨਦੇ ਹਾਂ ਪਰ ਆਪ ਮਹਾਨ ਬਣਨ ਲਈ ਕੋਈ ਯਤਨ ਨਹੀਂ ਕਰਦੇ। ਅਜਿਹਾ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਅਸੀਂ ਆਪਣੀਆਂ ਜ਼ਿੰਮੇਵਾਰੀਆਂ ਸੁਚਾਰੂ ਢੰਗ ਨਾਲ ਨਿਭਾਈਏ। ਉਨ੍ਹਾਂ ਸ਼ਹੀਦ ਭਗਤ ਸਿੰਘ ਦੇ ਅਮਰ ਹੋਣ ਸਬੰਧੀ ਆਪਣੀ ਨਜ਼ਮ 'ਤੂੰ ਮੇਰੇ ਦਾਦੇ ਦੇ ਜਨਮ ਵੇਲੇ ਵੀ..' ਅਤੇ 'ਤੁਹਾਨੂੰ ਪਿਆਰ ਕਰਦਾ ਹਾਂ' ਰਾਹੀਂ ਸਮਾਗਮ ਨੂੰ ਸੰਪੂਰਨਤਾ ਪ੍ਰਦਾਨ ਕਰ ਦਿੱਤੀ। ਕਵੀ ਦਰਬਾਰ ਦਾ ਮੰਚ ਸੰਚਾਲਨ ਵੀ ਖੋਜ ਅਫ਼ਸਰ ਡਾ. ਸੁਖਦਰਸ਼ਨ ਸਿੰਘ ਨੇ ਕੀਤਾ। ਇਸ ਮੌਕੇ 'ਤੇ ਸਹਾਇਕ ਡਾਇਰੈਕਟਰ ਅਮਰਿੰਦਰ ਸਿੰਘ, ਖੋਜ ਸਹਾਇਕ ਹਰਪ੍ਰੀਤ ਸਿੰਘ, ਤਰਲੋਕ ਨੇਗੀ ਤੇ ਵੱਡੀ ਗਿਣਤੀ ਵਿੱਚ ਸਰੋਤੇ ਹਾਜ਼ਰ ਸਨ।

# ਸ. ਪਿਆਰਾ ਸਿੰਘ ਬਾਠ ਦੇ ਦੇਹਾਂਤ ਨਾਲ ਪਰਿਵਾਰ ਨੂੰ ਸਦਮਾ

**ਸ਼ਿਕਾਗੋ (ਬਿਊਰੋ):** ਸ. ਧਰਮਿੰਦਰ ਸਿੰਘ ਬਾਠ ਅਤੇ ਸ. ਗੁਰਮੀਤ ਸਿੰਘ ਬਾਠ ਨੂੰ ਉਸ ਵੇਲੇ ਡੂੰਘਾ ਸਦਮਾ ਲੱਗਿਆ, ਜਦੋਂ ਉਨ੍ਹਾਂ ਦੇ ਪਿਤਾ ਸ. ਪਿਆਰਾ ਸਿੰਘ ਬਾਠ ਅਚਾਨਕ ਸਦੀਵੀ ਵਿਛੋੜਾ ਦੇ ਗਏ। ਉਹ 87 ਸਾਲਾਂ ਦੇ ਸਨ।ਸ. ਪਿਆਰਾ ਸਿੰਘ ਬਾਠ ਦਾ ਜਨਮ ਸ਼ਮਸ਼ਪੁਰ (ਸਮਰਾਲਾ) ਵਿਖੇ 12 ਅਕਤੂਬਰ 1938 ਨੂੰ ਸ. ਅੱਛਰਾ ਸਿੰਘ ਅਤੇ ਮਾਤਾ ਬਚਨ ਕੌਰ ਦੇ ਘਰ ਹੋਇਆ। 20 ਸਾਲ ਦੀ ਉਮਰ ਵਿਚ ਉਹ ਪਿੰਡ ਦੇ ਸਰਪੰਚ ਬਣੇ। ਉਹ ਪੰਜਾਬ ਦੇ ਉਸ ਵੇਲੇ ਦੇ ਸਭ ਤੋਂ ਘੱਟ ਉਮਰ ਦੇ ਸਰਪੰਚ ਸਨ। ਉਸ ਤੋਂ ਬਾਅਦ ਉਹ ਲਗਾਤਾਰ ਪੰਜ ਵਾਰ ਸਰਪੰਚ ਰਹੇ। ਇਸ ਤੋਂ ਇਲਾਵਾ ਉਹ ਬਲਾਕ ਸੰਮਤੀ ਦੇ ਮੈਂਬਰ, ਲੈਂਡਮੋਰਗੇਜ ਬੈਂਕ ਦੇ ਚੇਅਰਮੈਨ ਵੀ ਰਹੇ, ਆਪਣੇ ਸਰਪੰਚੀ ਦੇ ਕਾਰਜਕਾਲ ਦੌਰਾਨ ਉਨ੍ਹਾਂ ਨੇ ਪਿੰਡ ਵਿਚ ਅਨੇਕਾਂ ਭਲਾਈ ਕਾਰਜ ਕੀਤੇ। ਉਨ੍ਹਾਂ ਜਿੱਥੇ ਪਿੰਡ ਦੇ ਸਕੂਲ ਨੂੰ ਅਪਗ੍ਰੇਡ ਕਰਵਾਇਆ, ਉਥੇ ਹੀ ਗੁਰਦੁਆਰਾ ਸਾਹਿਬ ਦੀ ਸੇਵਾ ਕੀਤੀ, ਖੇਡ ਸਟੇਡੀਅਮ ਅਤੇ ਕੋਆਪਰੇਟਿਵ ਸੁਸਾਇਟੀ ਵੀ ਬਣਵਾਈ। ਉਨ੍ਹਾਂ ਕਈ ਪ੍ਰੋਜੈਕਟਾਂ ਨੂੰ ਨੇਪਰੇ ਚਾੜ੍ਹਿਆ। ਸਾਲ 1989 ਵਿਚ ਸ. ਬਾਠ ਅਮਰੀਕਾ ਆ ਗਏ ਸਨ।

ਲੰਘੀ 25 ਸਤੰਬਰ ਨੂੰ ਉਹ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ। ਉਹ ਆਪਣੇ ਪਿੱਛੇ ਦੋ ਸਪੁੱਤਰ, ਤਿੰਨ ਧੀਆਂ, ਚਾਰ ਪੋਤਰੇ, ਤਿੰਨ ਦੋਹਤੇ ਤੇ ਦੋ ਦੋਹਤੀਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ। ਉਨ੍ਹਾਂ ਦਾ ਸਸਕਾਰ ਅਤੇ ਅੰਤਿਮ ਅਰਦਾਸ 29 ਸਤੰਬਰ, ਦਿਨ ਸੋਮਵਾਰ ਨੂੰ ਹੋਈ। ਉਨ੍ਹਾਂ ਦੇ ਰਿਸ਼ਤੇਦਾਰ



ਅਤੇ ਵੱਡੀ ਗਿਣਤੀ ਲੋਕ ਦੂਰੋਂ ਨੇੜਿਓਂ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਪੁੱਜੇ ਸਨ। ਅੰਤਿਮ ਅਰਦਾਸ ਮੌਕੇ ਸ. ਬਾਠ ਦੇ ਭਾਣਜੇ ਕੁਲਦੀਪ ਗਿੱਲ (ਕੈਨੇਡਾ) ਨੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ, 'ਜ਼ਿੰਦਗੀ ਦੇ ਮੰਚ ਤੋਂ ਆਪਣਾ ਕਿਰਦਾਰ ਇਸ ਤਰ੍ਹਾਂ ਨਿਭਾਓ ਕਿ ਪਰਦਾ ਡਿੱਗਣ ਤੋਂ ਬਾਅਦ ਵੀ ਤਾੜੀਆਂ ਵੱਜਦੀਆਂ ਰਹਿਣ।' ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਮਾਮਾ ਸ. ਪਿਆਰਾ ਸਿੰਘ ਬਾਠ ਬਹੁਤ ਹੀ ਪਿਆਰੇ ਤੇ ਖਾਸ ਇਨਸਾਨ ਸਨ, ਜੋ ਹਰੇਕ ਦੀ ਮਦਦ ਕਰਨ ਲਈ ਤਿਆਰ ਰਹਿੰਦੇ ਸਨ। ਉਨ੍ਹਾਂ ਦਾ ਖਾਸ ਗੁਣ ਇਹ ਸੀ ਕਿ ਉਹ ਉਚੀ ਤੇ ਸੁੱਚੀ ਸੋਚ ਦੇ ਮਾਲਕ ਸਨ, ਜੋ ਹਰ ਮੁਸ਼ਕਲ ਦੀ ਘੜੀ ਵਿਚ ਵੀ ਖੁਸ਼ੀ ਲੱਭ ਲੈਂਦੇ ਸਨ। ਮੈਂ ਉਨ੍ਹਾਂ ਤੋਂ ਖੁੱਲ੍ਹੇ ਦਿਲ ਨਾਲ ਜ਼ਿੰਦਗੀ ਜਿਊਣੀ ਸਿੱਖੀ। ਉਨ੍ਹਾਂ ਦੇ ਜਾਣ ਨਾਲ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਪਰਿਵਾਰ ਨਾਲ ਦੁਖ ਸਾਂਝਾ ਕਰਨ ਲਈ ਧਰਮਿੰਦਰ ਬਾਠ ਨਾਲ ਫੋਨ ਨੰਬਰ 847-903-6190 ਜਾਂ ਗੁਰਮੀਤ ਬਾਠ ਨਾਲ ਫੋਨ ਨੰਬਰ 847-903-6195 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਗ੍ਰਹਿ ਮੰਤਰਾਲੇ ਦੇ ਬਿੱਲਾਂ ਬਾਰੇ ਜੇ. ਪੀ. ਸੀ. ਤੋਂ ਦੂਰੀ ਬਣਾ ਸਕਦੀ ਹੈ ਕਾਂਗਰਸ




**ਨਵੀਂ ਦਿੱਲੀ:**ਕਾਂਗਰਸ ਗ੍ਰਹਿ ਮੰਤਰਾਲੇ ਦੇ 3 ਬਿੱਲਾਂ, ਕੇਂਦਰੀ ਸ਼ਾਸਿਤ ਪ੍ਰਦੇਸ਼ ਸ਼ਾਸਨ (ਸੋਧ) ਬਿੱਲ, ਸੰਵਿਧਾਨ (ਇਕ ਤੋਂ ਤੀਸਵਾਂ ਸੋਧ) ਬਿੱਲ ਅਤੇ ਜੰਮੂ ਕਸ਼ਮੀਰ ਮੁੜਗਠਨ (ਸੋਧ) ਬਿੱਲ ਦੀ ਜਾਂਚ ਲਈ ਗਠਿਤ ਹੋਣ ਵਾਲੀ ਸਾਂਝੀ ਸੰਸਦੀ ਕਮੇਟੀ ਤੋਂ ਦੂਰ ਰਹਿ ਸਕਦੀ ਹੈ। ਪਾਰਟੀ ਹਲਕਿਆਂ ਮੁਤਾਬਿਕ ਛੇਤੀ ਹੀ ਇਸ ਫੈਸਲੇ ਬਾਰੇ ਲੋਕ ਸਭਾ ਸਪੀਕਰ ਨੂੰ ਅਧਿਕਾਰਕ ਤੌਰ 'ਤੇ ਸੂਚਿਤ ਕੀਤਾ ਜਾ ਸਕਦਾ ਹੈ। ਕਾਂਗਰਸ ਦਾ ਇਹ ਫ਼ੈਸਲਾ 'ਇੰਡੀਆ' ਗੱਠਜੋੜ ਦੇ ਕਈ ਭਾਈਵਾਲਾਂ ਵਲੋਂ ਜੇ.ਪੀ.ਸੀ. ਦਾ ਬਾਈਕਾਟ ਕਰਨ ਦੇ ਫ਼ੈਸਲੇ ਨੂੰ ਧਿਆਨ 'ਚ ਰੱਖ ਕੇ ਲਿਆ ਗਿਆ ਹੈ। ਕਾਂਗਰਸ ਦੇ ਇਸ ਕਦਮ ਨਾਲ ਵਿਰੋਧੀ ਧਿਰਾਂ ਦਰਮਿਆਨ ਸਾਂਝਾ ਰੁਖ ਹੋਰ ਮਜ਼ਬੂਤ ਹੁੰਦਾ ਨਜ਼ਰ ਆ ਰਿਹਾ ਹੈ। ਤ੍ਰਿਣਮੂਲ ਕਾਂਗਰਸ, ਸ਼ਿਵਸੈਨਾ (ਊਧਵ) ਅਤੇ ਆਮ ਆਦਮੀ ਪਾਰਟੀ ਪਹਿਲਾਂ ਹੀ ਜੇ.ਪੀ.ਸੀ. ਦਾ ਬਾਈਕਾਟ ਕਰ ਚੁੱਕੇ ਹਨ। ਸਮਾਜਵਾਦੀ ਪਾਰਟੀ ਵੀ ਵਿਰੋਧੀ ਧਿਰਾਂ ਦੀ ਇਕਜੁੱਟਤਾ ਦੀ ਵਕਾਲਤ ਕਰ ਰਹੀ ਹੈ।

# ਤਾਮਿਲ ਸਿੱਖ ਨਾਲ ਅਪਮਾਨਜਨਕ ਵਤੀਰਾ ਨਿਖੇਧੀ ਯੋਗ: ਜਥੇਦਾਰ



**ਅੰਮ੍ਰਿਤਸਰ:**ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਤਾਮਿਲ ਸਿੱਖ ਤੇ ਸੁਪਰੀਮ ਕੋਰਟ ਦੇ ਵਕੀਲ ਜੀਵਨ ਸਿੰਘ ਵਿਰੁੱਧ ਬੀਤੇ ਦਿਨੀਂ ਨਵੀਂ ਦਿੱਲੀ ਦੇ ਹਵਾਈ ਅੱਡੇ ਉੱਤੇ ਏਅਰ ਇੰਡੀਆ ਦੇ ਸਟਾਫ਼ ਵੱਲੋਂ ਕੀਤੇ ਗਏ ਅਪਮਾਨਜਨਕ ਵਤੀਰੇ ਦੀ ਕਰੜੀ ਆਲੋਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਦੁੱਖ ਦੀ ਗੱਲ ਹੈ ਕਿ ਅੱਜ ਜਦੋਂ ਸਮੁੱਚਾ ਦੇਸ਼ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ, ਜਿਨ੍ਹਾਂ ਨੇ ਧਾਰਮਿਕ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਲਈ ਸ਼ਹਾਦਤ ਦਿੱਤੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਮਨਾ ਰਿਹਾ ਹੈ, ਉਦੋਂ ਉਨ੍ਹਾਂ ਦੇ ਸਿੱਖਾਂ ਨਾਲ ਅਜ਼ਾਦ ਦੇਸ਼ ਅੰਦਰ ਅਪਮਾਨਜਨਕ ਵਿਤਕਰਾ ਕੀਤਾ ਜਾ ਰਿਹਾ ਹੈ। ਜਥੇਦਾਰ ਗੜਗੱਜ ਨੇ ਕਿਹਾ ਕਿ ਜੀਵਨ ਸਿੰਘ ਨਾਲ ਜੋ ਘਟਨਾ ਨਵੀਂ ਦਿੱਲੀ ਹਵਾਈ ਅੱਡੇ ਉੱਤੇ ਵਾਪਰੀ ਹੈ, ਉਸ ਨਾਲ ਦੇਸ਼ ਵਿਦੇਸ਼ ਵਿਚ ਵੱਸਦੇ ਸਿੱਖਾਂ ਦੇ ਮਨਾਂ ਨੂੰ ਗਹਿਰੀ ਸੱਟ ਲੱਗੀ ਹੈ। ਉਨ੍ਹਾਂ ਕਿਹਾ ਕਿ ਭਾਵੇਂ ਏਅਰ ਇੰਡੀਆ ਨੇ ਇਸ ਮਾਮਲੇ ਵਿਚ ਜੀਵਨ ਸਿੰਘ ਅਤੇ ਦਿੱਲੀ ਅਧਾਰਿਤ ਐਡਵੋਕੇਟ ਨੀਨਾ ਸਿੰਘ ਕੋਲ ਲਿਖਤੀ ਈ-ਮੇਲ ਰਾਹੀਂ ਪ੍ਰਗਟ ਖੇਦ ਕੀਤਾ ਹੈ ਪ੍ਰੰਤੂ ਇਸ ਨਾਲ ਬਣਦੀ ਜ਼ਿੰਮੇਵਾਰੀ ਖ਼ਤਮ ਨਹੀਂ ਹੁੰਦੀ। ਉਨ੍ਹਾਂ ਕਿਹਾ ਕਿ ਏਅਰ ਇੰਡੀਆ ਇਸ ਘਟਨਾ ਨਾਲ ਸਬੰਧਤ ਕੀਤੀ ਗਈ ਸਮੁੱਚੀ ਜਾਂਚ ਨੂੰ ਪਾਰਦਰਸ਼ਤਾ ਦੇ ਮੱਦੇਨਜ਼ਰ ਜਨਤਕ ਕਰੇ ਅਤੇ ਇਹ ਵੀ ਦੱਸੇ ਕਿ ਦੋਸ਼ੀ ਸਟਾਫ਼ ਮੈਂਬਰਾਂ ਵਿਰੁੱਧ ਕੀ ਕਾਰਵਾਈ ਕੀਤੀ ਗਈ ਹੈ।

ਜਥੇਦਾਰ ਗੜਗੱਜ ਨੇ ਕੇਂਦਰ ਸਰਕਾਰ ਨੂੰ ਆਖਿਆ ਕਿ ਉਹ ਇਹ ਯਕੀਨੀ ਬਣਾਵੇ ਕਿ ਦੇਸ਼ ਅੰਦਰ ਕਿਤੇ ਵੀ ਸਿੱਖ ਪਛਾਣ, ਸਿੱਖ ਕਕਾਰਾਂ ਵਿਰੁੱਧ ਕੋਈ ਕਾਰਵਾਈ ਨਾ ਹੋਵੇ ਅਤੇ ਇਸ ਲਈ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਦੇਸ਼ ਪੱਧਰ ਦੇ ਜ਼ਰੂਰੀ ਦਿਸ਼ਾ ਨਿਰਦੇਸ਼ ਤੁਰੰਤ ਪ੍ਰਭਾਵ ਨਾਲ ਜਾਰੀ ਕੀਤੇ ਜਾਣੇ ਚਾਹੀਦੇ ਹਨ ਅਤੇ ਜੇਕਰ ਫਿਰ ਵੀ ਕੋਈ ਸਿੱਖ ਵਿਰੋਧੀ ਕਾਰਵਾਈ ਕਰਦਾ ਹੈ ਤਾਂ ਸਬੰਧਤ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਲਾਜ਼ਮੀ ਹੋਣੀ ਚਾਹੀਦੀ ਹੈ।

# 'ਮਜ਼੍ਹਬੀ' ਸ਼ਬਦ ਦੀ ਅਪਮਾਨਜਨਕ ਵਰਤੋਂ ਮਾਣ-ਸਨਮਾਨ 'ਤੇ ਹਮਲਾ




**ਚੰਡੀਗੜ੍ਹ:**ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਪੱਸ਼ਟ ਕੀਤਾ ਹੈ ਕਿ "ਮਜ਼੍ਹਬੀ" ਸ਼ਬਦ ਨੂੰ ਅਪਮਾਨਜਨਕ ਜਾਂ ਅਪਮਾਨਜਨਕ ਅਰਥਾਂ ਵਿੱਚ ਵਰਤਣਾ ਕਿਸੇ ਵਿਅਕਤੀ ਦੇ ਜਾਤੀ ਮਾਣ-ਸਨਮਾਨ 'ਤੇ ਸਿੱਧਾ ਹਮਲਾ ਹੈ। ਅਦਾਲਤ ਨੇ ਕਿਹਾ ਕਿ ਅਜਿਹਾ ਆਚਰਣ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ (ਅੱਤਿਆਚਾਰ ਰੋਕਥਾਮ) ਐਕਟ ਦੇ ਦਾਇਰੇ ਵਿੱਚ ਆਉਂਦਾ ਹੈ।

ਜਸਟਿਸ ਮਨੀਸ਼ਾ ਬੱਤਰਾ ਨੇ ਟਿੱਪਣੀ ਕੀਤੀ, "ਜਦੋਂ "ਮਜ਼੍ਹਬੀ" ਸ਼ਬਦ ਦੀ ਵਰਤੋਂ ਅਪਮਾਨਜਨਕ ਜਾਂ ਅਪਮਾਨਜਨਕ ਢੰਗ ਨਾਲ ਕੀਤੀ ਜਾਂਦੀ ਹੈ, ਤਾਂ ਇਹ ਬਿਨਾਂ ਸ਼ੱਕ ਕਿਸੇ ਵਿਅਕਤੀ ਦੀ ਜਾਤੀ ਦਾ ਹਵਾਲਾ ਦੇ ਕੇ ਉਸ ਦੀ ਇੱਜ਼ਤ 'ਤੇ ਹਮਲਾ ਹੈ।" ਕੇਸ ਦੇ ਅਨੁਸਾਰ, ਮੋਹਾਲੀ ਵਿੱਚ ਫੋਰੈਂਸਿਕ ਸਾਇੰਸ ਲੈਬਾਰਟਰੀ ਦੇ ਇੱਕ ਸੀਨੀਅਰ ਅਧਿਕਾਰੀ ਨੇ ਸ਼ਿਕਾਇਤਕਰਤਾ ਦਾ ਉਨ੍ਹਾਂ ਦੀ ਜਾਤੀ ਦਾ ਹਵਾਲਾ ਦੇ ਕੇ ਅਪਮਾਨ ਕੀਤਾ। ਇਹ ਘਟਨਾ ਉਨ੍ਹਾਂ ਦੇ ਦਫ਼ਤਰ ਵਿੱਚ ਤਿੰਨ ਹੋਰ ਸਟਾਫ ਮੈਂਬਰਾਂ ਦੀ ਮੌਜੂਦਗੀ ਵਿੱਚ ਵਾਪਰੀ। ਇਹ ਰਿਪੋਰਟ ਕੀਤੀ ਗਈ ਸੀ ਕਿ ਸ਼ਿਕਾਇਤਕਰਤਾ ਅਤੇ ਹੋਰ ਕਰਮਚਾਰੀ ਅਨੁਸੂਚਿਤ ਜਾਤੀ ਸ਼੍ਰੇਣੀ ਨਾਲ ਸਬੰਧਤ ਸਨ।

ਅਦਾਲਤ ਨੇ ਕਿਹਾ ਕਿ ਇਹ ਇੱਕ ਸਥਾਪਿਤ ਕਾਨੂੰਨੀ ਸਿਧਾਂਤ ਹੈ ਕਿ ਕਿਸੇ ਵਿਅਕਤੀ ਨੂੰ ਉਸ ਦੀ ਜਾਤੀ ਦੇ ਨਾਮ ਨਾਲ ਜਨਤਕ ਤੌਰ 'ਤੇ ਸੰਬੋਧਨ ਕਰਨਾ, ਉਸ ਦਾ ਅਪਮਾਨ ਕਰਨ ਜਾਂ ਉਸ ਨੂੰ ਬੇਇੱਜ਼ਤ ਕਰਨ ਦੇ ਇਰਾਦੇ ਨਾਲ, 1989 ਦੇ ਐਕਟ ਦੇ ਤਹਿਤ ਇੱਕ ਅਪਰਾਧ ਹੈ।

ਜਸਟਿਸ ਬੱਤਰਾ ਨੇ ਇਹ ਵੀ ਸਪੱਸ਼ਟ ਕੀਤਾ ਕਿ ਪੰਜਾਬ ਵਿੱਚ "ਮਜ਼੍ਹਬੀ" ਸਿੱਖਾਂ ਨੂੰ ਇਤਿਹਾਸਕ ਤੌਰ 'ਤੇ ਇੱਕ ਦਲਿਤ ਭਾਈਚਾਰਾ ਮੰਨਿਆ ਜਾਂਦਾ ਹੈ ਅਤੇ ਅਨੁਸੂਚਿਤ ਜਾਤੀ ਵਜੋਂ ਸੂਚੀਬੱਧ ਕੀਤਾ ਜਾਂਦਾ ਹੈ।ਮੁਹਾਲੀ ਦੇ ਵਧੀਕ ਸੈਸ਼ਨ ਜੱਜ ਦਾ ਹੁਕਮ ਬਰਕਰਾਰ ਹਾਈ ਕੋਰਟ ਨੇ ਦੋਸ਼ੀ ਅਧਿਕਾਰੀ ਦੀ ਅਗਾਊਂ ਜ਼ਮਾਨਤ ਪਟੀਸ਼ਨ ਨੂੰ ਰੱਦ ਕਰ ਦਿੱਤਾ, ਇਹ ਕਹਿੰਦੇ ਹੋਏ ਕਿ ਐਕਟ ਦੇ ਤਹਿਤ ਪਹਿਲੀ ਨਜ਼ਰੇ ਮਾਮਲਾ ਬਣ ਗਿਆ ਸੀ। ਅਦਾਲਤ ਨੇ ਮੋਹਾਲੀ ਦੇ ਵਧੀਕ ਸੈਸ਼ਨ ਜੱਜ ਦੇ ਹੁਕਮ ਨੂੰ ਵੀ ਬਰਕਰਾਰ ਰੱਖਿਆ, ਜਿਸਨੇ ਅਗਾਊਂ ਜ਼ਮਾਨਤ ਪਟੀਸ਼ਨ ਨੂੰ ਰੱਦ ਕਰ ਦਿੱਤਾ ਸੀ।

# '84 ਦੇ ਦੰਗਿਆਂ ਦੌਰਾਨ ਭਾਜਪਾ ਵਰਕਰਾਂ ਨੇ ਸਿੱਖਾਂ ਦੀ ਰੱਖਿਆ ਕੀਤੀ: ਮੋਦੀ



**ਨਵੀਂ ਦਿੱਲੀ:**ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਦਿੱਲੀ ਭਾਜਪਾ ਦੇ ਨਵੇਂ ਦਫ਼ਤਰ ਦਾ ਉਦਘਾਟਨ ਕੀਤਾ ਗਿਆ। ਦੀਨ ਦਿਆਲ ਉਪਾਧਿਆਇ ਮਾਰਗ 'ਤੇ ਉਸਾਰੇ ਦਿੱਲੀ ਭਾਜਪਾ ਦਫ਼ਤਰ ਦੇ ਉਦਘਾਟਨੀ ਸਮਾਗਮ 'ਚ ਭਾਜਪਾ ਦੇ ਕੌਮੀ ਪ੍ਰਧਾਨ ਜੇ.ਪੀ. ਨੱਢਾ, ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਤੇ ਹੋਰ ਸ਼ਖ਼ਸੀਅਤਾਂ ਮੌਜੂਦ ਸਨ । ਆਪਣੇ ਸੰਬੋਧਨ ਦੌਰਾਨ ਮੋਦੀ ਨੇ ਕਿਹਾ ਕਿ ਦੇਸ਼ 'ਚ ਜਦੋਂ ਵੀ ਅੰਦੋਲਨ ਹੋਏ ਦਿੱਲੀ ਹਮੇਸ਼ਾ ਕੇਂਦਰ 'ਚ ਰਹੀ ਹੈ। ਉਨ੍ਹਾਂ ਕਿਹਾ ਕਿ ਦਿੱਲੀ ਤੇ ਭਾਜਪਾ ਦਾ ਰਿਸ਼ਤਾ ਸਿਰਫ਼ ਇਕ ਸ਼ਹਿਰ ਤੇ ਇਕ ਪਾਰਟੀ ਦਾ ਨਹੀਂ ਹੈ, ਬਲਕਿ ਇਹ ਸੇਵਾ ਤੇ ਸੰਸਕ੍ਰਿਤੀ ਦਾ ਰਿਸ਼ਤਾ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਜਨਸੰਘ ਦੇ ਰੂਪ 'ਚ ਤੇ ਫਿਰ ਹੀ ਭਾਜਪਾ ਦੇ ਰੂਪ 'ਚ ਸਾਡੀ ਪਾਰਟੀ ਦਿੱਲੀ ਦੇ ਦਿਲ ਤੇ ਉਸ ਦੇ ਹਿਤਾਂ ਨਾਲ ਜੁੜੀ ਰਹੀ ਹੈ। ਉਨ੍ਹਾਂ ਕਿਹਾ ਕਿ ਜਨਸੰਘ ਦੇ ਵਰਕਰਾਂ ਨੇ ਦੇਸ਼ ਦੀ ਵੰਡ ਤੋਂ ਬਾਅਦ ਦਿੱਲੀ ਆਏ ਪੀੜਤਾਂ ਦੇ ਮੁੜ ਵਸੇਬੇ ਦੀ ਵਿਵਸਥਾ ਕੀਤੀ। ਇਸ ਤੋਂ ਬਾਅਦ ਐਮਰਜੈਂਸੀ ਦੌਰਾਨ ਜਨਸੰਘ ਦੇ ਆਗੂਆਂ ਨੇ ਦਿੱਲੀ ਦੇ ਲੋਕਾਂ ਨਾਲ ਰਲ ਕੇ ਸਰਕਾਰੀ ਦਮਨ ਖ਼ਿਲਾਫ਼ ਲੜਾਈ ਲੜੀ। 1984 ਸਿੱਖ ਕਤਲੇਆਮ ਦਾ ਜ਼ਿਕਰ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਜਦੋਂ ਸਿੱਖ ਦੰਗਿਆਂ ਦੌਰਾਨ ਦਿੱਲੀ ਦੀ ਆਤਮਾ ਨੂੰ ਵੱਡੀ ਸੱਟ ਵੱਜੀ ਸੀ ਤਾਂ ਉਸ ਸਮੇਂ ਭਾਜਪਾ ਵਰਕਰਾਂ ਨੇ ਸਿੱਖਾਂ ਦੀ ਹਰ ਤਰੀਕੇ ਨਾਲ ਰੱਖਿਆ ਕੀਤੀ। ਉਨ੍ਹਾਂ ਕਿਹਾ ਕਿ 1951 'ਚ ਡਾ. ਸ਼ਿਆਮਾ ਪ੍ਰਸਾਦ ਮੁਖਰਜੀ ਦੀ ਅਗਵਾਈ 'ਚ ਜਨਸੰਘ ਦੀ ਸਥਾਪਨਾ ਹੋਈ ਸੀ ਤੇ ਅੱਜ ਜੋ ਭਾਜਪਾ ਕੋਲ ਤਾਕਤ ਹੈ ਉਹ ਪਿਛਲੇ ਦਹਾਕਿਆਂ 'ਚ ਸਾਡੇ ਲੱਖਾਂ ਵਰਕਰਾਂ ਦੇ ਤਿਆਗ ਤੇ ਮਿਹਨਤ ਦਾ ਨਤੀਜਾ ਹੈ।

# ਹਾਈ ਕੋਰਟ ਵਲੋਂ ਮਜੀਠੀਆ ਨੂੰ ਰਾਹਤ

## ਕਿਸੇ ਵੀ ਕਾਰਵਾਈ ਤੋਂ ਪਹਿਲਾਂ 7 ਦਿਨਾਂ ਦਾ ਅਗਾਊਂ ਨੋਟਿਸ ਦਿੱਤਾ ਜਾਵੇਗਾ



**ਚੰਡੀਗੜ੍ਹ:**ਬਿਕਰਮ ਸਿੰਘ ਮਜੀਠੀਆ ਦੀ 31 ਜੁਲਾਈ ਨੂੰ ਦਰਜ ਐੱਫ.ਆਈ.ਆਰ. 'ਚ ਅਗਾਊਂ ਜ਼ਮਾਨਤ ਪਟੀਸ਼ਨ ਦਾ ਪੰਜਾਬ ਤੇ ਹਰਿਆਣਾ ਹਾਈ ਕੋਰਟ ਨਿਪਟਾਰਾ ਕਰ ਦਿੱਤਾ ਵੈ। ਸੁਣਵਾਈ ਦੌਰਾਨ ਪੰਜਾਬ ਸਰਕਾਰ ਨੇ ਇਸ ਮਾਮਲੇ 'ਚ ਕੋਈ ਵੀ ਕਾਰਵਾਈ ਹੋਣ 'ਤੇ ਮਜੀਠੀਆ ਨੂੰ 7 ਦਿਨਾਂ ਦਾ ਅਗਾਊਂ ਨੋਟਿਸ ਦੇਣ ਦਾ ਵਾਅਦਾ ਕੀਤਾ ਹੈ। ਮਜੀਠੀਆ ਦੀ ਤਰਫ਼ੋਂ ਅਦਾਲਤ ਨੂੰ ਦੱਸਿਆ ਗਿਆ ਕਿ ਐੱਫ.ਆਈ.ਆਰ.'ਚ ਲਗਾਏ ਗਏ ਸਾਰੇ ਦੋਸ਼ ਬੇਬੁਨਿਆਦ ਹਨ।ਉਨ੍ਹਾਂ ਕਿਹਾ ਕਿ ਜਿਸ ਸਮੇਂ ਦਾ ਹਵਾਲਾ ਪੁਲਿਸ ਵਲੋਂ ਦਿੱਤਾ ਜਾ ਰਿਹਾ ਹੈ, ਉਸ ਸਮੇਂ ਦੀ ਪੂਰੀ ਘਟਨਾ ਦੀ ਇਕ ਵੀਡੀਓ ਉਪਲਬਧ ਹੈ, ਜਿਸ 'ਚ ਮਜੀਠੀਆ ਪੁਲਿਸ ਜਾਂ ਵਿਜੀਲੈਂਸ ਵਿਭਾਗ ਦੇ ਕੰਮ 'ਚ ਕੋਈ ਦਖ਼ਲਅੰਦਾਜ਼ੀ ਕਰਦੇ ਨਹੀਂ ਦਿਖਾਈ ਦੇ ਰਹੇ, ਸਗੋਂ ਉਹ ਉਸ ਸਮੇਂ ਆਪਣੀ ਕੁਰਸੀ 'ਤੇ ਬੈਠੇ ਤੇ ਗੱਲਬਾਤ ਕਰਦੇ ਦਿਖਾਈ ਦੇ ਰਹੇ ਹਨ। ਐੱਫ.ਆਈ.ਆਰ. 'ਚ ਇਹ ਵੀ ਦੋਸ਼ ਲਗਾਇਆ ਗਿਆ ਹੈ ਕਿ ਮਜੀਠੀਆ ਨੇ ਉਸ ਸਮੇਂ 'ਆਪਣੀਆਂ ਮੁੱਛਾਂ ਮਰੋੜੀਆਂ' ਸਨ, ਜਿਸ ਨੂੰ ਪੁਲਿਸ ਨੇ ਧਮਕੀ ਭਰੇ ਇਸ਼ਾਰੇ ਵਜੋਂ ਸਮਝਿਆ। ਬਚਾਅ ਪੱਖ ਨੇ ਦਲੀਲ ਦਿੱਤੀ ਕਿ ਅਜਿਹੇ ਦੋਸ਼ ਪੂਰੀ ਤਰ੍ਹਾਂ ਬੇਬੁਨਿਆਦ ਹਨ। ਮਜੀਠੀਆ ਦੇ ਵਕੀਲ ਨੇ ਦੋਸ਼ ਲਗਾਇਆ ਕਿ ਪੰਜਾਬ ਸਰਕਾਰ ਗਿਰਫ਼ਤਾਰੀ ਜਾਣਬੁੱਝ ਕੇ ਇਸ ਮਾਮਲੇ 'ਚ ਉਨ੍ਹਾਂ ਦੀ ਨਹੀਂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਇਰਾਦਾ ਸਪੱਸ਼ਟ ਹੈ ਕਿ ਜੇਕਰ ਉਨ੍ਹਾਂ ਨੂੰ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ 'ਚ ਹਾਈ ਕੋਰਟ ਤੋਂ ਜ਼ਮਾਨਤ ਮਿਲ ਜਾਂਦੀ ਹੈ ਤਾਂ ਉਨ੍ਹਾਂ ਨੂੰ ਇਸ ਨਵੇਂ ਮਾਮਲੇ 'ਚ ਬਾਅਦ 'ਚ ਗ੍ਰਿਫ਼ਤਾਰ ਕੀਤਾ ਜਾ ਸਕੇ। ਸੁਣਵਾਈ ਦੌਰਾਨ ਹਾਈ ਕੋਰਟ ਨੇ ਸਰਕਾਰ ਨੂੰ ਸਵਾਲ ਕੀਤਾ ਕਿ ਇਸ ਮਾਮਲੇ 'ਚ ਕੋਈ ਗ੍ਰਿਫ਼ਤਾਰੀ ਕਿਉਂ ਨਹੀਂ ਕੀਤੀ ਗਈ ਤੇ ਸਰਕਾਰ ਕਿਸ ਗੱਲ ਦੀ ਉਡੀਕ ਕਰ ਰਹੀ ਹੈ। ਸਰਕਾਰ ਨੇ ਅਦਾਲਤ ਨੂੰ ਭਰੋਸਾ ਦਿੱਤਾ ਕਿ ਜਦੋਂ ਵੀ ਕੋਈ ਕਾਰਵਾਈ ਕੀਤੀ ਜਾਵੇਗੀ ਤਾਂ ਮਜੀਠੀਆ ਨੂੰ 7 ਦਿਨਾਂ ਦਾ ਅਗਾਊਂ ਨੋਟਿਸ ਦਿੱਤਾ ਜਾਵੇਗਾ।

# ਵਿਧਾਨ ਸਭਾ 'ਚ ਵਿਧਾਇਕਾਂ ਨੇ ਤੋੜੇ ਨਿਯਮ



**ਚੰਡੀਗੜ੍ਹ:**ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੌਰਾਨ ਸਦਨ ਦੇ ਸੀਨੀਅਰ ਵਿਧਾਇਕ ਹੀ ਜਿੱਥੇ ਨਿਯਮ ਤੋੜਦੇ ਰਹੇ, ਉੱਥੇ ਵਾਰ- ਵਾਰ ਕਹਿਣ 'ਤੇ ਆਪਣੀ ਸੀਟ 'ਤੇ ਨਾ ਬੈਠਣ ਵਾਲੇ ਵਿਧਾਇਕਾਂ ਪ੍ਰਤੀ ਸਪੀਕਰ ਸੰਧਵਾਂ ਨੇ ਸਖ਼ਤ ਰੁਖ਼ ਅਪਣਾਇਆ। ਜਲ ਸਰੋਤ ਮੰਤਰੀ ਬਰਿੰਦਰ ਗੋਇਲ ਹੜ੍ਹਾਂ ਅਤੇ ਸਰਕਾਰ ਦੇ ਕੰਮਾਂ ਬਾਰੇ ਜਾਣਕਾਰੀ ਦੇ ਰਹੇ ਸਨ ਤਾਂ ਆਪ ਦੀ ਵਿਧਾਇਕ ਬਲਜਿੰਦਰ ਕੌਰ ਮੁੱਖ ਮੰਤਰੀ ਭਗਵੰਤ ਮਾਨ ਦੀ ਸੀਟ 'ਤੇ ਪੁੱਜ ਗਈ। ਉਹ ਮੁੱਖ ਮੰਤਰੀ ਨਾਲ ਕੁਝ ਮਿੰਟ ਗੱਲਬਾਤ ਕਰਦੀ ਰਹੀ। ਇਸੇ ਤਰ੍ਹਾਂ ਸੁਲਤਾਨਪੁਰ ਲੋਧੀ ਦੇ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਵੀ ਹੜ੍ਹ ਅਤੇ ਕੇਂਦਰ ਸਰਕਾਰ ਖ਼ਿਲਾਫ਼ ਪੇਸ਼ ਹੋਏ ਮਤੇ 'ਤੇ ਬੋਲ ਰਹੇ ਸਨ ਤਾਂ ਅਕਾਲੀ ਦਲ ਦੇ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਫਲੋਰ ਕ੍ਰਾਸ ਕਰ ਕੇ ਆਪਣੀ ਸੀਟ 'ਤੇ ਬੈਠ ਗਏ। ਵਿਧਾਨ ਸਭਾ ਦੇ ਨਿਯਮਾਂ ਅਨੁਸਾਰ ਜਦੋਂ ਕੋਈ ਵਿਧਾਇਕ ਆਪਣੀ ਸੀਟ 'ਤੇ ਖੜ੍ਹਾ ਹੋ ਕੇ ਸੰਬੋਧਨ ਕਰਦਾ ਹੈ ਤਾਂ ਉਸ ਦੇ ਅੱਗਿਓਂ ਕੋਈ ਵਿਧਾਇਕ ਨਹੀਂ ਲੰਘ ਸਕਦਾ। ਯਾਨੀ ਫਲੋਰ ਕ੍ਰਾਸ ਨਹੀਂ ਕੀਤਾ ਜਾ ਸਕਦਾ।

ਸਪੀਕਰ ਨੇ ਦਿਖਾਈ ਸਖ਼ਤੀ ਅਤੇ ਵਾਰ-ਵਾਰ ਕਹਿਣ 'ਤੇ ਆਪਣੀ ਸੀਟ 'ਤੇ ਨਾ ਬੈਠਣ ਵਾਲੇ ਵਿਧਾਇਕਾਂ ਪ੍ਰਤੀ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਅੱਜ ਸਖ਼ਤੀ ਦਿਖਾਈ। ਡੇਰਾ ਬਾਬਾ ਨਾਨਕ ਤੋਂ ਆਪ ਦੇ ਵਿਧਾਇਕ ਆਪਣੀ ਗੱਲ ਰੱਖ ਰਹੇ ਸਨ ਤਾਂ ਸਮਾਂ ਪੂਰਾ ਹੋਣ 'ਤੇ ਉਨ੍ਹਾਂ ਦਾ ਮਾਇਕ ਵੀ ਬੰਦ ਕਰ ਦਿੱਤਾ ਗਿਆ ਪਰ ਉਹ ਬੋਲਣ ਤੋਂ ਨਾ ਹਟੇ। ਇਸ 'ਤੇ ਗੁੱਸੇ ਵਿਚ ਆਏ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਫਿਰ ਮੈਂ ਖੜ੍ਹਾ ਹੋਵਾਂ। ਇਸ ਤਰ੍ਹਾਂ ਸਦਨ ਵਿਚ ਹਾਸਾ ਫੁੱਟ ਗਿਆ। ਇਸੇ ਤਰ੍ਹਾਂ ਕਾਂਗਰਸੀ ਵਿਧਾਇਕ ਕਿਸੇ ਮੁੱਦੇ 'ਤੇ ਬੋਲਣ ਲਈ ਵਾਰ-ਵਾਰ ਸਮਾਂ ਮੰਗ ਰਿਹਾ ਸੀ ਤੇ ਸਪੀਕਰ ਨੇ ਮੁੱਖ ਮੰਤਰੀ ਨੂੰ ਬੋਲਣ ਦਾ ਸਮਾਂ ਦੇ ਦਿੱਤਾ। ਮੁੱਖ ਮੰਤਰੀ ਨੇ ਵੀ ਪਾਹੜਾ ਨੂੰ ਬੋਲਣ ਲਈ ਕਿਹਾ ਤਾਂ ਸਪੀਕਰ ਨੇ ਕਿਹਾ ਕਿ ਸਮਾਂ ਮੁੱਖ ਮੰਤਰੀ ਨੇ ਨਹੀਂ ਮੈਂ ਦੇਣਾ ਹੈ। ਸਪੀਕਰ ਨੇ ਕਈ ਵਿਧਾਇਕਾਂ ਨੂੰ ਅੱਜ ਸਖ਼ਤੀ ਨਾਲ ਬਿਠਾਇਆ।

# ਲੱਦਾਖ਼ ਮੁੱਦੇ 'ਤੇ ਗੱਲਬਾਤ ਲਈ ਐਲ.ਏ.ਬੀ. ਨੇ ਰੱਖੀਆਂ ਸ਼ਰਤਾਂ

**ਨਵੀਂ ਦਿੱਲੀ:**ਲੇਹ,ਲੱਦਾਖ 'ਚ ਰਾਜ ਦਾ ਦਰਜਾ ਅਤੇ ਸੰਵਿਧਾਨਕ ਸੁਰੱਖਿਆ ਲਈ ਅੰਦੋਲਨ ਦੀ ਅਗਵਾਈ ਕਰ ਰਹੇ ਲੇਹ ਉੱਚ ਸੰਗਠਨ (ਐਲ.ਏ.ਬੀ.) ਨੇ ਪੁਲਿਸ ਗੋਲੀਬਾਰੀ ਦੀ ਨਿਆਇਕ - ਜਾਂਚ ਕਰਨ ਤੇ ਸੋਨਮ ਵਾਂਗਚੁਕ ਸਮੇਤ ਸਾਰੇ ਕਾਰਕੁੰਨਾਂ ਦੀ ਬਿਨਾਂ ਸ਼ਰਤ ਰਿਹਾਈ ਹੋਣ ਤੱਕ ਕੇਂਦਰ ਨਾਲ ਗੱਲਬਾਤ ਮੁਅੱਤਲ ਰੱਖਣ ਦਾ ਐਲਾਨ ਕੀਤਾ ਹੈ।

ਸੰਗਠਨ ਦੇ ਚੇਅਰਮੈਨ ਥੁਪਸਟਨ ਛੇਵਾਂਗ ਅਤੇ ਸਹਿ ਚੇਅਰਮੈਨ ਚੇਰਿੰਗ ਦੋਰਜੇ ਨੇ ਕਿਹਾ ਕਿ ਗੱਲਬਾਤ ਸ਼ੁਰੂ ਕਰਨ ਤੋਂ ਪਹਿਲਾਂ ਲੱਦਾਖ 'ਚ ਢੁਕਵੇਂ ਮਾਹੌਲ ਦੀ ਬਹਾਲੀ ਜ਼ਰੂਰੀ ਹੈ।

ਚਾਰ ਪ੍ਰਦਰਸ਼ਨਕਾਰੀਆਂ ਦੀ ਮੌਤ ਦੇ ਬਾਅਦ ਆਪਣਾ ਰੁਖ਼ ਸਖ਼ਤ ਅਖ਼ਤਿਆਰ ਕਰਦੇ ਹੋਏ ਐਲ.ਏ.ਬੀ. ਨੇ ਕਿਹਾ ਕਿ ਜੇਕਰ ਸਰਕਾਰ ਸੁਪਰੀਮ ਕੋਰਟ ਦੇ ਸੇਵਾਮੁਕਤ ਜਸਟਿਸ ਦੀ ਅਗਵਾਈ 'ਚ ਨਿਆਇਕ ਜਾਂਚ ਦਾ ਆਦੇਸ਼ ਦੇਣ ਅਤੇ ਸਾਰੇ ਕੈਦੀਆਂ ਨੂੰ ਬਿਨਾਂ ਸ਼ਰਤ ਰਿਹਾਅ ਕਰਨ ਦੀਆਂ ਮੰਗਾਂ ਮੰਨ ਲੈਂਦੀ ਹੈ ਤਾਂ ਉਹ ਮੁੜ ਵਿਚਾਰ ਕਰਨਗੇ ਤੇ 6 ਅਕਤੂਬਰ ਨੂੰ ਹੋਣ ਵਾਲੀ ਗੱਲਬਾਤ 'ਚ ਸ਼ਾਮਿਲ ਹੋਣਗੇ।

ਦੇਰ ਸ਼ਾਮ ਗ੍ਰਹਿ ਮੰਤਰਾਲੇ ਨੇ ਬਿਆਨ ਜਾਰੀ ਕਰਕੇ ਕਿਹਾ ਕਿ ਸਰਕਾਰ ਲੱਦਾਖ ਮਾਮਲਿਆਂ 'ਤੇ ਐਲ.ਏ.ਬੀ. ਅਤੇ ਕੇ.ਡੀ.ਏ. ਨਾਲ ਗੱਲਬਾਤ ਲਈ ਹਮੇਸ਼ਾ ਤਿਆਰ ਹੈ।

ਮੰਤਰਾਲੇ ਨੇ ਕਿਹਾ ਕਿ ਅਸੀਂ ਲੱਦਾਖ 'ਤੇ ਉਚ- ਅਧਿਕਾਰ ਪ੍ਰਾਪਤ ਕਮੇਟੀ ਜਾਂ ਅਜਿਹੇ ਕਿਸੇ ਵੀ ਮੰਚ ਦੇ ਜ਼ਰੀਏ ਐਲ. ਏ. ਬੀ. (ਲੇਹ ਅਪੈਕਸ ਬਾਡੀ) ਅਤੇ ਕੇ.ਡੀ.ਏ. (ਕਾਰਗਿਲ ਡੈਮੋਕ੍ਰੇਟਿਕ ਅਲਾਇੰਸ) ਨਾਲ ਗੱਲਬਾਤ ਦਾ ਸਵਾਗਤ ਕਰਦੇ ਰਹਾਂਗੇ ਅਤੇ ਸਾਨੂੰ ਯਕੀਨ ਹੈ ਕਿ ਨਿਰੰਤਰ ਗੱਲਬਾਤ ਨਾਲ ਨੇੜ ਭਵਿੱਖ 'ਚ ਲੋੜੀਂਦੇ ਨਤੀਜੇ ਪ੍ਰਾਪਤ ਹੋਣਗੇ।

ਪੰਜਾਬ ਟਾਈਮਜ਼

4 ਅਕਤੂਬਰ, ਸ਼ਨਿਚਰਵਾਰ

# ਥਿੜਕਦੀ ਜਮਹੂਰੀਅਤ

ਵਿਸ਼ਵ ਦੇ ਵੱਖ-ਵੱਖ ਦੇਸ਼ਾਂ ਦੇ ਰਾਜਨੀਤਕ ਹਾਲਾਤ ਜਿਸ ਤਰ੍ਹਾਂ ਦੀਆਂ ਕਰਵਟਾਂ ਲੈ ਰਹੇ ਹਨ ਉਹ ਬੇਹੱਦ ਚਿੰਤਾਜਨਕ ਹੈ। ਕਈ-ਕਈ ਦਹਾਕਿਆਂ ਤੋਂ ਲੋਕਤੰਤਰੀ ਢੰਗਾਂ ਨਾਲ ਚੁਣੀਆਂ ਹੋਈਆਂ ਸਰਕਾਰਾਂ ਵੀ ਪਲਾਂ ਛਿਣਾਂ ਵਿਚ ਢਹਿ-ਢੇਰੀ ਹੁੰਦੀਆਂ ਦਿਖਾਈ ਦਿੰਦੀਆਂ ਹਨ। ਪਿਛਲੇ ਦਿਨਾਂ ਵਿਚ ਵਾਪਰੇ ਸ੍ਰੀਲੰਕਾ, ਬੰਗਲਾਦੇਸ਼ ਅਤੇ ਨੇਪਾਲ ਦੀ ਜਮਹੂਰੀਅਤ ਵਿਰੋਧੀ ਘਟਨਾਕ੍ਰਮ ਦੇ ਸੰਦੇਸ਼ ਚੰਗੇ ਨਹੀਂ ਹਨ। ਹਿੰਸਕ ਵਿਰੋਧ ਪ੍ਰਦਰਸ਼ਨਾਂ ਨੂੰ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਭਾਰਤ ਦੇ ਆਲੇ-ਦੁਆਲੇ ਵਾਪਰਨ ਵਾਲੀਆਂ ਹਿੰਸਕ ਘਟਨਾਵਾਂ ਨੇ ਲੋਕਤੰਤਰੀ ਪ੍ਰਣਾਲੀ 'ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਕੀ ਲੋਕਤੰਤਰ ਸੱਚਮੁੱਚ ਕਿਸੇ ਵੀ ਦੇਸ਼ ਲਈ ਜ਼ਰੂਰੀ ਹੈ ਜਾਂ ਨਹੀਂ? ਇਸ ਮਹੱਤਵਪੂਰਨ ਮੁੱਦੇ 'ਤੇ ਜਨਤਕ ਜਾਗਰੂਕਤਾ ਪੈਦਾ ਕਰਨ ਲਈ ਸੰਯੁਕਤ ਰਾਸ਼ਟਰ ਮਹਾਸਭਾ ਨੇ ਸਾਲ 2007 ਵਿਚ ਪੰਦਰਾਂ ਸਤੰਬਰ ਨੂੰ ਅੰਤਰਰਾਸ਼ਟਰੀ ਲੋਕਤੰਤਰ ਦਿਵਸ ਮਨਾਉਣ ਦਾ ਫ਼ੈਸਲਾ ਕੀਤਾ ਸੀ ਤਾਂ ਜੋ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਪੂਰੀ ਦੁਨੀਆ ਵਿਚ ਫੈਲਾਇਆ ਜਾ ਸਕੇ। ਵਿਸ਼ਵਵਿਆਪੀ ਲੋਕਤੰਤਰੀ ਪ੍ਰਗਤੀ ਦੀ ਨਿਗਰਾਨੀ ਕਰਨ ਵਾਲੀ ਸੰਸਥਾ, 'ਫ੍ਰੀਡਮ ਹਾਊਸ' ਅਨੁਸਾਰ ਪਿਛਲੇ 18 ਤੋਂ 19 ਸਾਲਾਂ ਵਿਚ ਦੁਨੀਆ ਵਿਚ ਲੋਕਤੰਤਰੀ ਸਰਕਾਰਾਂ ਪ੍ਰਤੀ ਇਕ ਨਕਾਰਾਤਮਕ ਰੁਝਾਨ ਸ਼ੁਰੂ ਹੋਇਆ ਹੈ। ਇਸਦਾ ਕਾਰਨ ਸ਼ਾਇਦ ਇਹੀ ਹੋ ਸਕਦਾ ਹੈ ਕਿ ਚੁਣੀਆਂ ਹੋਈਆਂ ਸਰਕਾਰਾਂ ਲੋਕਾਂ ਦੀ ਭਲਾਈ ਲਈ ਨਿਰਧਾਰਤ ਮਾਪਦੰਡਾਂ ਨੂੰ ਪੂਰਾ ਨਹੀਂ ਕਰ ਪਾ ਰਹੀਆਂ ਹਨ। ਪ੍ਰਿੰਸਟਨ ਯੂਨੀਵਰਸਿਟੀ ਦੇ ਰਾਜਨੀਤੀ ਸ਼ਾਸਤਰ ਦੇ ਪ੍ਰੋਫੈਸਰ ਜਾਨ-ਵਰਨਰ ਮੂਲਰ, ਤਿੰਨ ਵੱਖ-ਵੱਖ ਕਿਸਮਾਂ ਦੇ ਲੋਕਤੰਤਰੀ ਸੰਕਟਾਂ ਦੀ ਵਿਆਖਿਆ ਕਰਦੇ ਹੋਏ ਕਹਿੰਦੇ ਹਨ ਕਿ ਪਹਿਲਾ ਸੰਕਟ ਉਦੋਂ ਹੁੰਦਾ ਹੈ ਜਦੋਂ ਸੜਕਾਂ 'ਤੇ ਟੈਂਕ ਹੁੰਦੇ ਹਨ। ਇਹ ਉਦੋਂ ਹੁੰਦਾ ਹੈ ਜਦੋਂ ਲੋਕ ਆਪਣੇ ਹੱਕਾਂ ਲਈ ਲੋਕਤੰਤਰੀ ਸਰਕਾਰ ਵਿਰੁੱਧ ਆਵਾਜ਼ ਬੁਲੰਦ ਕਰਦੇ ਹਨ ਅਤੇ ਸਰਕਾਰ ਉਨ੍ਹਾਂ ਨੂੰ ਕੁਚਲਣ ਲਈ ਹਿੰਸਕ ਹਥਿਆਰ ਚੁੱਕਦੀ ਹੈ ਅਤੇ ਫਿਰ ਸ਼ਾਂਤਮਈ ਅਤੇ ਸਾਧਾਰਨ ਲੋਕ ਹਿੰਸਕ ਅਤੇ ਬੇਲਗਾਮ ਹੋ ਜਾਂਦੇ ਹਨ। ਅਜਿਹੀ ਸਥਿਤੀ ਵਿਚ ਜਮਹੂਰੀਅਤ ਸੰਕਟ ਦੀ ਸਥਿਤੀ ਵਿਚ ਆ ਜਾਂਦੀ ਹੈ। ਇਸ ਦੀ ਸਭ ਤੋਂ ਵੱਡੀ ਉਦਾਹਰਨ ਨੇਪਾਲ ਦੀਆਂ ਤਾਜ਼ਾ ਘਟਨਾਵਾਂ ਹਨ। ਇਨ੍ਹਾਂ ਸਥਿਤੀਆਂ ਦੇ ਪੈਦਾ ਹੋਣ ਪਿੱਛੇ ਮੁੱਖ ਕਾਰਨ ਸਰਕਾਰਾਂ, ਉਨ੍ਹਾਂ ਦੀ ਭ੍ਰਿਸ਼ਟ ਕਾਰਜਪ੍ਰਣਾਲੀ ਅਤੇ ਲੋਕਾਂ ਦੀ ਆਵਾਜ਼ ਨੂੰ ਨਜ਼ਰਅੰਦਾਜ਼ ਕਰਨ ਦੀ ਬਿਰਤੀ ਹੈ। ਇਸ ਸੰਦਰਭ ਵਿਚ ਅੱਜ ਦੁਨੀਆ ਦੀ ਹਰ ਜਮਹੂਰੀ ਸਰਕਾਰ ਨੂੰ ਜਨਤਾ ਦਾ ਕਹਿਣਾ ਮੰਨਣਾ ਪਵੇਗਾ। ਪ੍ਰੋਫੈਸਰ ਮੂਲਰ ਅਨੁਸਾਰ ਅਜਿਹੇ ਸੰਕਟ ਦਾ ਦੂਜਾ ਕਾਰਨ ਤਾਨਾਸ਼ਾਹੀ ਕਾਨੂੰਨਾਂ ਕਾਰਨ ਅਧਿਕਾਰਾਂ ਦਾ ਹੌਲੀ-ਹੌਲੀ ਘਾਣ ਕੀਤਾ ਜਾਣਾ ਹੈ। ਲੋਕਤੰਤਰ ਦੀ ਸਭ ਤੋਂ ਵੱਡੀ ਸੁੰਦਰਤਾ ਇਹ ਹੈ ਕਿ ਇਹ 'ਲੋਕਾਂ ਦੀ, ਲੋਕਾਂ ਲਈ ਅਤੇ ਲੋਕਾਂ ਦੁਆਰਾ' ਸਥਾਪਤ ਪ੍ਰਣਾਲੀ ਹੁੰਦੀ ਹੈ। ਸਰਕਾਰਾਂ ਵੀ ਲੋਕਾਂ ਦੇ ਹਿੱਤਾਂ ਅਤੇ ਅਧਿਕਾਰਾਂ ਦੀ ਰੱਖਿਆ ਕਰਨ ਦੀ ਸਹੁੰ ਖਾਂਦੀਆਂ ਹਨ ਪਰ ਜੇਕਰ ਸੱਤਾ ਸਿਰਫ਼ ਸੌੜੀ ਰਾਜਨੀਤੀ ਬਾਰੇ ਸੋਚਦੀ ਹੈ ਤਾਂ ਲੋਕ, ਖ਼ਾਸ ਕਰਕੇ ਨੌਜਵਾਨ, ਸਬਰ ਗੁਆ ਬੈਠਦੇ ਹਨ ਅਤੇ ਹਿੰਸਕ ਹੋ ਜਾਂਦੇ ਹਨ। ਅਜਿਹੀ ਸਥਿਤੀ ਤੋਂ ਬਚਣ ਲਈ ਹਰ ਦੇਸ਼ ਨੂੰ ਆਪਣੇ ਸੰਵਿਧਾਨ ਵਿਚ ਇਹ ਵਿਵਸਥਾ ਕਰਨੀ ਚਾਹੀਦੀ ਹੈ ਕਿ ਸਰਕਾਰ ਦੀ ਬਜਾਏ ਜਨਤਾ ਨੂੰ ਸਰਬਉੱਚ ਮੰਨਿਆ ਜਾਵੇ। ਸਵਿਟਜ਼ਰਲੈਂਡ ਵਰਗੇ ਕਈ ਯੂਰਪੀਅਨ ਦੇਸ਼ਾਂ ਵਿਚ ਚੁਣੇ ਹੋਏ ਨੁਮਾਇੰਦਿਆਂ ਨੂੰ ਵਾਪਸ ਬੁਲਾਉਣ ਦੇ ਅਧਿਕਾਰ ਦੀ ਗੱਲ ਕੀਤੀ ਗਈ ਹੈ। ਇਸ ਸੰਦਰਭ ਵਿਚ ਜਨਤਾ ਨੂੰ ਆਪਣਾ ਗੁੱਸਾ ਹਿੰਸਾ ਦਾ ਸਹਾਰਾ ਲੈ ਕੇ ਨਹੀਂ ਸਗੋਂ ਵੋਟਿੰਗ ਦੌਰਾਨ ਬਾਹਰ ਆ ਕੇ ਅਤੇ ਆਪਣੀ ਵੋਟ ਦੀ ਵਰਤੋਂ ਕਰ ਕੇ ਪ੍ਰਗਟ ਕਰਨਾ ਚਾਹੀਦਾ ਹੈ। ਲੋਕਤੰਤਰ ਲਈ ਇਹ ਚਿੰਤਾ ਵਾਲੀ ਗੱਲ ਹੈ ਕਿ ਦੁਨੀਆ ਭਰ ਵਿਚ ਵੋਟਿੰਗ ਪ੍ਰਤੀਸ਼ਤਤਾ ਲਗਾਤਾਰ ਘਟਦੀ ਜਾ ਰਹੀ ਹੈ।

ਮੂਲਰ ਅਨੁਸਾਰ ਸਥਾਪਤ ਜਮਹੂਰੀਅਤ ਵਿਚ ਤੀਜਾ ਸਭ ਤੋਂ ਵੱਡਾ ਸੰਕਟ ਮੀਡੀਆ ਅਤੇ ਪੱਤਰਕਾਰੀ 'ਤੇ ਹਮਲਿਆਂ ਅਤੇ ਵਧਦੀ ਅਸਮਾਨਤਾ ਦੇ ਰੂਪ ਵਿਚ ਨਜ਼ਰ ਆਉਂਦਾ ਹੈ। ਇਹ ਸਮਝਣ ਦੀ ਬਹੁਤ ਲੋੜ ਹੈ ਕਿ ਮੀਡੀਆ ਲੋਕਤੰਤਰ ਦਾ ਚੌਥਾ ਥੰਮ੍ਹ ਹੈ। ਇਸ ਥੰਮ੍ਹ ਦੀ ਸਾਰਥਕਤਾ ਤੇ ਪਾਰਦਰਸ਼ਤਾ ਤੋਂ ਬਿਨਾਂ ਲੋਕਤੰਤਰ ਬਰਕਰਾਰ ਨਹੀਂ ਰਹਿ ਸਕਦਾ ਪਰ ਜਿਸ ਤਰ੍ਹਾਂ ਦੁਨੀਆ ਭਰ ਦੀਆਂ ਸਰਕਾਰਾਂ ਮੀਡੀਆ ਨੂੰ ਕੰਟਰੋਲ ਕਰ ਰਹੀਆਂ ਹਨ, ਉਸ ਨਾਲ ਇਹ ਹੋ ਸਕਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਮੀਡੀਆ ਦੀ ਭੂਮਿਕਾ ਮਾਮੂਲੀ ਹੋ ਜਾਵੇ। ਅੱਜ ਲੋੜ ਹੈ ਕਿ ਲੋਕਾਂ, ਖ਼ਾਸ ਕਰਕੇ ਨੌਜਵਾਨਾਂ ਅਤੇ ਔਰਤਾਂ ਦੇ ਹਿੱਤਾਂ ਅਤੇ ਮੁੱਦਿਆਂ ਨੂੰ ਪਹਿਲ ਦਿੱਤੀ ਜਾਵੇ। ਭਾਰਤ ਦੇ ਗੁਆਂਢੀ ਦੇਸ਼ਾਂ ਜਿਵੇਂ ਕਿ ਬੰਗਲਾਦੇਸ਼ ਅਤੇ ਨੇਪਾਲ ਵਿਚ ਕਈ ਸਾਲਾਂ ਤੋਂ ਸਰਕਾਰਾਂ ਦੁਆਰਾ ਹੌਲੀ-ਹੌਲੀ ਲੋਕਤੰਤਰੀ ਅਧਿਕਾਰਾਂ ਦੀ ਉਲੰਘਣਾ ਕੀਤੀ ਜਾ ਰਹੀ ਸੀ। ਜਿਸ ਦਾ ਨਤੀਜਾ ਸਾਡੇ ਸਾਰਿਆਂ ਦੇ ਸਾਹਮਣੇ ਹੈ। ਭਾਰਤ, ਦੁਨੀਆ ਦਾ ਸਭ ਤੋਂ ਵੱਡਾ ਜਮਹੂਰੀ ਦੇਸ਼ ਹੈ ਜਿੱਥੇ 37 ਪ੍ਰਤੀਸ਼ਤ ਆਬਾਦੀ ਨੌਜਵਾਨਾਂ ਦੀ ਹੈ।

ਬੇਰੁਜ਼ਗਾਰੀ ਦਾ ਨਪੀੜਿਆ ਹੋਇਆ ਨੌਜਵਾਨ ਵਰਗ ਬੇਹੱਦ ਬੇਜ਼ਾਰ ਹੈ। ਲਦਾਖ ਦੀਆਂ ਘਟਨਾਵਾਂ ਭਾਰਤ ਲਈ ਚਿੰਤਾ ਦੇ ਨਵੇਂ ਬੱਦਲ ਲੈ ਕੇ ਆਈਆਂ ਹਨ। ਇਨ੍ਹਾਂ ਘਟਨਾਵਾਂ ਦੀ ਗਹਿਰਾਈ ਨੂੰ ਸਮਝਣਾ ਬੇਹੱਦ ਜ਼ਰੂਰੀ ਹੈ। ਐਨ.ਐਸ.ਏ ਵਰਗੇ ਕਾਨੂੰਨਾਂ ਦੀ ਸਹਾਇਤਾਂ ਨਾਲ ਲੋਕ ਆਵਾਜ਼ ਨੂੰ ਦਬਾਉਣ ਦੀ ਬਜਾਏ ਲੋਕਾਂ ਦੀ ਆਰਥਿਕ ਹਾਲਤ ਨੂੰ ਸੁਧਾਰਨਾ ਅਤੇ ਉਨ੍ਹਾਂ ਦੇ ਲੋਕਤੰਤਰੀ ਅਧਿਕਾਰਾਂ ਨੂੰ ਬਰਕਰਾਰ ਰੱਖਣਾ ਸਮੇਂ ਦੀ ਲੋੜ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਠਾਣੇਦਾਰ ਵਿਸ਼ਵ ਦਾ?

ਛੱਡ ਕੇ 'ਦੇਸ' ਪਰਦੇਸਾਂ ਦੇ ਵੱਲ ਜਾਣਾ ਆਈ ਮੁੱਢੋਂ ਹੀ ਚੱਲਦੀ 'ਰੀਤ' ਹੈ ਜੀ।
ਨਾਲੇ 'ਸੈਰ ਤੇ ਨਾਲੇ ਰੁਜ਼ਗਾਰ' ਵਾਲਾ ਖੱਟਣ ਅਤੇ ਕਮਾਉਣ ਦਾ ਗੀਤ ਹੈ ਜੀ।
'ਭੇੜ' ਸੱਭਿਆਚਾਰਾਂ ਦਾ ਹੋਣ ਲਗਦਾ ਡੈਮੋਗ੍ਰਾਫੀ ਜਦ ਹੋਵੇ 'ਵਿਪਰੀਤ' ਹੈ ਜੀ।
'ਤੜਫਣ' ਲੱਗਦੇ ਉੱਥੋਂ ਦੇ 'ਮੂਲ ਵਾਸੀ' ਹੁੰਦੀ ਜਿਨ੍ਹਾਂ ਨੂੰ 'ਵਤਨ ਦੀ ਪ੍ਰੀਤ' ਹੈ ਜੀ।
ਮੁਖੀ ਦੇਸਾਂ ਦੇ 'ਯੂ.ਐਸ.ਏ' ਵੱਲ ਦੇਖਣ ਜਿਵੇਂ ਨ੍ਹੇਰੇ ਵਿਚ ਜਗ ਰਿਹਾ 'ਲੈਂਪ' ਹੋਵੇ।
ਠਾਣੇਦਾਰ ਹੁਣ ਦੁਨੀਆਂ ਦਾ ਜਾਪਦਾ ਏ 'ਚੌਹਾਂ ਕੂੰਟਾਂ' ਵਿਚ 'ਟਰੰਪ-ਟਰੰਪ' ਹੋਵੇ!

# ਆਪਣਾ ਦੇਸ਼ ਪਰਾਏ ਲੋਕ




ਗੁਰਮੀਤ ਸਿੰਘ ਪਲਾਹੀ
ਫੋਨ: 98158-02070



ਹਰ ਪਾਸੇ ਪ੍ਰਵਾਸੀਆਂ ਲਈ ਸਰਹੱਦਾਂ ਉਤੇ ਰੋਕ ਲਾਈ ਜਾ ਰਹੀ ਹੈ। ਪ੍ਰਵਾਸ-ਕਾਨੂੰਨ ਸਖ਼ਤ ਹੋ ਰਹੇ ਹਨ। ਗ਼ੈਰ-ਨਾਗਰਿਕਾਂ ਨੂੰ ਦੇਸ਼ 'ਚੋਂ ਬਾਹਰ ਕੱਢਣ ਦਾ ਦਬਾਅ ਵਧਦਾ ਜਾ ਰਿਹਾ ਹੈ। ਦੇਸ਼ਾਂ ਦੇ ਦੇਸ਼ ਪ੍ਰਵਾਸੀਆਂ ਵਿਰੁਧ ਉਬਾਲ ਵਿਚ ਹਨ। ਆਨੇ-ਬਹਾਨੇ ਪ੍ਰਵਾਸੀਆਂ ਵਿਰੁੱਧ ਨਫ਼ਰਤ ਵਧ ਰਹੀ ਹੈ। ਮਨੁੱਖ ਨੂੰ ਮਨੁੱਖ ਨਾ ਸਮਝਣਾ ਕਿੰਨਾ ਘਾਤਕ ਹੈ!

ਯੂਰਪ ਵਿਚ ਕੱਟੜਪੰਥੀ ਦਲ ਸਿਆਸਤ ਵਿਚ ਜ਼ੋਰ ਫੜਦੇ ਜਾ ਰਹੇ ਹਨ। 2024 'ਚ ਫਰਾਂਸ 'ਚ ਨੈਸ਼ਨਲ ਪਾਰਟੀ ਅਤੇ ਜਰਮਨੀ ਵਿਚ ਕੱਟੜਪੰਥੀ 'ਆਊ' ਜਿਹੇ ਬਣੇ ਸਿਆਸੀ ਦਲ ਚੋਣਾਂ 'ਚ ਇੱਕ ਤਿਹਾਈ ਸੀਟਾਂ ਜਿੱਤ ਗਏ। ਇਹ ਸਿਆਸੀ ਦਲ ਬਿਆਨਬਾਜ਼ੀ ਕਰਦੇ ਹਨ। ਪ੍ਰਵਾਸ ਨੂੰ ਅਪਰਾਧ ਗਿਣਦੇ ਹਨ।

ਆਸਟਰੀਆ ਦੀ ਫਰੀਡਮ ਪਾਰਟੀ 30 ਫ਼ੀਸਦੀ ਵੋਟਾਂ ਲੈ ਗਈ। ਯੂਰਪ ਦੇ ਦੇਸ਼ਾਂ ਫਰਾਂਸ, ਇਟਲੀ, ਜਰਮਨੀ 'ਚ ਫ਼ਾਸ਼ੀਵਾਦੀ ਵਿਚਾਰਾਂ ਵਾਲੇ ਲੋਕਾਂ ਦਾ ਬੋਲਬਾਲਾ ਵਧਿਆ ਹੈ, ਜਿਹੜੇ ਪ੍ਰਵਾਸੀਆਂ ਵਿਰੁੱਧ ਇੱਕ ਲਹਿਰ ਖੜ੍ਹੀ ਕਰਨ 'ਚ ਕਾਮਯਾਬੀ ਹਾਸਲ ਕਰ ਰਹੇ ਹਨ। ਕੀ ਇਹ ਨਫ਼ਰਤੀ ਵਰਤਾਰਾ ਮਨੁੱਖਤਾ ਖਿਲਾਫ਼ ਵੱਡੀ ਜੰਗ ਨਹੀਂ ਹੈ? ਪ੍ਰਮਾਣੂ ਜੰਗ ਤੋਂ ਵੀ ਵੱਡੀ।

ਕੈਨੇਡਾ ਜਿਹੜਾ ਲੰਮੇ ਸਮੇਂ ਤੱਕ ਪ੍ਰਵਾਸੀਆਂ ਨੂੰ ਆਪਣੀ ਹਿੱਕ ਨਾਲ ਲਾਉਂਦਾ ਰਿਹਾ ਹੈ। ਉਸਨੂੰ ਉਥੇ ਵੱਡੇ ਤਣਾਅ ਦਾ ਸਹਾਮਣਾ ਕਰਨਾ ਪਿਆ ਹੈ। ਕੈਨੇਡਾ ਦੇ ਕਨਜ਼ਰਵੇਟਿਵ ਨੇਤਾ ਪਿਅਰੇ ਪਾਈਲਿਵਰੇ ਨੇ ਪ੍ਰਵਾਸੀਆਂ ਨੂੰ ਕੈਨੇਡਾ 'ਚ ਵਧ ਰਹੀਆਂ ਨੌਕਰੀਆਂ 'ਚ ਸਮੱਸਿਆਵਾਂ ਲਈ ਜ਼ੁੰਮੇਵਾਰ ਕਰਾਰ ਦਿੱਤਾ। ਕੈਨੇਡਾ 'ਚ ਇੰਮੀਗਰੇਸ਼ਨ ਕਾਨੂੰਨ 'ਚ ਸਖ਼ਤੀ ਦੇਖਣ ਨੂੰ ਮਿਲ ਰਹੀ ਹੈ। ਹਾਲਾਂਕਿ ਕੈਨੇਡਾ ਐਡਾ ਵੱਡਾ ਦੇਸ਼ ਹੈ, ਜਿਥੇ ਅਥਾਹ ਪ੍ਰਵਾਸੀ ਸਮਾਅ ਸਕਦੇ ਹਨ, ਚੰਗਾ ਗੁਜ਼ਰ-ਵਸਰ ਕਰ ਸਕਦੇ ਹਨ।

ਆਸਟਰੇਲੀਆ ਵਿਚ ਵੀ ਪ੍ਰਵਾਸੀਆਂ ਪ੍ਰਤੀ ਨੀਤੀਆਂ 'ਚ ਬਦਲਾਅ ਹੈ ਅਤੇ ਹਜ਼ਾਰਾਂ ਲੋਕ ਪ੍ਰਵਾਸੀਆਂ ਵਿਰੁੱਧ ਵਿਖਾਵੇ ਕਰਨ ਲਈ ਅੱਗੇ ਆਏ ਹਨ, ਪ੍ਰਦਰਸ਼ਨ ਹੋ ਰਹੇ ਹਨ। 'ਨਓ-ਨਾਜ਼ੀ' ਨਾਲ ਜੁੜੇ ਵੱਡੇ ਪ੍ਰਦਰਸ਼ਨ ਪ੍ਰਵਾਸੀਆਂ ਨੂੰ ਦੇਸ਼ ਤੋਂ ਬਾਹਰ ਕੱਢਣ ਲਈ ਕੀਤੇ ਗਏ। ਅਮਰੀਕਾ 'ਚ ਟਰੰਪ ਦੀ ਜਿੱਤ ਨੇ ਪ੍ਰਵਾਸੀਆਂ ਵਿਰੁੱਧ ਮਿੱਥ ਕੇ ਜਿਸ ਢੰਗ ਨਾਲ 'ਰਾਸ਼ਟਰਵਾਦ' ਦੇ ਨਾਂਅ ਉਤੇ ਨਫ਼ਰਤੀ ਵਰਤਾਰਾ ਸਿਰਜਿਆ ਹੈ, ਉਸ ਦਾ ਦੁਨੀਆਂ ਭਰ 'ਚ ਖ਼ਾਸ ਕਰਕੇ ਯੂਰਪ 'ਚ ਪ੍ਰਭਾਵ ਪ੍ਰਤੱਖ ਦਿੱਖ ਰਿਹਾ ਹੈ। ਕੀ ਇਹ ਭਰਾਤਰੀਭਾਵ ਉਤੇ ਵੱਡੀ ਸੱਟ ਨਹੀਂ ਹੈ?

ਦੁਨੀਆ ਭਰ ਵਿਚ ਪ੍ਰਵਾਸੀਆਂ ਵਿਰੁੱਧ ਅੰਦੋਲਨਾਂ 'ਚ ਵਾਧਾ ਵੇਖਿਆ ਜਾ ਰਿਹਾ ਹੈ। ਇਹ ਅੰਦੋਲਨ ਹਾਸ਼ੀਏ 'ਚ ਨਹੀਂ ਸਗੋਂ ਮੁੱਖ ਧਾਰਾ ਬਣਦਾ ਜਾ ਰਿਹਾ ਹੈ। ਜਿਸ ਨਾਲ ਸਿਆਸੀ ਨੇਤਾਵਾਂ, ਰਾਸ਼ਟਰਵਾਦੀ ਪਾਰਟੀਆਂ ਅਤੇ ਇਥੋਂ ਤੱਕ ਕਿ ਐਲਨ ਮਸਕ ਜਿਹੇ ਵਿਸ਼ਵ ਪ੍ਰਸਿੱਧੀ ਪ੍ਰਾਪਤ ਪ੍ਰਭਾਵਸ਼ਾਲੀ ਲੋਕਾਂ ਦੀ ਚੜ੍ਹਤ ਹੋਈ ਹੈ।

ਡੋਨਲਡ ਟਰੰਪ ਦੇ ਸੱਜੇ ਹੱਥ ਕੱਟੜਪੰਥੀ 'ਕਿਰਕ' ਦੇ ਕਤਲ ਨੇ ਅੱਗ 'ਚ ਘਿਓ ਪਾਉਣ ਦਾ ਕੰਮ ਕੀਤਾ। ਜਿਸਦਾ ਸਿੱਟਾ ਬਰਤਾਨੀਆ 'ਚ ਦਿਖਿਆ। ਉਥੇ ਡੇਢ ਲੱਖ ਲੋਕ ਪ੍ਰਵਾਸੀ ਨੀਤੀਆਂ ਅਤੇ ਪ੍ਰਵਾਸੀਆਂ ਦੇ ਵਿਰੁੱਧ ਲੰਦਨ 'ਚ ਸੜਕਾਂ 'ਤੇ ਉਤਰ ਆਏ। ਐਲਨ ਮਸਕ ਦਾ ਇਹ ਬਿਆਨ ਕਿ ਪ੍ਰਵਾਸੀਆਂ ਨੂੰ ਸ਼ਰਨ ਦੇਣਾ ਦੇਸ਼ ਧਰੋਹ ਕਾਰਵਾਈ ਹੈ, ਨਾਲ ਇਹ ਰਾਸ਼ਟਰਵਾਦੀ ਨੇਤਾ ਮਜ਼ਬੂਤ ਹੋ ਰਹੇ ਹਨ। ਕੀ ਇਸ ਨਾਲ ਹਿਟਲਰੀ ਸੋਚ ਵਾਲੇ ਲੋਕਾਂ ਦਾ ਦਬਾਅ ਨਹੀਂ ਵਧੇਗਾ?

20ਵੀਂ ਸਦੀ 'ਚ ਇੱਕ ਨਾਹਰਾ ਗੂੰਜਿਆ ਸੀ। ਵਿਸ਼ਵ ਨਾਗਰਿਕਤਾ ਨੂੰ ਹੁਲਾਰਾ ਮਿਲਿਆ ਸੀ। 'ਵਿਸ਼ਵਵਾਦ' ਸੁਰਖੀਆਂ 'ਚ ਆਇਆ ਸੀ। ਪਰ ਹੁਣ ਇਸੇ ਨਾਹਰੇ ਨੂੰ, ਜੋ ਮਨੁੱਖਤਾ ਦੇ ਹਿੱਤ ਵਾਲਾ ਵੱਡਾ ਕਾਰਜ ਸੀ, ਨੂੰ ਪੈਰਾਂ ਹੇਠ ਮਿੱਧਣ ਲਈ ਕੱਟੜਪੰਥੀ ਅੱਡੀ ਚੋਟੀ ਦਾ ਜ਼ੋਰ ਲਗਾ ਰਹੇ ਹਨ। ਇਸ ਨਾਹਰੇ ਦੇ ਅਸਲ ਮਨੁੱਖਵਾਦੀ ਤੱਤਾਂ ਨੂੰ ਖ਼ਾਰਜ ਕਰਕੇ 'ਆਪਣਾ ਦੇਸ਼ ਪਰਾਏ ਲੋਕ' ਦਾ ਨਾਹਰਾ ਹਰਮਨ ਪਿਆਰਾ ਕੀਤਾ ਜਾ ਰਿਹਾ ਹੈ ਅਤੇ ਇਸ ਨਾਹਰੇ ਦੇ ਤਹਿਤ 'ਪ੍ਰਵਾਸੀਆਂ ਨੂੰ ਦੇਸ਼ 'ਚੋਂ ਕੱਢੋ', 'ਸੂਬਿਆਂ 'ਚੋਂ ਕੱਢੋ' ਦਾ ਨਾਹਰਾ ਅੰਦੋਲਨ ਬੁਲੰਦ ਹੋ ਰਿਹਾ ਹੈ।

ਅਮਰੀਕਾ, ਕੈਨੇਡਾ, ਆਸਟਰੇਲੀਆ ਅਤੇ ਯੂਰਪ ਦੇ ਦੇਸ਼ਾਂ ਵਿਚ ਧਰੁਵੀਕਰਨ, ਪ੍ਰਵਾਸ-ਵਿਰੋਧੀ ਭਾਵਨਾ ਤਿੱਖੇ ਟਕਰਾਅ 'ਚ ਪ੍ਰਫੁੱਲਤ ਹੋ ਰਹੀ ਹੈ। ਭਾਵੇਂ ਪੱਛਮ ਵਿਚ ਸਮਾਜਿਕ ਸਮੂਹਾਂ ਵਿਚ ਵੱਡੇ ਪੈਮਾਨੇ 'ਤੇ ਹਿੰਸਕ ਟਕਰਾਅ ਨਹੀਂ ਹੈ। ਲੇਕਿਨ ਧਰੁਵੀਕਰਨ 'ਚ ਬਿਆਨਬਾਜੀ-ਯੁੱਧ ਸਿਖ਼ਰਾਂ 'ਤੇ ਪੁੱਜਾ ਹੈ। ਇਹ ਵਿਸ਼ਵ ਨਾਗਰਿਕਾਂ ਦੇ ਹਿਮੈਤੀਆਂ ਦੇ ਵਿਰੁੱਧ ਹਥਿਆਰ ਚੁੱਕਣ ਦਾ ਨਾਹਰਾ ਬੁਲੰਦ ਕਰਦੇ ਹਨ ਅਤੇ ਪ੍ਰਵਾਸੀਆਂ 'ਚ ਡਰ ਪੈਦਾ ਕਰਨ ਲਈ ਹਰ ਉਹ ਕਾਰਵਾਈ ਕਰਨ ਦੇ ਹਾਮੀ ਹਨ, ਜਿਸ ਨਾਲ ਦੇਸ਼ ਵਿਚ ਗ੍ਰਹਿ-ਯੁੱਧ ਜਿਹੇ ਹਾਲਾਤ ਪੈਦਾ ਹੋਣ।

ਪ੍ਰਵਾਸ ਵਿਰੋਧੀ ਇਹ ਕੱਟੜਪੰਥੀ, ਸਰਕਾਰੀ ਪ੍ਰਵਾਸ ਨੀਤੀਆਂ ਅਤੇ ਪ੍ਰਵਾਸੀਆਂ ਪ੍ਰਤੀ ਗੁੱਸੇ ਅਤੇ ਨਫ਼ਰਤ ਵਾਲੀ ਭਾਸ਼ਾ ਵਰਤਦੇ ਹਨ। ਉਨ੍ਹਾਂ ਵਿਰੁੱਧ ਹਥਿਆਰ ਚੁੱਕਣ ਦਾ ਹੋਕਾ ਦਿੰਦੇ ਹਨ ਅਤੇ ਟਰੰਪ ਜਿਹੇ ਨੇਤਾਵਾਂ ਦੇ ਹੱਥ ਮਜ਼ਬੂਤ ਕਰਦੇ ਹਨ, ਜਿਸਨੇ ਅੰਤਰਰਾਸ਼ਟਰੀ ਸੰਸਥਾਵਾਂ ਯੂ.ਐਸ.ਏ.ਆਈ.ਡੀ. ਆਦਿ ਜਿਹੀਆਂ ਸੰਸਥਾਵਾਂ ਨੂੰ ਖ਼ਤਮ ਕਰ ਦਿੱਤਾ, ਜਿਹੜਾ ਇਸ ਗੱਲ ਦਾ ਮੁਦੱਈ ਹੈ ਕਿ ਅੰਤਰਰਾਸ਼ਟਰੀ ਪੱਧਰ 'ਤੇ ਜਿਹੜੀਆਂ ਸੰਸਥਾਵਾਂ ਨੂੰ ਪੈਸੇ ਦਿੱਤੇ ਜਾਂਦੇ ਹਨ, ਉਹ ਦੇਸ਼ ਦੇ ਟੈਕਸ ਦੇਣ ਵਾਲੇ ਲੋਕਾਂ ਦੇ ਹਨ। ਇਹ ਪੈਸੇ ਦੀ ਨਜਾਇਜ਼ ਵਰਤੋਂ ਹੈ। ਉਨ੍ਹਾਂ ਨੂੰ 'ਅਮਰੀਕਾ ਫਸਟ' ਜਾਂ 'ਯੂਨਾਇਟ ਦਾ ਕਿੰਗਡਮ' ਜਿਹੇ ਨਾਹਰੇ ਪਸੰਦ ਹਨ, ਜਿਹੜੇ ਰਾਸ਼ਟਰਵਾਦ ਨੂੰ ਉਤਸ਼ਾਹਤ ਕਰਦੇ ਹਨ ਅਤੇ ਅੰਤਰਰਾਸ਼ਟਰੀ ਮੂਲਾਂ ਤੇ ਮਨੁੱਖਤਾਵਾਦੀ ਕਦਰਾਂ-ਕੀਮਤਾਂ ਨੂੰ ਨਕਾਰਦੇ ਹਨ।

ਖੁੱਲ੍ਹੇ ਵਿਚਾਰਾਂ ਵਾਲੇ ਉਦਾਰਵਾਦੀ ਸਾਸ਼ਕ ਖੁੱਲ੍ਹੀਆਂ ਸਰਹੱਦਾਂ ਦੇ ਹਿਮਾਇਤੀ ਹਨ। ਉਹ ਸਸਤੀ ਲੇਬਰ ਨੂੰ ਪੂੰਜੀਵਾਦੀ ਹਿੱਤਾਂ ਦੀ ਪੂਰਤੀ ਦੇ ਪਾਲਕ ਮੰਨਦੇ ਹਨ। ਉਹ ਵੱਡੇ ਪੈਮਾਨੇ 'ਤੇ ਪ੍ਰਵਾਸੀਆਂ ਦੇ ਹੱਕ 'ਚ ਖੜਦੇ ਹਨ, ਕਿਉਂਕਿ ਉਹ ਘੱਟ ਵੇਤਨ ਲਈ ਪ੍ਰਵਾਸੀਆਂ ਦੀ ਵਰਤੋਂ ਕਰਦੇ ਹਨ ਭਾਵੇਂ ਕਿ ਬਹੁਤੇ ਥਾਵਾਂ 'ਤੇ ਇਹ ਸਿਧਾਂਤ ਸਮਾਜਿਕ ਏਕਤਾ ਨੂੰ ਖ਼ਤਮ ਕਰਦਾ ਹੈ।

ਇਸਦੇ ਉਲਟ ਕੱਟੜਪੰਥੀ ਰਾਸ਼ਟਰਵਾਦੀ ਇਹ ਦੋਸ਼ ਲਗਾਉਂਦੇ ਹਨ ਕਿ ਸਥਾਨਕ ਅਬਾਦੀ ਦੀ ਥਾਂ ਪ੍ਰਦੇਸੀਆਂ ਨੂੰ ਲਿਆਉਣਾ ਉਥੋਂ ਦੇ ਵਾਸਨੀਕਾਂ ਦੇ ਹਿੱਤਾਂ ਦੇ ਉਲਟ ਹੈ। ਉਹ ਇਹ ਵੀ ਕਹਿੰਦੇ ਹਨ ਕਿ ਇਹ ਜਾਣ-ਬੁੱਝ ਕੇ ਕੀਤਾ ਜਾ ਰਿਹਾ ਹੈ ਅਤੇ ਦੇਸੀ ਲੋਕਾਂ ਦੀਆਂ ਨੌਕਰੀਆਂ ਨੂੰ ਖੋਰਾ ਲਾਕੇ ਆਊਟ ਸੋਰਸ ਰਾਹੀਂ ਭਰਿਆ ਜਾ ਰਿਹਾ ਹੈ। ਜਿਸ ਨਾਲ ਸਥਾਨਕ ਲੋਕਾਂ ਦੇ ਮਨਾਂ 'ਚ ਗੁੱਸਾ ਹੈ। ਉਹ ਇਸ ਗੁੱਸੇ ਦੀ ਵਰਤੋਂ ਆਪਣੇ ਹਿੱਤ ਲਈ ਕਰਦੇ ਹਨ।

ਦੇਸ਼ ਭਾਰਤ ਦੇ ਕਿਰਤੀ-ਕਾਮਿਆਂ, ਪੇਸ਼ੇਵਰਾਂ ਨੂੰ 1960 ਦੇ ਦਹਾਕੇ 'ਚ ਖੁਲ੍ਹੀ ਅਵਾਸ ਨੀਤੀ ਦਾ ਫ਼ਾਇਦਾ ਹੋਇਆ। ਜਿਸ ਨਾਲ ਭਾਰਤੀ ਪੇਸ਼ੇਵਰ ਅਤੇ ਕਾਮੇ ਵੱਡੀ ਸੰਖਿਆ 'ਚ ਅਮਰੀਕਾ, ਕੈਨੇਡਾ, ਇੰਗਲੈਂਡ ਤੇ ਹੋਰ ਦੇਸ਼ਾਂ 'ਚ ਜਾ ਕੇ ਰੋਟੀ ਕਮਾਉਣ ਲੱਗੇ। ਇਹ ਵਰਤਾਰਾ ਲਗਾਤਾਰ ਜਾਰੀ ਰਿਹਾ। ਪਰ ਹੁਣ ਭਾਰਤ ਅਤੇ ਉਸਦੇ ਪ੍ਰਵਾਸੀਆਂ ਦੇ ਖਿਲਾਫ਼ ਇਕ ਮੁਹਿੰਮ ਵਿੱਢੀ ਜਾ ਚੁੱਕੀ ਹੈ, ਜੋ ਲਗਾਤਾਰ ਵੱਧ ਰਹੀ ਹੈ। ਇਹ ਵਰਤਾਰਾ ਭਾਰਤ ਲਈ ਨੁਕਸਾਨਦਾਇਕ ਹੈ, ਕਿਉਂਕਿ ਭਾਰਤ ਪਹਿਲਾਂ ਹੀ ਬੇਰੁਜ਼ਗਾਰੀ ਨਾਲ ਭੰਨਿਆ ਪਿਆ ਹੈ, ਜੋ ਪ੍ਰਵਾਸੀਆਂ ਦੀ ਵਾਪਸੀ ਦਾ ਦਬਾਅ ਸਹਿ ਨਹੀਂ ਸਕਦਾ।

ਪ੍ਰਵਾਸ ਦੁਨੀਆਂ 'ਚ ਨਵਾਂ ਵਰਤਾਰਾ ਨਹੀਂ ਹੈ, ਇੱਕ ਥਾਂ ਤੋਂ ਦੂਜੇ ਥਾਂ ਜਾਣਾ ਮਨੁੱਖ ਦੀ ਪ੍ਰਵਿਰਤੀ ਰਹੀ ਹੈ। ਜੰਗਲਾਂ ਤੋਂ ਬਾਹਰ ਨਿਕਲਣਾ, ਬਸਤੀਆਂ ਵਸਾਉਣਾ ਤੇ ਉਥੇ ਸਮੂਹਿਕ ਤੌਰ 'ਤੇ ਰਹਿਣਾ ਮਨੁੱਖ ਦੀ ਪ੍ਰਵਿਰਤੀ ਰਹੀ ਹੈ। ਉਹ ਲਗਾਤਾਰ ਸਥਾਨ ਬਦਲਦਾ ਰਿਹਾ ਹੈ।

ਪ੍ਰਵਾਸ ਕਿਸੇ ਵਿਅਕਤੀ ਵਲੋਂ ਆਪਣੀ ਭੂਗੋਲਿਕ ਇਕਾਈ ਨੂੰ ਛੱਡ ਦੇਣ ਨੂੰ ਕਹਿੰਦੇ ਹਨ, ਜਿਸਦਾ ਉਹ ਮੂਲ ਨਿਵਾਸੀ ਹੁੰਦਾ ਹੈ। ਜੇਕਰ ਕੋਈ ਵਿਅਕਤੀ ਭਾਰਤ ਛੱਡ ਕੇ ਬਰਤਾਨੀਆ ਚਲਾ ਜਾਵੇ ਅਤੇ ਉਥੇ ਦਾ ਨਾਗਰਿਕ ਬਣ ਜਾਏ ਤਾਂ ਉਹ ਬਰਤਾਨੀਆ ਦਾ ਪ੍ਰਵਾਸੀ ਕਹਾਏਗਾ। ਸਾਲ 1970 ਦੇ ਦਹਾਕੇ 'ਚ ਬਹੁਤ ਲੋਕ ਪੂਰਬੀ ਜਰਮਨੀ ਛੱਡ ਕੇ ਪੱਛਮ ਜਰਮਨੀ 'ਚ ਜਾਣਾ ਚਾਹੁੰਦੇ ਸਨ ਅਤੇ ਉਨ੍ਹਾਂ ਨੂੰ ਜ਼ਬਰਦਸਤੀ ਰੋਕਣ ਲਈ ਬਰਲਿਨ ਦੀ ਦੀਵਾਰ ਖੜੀ ਕਰ ਦਿੱਤੀ ਗਈ। ਉਂਜ ਹਰ ਦੇਸ਼ ਨੇ ਪ੍ਰਵਾਸੀਆਂ ਨੂੰ ਰੋਕਣ ਲਈ ਕਾਨੂੰਨ ਬਣਾਇਆ ਹੋਇਆ ਹੈ, ਭਾਰਤ 'ਚ ਇੰਮੀਗਰੇਸ਼ਨ ਅਤੇ ਫਾਰਨਰ ਐਕਟ-2025 ਸਤੰਬਰ 2025 ਤੋਂ ਲਾਗੂ ਕੀਤਾ ਗਿਆ, ਜੋ ਪਹਿਲੇ ਇੰਮੀਗਰੇਸ਼ਨ ਕਾਨੂੰਨਾਂ ਦੀ ਥਾਂ ਲਵੇਗਾ।

ਭਾਰਤ 'ਚ 1991 ਦੇ ਆਰਥਿਕ ਸੁਧਾਰਾਂ ਦੇ ਬਾਅਦ ਅੰਦਰੂਨੀ ਅਤੇ ਵਿਸ਼ਵੀ ਪ੍ਰਵਾਸ 'ਚ ਵਾਧਾ ਵੇਖਿਆ ਗਿਆ ਹੈ, ਜਿਸ ਨਾਲ ਸ਼ਹਿਰੀਕਰਨ ਅਤੇ ਪ੍ਰਵਾਸ ਨਾਲ ਜੁੜੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਭਾਰਤ ਦਾ ਪ੍ਰਵਾਸੀ ਇਤਿਹਾਸ ਵੱਡਾ ਹੈ, ਜਿਸ ਨਾਲ ਭਾਰਤੀ ਭਾਸ਼ਾਵਾਂ ਅਤੇ ਸਭਿਆਚਾਰ ਉਤੇ ਵੱਡੇ ਅਸਰ ਪਏ। ਇਥੇ ਹਮਲਾਵਰ ਆਏ ਅਤੇ ਵਸ ਗਏ। ਮੌਜੂਦਾ ਦੌਰ 'ਚ ਭਾਰਤ ਅੰਤਰਰਾਸ਼ਟਰੀ ਪ੍ਰਵਾਸੀਆਂ ਦਾ ਸਭ ਤੋਂ ਵੱਡਾ ਸਰੋਤ ਹੈ।

ਪਿਛਲੇ ਦਹਾਕਿਆਂ ਵਿਚ ਭਾਰਤ 'ਚ ਕਰੋੜਾਂ ਦੀ ਗਿਣਤੀ 'ਚ ਲੋਕ ਪ੍ਰਵਾਸ ਕਰ ਚੁੱਕੇ ਹਨ ਅਤੇ ਲਗਭਗ ਅੱਧੀ ਤੋਂ ਵੱਧ ਦੁਨੀਆ ਦੇ ਦੇਸ਼ਾਂ 'ਚ ਇਥੋਂ ਦੇ ਵਸਨੀਕ ਵਸ ਚੁੱਕੇ ਹਨ। ਅੰਦਰੂਨੀ ਪ੍ਰਵਾਸ ਨੂੰ ਵਾਚੀਏ ਤਾਂ ਜਿਹੜੇ ਸੂਬੇ ਆਰਥਿਕ ਤੌਰ 'ਤੇ ਮਜ਼ਬੂਤ ਹਨ, ਖ਼ਾਸ ਤੌਰ 'ਤੇ ਖੇਤੀ ਪ੍ਰਧਾਨ ਜਾਂ ਉਦਯੋਗ ਨਾਲ ਭਰੇ ਪਏ ਹਨ, ਉਥੇ ਦੂਜੇ ਸੂਬਿਆਂ ਦੇ ਲੋਕ ਆਉਂਦੇ ਹਨ। ਪ੍ਰਵਾਸ ਹੁੰਦਾ ਹੈ। ਸਥਾਨਕ ਵਸੋਂ ਨਾਲ ਪ੍ਰਵਾਸੀਆਂ ਦਾ ਇੱਟ-ਖੜਿਕਾ ਚੱਲਦਾ ਹੈ। ਮਹਾਂਰਾਸ਼ਟਰ ਅਤੇ ਪੰਜਾਬ ਇਸਦੀ ਉਦਾਹਰਨ ਹੈ। ਜਿਥੇ ਪ੍ਰਵਾਸੀਆਂ ਦੀ ਗਿਣਤੀ ਵਧਦੀ ਜਾ ਰਹੀ ਹੈ, ਜੋ ਇਥੋਂ ਦੇ ਅਰਥਚਾਰੇ ਦੀ ਵੱਡੀ ਲੋੜ ਬਣ ਚੁੱਕੇ ਹਨ। ਪਰ ਸਥਾਨਕ ਲੇਬਰ ਦੇ ਮੁਕਾਬਲੇ ਪ੍ਰਵਾਸੀਆਂ ਦੀ ਸਸਤੀ ਲੇਬਰ ਮਿਲਣ ਕਾਰਨ, ਆਪਸੀ ਵਿਰੋਧ ਵਧਦਾ ਵੇਖਿਆ ਜਾ ਰਿਹਾ ਹੈ।

ਪਰ ਦੁਖਾਂਤ ਇਹ ਹੈ ਕਿ ਮਨੁੱਖ ਜਿਸ ਦੇਸ਼ ਨੂੰ ਆਪਣਾ ਨਵਾਂ ਦੇਸ਼ ਮੰਨ ਕੇ ਉਥੋਂ ਦੀ ਤਰੱਕੀ ਲਈ ਕੰਮ ਕਰਦਾ ਹੈ, ਉਹੋ ਦੇਸ਼ ਉਸ ਲਈ ਪਰਾਇਆ ਬਣਾਇਆ ਜਾ ਰਿਹਾ ਹੈ। ਬੀਮਾਰ ਸੋਚ ਵਾਲੇ ਲੋਕ ਨਫ਼ਰਤੀ ਵਰਤਾਰਾ ਵਧਾ ਰਹੇ ਹਨ ਅਤੇ ਜਿਸ ਨਾਲ ਲੱਖਾਂ ਨਹੀਂ ਕਰੋੜਾਂ ਲੋਕ ਇਹ ਦੁਖਾਂਤ ਝੱਲ ਰਹੇ ਹਨ। 'ਟਰੰਪੀ ਸੋਚ' ਨੇ ਵਿਸ਼ਵ ਭਰ 'ਚ ਪ੍ਰਵਾਸੀਆਂ ਦੇ ਦੁੱਖਾਂ 'ਚ ਵਾਧਾ ਕੀਤਾ ਹੈ ਅਤੇ ਉਨ੍ਹਾਂ ਨੂੰ ਪਰਾਏਪਨ ਦਾ ਅਹਿਸਾਸ ਕਰਵਾਇਆ ਹੈ।

# ਇਟਲੀ ਵਿਚ ਇਜ਼ਰਾਈਲ ਵਿਰੁੱਧ ਰੋਹ ਭਰਿਆ ਜਨਤਕ ਐਕਸ਼ਨ

## ਗਾਜ਼ਾ ਵਿਚ ਕਤਲੇਆਮ ਵਿਰੁੱਧ ਸੜਕਾਂ 'ਤੇ ਨਿੱਤਰੇ ਦਹਿ ਹਜ਼ਾਰਾਂ ਲੋਕ







ਜੇਕਰ ਦੁਨੀਆ ਭਰ ਦੀ ਨਿਆਂਪਸੰਦ ਲੋਕ-ਰਾਇ ਨੂੰ ਮੰਨਣ ਤੋਂ ਇਨਕਾਰੀ ਇਜ਼ਰਾਈਲ-ਅਮਰੀਕੀ ਗੱਠਜੋੜ ਵੱਲੋਂ ਫ਼ਲਸਤੀਨੀ ਲੋਕਾਂ ਦੀ ਨਸਲਕੁਸ਼ੀ ਹੋਰ ਵੀ ਕਰੂਰ ਰੂਪ ਦੇ ਕੇ ਤੇਜ਼ ਕੀਤੀ ਜਾ ਰਹੀ ਹੈ ਤਾਂ ਇਸਦਾ ਆਲਮੀ ਵਿਰੋਧ ਵੀ ਜ਼ੋਰ ਫੜ ਰਿਹਾ ਹੈ। ਇਜ਼ਰਾਈਲ ਦੇ ਇਕ ਸਾਬਕਾ

ਬੂਟਾ ਸਿੰਘ ਮਹਿਮੂਦਪੁਰ

ਫ਼ੌਜੀ ਕਮਾਂਡਰ ਦਾ ਕਹਿਣਾ ਹੈ ਕਿ ਮਾਰੇ ਗਏ ਫ਼ਲਸਤੀਨੀਆਂ ਦੀ ਗਿਣਤੀ ਦੋ ਲੱਖ ਤੋਂ ਵੱਧ ਹੈ। ਇਨ੍ਹਾਂ ਹਾਲਾਤ ਉੱਪਰ ਲਗਾਤਾਰ ਨਜ਼ਰ ਰੱਖ ਰਹੇ ਹੋਣ ਕਾਰਨ ਗਾਜ਼ਾ ਉੱਪਰ ਥੋਪੀ ਭਿਆਨਕ ਭੁੱਖਮਰੀ ਤੋਂ ਬੇਚੈਨ ਲੋਕਾਂ ਵਿਚ ਗੁੱਸਾ ਵਧ ਰਿਹਾ ਹੈ। ਇਜ਼ਰਾਇਲੀ ਹਕੂਮਤ ਦੇ ਇਸ ਘਿਣਾਉਣੇ ਕਾਰੇ ਦੀ ਪੂਰੀ ਦੁਨੀਆ ਵਿਚ ਨਿਖੇਧੀ ਹੋ ਰਹੀ ਹੈ। ਯੂਰਪ ਦੇ ਲੋਕ ਬਹੁਤ ਵੱਡੀ ਗਿਣਤੀ ਵਿਚ ਮੁਜ਼ਾਹਰੇ ਕਰ ਰਹੇ ਹਨ। ਇਟਲੀ ਦੇ ਲੋਕਾਂ ਨੇ ਸੜਕਾਂ ਉੱਪਰ ਆ ਕੇ ਇਸ ਆਵਾਜ਼ ਵਿਚ ਆਪਣੀ ਆਵਾਜ਼ ਮਿਲਾ ਕੇ ਇਕਜੁੱਟਤਾ ਨੂੰ ਹੋਰ ਬੁਲੰਦ ਕੀਤਾ ਹੈ।

ਹਾਲ ਹੀ ਵਿਚ ਦਹਿ-ਹਜ਼ਾਰਾਂ ਲੋਕ ਇਟਲੀ ਦੇ ਦਰਜਨਾਂ ਸ਼ਹਿਰਾਂ ਦੀਆਂ ਸੜਕਾਂ 'ਤੇ ਨਿੱਕਲ ਆਏ- ਸਕੂਲ ਬੰਦ ਰਹੇ, ਰੇਲ ਸੇਵਾਵਾਂ ਠੱਪ ਰਹੀਆਂ ਅਤੇ ਬੰਦਰਗਾਹਾਂ ਤੇ ਸੜਕਾਂ ਵੀ ਰੋਕੀਆਂ ਗਈਆਂ- ਇਹ ਗਾਜ਼ਾ ਉੱਪਰ ਇਜ਼ਰਾਇਲੀ ਹਮਲੇ ਵਿਰੁੱਧ ਯੂਰਪ ਦੇ ਸਭ ਤੋਂ ਵੱਡੇ ਮੁਜ਼ਾਹਰਿਆਂ ਵਿਚੋਂ ਇਕ ਹੋ ਨਿੱਬੜਿਆ।

ਇਸ ਵਧ ਰਹੇ ਲੋਕ ਦਬਾਅ ਦਾ ਹੀ ਸਿੱਟਾ ਹੈ ਕਿ ਬਰਤਾਨੀਆ, ਆਸਟ੍ਰੇਲੀਆ, ਪੁਰਤਗਾਲ ਅਤੇ ਕੈਨੇਡਾ ਨੂੰ ਫ਼ਲਸਤੀਨੀ ਸਟੇਟ ਨੂੰ ਮਾਨਤਾ ਦੇਣ ਦਾ ਅੱਕ ਚੱਬਣਾ ਪਿਆ ਹੈ। ਫਰਾਂਸ ਅਤੇ ਕਈ ਹੋਰ ਮੁਲਕ ਵੀ 22 ਸਤੰਬਰ ਨੂੰ ਸੰਯੁਕਤ ਰਾਸ਼ਟਰ ਮਹਾਸਭਾ 'ਚ ਫ਼ਲਸਤੀਨੀ ਰਾਜ ਨੂੰ ਮਾਨਤਾ ਦੇਣ ਦੀ ਤਿਆਰੀ 'ਚ ਸਨ ਤਾਂ ਇਟਲੀ ਦੇ ਲੋਕਾਂ ਨੇ ਫ਼ਲਸਤੀਨ ਦੇ ਹੱਕ 'ਚ ਮੁਜ਼ਾਹਰੇ ਕਰ ਕੇ ਆਪਣੀ ਸਰਕਾਰ ਉੱਪਰ ਦਬਾਅ ਪਾਉਣ ਲਈ ਨਵਾਂ ਇਤਿਹਾਸ ਰਚਿਆ। ਪ੍ਰਧਾਨ ਮੰਤਰੀ ਮੇਲੋਨੀ ਨੇ ਪਿੱਛੇ ਜਿਹੇ ਬੇਸ਼ਰਮੀ ਨਾਲ ਬਿਆਨ ਦਿੱਤਾ ਸੀ ਕਿ ਫ਼ਲਸਤੀਨ ਦਾ ਰਾਜ ਅਧਿਕਾਰਿਕ ਤੌਰ 'ਤੇ ਸਥਾਪਤ ਨਾ ਕਾਰਨ ਉਸ ਨੂੰ ਮਾਨਤਾ ਦੇਣਾ ਹਾਨੀਕਾਰਕ ਹੋ ਸਕਦਾ ਹੈ। ਇਸ ਨਾਲ ਪਹਿਲਾਂ ਹੀ ਟਰੰਪ ਨਾਲ ਆਪਣੇ ਹੁਕਮਰਾਨਾਂ ਦੀ ਮਿਲ਼ੀਭੁਗਤ ਤੋਂ ਅੱਕੇ ਇਤਾਲਵੀ ਲੋਕਾਂ ਦਾ ਗੁੱਸਾ ਹੋਰ ਵਧ ਗਿਆ।

ਸਾਰੇ ਇਟਲੀ ਦੀਆਂ ਜ਼ਮੀਨੀ ਪੱਧਰ ਦੀਆਂ ਯੂਨੀਅਨਾਂ ਨੇ 22 ਸਤੰਬਰ ਨੂੰ ਗਾਜ਼ਾ ਦੇ ਲੋਕਾਂ ਨਾਲ ਇਕਜੁੱਟਤਾ ਪ੍ਰਗਟਾਉਂਦਿਆਂ 24 ਘੰਟਿਆਂ ਦੀ ਆਮ ਹੜਤਾਲ ਦਾ ਇਹ ਕਹਿੰਦੇ ਹੋਏ ਐਲਾਨ ਕੀਤਾ ਕਿ ਇਟਲੀ ਅਤੇ ਯੂਰਪੀ ਸੰਘ ਦੀਆਂ ਸਰਕਾਰਾਂ ਦਾ ਗਾਜ਼ਾ ਦੇ ਮਾਨਵੀ ਸੰਕਟ ਪ੍ਰਤੀ ਘੇਸਲ ਵੱਟਣਾ ਉਨ੍ਹਾਂ ਨੂੰ ਮਨਜ਼ੂਰ ਨਹੀਂ ਹੈ।

ਮਿਲਾਨ ਤੋਂ ਪਲੇਰਮੋ ਤੱਕ, ਮੁਲਕ ਦੀਆਂ ਘੱਟੋ-ਘੱਟ 75 ਮਿਉਂਸਪੈਲਿਟੀ ਵਿਚ ਲੋਕ ਸੜਕਾਂ 'ਤੇ ਉਤਰ ਆਏ। ਮਜ਼ਦੂਰਾਂ ਵੱਲੋਂ ਭਲੋਚਚਹਿਮੋ ਟੁਟਟੋ (ਸੱਭ ਕੁਝ ਰੋਕ ਦਿਓ) ਦੇ ਨਾਅਰੇ ਹੇਠ ਬੰਦਰਗਾਹ, ਸੜਕਾਂ 'ਤੇ ਕੰਮ-ਕਾਜ ਠੱਪ ਕਰ ਦਿੱਤੇ ਗਏ ਤਾਂ ਜੋ ਇਜ਼ਰਾਈਲ ਨੂੰ ਹਥਿਆਰਾਂ ਦੀ ਸਪਲਾਈ ਰੋਕੀ ਜਾਵੇ ਅਤੇ ਕੂਟਨੀਤਕ ਸੰਬੰਧ ਤੋੜੇ ਜਾਣ। 75 ਤੋਂ ਵੱਧ ਸ਼ਹਿਰਾਂ ਵਿਚ ਹੜਤਾਲ ਤੇ ਪ੍ਰਦਰਸ਼ਨ ਹੋਏ। ਡੌਕ ਮਜ਼ਦੂਰ, ਅਧਿਆਪਕ, ਧਾਤੂ ਮਜ਼ਦੂਰ ਅਤੇ ਸਰਕਾਰੀ ਮੁਲਾਜ਼ਮ ਸ਼ਾਮਲ ਹੋਏ; ਸਕੂਲ ਤੇ ਯੂਨੀਵਰਸਿਟੀਆਂ ਬੰਦ ਰਹੀਆਂ। ਇਹ ਸਭ ਉਸ ਮੁਲਕ ਵਿਚ ਹੋਇਆ ਜਿਸਦੀ ਸਰਕਾਰ ਨਵ-ਫ਼ਾਸੀਵਾਦੀ ਅਤੇ ਇਜ਼ਰਾਈਲ-ਪ੍ਰਸਤ ਹੈ।

ਆਯੋਜਕਾਂ ਦੇ ਅਨੁਸਾਰ ਉੱਤਰੀ ਸ਼ਹਿਰ ਮਿਲਾਨ ਵਿਚ 50,000 ਲੋਕ ਮੁਜ਼ਾਹਰੇ ਵਿਚ ਸ਼ਾਮਲ ਹੋਏ, ਜਦਕਿ ਬੋਲੋਨੀਆ ਵਿਚ ਪੁਲਿਸ ਨੇ ਇਹ ਗਿਣਤੀ 10,000 ਤੋਂ ਵੱਧ ਦੱਸੀ। ਮਿਲਾਨ ਵਿਚ ਕਾਲੇ ਕੱਪੜੇ ਪਹਿਨੀਂ ਅਤੇ ਡੰਡਿਆਂ ਨਾਲ ਲੈਸ ਮੁਜ਼ਾਹਰਾਕਾਰੀਆਂ ਨੇ ਗੁੱਸੇ 'ਚ ਆ ਕੇ ਸ਼ਹਿਰ ਦੇ ਕੇਂਦਰੀ ਰੇਲਵੇ ਸਟੇਸ਼ਨ ਦੇ ਮੁੱਖ ਦਰਵਾਜ਼ੇ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਅਤੇ ਪੁਲਿਸ ਉੱਪਰ ਧੂੰਏਂ ਦੇ ਬੰਬ, ਬੋਤਲਾਂ ਅਤੇ ਪੱਥਰ ਸੁੱਟੇ। ਬੋਲੋਨੀਆ ਵਿਚ ਸੜਕ ਰੋਕਣ ਵਾਲੇ ਮੁਜ਼ਾਹਰਾਕਾਰੀਆਂ ਨੂੰ ਖਿੰਡਾਉਣ ਲਈ ਪੁਲਿਸ ਪਾਣੀ ਦੀ ਤੋਪ ਵਰਤਦੀ ਦੇਖੀ ਗਈ। ਸਥਾਨਕ ਖ਼ਬਰਾਂ ਅਨੁਸਾਰ ਮਿਲਾਨ ਵਿਚ 10 ਤੋਂ ਵੱਧ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਲਗਭਗ 60 ਪੁਲਸੀਏ ਜ਼ਖ਼ਮੀ ਹੋਏ। ਜੇਨੋਆ ਅਤੇ ਲਿਵੋਰਨੋ ਵਿਚ ਬੰਦਰਗਾਹ ਮਜ਼ਦੂਰ ਇਸ ਨੂੰ ਲੈ ਕੇ ਚਿੰਤਤ ਸਨ ਕਿ ਇਟਲੀ ਦਾ ਇਸਤੇਮਾਲ ਇਜ਼ਰਾਈਲ ਨੂੰ ਹਥਿਆਰ ਪਹੁੰਚਾਉਣ ਦੇ ਅੱਡੇ ਵਜੋਂ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੇ ਬੰਦਰਗਾਹਾਂ ਬੰਦ ਕਰ ਦਿੱਤੀਆਂ। ਰੋਮ ਵਿੱਚ 20,000 ਤੋਂ ਵੱਧ ਲੋਕ ਫ਼ਲਸਤੀਨੀ ਝੰਡੇ ਲਹਿਰਾਉਂਦੇ ਅਤੇ 'ਫ੍ਰੀ ਫ਼ਲਸਤੀਨ' ਦੇ ਨਾਅਰੇ ਲਗਾਉਂਦੇ ਹੋਏ ਟਰਮਿਨੀ ਰੇਲਵੇ ਸਟੇਸ਼ਨ ਦੇ ਬਾਹਰ ਇਕੱਠੇ ਹੋਏ। ਅੱਲ੍ਹੜ ਵਿਦਿਆਰਥੀ ਕਹਿ ਰਹੇ ਸਨ ਕਿ ਉਹ ਉਸ ਅਬਾਦੀ ਦੀ ਹਮਾਇਤ ਕਰਨ ਆਏ ਹਨ ਜਿਨ੍ਹਾਂ ਦਾ ਕੁਲ-ਨਾਸ਼ ਕੀਤਾ ਜਾ ਰਿਹਾ ਹੈ। ਗਾਜ਼ਾ ਵਿਚ ਬੱਚਿਆਂ ਦੇ ਮਾਰੇ ਜਾਣ ਅਤੇ ਹਸਪਤਾਲਾਂ ਦੇ ਤਬਾਹ ਹੋਣ ਦੀਆਂ ਖ਼ਬਰਾਂ ਨੇ ਉਸਨੂੰ ਸੜਕਾਂ 'ਤੇ ਲਿਆਂਦਾ ਹੈ। ਵਿਦਿਆਰਥੀ ਸੰਯੁਕਤ ਰਾਸ਼ਟਰ ਕਮਿਸ਼ਨ ਦੀ ਹਾਲੀਆ ਰਿਪੋਰਟ ਤੋਂ ਬਖ਼ੂਬੀ ਜਾਣੂ ਸਨ। ਉਹ ਮੀਡੀਆ ਅਤੇ ਸਰਕਾਰਾਂ ਵੱਲੋਂ ਗਾਜ਼ਾ ਦੇ ਸੰਕਟ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਅਤੇ ਇਸ ਭਿਆਨਕ ਸੰਕਟ ਪ੍ਰਤੀ ਅੰਤਰਰਾਸ਼ਟਰੀ ਚੁੱਪ ਤੋਂ ਔਖੇ ਸਨ। ਉਹ ਇਸ ਬਾਰੇ ਵੀ ਸਪਸ਼ਟ ਸਨ ਕਿ ਉਹ ਯਹੂਦੀ ਲੋਕਾਂ ਦੇ ਨਹੀਂ ਸਗੋਂ ਕਤਲੇਆਮ ਮਚਾਉਣ ਵਾਲੀ ਇਜ਼ਰਾਈਲ ਸਰਕਾਰ ਦਾ ਵਿਰੋਧ ਕਰਨ ਲਈ ਆਏ ਹਨ। ਇਟਲੀ ਨੂੰ ਠੱਪ ਕਰਕੇ ਸਰਕਾਰ ਉੱਪਰ ਦਬਾਅ ਪਾਉਣ ਦਾ ਉਨ੍ਹਾਂ ਦਾ ਇਰਾਦਾ ਸਪਸ਼ਟ ਸੀ।

'ਲੈਟਸ ਬਲੌਕ ਐਵਰੀਥਿੰਗ' (ਸਭ ਕੁਝ ਰੋਕ ਦਿਉ) ਦੇ ਨਾਅਰੇ ਹੇਠ, ਹੜਤਾਲ ਵਿਚ ਸ਼ਾਮਲ ਲੋਕਾਂ ਨੇ ਸਰਕਾਰ ਨੂੰ ਇਜ਼ਰਾਈਲ ਨਾਲ ਵਪਾਰਕ ਅਤੇ ਫ਼ੌਜੀ ਸਹਿਯੋਗ ਮੁਅੱਤਲ ਕਰਨ ਦੀ ਮੰਗ ਕੀਤੀ ਅਤੇ ਗਲੋਬਲ ਸੁਮੂਦ ਫ਼ਲੋਟੀਲਾ ਦੀ ਹਮਾਇਤ ਕੀਤੀ- ਇਹ 51 ਛੋਟੀਆਂ ਕਿਸ਼ਤੀਆਂ ਦੀ ਅੰਤਰਰਾਸ਼ਟਰੀ ਪਹਿਲਕਦਮੀਂ ਹੈ ਜੋ ਇਜ਼ਰਾਈਲ ਦੀ ਸਮੁੰਦਰੀ ਨਾਕਾਬੰਦੀ ਤੋੜ ਕੇ ਗਾਜ਼ਾ ਵਿਚ ਮਾਨਵੀ ਸਹਾਇਤਾ ਪਹੁੰਚਾਉਣ ਦੇ ਮਿਸ਼ਨ ਤਹਿਤ ਗਾਜ਼ਾ ਨੂੰ ਜਾ ਰਹੇ ਹਨ। ਇਸ ਇਕਮੁੱਠਤਾ ਕਾਫ਼ਲੇ ਨੂੰ ਦਹਿਸ਼ਤਜ਼ਦਾ ਕਰਕੇ ਵਾਪਸ ਮੋੜਨ ਲਈ ਇਜ਼ਰਾਇਲੀ ਹਕੂਮਤ ਅੰਤਰਰਾਸ਼ਟਰੀ ਸਮੁੰਦਰੀ ਖੇਤਰ ਵਿਚ ਸ਼ਰੇਆਮ ਗੁੰਡਾਗਰਦੀ ਕਰ ਰਹੀ ਹੈ। ਡਰੋਨਾਂ ਰਾਹੀਂ ਕਾਫ਼ਲੇ ਦੀ ਨਿਗਰਾਨੀ ਕਰਕੇ ਅਤੇ ਧਮਾਕੇ ਕਰਕੇ ਰਸਦ ਲੈ ਕੇ ਜਾ ਰਹੇ ਲੋਕਾਂ ਨੂੰ ਡਰਾਉਣ-ਧਮਕਾਉਣ ਦੀ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਵਿਆਪਕ ਜਨਤਕ ਵਿਰੋਧ ਤੋਂ ਬੌਖਲਾਈ ਪ੍ਰਧਾਨ ਮੰਤਰੀ ਅਤੇ ਹੋਰ ਮੰਤਰੀਆਂ ਨੇ ਹੜਤਾਲ ਨੂੰ 'ਖੱਬੇਪੱਖੀਆਂ ਦੀ ਰਾਜਨੀਤਕ ਲਾਮਬੰਦੀ' ਕਰਾਰ ਦੇ ਕੇ ਇਸ ਦੇ ਮਹੱਤਵ ਨੂੰ ਘੱਟੇ ਰੋਲ਼ਣ ਦੀ ਕੋਸ਼ਿਸ਼ ਕੀਤੀ ਪਰ ਦੁਨੀਆ ਨੇ ਦੇਖ ਲਿਆ ਕਿ ਇਟਲੀ ਦੇ ਲੋਕ ਸਰਕਾਰ ਦੀ ਗਾਜ਼ਾ ਨੀਤੀ ਅਤੇ ਟਰੰਪ ਸਰਕਾਰ ਨਾਲ ਨੇੜਤਾ ਤੋਂ ਖ਼ਫ਼ਾ ਹਨ। ਫ਼ਲਸਤੀਨ ਨੂੰ ਮਾਨਤਾ ਦੇਣ ਤੋਂ ਪੈਰ ਖਿੱਚ ਰਹੀ ਸਰਕਾਰ ਨੂੰ ਲੋਕ ਐਕਸ਼ਨ ਦੇ ਦਬਾਅ ਹੇਠ ਸਮੂਦ ਫਲੋਟੀਲਾ ਦੀ ਰੱਖਿਆ ਲਈ ਇਟਲੀ ਦਾ ਸਮੁੰਦਰੀ ਬੇੜਾ ਭੇਜਣ ਨੂੰ ਮਨਜ਼ੂਰੀ ਦੇਣੀ ਪਈ। ਨਿਆਂਪਸੰਦ ਲੋਕਾਂ ਦੀ ਸੁਮੂਦ ਫਲੋਟਿਲਾ ਨੂੰ ਨੇਵੀ ਜਹਾਜ਼ਾਂ ਵੱਲੋਂ ਸੁਰੱਖਿਆ ਦੇਣ ਦੀ ਮੰਗ ਇਟਲੀ ਅਤੇ ਸਪੇਨ ਦੀਆਂ ਸਰਕਾਰਾਂ ਨੂੰ ਮੰਨਣੀ ਪਈ ਹੈ।

ਇਟਲੀ ਦੀ ਇਹ ਆਮ ਹੜਤਾਲ ਸਧਾਰਨ ਵਿਰੋਧ ਨਹੀਂ ਹੈ, ਅਮਰੀਕੀ-ਇਜ਼ਰਾਇਲੀ ਦਹਿਸ਼ਤਵਾਦ ਵਿਰੁੱਧ ਲੋਕ ਆਵਾਜ਼ ਪੱਖੋਂ ਇਸਦਾ ਬਹੁਤ ਵੱਡਾ ਮਹੱਤਵ ਹੈ। ਇਹ ਇਟਲੀ ਦੇ ਮਜ਼ਦੂਰਾਂ ਦੀ ਆਪਣੀ ਸਰਕਾਰ ਦੀ ਗਾਜ਼ਾ ਕਤਲੇਆਮ ਵਿਚ ਮਿਲੀਭੁਗਤ ਦੇ ਖ਼ਿਲਾਫ਼ ਰੋਹ ਦਾ ਪ੍ਰਗਟਾਵਾ ਹੈ ਅਤੇ ਇਹ ਫ਼ਲਸਤੀਨ ਦੀ ਹਮਾਇਤ 'ਚ ਦੁਨੀਆ ਭਰ ਦਾ ਮਜ਼ਦੂਰ ਜਮਾਤ ਦਾ ਪਹਿਲਾ ਵੱਡਾ ਅੰਦੋਲਨ ਹੈ।

ਇਹ ਰਾਜਨੀਤਕ ਚੇਤਨਾ ਵਾਲੀ ਹੜਤਾਲ ਸੀ—ਇਹ ਤਨਖ਼ਾਹ ਜਾਂ ਆਰਥਕ ਮੰਗਾਂ ਲਈ ਨਹੀਂ ਸੀ, ਸਗੋਂ ਸਾਮਰਾਜੀ ਜੰਗਬਾਜ਼ ਹਮਲਿਆਂ ਦੇ ਖ਼ਿਲਾਫ਼ ਲੋਕ ਆਵਾਜ਼ ਸੀ ਅਤੇ ਇਹ ਦਰਸਾਉਂਦੀ ਹੈ ਕਿ ਦੱਬੀਆਂ-ਕੁਚਲੀਆਂ ਕੌਮਾਂ ਨਾਲ ਇਕਜੁੱਟਤਾ ਤਹਿਤ ਭਵਿੱਖ 'ਚ ਵਰਗ ਸੰਘਰਸ਼ ਤੇਜ਼ ਹੋਣ ਦੀ ਵੱਡੀ ਸੰਭਾਵਨਾ ਹੈ। ਇਹ ਹੜਤਾਲ ਫ਼ਲਸਤੀਨ ਨਾਲ ਅੰਤਰਰਾਸ਼ਟਰੀ ਏਕਤਾ ਦਾ ਇਕ ਇਤਿਹਾਸਕ ਅਤੇ ਨਵਾਂ ਪੜਾਅ ਹੈ, ਜੋ ਫ਼ਲਸਤੀਨੀ ਕਾਜ ਦੇ ਹੱਕ ਵਿਚ ਯਮਨ, ਇਰਾਨ, ਲਿਬਨਾਨ ਆਦਿ ਦੇ ਲੋਕਾਂ ਅਤੇ ਵਿਸ਼ਵ-ਵਿਆਪੀ ਵਿਦਿਆਰਥੀ ਅੰਦੋਲਨਾਂ ਵਾਂਗ ਮਹੱਤਵ ਰੱਖਦੀ ਹੈ। ਇਸ ਹੜਤਾਲ ਨੇ ਪੱਛਮੀ ਮੁਲਕਾਂ ਵੱਲੋਂ 'ਫ਼ਲਸਤੀਨੀ ਰਾਜ' ਨੂੰ ਝੂਠੀ ਮਾਨਤਾ ਦੇ ਢੌਂਗ ਨੂੰ ਬੇਨਕਾਬ ਕੀਤਾ, ਜਿਸਦਾ ਕੋਈ ਠੋਸ ਮਤਲਬ ਨਹੀਂ ਹੈ, ਸਗੋਂ ਇਹ ਸਿਰਫ਼ ਬਦਨਾਮ ਫ਼ਲਸਤੀਨੀ ਅਥਾਰਟੀ ਨੂੰ ਸਹਾਰਾ ਦੇਣ ਅਤੇ ਅਸਲ ਮੁੱਦੇ ਤੋਂ ਧਿਆਨ ਭਟਕਾਉਣ ਦਾ ਹਥਕੰਡਾ ਹੈ। ਇਟਲੀ ਦੇ ਮਜ਼ਦੂਰਾਂ ਨੇ ਇਹ ਭਰਮ ਰੱਦ ਕਰਕੇ ਪੱਛਮੀ ਸਾਮਰਾਜੀ ਤਾਕਤਾਂ ਨੂੰ ਸੁਮੂਦ ਕਾਫ਼ਲੇ ਦੀ ਸੁਰੱਖਿਆ ਲਈ ਨੇਵੀ ਜਹਾਜ਼ ਭੇਜਣ ਵਰਗੇ ਠੋਸ ਫ਼ੈਸਲੇ ਲੈਣ ਲਈ ਮਜਬੂਰ ਕੀਤਾ ਹੈ ਅਤੇ ਇੰਝ ਆਪਣਾ ਇਤਿਹਾਸਕ ਫ਼ਰਜ਼ ਨਿਭਾਇਆ ਹੈ।

# ਗਾਜ਼ਾ ਫ਼ਲੋਟੀਲਾ ਵਧ ਰਹੇ ਆਲਮੀ ਅੰਦੋਲਨ ਦਾ ਪ੍ਰਤੀਕ

***ਉੱਘੇ ਪੱਤਰਕਾਰ, ਛੇ ਮਕਬੂਲ ਕਿਤਾਬਾਂ ਦੇ ਲੇਖਕ ਅਤੇ ਦ ਪਾਲਿਸਤਾਈਨ ਕ੍ਰੌਨਿਕਲ ਦੇ ਸੰਪਾਦਕ ਡਾ. ਰਮਜ਼ੀ ਬਾਰੌਦ ਨੇ ਆਲਮੀ ਇਕਜੁੱਟਤਾ ਫ਼ਲੋਟੀਲਾ ਦੇ ਵੱਡੇ ਮਹੱਤਵ ਨੂੰ ਬਖ਼ੂਬੀ ਪਛਾਣਿਆ ਹੈ । ਉਹ ਸੈਂਟਰ ਫ਼ਾਰ ਇਸਲਾਮ ਐਂਡ ਗਲੋਬਲ ਅਫੇਅਰਜ਼ (ਛੀਘਓ) ਵਿਚ ਨਾਨ-ਰੈਜ਼ੀਡੈਂਟ ਸੀਨੀਅਰ ਰਿਸਰਚ ਫੈਲੋ ਹਨ ਅਤੇ ਫ਼ਲਸਤੀਨੀਂ ਮੁਕਤੀ ਕਾਜ ਦੀ ਡੂੰਘੀ ਸਮਝ ਰੱਖਦੇ ਹਨ। ਦੁਨੀਆ ਭਰ 'ਚ ਇਜ਼ਰਾਇਲੀ-ਅਮਰੀਕੀ ਨਸਲਵਾਦੀ ਧਾੜਵੀ ਹਮਲੇ ਨੂੰ ਚੁਣੌਤੀ ਦੇ ਰਹੇ ਲੋਕ ਅੰਦੋਲਨਾਂ ਵਿਚ ਮੌਜੂਦਾ ਫ਼ਲੋਟੀਲਾ ਦੇ ਮਹੱਤਵ ਨੂੰ ਸਮਝਣ ਲਈ ਇਸ ਟਿੱਪਣੀ ਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ ਜਿਸਦਾ ਅਨੁਵਾਦ ਸਾਡੇ ਕਾਲਮ-ਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਉਚੇਚੇ ਤੌਰ 'ਤੇ ਕੀਤਾ ਹੈ।-ਸੰਪਾਦਕ॥***

ਇਜ਼ਰਾਈਲ ਸਰਕਾਰ ਦੀਆਂ ਕਾਰਵਾਈਆਂ ਅਤੇ ਬਿਆਨਬਾਜ਼ੀ ਨੂੰ ਵੇਖਣਾ ਹੀ ਗਾਜ਼ਾ ਵੱਲ ਰਵਾਨਾ ਹੋ ਰਹੇ ਇਕਜੁੱਟਤਾ ਫ਼ਲੋਟੀਲਾ ਦੇ ਡੂੰਘੇ ਮਹੱਤਵ ਨੂੰ ਸਮਝਣ ਲਈ ਕਾਫ਼ੀ ਹੈ। ਜਿਉਂ ਹੀ ਸਭ ਤੋਂ ਨਵਾਂ ਅਤੇ ਹੁਣ ਤੱਕ ਦਾ ਸਭ ਤੋਂ ਮਹੱਤਵਪੂਰਨ ਯਤਨ— ਗਲੋਬਲ ਸੌਲਿਡੈਰਿਟੀ ਫ਼ਲੋਟੀਲਾ — ਸਮੁੰਦਰੀ ਸਫ਼ਰ ਲਈ ਰਵਾਨਾ ਹੋਇਆ, ਇਜ਼ਰਾਈਲ ਦੀ ਦੁਸ਼ਮਣਾਨਾ ਸੁਰ ਹੋਰ ਵੀ ਤਿੱਖੀ ਹੋ ਗਈ ਹੈ, ਜੋ ਕੌਮੀ ਸੁਰੱਖਿਆ ਮੰਤਰੀ ਇਤਮਾਰ ਬੇਨ-ਗਵੀਰ ਦੀ ਬੋਲ ਬਾਣੀ 'ਚ ਸਭ ਤੋਂ ਤਿੱਖੇ ਅੰਦਾਜ਼ ਵਿਚ ਸਾਹਮਣੇ ਆਈ।

ਇਸ ਅਤਿਵਾਦੀ ਮੰਤਰੀ ਨੇ ਡਰਾਉਣਾ ਐਲਾਨ ਕੀਤਾ ਹੈ ਕਿ ਫ਼ਲੋਟੀਲਾ 'ਤੇ ਸਵਾਰ ਸਾਰੇ ਵਾਲੰਟੀਅਰ 'ਦਹਿਸ਼ਤਗਰਦ' ਹਨ ਅਤੇ ਉਨ੍ਹਾਂ ਨਾਲ ਇਸੇ ਤਰ੍ਹਾਂ ਨਜਿੱਠਿਆ ਜਾਵੇਗਾ। ਅਹਿੰਸਕ ਕਾਰਕੁਨਾਂ ਨੂੰ ਦਹਿਸ਼ਤਗਰਦ ਮੰਨਣ ਦੇ ਭਿਆਨਕ ਮਤਲਬ ਨੂੰ ਸਮਝਣ ਲਈ 'ਦ ਗਾਰਡੀਅਨ' ਅਖ਼ਬਾਰ ਦੀ ਹਾਲੀਆ ਜਾਂਚ 'ਤੇ ਧਿਆਨ ਦੇਣਾ ਜ਼ਰੂਰੀ ਹੈ। ਰਿਪੋਰਟ ਵਿਚ ਖ਼ੁਲਾਸਾ ਹੋਇਆ ਕਿ ਕਤਲੇਆਮ ਦੇ ਪਹਿਲੇ 19 ਮਹੀਨਿਆਂ ਵਿਚ ਗਾਜ਼ਾ 'ਚ ਕੈਦ ਕੀਤੇ ਗਏ 6,000








ਫ਼ਲਸਤੀਨੀਆਂ ਨੂੰ ਅਜਿਹੇ ਕਾਨੂੰਨ ਦੇ ਤਹਿਤ ਬੰਦ ਕੀਤਾ ਗਿਆ ਸੀ ਜੋ ਉਨ੍ਹਾਂ ਨੂੰ 'ਗੈਰ-ਕਾਨੂੰਨੀ ਲੜਾਕੂ'-ਭਾਵ ਦਹਿਸ਼ਤਗਰਦ ਵਜੋਂ ਦਰਜ ਕਰਦਾ ਹੈ ਅਤੇ ਇਸ ਤਰ੍ਹਾਂ ਅਨਿਸ਼ਚਿਤ ਸਮੇਂ ਲਈ ਕੈਦ ਰੱਖਣ ਦੀ ਇਜਾਜ਼ਤ ਦਿੰਦਾ ਹੈ।

ਜਾਂਚ ਵਿਚ ਸਾਹਮਣੇ ਆਇਆ ਕਿ ਇਨ੍ਹਾਂ ਵਿੱਚੋਂ ਵੱਡੀ ਗਿਣਤੀ ਦਰ ਅਸਲ ਆਮ ਨਾਗਰਿਕਾਂ ਦੀ ਹੈ— ਜਿਸ ਵਿਚ ਡਾਕਟਰ, ਅਧਿਆਪਕ, ਪੱਤਰਕਾਰ, ਸਰਕਾਰੀ ਨੌਕਰਸ਼ਾਹ ਅਤੇ ਬੱਚੇ ਸ਼ਾਮਲ ਹਨ। ਇਹ ਤੱਥ ਕਿ ਇਜ਼ਰਾਈਲ ਨੇ ਇਹੋ ਜਿਹੀ ਸਖ਼ਤ ਪਰਿਭਾਸ਼ਾ ਅੰਤਰਰਾਸ਼ਟਰੀ ਕਾਰਕੁਨਾਂ ਲਈ ਵੀ ਲਾਗੂ ਕਰ ਦਿੱਤੀ ਹੈ ਜਿਨ੍ਹਾਂ ਦਾ

*(ਬਾਕੀ ਅਗਲੇ ਸਫੇ 'ਤੇ)*

# ਪੰਜਾਬ ਦੀ ਧਰਤੀ-ਜ਼ਮੀਨ ਅਤੇ ਕਾਰਪੋਰੇਟ

## ਜ਼ਮੀਨ ਤੋਂ ਬਿਨਾ ਨਾਮ ਨਾਲ ਨਹੀਂ ਲੱਗਣਾ 'ਸਰਦਾਰ ਜੀ'

ਗੁਰਬਾਣੀ ਵਿਚ ਧਰਤੀ ਨੂੰ ਮਾਂ ਦਾ ਦਰਜਾ ਦਿੱਤਾ ਗਿਆ ਹੈ। ਇਸ ਦਾ ਕਾਰਨ ਹੈ ਕਿ ਇਨਸਾਨ ਜਦੋਂ ਪੈਦਾ ਹੁੰਦਾ ਹੈ ਉਸ ਨੂੰ ਮਾਂ ਦੀ ਗੋਦ ਵਿਚੋਂ ਸਾਰੀਆਂ ਦੁਨਿਆਵੀ ਅਤੇ ਸਰੀਰਕ (ਖਾਣ-ਪੀਣ) ਜ਼ਰੂਰਤਾਂ ਪੂਰੀਆਂ ਹੁੰਦੀਆਂ ਹਨ ਪਰ ਜਦੋਂ ਉਹ ਧਰਤੀ 'ਤੇ ਪੈਰ ਰੱਖਦਾ ਹੈ ਤਾਂ ਉਸ ਦੀਆਂ ਇਹ ਸਾਰੀਆਂ ਜ਼ਰੂਰਤਾਂ ਧਰਤੀ ਉਪਰੋਂ ਜਾਂ ਵਿਚੋਂ ਪੈਦਾ ਹੁੰਦੀਆਂ ਹਨ। ਇਸ ਵੇਲੇ ਧਰਤੀ ਦਾ ਆਕਾਰ 51 ਕਰੋੜ ਵਰਗ ਕਿਲੋਮੀਟਰ ਹੈ ਜਿਸ ਦਾ ਦੋ-ਤਿਹਾਈ ਹਿੱਸਾ ਪਾਣੀ ਨਾਲ ਢੱਕਿਆ ਹੋਇਆ ਹੈ ਅਤੇ ਇੱਕ-ਤਿਹਾਈ ਹਿੱਸੇ ਵਿਚ ਪਹਾੜ, ਜੰਗਲ, ਸ਼ਹਿਰ-ਪਿੰਡ ਵਸਦੇ ਹਨ ਅਤੇ ਖੇਤੀ ਹੁੰਦੀ ਹੈ ਜਿਸ ਤੋਂ ਰੋਟੀ ਅਤੇ ਕੱਪੜਾ ਮਿਲਦਾ ਹੈ।



**ਡਾ. ਐਸ.ਪੀ.ਐਸ. ਬਰਾੜ**
**ਫੋਨ: 9915194104**

ਇਸ ਵੇਲੇ ਧਰਤੀ 'ਤੇ ਕੁੱਲ ਅਬਾਦੀ 820 ਕਰੋੜ ਦੀ ਹੈ। ਇਹ ਅਬਾਦੀ ਸਾਧਨਾਂ ਅਨੁਸਾਰ ਕਿਤੇ ਸੰਘਣੀ ਅਤੇ ਕਿਤੇ ਵਿਰਲੀ ਹੈ। ਏਸ ਕਰਕੇ ਇਸ ਦੀ ਕੀਮਤ ਵੀ ਵੱਧ-ਘੱਟ ਹੈ। ਜਿੱਥੇ ਅਬਾਦੀ ਸੰਘਣੀ ਹੈ ਉਥੇ ਜ਼ਿਆਦਾ ਅਤੇ ਜਿੱਥੇ ਵਿਰਲੀ ਹੈ ਉੱਥੇ ਘੱਟ ਹੈ। ਅਬਾਦੀ ਤੋਂ ਇਲਾਵਾ ਧਰਤੀ ਦੀ ਕੀਮਤ ਖਰੀਦਣ ਵਾਲੇ ਦੀ ਲੋੜ ਅਤੇ ਵੇਚਣ ਵਾਲੇ ਦੀ ਇੱਛਾ 'ਤੇ ਵੀ ਨਿਰਭਰ ਕਰਦੀ ਹੈ। ਛੋਟੇ ਸਾਬਿਜ਼ਾਦਿਆਂ ਦੇ ਸਸਕਾਰ ਲਈ ਦੀਵਾਨ ਟੋਡਰ ਮੱਲ ਨੇ ਮੁਗ਼ਲਾਂ ਕੋਲੋਂ ਜ਼ਮੀਨ ਸੋਨੇ ਦੀਆਂ ਮੋਹਰਾਂ ਨਾਲ ਢੱਕ ਕੇ ਖਰੀਦੀ ਸੀ।

### ਧਰਤੀ ਅਤੇ ਜ਼ਮੀਨ ਵਿਚ ਫ਼ਰਕ:

ਸੌਰ ਮੰਡਲ ਵਿਚ ਪ੍ਰਿਥਵੀ ਇਕ ਗ੍ਰਹਿ ਹੈ ਜੋ ਸੂਰਜ ਦੁਆਲੇ ਘੁੰਮਦੀ ਹੈ। ਪਰ ਨਿੱਤ ਵਰਤੋਂ ਵਿਚ ਸ਼ਬਦ 'ਧਰਤੀ' ਪ੍ਰਿਥਵੀ ਦੇ ਉਸ ਹਿੱਸੇ ਲਈ ਵਰਤਿਆ ਜਾਂਦਾ ਹੈ ਜੋ ਪਾਣੀ ਹੇਠ ਨਹੀਂ ਹੈ ਭਾਵ ਸਮੁੰਦਰ ਤੋਂ ਪਾਸੇ ਹੈ । ਮੁੱਖ ਤੌਰ 'ਤੇ ਘਰ, ਸੜਕਾਂ, ਪਹਾੜ ਆਦਿ ਸਭ ਧਰਤੀ ਉੱਪਰ ਹੀ ਹਨ। ਧਰਤੀ ਵਿਚੋਂ ਹੀ ਕਈ ਪ੍ਰਕਾਰ ਦੇ ਖਣਿਜ ਅਤੇ ਧਾਤਾਂ ਕੱਢੀਆਂ ਜਾਂਦੀਆਂ ਹਨ।

ਦੂਜੇ ਪਾਸੇ ਜ਼ਮੀਨ ਧਰਤੀ ਦਾ ਉਹ ਉੱਪਰਲਾ ਹਿੱਸਾ ਹੈ ਜੋ ਉੱਪਜਾਊ ਹੈ ਅਤੇ ਬਨਾਸਪਤੀ ਉਗਾਉਣ ਦੇ ਅਨੁਕੂਲ ਹੈ ਭਾਵ ਧਰਤੀ ਦੀ ਉਹ ਉੱਪਰਲੀ ਪਰਤ ਜਿਸ ਵਿਚ ਤੁਸੀਂ ਅਨਾਜ, ਫਲ, ਫੁੱਲ, ਸਬਜ਼ੀਆਂ ਆਦਿ ਉਗਾ ਸਕੋ, ਉਸ ਨੂੰ ਜ਼ਮੀਨ ਕਿਹਾ ਜਾਂਦਾ ਹੈ ਜਾਂ ਕਹਿ ਲਿਆ ਜਾਵੇ ਜ਼ਮੀਨ ਗਲਤ ਵਰਤੋਂ ਕਾਰਨ ਜਾਂ ਸੇਮ ਕਾਰਨ ਬੰਜਰ ਹੋ ਸਕਦੀ ਹੈ, ਪਰ ਧਰਤੀ ਤਾਂ ਰਹੇਗੀ। ਧਰਤੀ ਤੋਂ ਉਪਜਾਊ ਜ਼ਮੀਨ ਬਣਦਿਆਂ ਹਜ਼ਾਰਾਂ ਸਾਲ ਲੱਗ ਜਾਂਦੇ ਹਨ। ਜਦੋਂ ਮਨੁੱਖ ਨੇ ਇੱਕ ਜਗ੍ਹਾ ਰਹਿਣਾ ਸ਼ੁਰੂ ਕੀਤਾ ਤਾਂ ਵਸੋਂ ਉਥੋਂ ਸ਼ੁਰੂ ਹੋਈ ਜਿੱਥੇ ਜ਼ਮੀਨ ਉੱਪਜਾਊ ਸੀ ਅਤੇ ਪੀਣ ਲਈ ਪਾਣੀ ਉੱਪਲਬਧ ਸੀ। ਇਹ ਵੀ ਕਥਨ ਹੈ 'ਜਿਹੋ ਜਿਹੀ ਜ਼ਮੀਨ, ਉਹੋ ਜਿਹੇ ਮਨੁੱਖ' ਮਤਲਬ ਜੇ ਜ਼ਮੀਨ ਸਿਹਤਮੰਦ ਹੈ ਤਾਂ ਉੱਥੇ ਅਬਾਦੀ ਵੀ ਸਿਹਤਮੰਦ ਹੋਵੇਗੀ।

ਜ਼ਮੀਨ ਦੇ ਪ੍ਰਬੰਧ ਲਈ ਕਈ ਤਰ੍ਹਾਂ ਦੇ ਸਿਸਟਮ ਚਲਾਏ ਗਏ। ਜ਼ਮੀਂਦਾਰੀ, ਜਾਗੀਰਦਾਰੀ, ਮਹਾਲਵਾਰੀ ਆਦਿ ਅਤੇ ਕਈ ਤਰ੍ਹਾਂ ਦੇ ਕਰਮਚਾਰੀ/ਅਹੁਦੇਦਾਰ ਵੀ ਨਿਯੁਕਤ ਕੀਤੇ ਗਏ ਜਿਵੇਂ ਕਿ ਕਰੋੜੀ, ਆਮੀਲ ਅਤੇ ਪਟਵਾਰੀ ਆਦਿ। ਕਿਸਾਨ ਕੋਲ ਜ਼ਮੀਨ ਵਾਹੁਣ ਦਾ ਹੱਕ ਓਨਾ ਚਿਰ ਹੀ ਸੀ ਜਿੰਨਾ ਚਿਰ ਉਹ ਮਾਲੀਆ ਦਿੰਦਾ ਸੀ। ਬਾਬਾ ਬੰਦਾ ਸਿੰਘ ਬਹਾਦਰ ਨੇ (1709-15) ਆਪਣੇ ਰਾਜਕਾਲ ਵਿਚ ਪੰਜਾਬ ਵਿਚ ਜਿਮੀਂਦਾਰੀ ਸਿਸਟਮ ਖ਼ਤਮ ਕਰ ਦਿੱਤਾ। ਇਸ ਲਈ ਜ਼ਮੀਨੀ ਭਾਵ ਜ਼ਮੀਨ ਦੀ ਮਾਲਕੀ ਸਰਕਾਰ ਤੋਂ ਕਿਸਾਨ ਨੂੰ ਮਿਲ ਗਈ ਜੋ ਸਿਸਟਮ ਅੱਜ ਵੀ ਚੱਲ ਰਿਹਾ ਹੈ।

### ਦੇਸ਼ ਦੀ ਵੰਡ:

ਸੰਨ 1947 ਵਿਚ ਦੇਸ਼ ਦੀ ਵੰਡ ਸਮੇਂ ਸਾਂਝੇ ਪੰਜਾਬ ਦਾ ਉਹ ਹਿੱਸਾ ਜਿਹੜਾ ਜ਼ਿਆਦਾ ਵਿਕਸਤ ਸੀ, ਜ਼ਮੀਨ ਜ਼ਿਆਦਾ ਉਪਜਾਊ ਅਤੇ ਪਾਣੀ ਦੇ ਸਾਧਨ ਜ਼ਿਆਦਾ ਸਨ ਉਹ ਪਾਕਿਸਤਾਨ ਵਿਚ ਚਲਾ ਗਿਆ। ਏਧਰਲੇ ਪੰਜਾਬ ਵਿਚ ਜ਼ਮੀਨ ਜ਼ਿਆਦਾਤਰ ਰੇਤਲੀ, ਟਿੱਬੇ, ਉੱਚੀ-ਨੀਵੀਂ ਅਤੇ ਕੱਲਰ ਵਾਲੀ ਸੀ। ਖ਼ਾਸ ਕਰਕੇ ਮਾਲਵੇ ਦਾ ਬਹੁਤਾ ਹਿੱਸਾ ਰੇਤਲਾ ਅਤੇ ਖ਼ੁਸ਼ਕੀ ਦਾ ਮਾਰਿਆ ਸੀ। ਅੱਜ ਜੋ ਪੱਧਰ ਜ਼ਮੀਨ ਉੱਪਰ ਇਕਸਾਰ ਕਣਕ-ਝੋਨਾ ਦਿਸਦਾ ਹੈ ਇਹ ਕਿਸਾਨਾਂ ਦੀ ਦਹਾਕਿਆਂ ਦੀ ਮਿਹਨਤ ਦਾ ਨਤੀਜਾ ਹੈ ਜਿਸ ਵਿਚ ਸਮੇਂ ਦੀ ਸਰਕਾਰ ਦਾ ਵੀ ਬਹੁਤ ਵੱਡਾ ਯੋਗਦਾਨ ਹੈ ਜਿਸ ਨੇ ਮੁਰੱਬਾਬੰਦੀ ਕਰਵਾਈ ਤਾਂ ਕਿ ਕਿਸਾਨਾਂ ਦੀ ਵੱਖ-ਵੱਖ ਟੁੱਕੜਿਆਂ ਵਿਚ ਪਈ ਜ਼ਮੀਨ ਇਕੱਠੀ ਹੋ ਸਕੇ। ਇਸ ਨਾਲ ਪਿੰਡਾਂ ਅਤੇ ਖੇਤਾਂ ਨੂੰ ਜਾਂਦੇ ਰਸਤੇ ਵੀ ਸਿੱਧੇ ਹੋਏ। ਤਕਨੀਕੀ ਵਿਕਾਸ ਲਈ ਯੂਨੀਵਰਸਿਟੀਆਂ, ਇੰਜਨੀਅਰਿੰਗ ਕਾਲਜ, ਆਈ.ਟੀ.ਆਈ. ਵਰਗੇ ਅਦਾਰੇ ਖੋਲ੍ਹੇ। ਪਾਣੀ ਦੇ ਇੰਤਜ਼ਾਮ ਲਈ ਸੱਤ-ਰੋਜ਼ੀ ਵਾਰੀ ਚਲਾਈ। ਕਿਸਾਨਾਂ ਦੀ ਸਹੂਲਤ ਲਈ ਪੀ.ਏ. ਡੀ.ਬੀ. (ਪੰਜਾਬ ਐਗਰੀਕਲਚਰ ਡੀਵੈਲਪਮੈਂਟ ਬੈਂਕ) ਅਤੇ ਕੋਆਪਰੇਟਿਵ ਬੈਂਕ ਅਤੇ ਕੋਆਪਰੇਟਿਵ ਸੋਸਾਇਟੀਆਂ ਖੋਲ੍ਹੀਆਂ। ਪਿੰਡਾਂ ਨੂੰ ਲਿੰਕ ਸੜਕਾਂ ਬਣਾਈਆਂ। ਮੰਡੀਕਰਨ ਸੁਧਾਰਿਆ, ਫ਼ੋਕਲ ਪੋਆਇੰਟ ਬਣਾਏ ਜਿਸ ਦੇ ਸਿੱਟੇ ਵਜੋਂ ਹਰੀ ਕ੍ਰਾਂਤੀ ਆਈ। ਦੇਸ਼ ਦੀ ਭੁੱਖ ਮਿਟੀ। ਸੂਬਾ ਖੇਤੀ, ਇੰਡਸਟਰੀ ਅਤੇ ਪ੍ਰਤੀ ਜੀਅ ਆਮਦਨ ਵਿਚ ਨੰਬਰ ਇੱਕ ਬਣਿਆ। ਸਭ ਤੋਂ ਵੱਡੀ ਗੱਲ, ਇਹ ਸਾਰੀ ਤਰੱਕੀ ਬਿਨਾਂ ਕੋਈ ਕਰਜ਼ਾ ਲਏ ਹੋਈ ਜਿੰਨਾ ਚਿਰ ਸਰਕਾਰ ਨੇ ਕੋਈ ਕਰਜ਼ਾ ਨਹੀਂ ਲਿਆ; ਸੂਬਾ ਇੱਕ ਨੰਬਰ ਰਿਹਾ। ਕਰਜ਼ਾ ਲੈਣ ਦੀ ਐਸੀ ਆਦਤ ਪਈ ਕਿ 1990 ਦੇ ਦਹਾਕੇ ਤੋਂ ਬਾਅਦ ਸਰਕਾਰ ਨੇ ਛਿੱਕ ਵੀ ਮਾਰਨੀ ਹੈ ਤਾਂ ਕਰਜ਼ਾ ਲੈ ਕੇ।

### ਜ਼ਮੀਨ ਦੀ ਬਣਤਰ:

ਪੰਜਾਬ ਦੀ ਜ਼ਮੀਨ ਦਰਿਆਵਾਂ ਦੀ ਰੋਹੜ ਨਾਲ ਲਿਆਂਦੀ ਮਿੱਟੀ ਤੋਂ ਬਣੀ ਹੈ ਅਤੇ ਇਸ ਨੂੰ 'ਅਲੂਵੀਅਲ ਸਾਇਲ' ਕਿਹਾ ਜਾਂਦਾ ਹੈ। ਏਸੇ ਕਰਕੇ ਇਸ ਵਿਚ ਚੀਕਣੀ ਮਿੱਟੀ (ਕਲੇਅ) ਪਣਾ (ਸਿਲਟ) ਅਤੇ ਰੇਤੇ ਦੀ ਮਾਤਰਾ ਵਿਚ ਜਗ੍ਹਾ-ਜਗ੍ਹਾ 'ਤੇ ਫ਼ਰਕ ਹੈ। ਸਾਇੰਸਦਾਨਾਂ ਨੇ ਜਿੰਨੇ ਕੁਦਰਤੀ ਤੱਤਾਂ ਦੀ ਹੁਣ ਤੱਕ ਪਹਿਚਾਣ ਕੀਤੀ ਹੈ ਉਨ੍ਹਾਂ ਵਿਚੋਂ ਬਹੁਤੇ ਜ਼ਮੀਨ ਵਿਚ ਪਾਏ ਜਾਂਦੇ ਹਨ, ਜੋ ਬਨਸਪਤੀ ਦੀ ਖੁਰਾਕ ਦਾ ਹਿੱਸਾ ਬਣਦੇ ਹਨ। ਬੂਟੇ ਦੇ ਵਧਣ-ਫੂਲਣ ਲਈ ਭਾਵੇਂ 16 ਤੱਤ ਜ਼ਰੂਰੀ ਹਨ ਪਰ ਆਮ ਬੂਟੇ ਵਿਚ 70 ਦੇ ਕਰੀਬ ਤੱਤ ਪਾਏ ਜਾਂਦੇ ਹਨ। ਇਨ੍ਹਾਂ 70 ਤੱਤਾਂ ਵਿਚੋਂ ਇਨਸਾਨਾਂ ਵਿਚ ਅੱਗੋਂ 60 ਤੱਤ ਪਾਏ ਜਾਂਦੇ ਹਨ। ਇਨ੍ਹਾਂ ਵਿਚੋਂ ਜ਼ਰੂਰੀ ਸਿਰਫ 25 ਤੱਤ ਹੀ ਗਿਣੇ ਜਾਂਦੇ ਹਨ। ਬਹੁਤਾ ਇਨਸਾਨੀ ਢਾਂਚਾ ਸਿਰਫ਼ 6 ਤੱਤਾਂ ਦਾ ਬਣਿਆ ਹੈ ਜਿਸ ਵਿਚ ਕਾਰਬਨ, ਆਕਸੀਜਨ, ਹਾਈਡਰੋਜਨ, ਨਾਈਟਰੋਜਨ, ਕੈਲਸ਼ੀਅਮ ਅਤੇ ਫਾਸਫੋਰਸ ਹਨ। ਇਸ ਦੇ ਨਾਲ ਗੰਧਕ (ਸਲਫ਼ਰ), ਪੋਟਾਸ਼ੀਅਮ, ਸੋਡੀਅਮ, ਕਲੋਰੀਨ ਅਤੇ ਮੈਗਨੀਸ਼ੀਅਮ। ਇਨ੍ਹਾਂ ਤੋਂ ਇਲਾਵਾ ਕੁਝ ਸੂਖਮ ਤੱਤ ਜਿਨ੍ਹਾਂ ਦੀ ਮਾਤਰਾ 0.01 ਪ੍ਰਤੀਸ਼ਤ ਤੋਂ ਘੱਟ ਹੁੰਦੀ ਹੈ। ਉਹ ਹਨ ਬੋਰੋਨ, ਕੈਡਮੀਅਮ, ਕਰੋਮੀਅਮ, ਕੋਬਾਲਟ, ਕਾਪਰ, ਫਲੋਰੀਨ, ਆਇਓਡੀਨ, ਆਇਰਨ, ਮੈਗਨੀਜ਼, ਮੋਲੀਬਡਿਨਮ, ਸਿਲੀਕੋਨ, ਟਿਨ, ਵਨੇਡੀਅਮ ਅਤੇ ਜ਼ਿੰਕ। ਏਸੇ ਕਰਕੇ ਸ਼ਾਕਾਹਾਰੀ ਲੋਕ ਬਨਸਪਤੀ ਵਿਚੋਂ ਵੀ ਸੰਤੁਲਤ ਖੁਰਾਕ ਲੈ ਲੈਂਦੇ ਹਨ। ਜਿਹੜੇ ਪੰਜਾਬੀ ਫ਼ੌਜੀਆਂ ਨੇ ਦੂਜੇ ਵਿਸ਼ਵ ਯੁੱਧ ਵਿਚ ਹਿੱਸਾ ਲਿਆ ਅਤੇ ਜੰਗਲਾਂ ਵਿਚ ਘਿਰ ਗਏ ਉਨ੍ਹਾਂ ਨੇ ਕਈ-ਕਈ ਦਿਨ ਕੱਚੀ ਬਨਸਪਤੀ 'ਤੇ ਹੀ ਗੁਜ਼ਾਰਾ ਕੀਤਾ।



### ਅੱਜ ਜ਼ਮੀਨ ਦੀ ਸਿਹਤ

ਅੱਜ-ਕਲ੍ਹ ਹਰ ਪੰਜਾਬੀ ਜਾਂ ਭਾਰਤੀ ਜੋ ਜ਼ਮੀਨ ਦੀ ਗੱਲ ਕਰਦਾ ਹੈ, ਉਹ ਇੱਕੋ ਗੱਲ ਕਰਦਾ ਹੈ ਕਿਸਾਨਾਂ ਨੇ ਰਸਾਇਣਕ ਖਾਦਾਂ ਅਤੇ ਜ਼ਹਿਰਾਂ (ਪੈਸਟੀਸਾਈਡ) ਪਾ ਕੇ ਜ਼ਮੀਨ ਦੀ ਸਿਹਤ ਖ਼ਰਾਬ ਕਰ ਦਿੱਤੀ/ਕਮਜ਼ੋਰ ਕਰ ਦਿੱਤੀ। ਇੱਥੋਂ ਤੱਕ ਕਹਿਣ ਵਿਚ ਵੀ ਗੁਰੇਜ਼ ਨਹੀਂ ਕਰਦੇ ਕਿ ਜ਼ਮੀਨਾਂ ਬੰਜਰ ਬਣਾ ਦਿੱਤੀਆਂ। ਇਨ੍ਹਾਂ ਲੋਕਾਂ ਕੋਲ ਪੇਸ਼ ਕਰਨ ਲਈ ਕੋਈ ਜਾਂਚ ਰਿਪੋਰਟ ਨਹੀਂ, ਬੱਸ, ਜੋ ਬੀਕਾਨੇਰ ਵਾਲੀ ਗੱਡੀ ਦੀ ਉਦਾਹਰਣ ਹੀ ਹੈ। ਮੈਂ ਇਹ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਬੀਕਾਨੇਰ ਨੂੰ ਜਾਂਦੀ ਕੈਂਸਰ ਦੇ ਇਲਾਜ ਲਈ ਗੱਡੀ ਜਾਂ ਇਥੋਂ ਦੇ ਹਸਪਤਾਲਾਂ ਵਿਚ ਵਧਦੇ ਮਰੀਜ਼ਾਂ ਲਈ ਜ਼ਿੰਮੇਵਾਰ ਕਿਸਾਨ ਨਹੀਂ ਬਲਕਿ ਇਥੋਂ ਦੀ ਇੰਡਸਟਰੀ, ਕਾਰਪੋਰੇਸ਼ਨਾਂ, ਨਗਰ ਪਾਲਿਕਾਵਾਂ ਅਤੇ ਪ੍ਰਦੂਸ਼ਣ ਕੰਟਰੋਲ ਬੋਰਡ ਹੈ। ਪੰਜਾਬ ਦੀ ਜ਼ਮੀਨ ਦੀਆਂ ਰਸਾਇਣਕ ਅਤੇ ਭੌਤਿਕ ਵਿਸ਼ੇਸ਼ਤਾਈਆਂ ਵਿਚ ਹਰੀ ਕ੍ਰਾਂਤੀ ਦੇ ਸਮੇਂ ਤੋਂ ਲੈ ਕੇ ਹੁਣ ਤੱਕ ਸੁਧਾਰ ਹੋਇਆ ਹੈ। ਜਿਹੜੀ ਜ਼ਮੀਨ ਔਸਤ ਹੈਕਟੇਅਰ ਦੇ 12 ਟਨ ਦਾਣੇ ਹਰ ਸਾਲ ਪੈਦਾ ਕਰਦੀ ਹੈ ਉਹ ਮਾੜੀ ਕਿਵੇਂ ਹੋ ਸਕਦੀ ਹੈ। ਰਹੀ ਗੱਲ ਰਸਾਇਣਕ ਖਾਦਾਂ ਦੀ, ਪੰਜਾਬ ਵਿਚ ਬਹੁਤੇ ਦੋ ਤੱਤ ਨਾਈਟਰੋਜਨ ਅਤੇ ਫਾਸਫੋਰਸ ਵਰਤੇ ਜਾਂਦੇ ਹਨ ਇਨ੍ਹਾਂ ਤੋਂ ਕਿਤੇ ਘੱਟ ਪੋਟਾਸ਼, ਜ਼ਿੰਕ, ਮੈਗਨੀਜ਼, ਆਇਰਨ ਜਾਂ ਕਾਪਰ ਆਦਿ। ਇਹ ਸਾਰੇ ਹੀ ਤੱਤ ਸਾਡੀ ਖ਼ੁਰਾਕ ਦਾ ਜ਼ਰੂਰੀ ਅੰਗ ਹਨ ਅਤੇ ਕਿਸੇ ਜ਼ਮੀਨ ਜਾਂ ਪਾਣੀ ਵਿਚ ਇਹ ਸਬੂਤ ਨਹੀਂ ਆਇਆ ਕਿ ਰਸਾਇਣਕ ਖਾਦਾਂ ਦੀ ਵਰਤੋਂ ਨਾਲ ਜ਼ਮੀਨ ਜਾਂ ਪਾਣੀ ਖ਼ਰਾਬ ਹੋ ਗਿਆ। ਜਿੱਥੋਂ ਤੱਕ ਪੈਸਟੀਸਾਈਡ ਦੀ ਵਰਤੋਂ ਦੀ ਗੱਲ ਹੈ, ਪੰਜਾਬ ਵਿਚ ਪੈਸਟੀਸਾਈਡ ਸਿਰਫ਼ 665 ਗ੍ਰਾਮ ਪ੍ਰਤੀ ਹੈਕਟੇਅਰ ਸਾਲਾਨਾ ਵਰਤੇ ਜਾਂਦੇ ਹਨ। ਜਦ ਕਿ ਚੀਨ ਵਿਚ 13 ਕਿਲੋ ਅਤੇ ਯੂ.ਕੇ., ਇੰਗਲੈਂਡ ਵਿਚ 6 ਕਿਲੋ ਪ੍ਰਤੀ ਹੈਕਟੇਅਰ ਹੈ। ਦੁਨੀਆ ਭਰ ਦੀ ਔਸਤ 2.37 ਕਿਲੋ ਪ੍ਰਤੀ ਹੈਕਟੇਅਰ ਹੈ। ਇਸ ਤੋਂ ਉਪਰ ਅੱਜ ਤੱਕ ਪੰਜਾਬ ਵਿਚ ਖੇਤੀਬਾੜੀ ਯੂਨੀਵਰਸਿਟੀ ਵਲੋਂ ਕਿਸੇ ਵੀ ਇਹੋ ਜਿਹੇ ਰਸਾਇਣ ਦੀ ਵਰਤੋਂ ਦੀ ਸਿਫ਼ਾਰਿਸ਼ ਨਹੀਂ ਹੋਈ, ਜਿਹੜਾ ਬਾਇਓਡੀਗਰੇਡੇਬਲ ਨਾ ਹੋਵੇ। ਮਤਲਬ ਜਿਹੜਾ ਰਸਾਇਣ ਬੂਟੇ ਜਾਂ ਜ਼ਮੀਨ ਵਿਚ ਪਾਇਆ ਜਾਵੇਗਾ, ਉਸ ਦਾ ਮਾਲੀਕਿਊਲ ਸਮੇਂ ਨਾਲ ਐਲੀਮੈਂਟਲ ਫਾਰਮ (ਭਾਵ ਤੱਤ) ਵਿਚ ਬਦਲ ਜਾਵੇਗਾ ਜਾਂ ਕਹਿ ਲਓ ਉਸ ਦਾ ਜ਼ਹਿਰੀਲਾਪਣ ਖ਼ਤਮ ਹੋ ਜਾਵੇਗਾ। ਕੀ ਐਂਟੀਬਾਉਟਿਕ ਜਾਂ ਫੂਡ ਪਰੇਜ਼ਰਵੇਟਿਵ ਜ਼ਹਿਰ ਨਹੀਂ ਹਨ। ਏਸੇ ਵੇਲੇ ਭਾਰਤ ਦੀ ਪੈਸਟੀਸਾਈਡ ਇੰਡਸਟਰੀ 24500 ਕਰੋੜ ਦੀ ਹੈ ਅਤੇ ਰਸਾਇਣਕ ਖਾਦਾਂ ਦੀ 92000 ਕਰੋੜ ਦੀ। ਦੂਜੇ ਪਾਸੇ ਮਨੁੱਖੀ ਦਵਾਈਆਂ ਦਾ ਕੁੱਲ ਕਾਰੋਬਾਰ 5,16,000 ਕਰੋੜ ਦਾ ਹੈ ਜਿਸ ਵਿੱਚੋਂ ਤਕਰੀਬਨ ਅੱਧੇ ਮੁੱਲ ਦੀਆਂ ਦਵਾਈਆਂ ਬਾਹਰ ਭੇਜੀਆਂ ਜਾਂਦੀਆਂ ਹਨ।

### ਜ਼ਮੀਨ ਦੀ ਸੁਚੱਜੀ ਵਰਤੋਂ

ਪੰਜਾਬ ਦੀ ਅਬਾਦੀ 1971 ਵਿਚ ਇੱਕ ਕੋਰੜ ਪੈਂਤੀ ਲੱਖ ਸੀ ਜੋ 2023 ਵਿਚ ਵਧ ਕੇ ਤਿੰਨ ਕਰੋੜ ਬਾਰਾਂ ਲੱਖ ਹੋ ਗਈ। ਖੇਤੀਬਾੜੀ ਵਾਲੀ ਜ਼ਮੀਨ ਜੋ ਉਸ ਵਕਤ ਪ੍ਰਤੀ ਜੀਅ 0.311 ਹੈਕਟੇਅਰ (ਤਕਰੀਬਨ 6 ਕਨਾਲ) ਸੀ ਉਹ ਘਟ ਕੇ 0.134 ਹੈਕਟੇਅਰ (2 ਕਨਾਲ 13 ਮਰਲੇ) ਰਹਿ ਗਈ। ਖੇਤੀਬਾੜੀ ਵਾਲੀ ਜ਼ਮੀਨ 43 ਫੀਸਦੀ ਤੱਕ ਹੀ ਰਹਿ ਗਈ ਜਿਸ ਵਿਚੋਂ ਹਰ ਪੰਜਾਬੀ ਨੇ ਆਪਣੀ ਜ਼ਿੰਦਗੀ ਦੀਆਂ ਲੋੜਾਂ ਪੂਰੀਆਂ ਕਰਨੀਆਂ ਹਨ, ਜਿਸ ਤੋਂ ਮੇਰਾ ਮਤਲਬ ਹੈ ਕਿ ਅੱਗੋਂ ਤੋਂ ਜ਼ਰਖੇਜ਼ ਜ਼ਮੀਨ ਵੀ ਵਰਤੋਂ ਘਰਾਂ, ਸੜਕਾਂ ਅਤੇ ਹੋਰ ਡਿਵੈਲਪਮੈਂਟ ਲਈ ਪਾਸੇ ਨੂੰ ਖਿਲਾਰਨ ਦੀ ਬਜਾਏ ਉੱਪਰ ਨੂੰ ਵਧਣਾ ਚਾਹੀਦਾ ਹੈ। ਅੱਜ-ਕਲ੍ਹ ਤਾਂ ਖੇਤੀ ਵਿਚ ਵੀ ਵਰਟੀਕਲ ਕਲਟੀਵੇਸ਼ਨ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ। ਪਰ ਪੰਜਾਬੀਆਂ ਦਾ ਖਰਚੀਲਾ ਸੁਭਾਅ ਅਤੇ ਵਿਤੋਂ ਬਾਹਰਾ ਵਿਖਾਵਾ ਕਰਨਾ ਹਰ ਵਪਾਰੀ ਕਾਰਪੋਰੇਟ ਘਰਾਣੇ ਅਤੇ ਮਜ਼ਦੂਰ ਨੂੰ ਆਵਦੇ ਵੱਲ ਖਿਚਦਾ ਹੈ। ਹਰ ਇੱਕ ਨੂੰ ਪੈਰ ਧਰਨ ਲਈ ਜ਼ਮੀਨ ਚਾਹੀਦੀ ਹੈ। ਜੇ ਬਚਦੀ ਹੈ ਬਚਾ ਲਓ। ਜ਼ਮੀਨ ਤੋਂ ਬਿਨਾ ਕਿਸਾਨ/ਜ਼ਿਮੀਂਦਾਰ/ਸਰਦਾਰ ਜੀ ਕੁੱਝ ਵੀ ਨਾਮ ਨਾਲ ਨਹੀਂ ਲੱਗਣਾ।

ਖ਼ਿਆਲ ਰਹੇ ਹੋਰ ਹਰ ਚੀਜ਼ ਵਧਾ ਸਕਦੇ ਹੋ, ਜ਼ਮੀਨ ਨਹੀਂ।

*-ਨਿਰਦੇਸ਼ਕ ਪਾਮੇਤੀ (ਸੇਵਾਮੁਕਤ)*
*ਪੀ.ਏ.ਯੂ, ਲੁਧਿਆਣਾ*

## ਗਾਜ਼ਾ ਫ਼ਲੋਟੀਲਾ

*(ਪਿਛਲ ਸਫੇ ਦਾ ਬਾਕੀ)*

ਐਲਾਨਿਆ ਮਿਸ਼ਨ ਗਾਜ਼ਾ ਦੀ ਨਾਕਾਬੰਦੀ ਤੋੜਨਾ ਹੈ, ਇਜ਼ਰਾਈਲ ਦੀਆਂ ਨਜ਼ਰਾਂ 'ਚ ਇਨ੍ਹਾਂ ਯਤਨਾਂ ਦੇ ਰਾਜਨੀਤਕ ਅਤੇ ਯੁੱਧਨੀਤਕ ਮਹੱਤਵ ਨੂੰ ਹੋਰ ਵੀ ਸਪੱਸ਼ਟ ਕਰਦਾ ਹੈ।

ਸਿਵਲ ਸੁਸਾਇਟੀ ਦੇ ਵਿਰੋਧ ਵਿਚ ਹਿੱਸਾ ਲੈਣ ਤੋਂ ਇਜ਼ਰਾਈਲ ਦਾ ਭੈਅ ਨਵੀਂ ਗੱਲ ਨਹੀਂ ਹੈ। ਲਗਾਤਾਰ ਜਾਰੀ ਨਸਲਕੁਸ਼ੀ ਨੇ ਸਿਰਫ਼ ਅੰਤਰਰਾਸ਼ਟਰੀ ਕਾਨੂੰਨੀ ਅਤੇ ਰਾਜਨੀਤਕ ਪ੍ਰਣਾਲੀ ਦੀ ਮੁਕੰਮਲ ਨਾਕਾਮੀ ਅਤੇ ਮੋੜਵੇਂ ਰੂਪ 'ਚ ਨਾਗਰਿਕ ਸਮਾਜ ਦੇ ਵਧਦੇ ਮਹੱਤਵ ਨੂੰ ਹੀ ਉਜਾਗਰ ਕੀਤਾ ਹੈ।

ਜਦੋਂ ਫਰੀ ਗਾਜ਼ਾ ਮੂਵਮੈਂਟ ਦੀ ਪਹਿਲੀ ਬੇੜੀ 2008 'ਚ ਗਾਜ਼ਾ ਪਹੁੰਚੀ ਸੀ, ਤਾਂ ਇਜ਼ਰਾਈਲ ਭੜਕ ਗਿਆ ਸੀ। ਕਾਰਕੁਨ ਆਪਣੇ ਸਮਾਜਾਂ ਨੂੰ ਗਾਜ਼ਾ ਪੱਟੀ 'ਤੇ ਥੋਪੀ ਇਜ਼ਰਾਈਲੀ ਨਾਕਾਬੰਦੀ ਬਾਰੇ ਜਾਗਰੂਕ ਕਰਨ ਵਾਲੇ ਮਹੱਤਵਪੂਰਨ ਰਾਜਦੂਤ ਬਣ ਗਏ। 2010 ਦੇ ਗਾਜ਼ਾ ਫਰੀਡਮ ਫ਼ਲੋਟੀਲਾ — ਜਿਸ ਵਿਚ ਐਮਵੀ ਮਾਵੀ ਮਰਮਾਰਾ ਸ਼ਾਮਲ ਸੀ— ਪ੍ਰਤੀ ਤੇਲ ਅਵੀਵ ਦਾ ਪ੍ਰਤੀਕਰਮ ਘਾਤਕ ਸੀ। ਇਜ਼ਰਾਈਲੀ ਕਮਾਂਡੋਆਂ ਨੇ 10 ਕਾਰਕੁਨਾਂ ਨੂੰ ਕਤਲ ਕਰ ਦਿੱਤਾ ਅਤੇ ਇਸ ਨਾਲ ਇਹ ਸਖ਼ਤ ਸੁਨੇਹਾ ਦਿੱਤਾ ਕਿ ਇਜ਼ਰਾਈਲ ਫ਼ਲਸਤੀਨੀਆਂ ਵਿਰੁੱਧ ਛੇੜੀ ਜੰਗ ਵਿਚ ਕੋਈ ਵੀ ਦਖ਼ਲਅੰਦਾਜ਼ੀ ਬਰਦਾਸ਼ਤ ਨਹੀਂ ਕਰੇਗਾ, ਭਾਵੇਂ ਇਹ ਜਾਣੀਆਂ-ਪਛਾਣੀਆਂ ਅਤੇ ਸਤਿਕਾਰਤ ਪੱਛਮੀ ਸੰਸਥਾਵਾਂ ਵੱਲੋਂ ਹੀ ਕਿਉਂ ਨਾ ਹੋਵੇ।

ਓਦੋਂ ਤੋਂ ਲੈ ਕੇ ਕਾਰਕੁਨਾਂ ਨੂੰ ਮੁਜਰਮ ਮੰਨ ਕੇ ਸਲੂਕ ਕਰਨਾ ਇਜ਼ਰਾਈਲ ਦੀ ਆਮ ਨੀਤੀ ਬਣ ਗਿਆ ਹੈ। ਇਸ ਦੀ ਪੁਸ਼ਟੀ ਇਹ ਤੱਥ ਵੀ ਕਰਦਾ ਹੈ ਕਿ ਨਾਗਰਿਕਾਂ ਉੱਪਰ ਕੀਤੀ ਗਈ ਇਸ ਘੋਰ ਹਿੰਸਾ ਲਈ ਅੱਜ ਤੱਕ ਕਦੇ ਵੀ ਕਿਸੇ ਇਜ਼ਰਾਈਲੀ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਗਿਆ। ਫਿਰ ਵੀ, ਇਕਜੁੱਟਤਾ ਕਾਰਕੁਨ 2011, 2015 ਅਤੇ 2018 'ਚ ਵਾਰ-ਵਾਰ ਸਮੁੰਦਰ ਵਿਚ ਠਿੱਲਦੇ ਰਹੇ। ਇਨ੍ਹਾਂ ਮਿਸ਼ਨਾਂ ਦੇ ਮੁੜ-ਮੁੜ ਜਾਣ ਦੀ ਗਿਣਤੀ ਘੱਟ ਹੋਣ ਦਾ ਕਾਰਨ ਰੁਚੀ ਦੀ ਘਾਟ ਨਹੀਂ ਸੀ, ਬਲਕਿ ਇਹ ਸੀ ਕਿ ਕੁਝ ਯੂਰਪੀ ਮੁਲਕਾਂ ਨੇ, ਇਜ਼ਰਾਈਲ ਨਾਲ ਮਿਲ ਕੇ ਕਾਰਕੁਨਾਂ ਨੂੰ ਸਮੁੰਦਰੀ ਸਫ਼ਰ ਤੋਂ ਰੋਕਣ ਲਈ ਹਰ ਹਰਬਾ ਵਰਤਿਆ।

ਮੌਜੂਦਾ ਨਸਲਕੁਸ਼ੀ ਨਾਲ ਇਹ ਸਥਿਤੀ ਨਾਟਕੀ ਤੌਰ 'ਤੇ ਬਦਲ ਗਈ ਹੈ। ਗਾਜ਼ਾ ਵਿਚ ਫ਼ਲਸਤੀਨੀਆਂ ਨਾਲ ਇਕਜੁੱਟਤਾ ਯੂਰਪੀ ਸਮਾਜਾਂ ਵਿਚ ਡੂੰਘੀਆਂ ਜੜ੍ਹਾਂ ਲਾ ਚੁੱਕੀ ਹੈ ਅਤੇ ਆਖ਼ਿਰਕਾਰ ਇਸ ਮਿਸ਼ਨ ਨੇ ਸਪੇਨ ਸਮੇਤ ਵੱਖ-ਵੱਖ ਸਰਕਾਰਾਂ ਦੀ ਹਮਾਇਤ ਹਾਸਲ ਕਰ ਲਈ ਹੈ, ਜਿੱਥੋਂ ਤਾਜ਼ਾ ਆਲਮੀ ਇਕਜੁੱਟਤਾ ਫ਼ਲੋਟੀਲਾ ਰਵਾਨਾ ਹੋਇਆ। ਬਾਰਸੀਲੋਨਾ ਤੋਂ ਸ਼ੁਰੂ ਹੋ ਕੇ, ਰਸਤੇ ਵਿਚ ਹੋਰ ਜਹਾਜ਼ ਵੀ ਜੁੜਦੇ ਜਾ ਰਹੇ ਹਨ। ਇਹ ਸਭ ਮਿਲ ਕੇ ਗਾਜ਼ਾ ਲਈ ਲੋੜੀਂਦਾ ਸਮਾਨ ਲੈ ਕੇ ਜਾ ਰਹੇ ਹਨ, ਇਹ ਭਲੀ ਪ੍ਰਕਾਰ ਜਾਣਦੇ ਹੋਏ ਵੀ ਕਿ ਜੀਵਨ-ਬਚਾਓ ਸਮਾਨ ਸਮੇਤ ਉਨ੍ਹਾਂ ਨੂੰ ਰੋਕੇ ਜਾਣ ਜਾਂ ਕਬਜ਼ੇ ਵਿਚ ਲੈ ਲਏ ਜਾਣ ਦੀ ਸੰਭਾਵਨਾ ਗਾਜ਼ਾ ਤੱਕ ਪਹੁੰਚਣ ਨਾਲੋਂ ਕਈ ਗੁਣਾ ਵੱਧ ਹੈ।

ਤਾਜ਼ਾ ਘਟਨਾਵਾਂ ਨੇ ਇਹ ਉੱਘੜਵੀਂ ਹਕੀਕਤ ਹੋਰ ਵੀ ਪੱਕੀ ਕਰ ਦਿੱਤੀ ਹੈ। ਇਸ ਸਾਲ ਮਈ ਮਹੀਨੇ ਕੌਨਸਾਇੰਸ ਫ਼ਲੋਟੀਲਾ 'ਤੇ ਮਾਲਟਾ ਦੇ ਸਮੁੰਦਰੀ ਕੰਢੇ ਉੱਤੇ ਡਰੋਨ ਨਾਲ ਹਮਲਾ ਕੀਤਾ ਗਿਆ। ਇਸੇ ਦੌਰਾਨ ਕ੍ਰਮਵਾਰ ਜੂਨ ਅਤੇ ਜੁਲਾਈ ਵਿਚ ਮੈਡਲੀਨ ਅਤੇ ਹੰਡਾਲਾ ਨੂੰ ਜ਼ਬਤ ਕਰ ਲਿਆ ਗਿਆ। ਮੈਡਲੀਨ ਨੂੰ ਨਿਸ਼ਾਨਾ ਬਣਾਉਣ ਤੋਂ ਪਹਿਲਾਂ, ਰੱਖਿਆ ਮੰਤਰੀ ਇਜ਼ਰਾਈਲ ਕੈਟਜ਼ ਨੇ ਅੰਤਰਰਾਸ਼ਟਰੀ ਪੱਧਰ 'ਤੇ ਮਸ਼ਹੂਰ ਕਾਰਕੁਨ ਗਰੇਟਾ ਥਨਬਰਗ, ਜੋ ਫ਼ਲੋਟੀਲਾ ਵਿਚ ਸ਼ਾਮਲ ਸੀ, ਨੂੰ 'ਯਹੂਦੀ ਵਿਰੋਧੀ' ਕਿਹਾ ਅਤੇ ਧਮਕੀ ਦਿੱਤੀ: 'ਚੰਗਾ ਹੋਵੇਗਾ ਕਿ ਤੁਸੀਂ ਵਾਪਸ ਮੁੜ ਜਾਓ... ਕਿਉਂਕਿ ਤੁਹਾਨੂੰ ਗਾਜ਼ਾ ਨਹੀਂ ਪਹੁੰਚਣ ਦਿੱਤਾ ਜਾਵੇਗਾ। ਇਜ਼ਰਾਈਲ ਨਾਕਾਬੰਦੀ ਤੋੜਨ ਜਾਂ 'ਦਹਿਸ਼ਤਗਰਦ ਜਥੇਬੰਦੀਆਂ' ਦੀ ਮਦਦ ਕਰਨ ਦੀ ਹਰੇਕ ਕੋਸ਼ਿਸ਼ ਖ਼ਿਲਾਫ਼ ਕਾਰਵਾਈ ਕਰੇਗਾ।'

ਇਹ ਗੁੱਸਾ ਉਸੇ ਕ੍ਰੋਧੀ ਭਾਸ਼ਾ ਅਤੇ ਹਿੰਸਕ ਕਾਰਵਾਈਆਂ ਦੀ ਗੂੰਜ ਹੈ, ਜਿਨ੍ਹਾਂ ਦੀ ਵਰਤੋਂ ਇਜ਼ਰਾਈਲੀ ਸਰਕਾਰਾਂ ਲਗਾਤਾਰ ਉਨ੍ਹਾਂ ਸਭ ਦੇ ਖ਼ਿਲਾਫ਼ ਕਰਦੀਆਂ ਆ ਰਹੀਆਂ ਹਨ ਜੋ ਗਾਜ਼ਾ ਦੀ ਨਾਕਾਬੰਦੀ ਨੂੰ ਚੁਣੌਤੀ ਦੇਣ ਦਾ ਜੇਰਾ ਕਰਦੇ ਹਨ। ਪਰ ਏਨਾ ਕ੍ਰੋਧ ਕਿਉਂ? ਇਹ ਛੋਟੇ-ਛੋਟੇ, ਸੀਮਤ ਵਸੀਲਿਆਂ ਵਾਲੇ ਯਤਨ ਆਪਣੇ ਆਪ 'ਚ ਨਾਕਾਬੰਦੀ ਤੋੜਨ ਜਾਂ ਨਸਲਕੁਸ਼ੀ ਤੇ ਅਕਾਲ ਝੱਲ ਰਹੀ 20 ਲੱਖ ਆਬਾਦੀ ਨੂੰ ਭੋਜਨ ਮੁਹੱਈਆ ਕਰਨ ਦੇ ਸਮਰੱਥ ਨਹੀਂ ਹਨ।

ਦਰ ਅਸਲ, ਇਜ਼ਰਾਈਲ ਚੰਗੀ ਤਰ੍ਹਾਂ ਜਾਣਦਾ ਹੈ ਕਿ ਫ਼ਲਸਤੀਨ ਦੇ ਮਾਮਲੇ ਵਿਚ ਨਾਗਰਿਕ ਸਮਾਜ ਦੀ ਕਾਰਵਾਈ ਕਿੰਨੀ ਪ੍ਰਭਾਵਸ਼ਾਲੀ ਹੈ। ਦੁਨੀਆ ਭਰ 'ਚ ਫ਼ਲਸਤੀਨੀਆਂ ਦੇ ਹੱਕਾਂ ਲਈ ਸਭ ਤੋਂ ਵੱਧ ਵਕਾਲਤ ਉਨ੍ਹਾਂ ਵੱਲੋਂ ਨਹੀਂ ਆਉਂਦੀ ਜੋ ਫ਼ਲਸਤੀਨੀ ਲੋਕਾਂ ਦੀ ਨੁਮਾਇੰਦਗੀ ਕਰਨ ਦਾ ਦਾਅਵਾ ਕਰਦੇ ਹਨ, ਬਲਕਿ ਮੁੱਖ ਤੌਰ 'ਤੇ ਨਾਗਰਿਕ ਸਮਾਜ ਵੱਲੋਂ ਆਉਂਦੀ ਹੈ। ਇਸ ਵਿਚ ਸ਼ਾਮਲ ਹਨ: ਸਰਕਾਰਾਂ 'ਤੇ ਦਬਾਅ ਪਾਉਣ ਵਾਲੀ ਰਾਜਨੀਤਕ ਵਕਾਲਤ, ਰਾਜਾਂ ਨੂੰ ਅੰਤਰਰਾਸ਼ਟਰੀ ਕਾਨੂੰਨਾਂ ਲਈ ਜ਼ਿੰਮੇਵਾਰ ਠਹਿਰਾਉਣ ਵਾਲੀਆਂ ਕਾਨੂੰਨੀ ਕਾਰਵਾਈਆਂ, ਨਿਵੇਸ਼-ਵਾਪਸੀ ਅਤੇ ਬਾਈਕਾਟ ਰਾਹੀਂ ਆਰਥਕ ਦਬਾਅ, ਸੱਭਿਆਚਾਰਕ ਅਤੇ ਅਕਾਦਮਿਕ ਬਾਈਕਾਟ, ਅਤੇ ਜ਼ਮੀਨੀਂ ਪੱਧਰ 'ਤੇ ਵਿਆਪਕ ਲੋਕ-ਲਾਮਬੰਦੀ।

ਲਿਹਾਜ਼ਾ, ਇਕਜੁੱਟਤਾ ਫ਼ਲੋਟੀਲਾ ਇਸ ਗੱਲ ਦੇ ਜ਼ੋਰਦਾਰ ਪ੍ਰਤੀਕ ਹਨ ਕਿ ਨਾਗਰਿਕ ਸਮਾਜ ਉਹ ਕੰਮ ਕਰਨ ਲਈ ਕਿੰਨੀ ਦੂਰ ਤੱਕ ਜਾਣ ਲਈ ਤਿਆਰ ਹੈ ਜੋ ਦਰ ਅਸਲ ਸਰਕਾਰਾਂ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਦੀ ਜ਼ਿੰਮੇਵਾਰੀ ਹੋਣੀ ਚਾਹੀਦੀ ਸੀ। ਬੇਨ-ਗਵੀਰ ਦੀ ਇਹ ਜ਼ਾਹਰਾ ਧਮਕੀ ਕਿ ਕਾਰਕੁਨਾਂ ਨੂੰ 'ਦਹਿਸ਼ਤਗਰਦ' ਮੰਨ ਕੇ ਨਜਿੱਠਿਆ ਜਾਵੇਗਾ, ਦਰ ਅਸਲ ਇਜ਼ਰਾਈਲ ਦੇ ਡੂੰਘੇ ਡਰਾਂ-ਫ਼ਿਕਰਾਂ ਦਾ ਸਿੱਧਾ ਪ੍ਰਤੀਬਿੰਬ ਹੈ ਅਤੇ ਵਿਰੋਧਾਭਾਸੀ ਤੌਰ 'ਤੇ ਇਹ ਅੰਤਰਰਾਸ਼ਟਰੀ ਇਕਜੁੱਟਤਾ ਅੰਦੋਲਨ ਦੇ ਵਧਦੇ ਪ੍ਰਭਾਵ ਦਾ ਜ਼ੋਰਦਾਰ ਇਕਬਾਲ ਵੀ ਹੈ।

ਆਖ਼ਿਰਕਾਰ ਫ਼ਲਸਤੀਨੀ ਲੋਕ, ਉਨ੍ਹਾਂ ਦੀ ਸੁਮੂਦ (ਦ੍ਰਿੜਤਾ), ਸਿਰੜ ਅਤੇ ਸਹਿਨਸ਼ੀਲਤਾ ਹੀ ਇਜ਼ਰਾਈਲ ਦੀ ਯੁੱਧਨੀਤੀ ਨੂੰ ਹਰਾ ਦੇਵੇਗੀ, ਪਰ ਅੰਤਰਰਾਸ਼ਟਰੀ ਇਕਜੁੱਟਤਾ ਦੀ ਮਹੱਤਵਪੂਰਨ ਭੂਮਿਕਾ ਨੂੰ ਘਟਾ ਕੇ ਨਹੀਂ ਅੰਗਣਾ ਚਾਹੀਦਾ। ਫਰੀਡਮ ਫ਼ਲੋਟੀਲਾ ਨੂੰ ਸਿਰਫ਼ ਇਸ ਆਧਾਰ 'ਤੇ ਨਹੀਂ ਅੰਗਣਾ ਚਾਹੀਦਾ ਕਿ ਉਹ ਗਾਜ਼ਾ ਤੱਕ ਪਹੁੰਚਦੇ ਹਨ ਜਾਂ ਨਹੀਂ। ਬਲਕਿ, ਉਹ ਇਕ ਜਟਿਲ ਆਲਮੀ ਪ੍ਰਕਿਰਿਆ ਦਾ ਮਹੱਤਵਪੂਰਨ ਹਿੱਸਾ ਹਨ ਜੋ ਆਖ਼ਿਰਕਾਰ ਇਜ਼ਰਾਈਲ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਡੂੰਘੀ ਅਲੱਗ-ਥਲੱਗਤਾ ਵੱਲ ਲੈ ਜਾਵੇਗੀ, ਅਤੇ ਇਹ ਪ੍ਰਕਿਰਿਆ ਪਹਿਲਾਂ ਹੀ ਕਾਫ਼ੀ ਕਾਮਯਾਬੀ ਨਾਲ ਸ਼ੁਰੂ ਹੋ ਚੁੱਕੀ ਹੈ।

# ਸੁਪਰੀਮ ਕੋਰਟ ਅਤੇ ਅਨੰਦ ਮੈਰਿਜ ਐਕਟ

ਤਰਲੋਚਨ ਸਿੰਘ, ਦਿੱਲੀ
ਸਾਬਕਾ ਰਾਜ ਸਭਾ ਮੈਂਬਰ

ਕੁਝ ਦਿਨ ਪਹਿਲਾਂ ਭਾਰਤ ਦੀ ਸਰਬਉੱਚ ਅਦਾਲਤ ਸੁਪਰੀਮ ਕੋਰਟ ਨੇ ਇਕ ਸਿੱਖ ਦੀ ਪਟੀਸ਼ਨ 'ਤੇ ਇਤਿਹਾਸਕ ਫ਼ੈਸਲਾ ਸੁਣਾਉਂਦੇ ਹੋਏ ਇਹ ਆਦੇਸ਼ ਦਿੱਤਾ ਹੈ ਕਿ ਭਾਰਤ ਦੇ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਅਨੰਦ ਮੈਰਿਜ ਐਕਟ ਲਾਗੂ ਕੀਤਾ ਜਾਵੇ। ਇਸ ਖ਼ਬਰ ਨੂੰ ਭਾਰਤ ਦੀਆਂ ਸਾਰੀਆਂ ਅਖ਼ਬਾਰਾਂ ਅਤੇ ਟੀ.ਵੀ. ਚੈਨਲਾਂ ਵਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਕਾਰਨ ਦੁਨੀਆ ਭਰ ਦੇ ਸਿੱਖਾਂ ਵਿਚ ਅਨੰਦ ਮੈਰਿਜ ਐਕਟ ਇਕ ਵੱਡੀ ਚਰਚਾ ਦਾ ਵਿਸ਼ਾ ਬਣ ਗਿਆ ਹੈ। ਪੰਜਾਬ ਦੇ ਸਾਰੇ ਇੰਟਰਨੈੱਟ ਚੈਨਲਾਂ ਨੇ ਇਸ ਸੰਬੰਧੀ ਸਪੈਸ਼ਲ ਪ੍ਰੋਗਰਾਮ ਕਰਦਿਆਂ ਵਿਚਾਰ-ਵਟਾਂਦਰਾ ਕੀਤਾ ਹੈ। ਸੁਪਰੀਮ ਕੋਰਟ ਨੇ ਆਪਣੇ ਇਸ ਹੁਕਮ ਵਿਚ ਦੇਸ਼ ਦੇ ਹਰ ਧਰਮ ਦੀ ਵਿਲੱਖਣਤਾ ਨੂੰ ਸਵੀਕਾਰ ਕਰਦਿਆਂ ਉਨ੍ਹਾਂ ਦੀਆਂ ਰਹੁ-ਰੀਤੀਆਂ ਨੂੰ ਕਾਇਮ ਰੱਖਣ ਸੰਬੰਧੀ ਬੜੇ ਸਪੱਸ਼ਟ ਸ਼ਬਦਾਂ ਵਿਚ ਆਦੇਸ਼ ਦਿੱਤਾ ਹੈ। ਇਸ ਸਮੇਂ ਜਦੋਂ ਕਿ ਆਮ ਕਰਕੇ ਬਹੁਗਿਣਤੀ ਭਾਈਚਾਰੇ ਅਤੇ ਘੱਟ-ਗਿਣਤੀ ਭਾਈਚਾਰਿਆਂ ਦੇ ਸੰਬੰਧਾਂ ਦਾ ਵਿਸ਼ਾ ਚਿੰਤਾਜਨਕ ਬਣਿਆ ਹੋਇਆ ਹੈ ਤਾਂ ਸੁਪਰੀਮ ਕੋਰਟ ਦਾ ਇਹ ਫ਼ੈਸਲਾ ਹਰ ਧਰਮ ਦੇ ਵਿਸ਼ਵਾਸ ਕਰਨ ਵਾਲਿਆਂ ਨੂੰ ਤਸੱਲੀ ਦੇਣ ਵਾਲਾ ਹੈ।

ਇਹ ਆਮ ਵੇਖਿਆ ਜਾਂਦਾ ਹੈ ਕਿ ਸਿੱਖਾਂ ਦੇ ਧਾਰਮਿਕ ਜਾਂ ਸਿਆਸੀ ਲੀਡਰ ਵੀ ਭਾਈਚਾਰੇ ਦੇ ਹੱਕਾਂ ਤੇ ਮੰਗਾਂ ਬਾਰੇ ਵੱਡੇ-ਵੱਡੇ ਬਿਆਨ ਅਖ਼ਬਾਰਾਂ ਵਿਚ ਦਿੰਦੇ ਰਹਿੰਦੇ ਹਨ ਅਤੇ ਸਰਕਾਰਾਂ ਨੂੰ ਤੁਰੰਤ ਇਸ 'ਤੇ ਅਮਲ ਕਰਨ ਲਈ ਕਿਹਾ ਜਾਂਦਾ ਹੈ, ਪਰ ਕਦੇ ਵੀ ਕਿਸੇ ਸੰਸਥਾ ਜਾਂ ਲੀਡਰ ਨੇ ਆਪ ਨਿਭਾਈ ਜ਼ਿੰਮੇਵਾਰੀ ਬਾਰੇ ਨਹੀਂ ਦੱਸਿਆ। ਮੈਂ ਇਹ ਇਸ ਲਈ ਲਿਖ ਰਿਹਾ ਹਾਂ ਕਿਉਂਕਿ ਸੁਪਰੀਮ ਕੋਰਟ ਦਾ ਫ਼ੈਸਲਾ ਸਿੱਖਾਂ ਦੀਆਂ ਧਾਰਮਿਕ ਜਥੇਬੰਦੀਆਂ 'ਤੇ ਵੀ ਤਨਜ਼ ਕਰਦਾ ਹੈ।

ਅਨੰਦ ਮੈਰਿਜ ਐਕਟ ਭਾਰਤ ਦੀ ਸੰਸਦ ਦੇ ਦੋਹਾਂ ਸਦਨਾਂ ਵਿਚ 21 ਤੇ 22 ਮਈ 2012 ਨੂੰ ਪਾਸ ਕੀਤਾ ਗਿਆ ਸੀ ਅਤੇ ਰਾਸ਼ਟਰਪਤੀ ਦੀ ਪ੍ਰਵਾਨਗੀ ਤੋਂ ਬਾਅਦ ਇਸ ਨੂੰ 8 ਜੂਨ 2012 ਨੂੰ ਸਰਕਾਰੀ ਗਜ਼ਟ ਵਿਚ ਛਾਪ ਦਿੱਤਾ ਗਿਆ ਸੀ। ਇਹ ਕਾਨੂੰਨ ਸਾਰੇ ਭਾਰਤ 'ਤੇ ਲਾਗੂ ਹੋ ਗਿਆ ਸੀ ਅਤੇ ਹਰ ਸੂਬੇ ਨੂੰ ਇਸ ਬਾਰੇ ਕਾਇਦੇ-ਕਾਨੂੰਨ ਬਣਾ ਕੇ ਆਪੋ-ਆਪਣੇ ਸੂਬੇ ਵਿਚ ਲਾਗੂ ਕਰਨ ਦੇ ਹੁਕਮ ਦਿੱਤੇ ਗਏ ਸਨ। ਕੋਈ ਵੀ ਸੂਬਾ ਇਸ ਐਕਟ ਵਿਚ ਤਰਮੀਮ ਨਹੀਂ ਕਰ ਸਕਦਾ। ਮੈਂ ਇਸੇ ਕਰਕੇ ਸਿੱਖ ਜਥੇਬੰਦੀਆਂ ਦੀ ਜ਼ਿੰਮੇਵਾਰੀ ਦੀ ਗੱਲ ਕਰਦਾ ਹਾਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਾਂ ਦੀ ਸਰਬਉੱਚ ਸੰਸਥਾ ਮੰਨੀ ਜਾਂਦੀ ਹੈ, ਇਹ ਉਸ ਦੀ ਜ਼ਿੰਮੇਵਾਰੀ ਸੀ ਕਿ ਉਹ ਹਰ ਸੂਬੇ ਦੇ ਮੁੱਖ ਮੰਤਰੀ ਨੂੰ ਮਿਲ ਕੇ ਇਸ ਕਾਨੂੰਨ ਨੂੰ ਤੁਰੰਤ ਲਾਗੂ ਕਰਨ ਲਈ ਬੇਨਤੀ ਕਰਦੀ। ਭਾਰਤ ਦੇ ਹਰ ਹਿੱਸੇ ਵਿਚ ਸਿੱਖ ਵਸਦੇ ਹਨ, ਗੁਰਦੁਆਰੇ ਕਾਇਮ ਹਨ। ਇਸ ਕਾਨੂੰਨ ਰਾਹੀਂ ਹਰ ਸਿੱਖ ਨੂੰ ਲਾਭ ਪੁੱਜਣਾ ਹੈ ਅਤੇ ਇਸ ਲਈ ਗੁਰਦੁਆਰਾ ਕਮੇਟੀਆਂ ਦਾ ਇਹ ਫ਼ਰਜ਼ ਵੀ ਬਣਦਾ ਸੀ, ਕਿ ਉਹ ਆਪਣੇ ਸੂਬੇ ਦੇ ਲੀਡਰਾਂ ਨੂੰ ਮਿਲ ਕੇ ਇਹ ਕਾਨੂੰਨ ਲਾਗੂ ਕਰਵਾਉਂਦੇ।

ਕਿਸੇ ਵੀ ਸੂਬੇ ਨੂੰ ਇਸ ਵਿਚ ਕੋਈ ਰੁਕਾਵਟ ਪਾਉਣ ਦੀ ਲੋੜ ਨਹੀਂ ਸੀ। ਪਰ ਸਾਡੀਆਂ ਜਥੇਬੰਦੀਆਂ ਦੀ ਅਣਗਹਿਲੀ ਦੀ ਇਸ ਤੋਂ ਵੱਡੀ ਮਿਸਾਲ ਕੀ ਮਿਲੇਗੀ ਕਿ ਉਹ ਉਸ ਐਕਟ ਨੂੰ ਹੀ ਭੁੱਲ ਗਏ, ਜੋ ਸਿੱਖਾਂ ਨੂੰ ਵੱਖਰੀ ਕੌਮ ਦੀ ਪਹਿਚਾਣ ਦਿੰਦਾ ਹੈ। ਸਭ ਤੋਂ ਵੱਧ ਹੈਰਾਨਗੀ ਇਹ ਹੈ ਕਿ 2012 ਵਿਚ ਪੰਜਾਬ ਵਿਚ ਅਕਾਲੀ ਦਲ ਦੀ ਸਰਕਾਰ ਸੀ, ਪਰ ਪੰਜਾਬ ਵਿਚ ਵੀ ਇਹ ਕਾਨੂੰਨ 3 ਸਾਲ ਪਿਛੋਂ ਲਾਗੂ ਹੋਇਆ।

ਅਨੰਦ ਮੈਰਿਜ ਐਕਟ ਪਹਿਲੀ ਵਾਰ ਅੰਗਰੇਜ਼ ਸਰਕਾਰ ਸਮੇਂ 1909 ਵਿਚ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਨੇ ਪਾਸ ਕਰਵਾਇਆ ਸੀ। ਜਿਸ ਰਾਹੀਂ ਲੱਖਾਂ ਸਿੱਖਾਂ ਦੀ ਅਨੰਦ ਕਾਰਜ ਦੀ ਰਸਮ ਨੂੰ ਸਰਕਾਰੀ ਪ੍ਰਵਾਨਗੀ ਦਿੱਤੀ ਗਈ ਸੀ। 1947 ਵਿਚ ਦੇਸ਼ ਦੇ ਆਜ਼ਾਦ ਹੋਣ 'ਤੇ ਕਈ ਪੁਰਾਣੇ ਕਾਨੂੰਨ ਖ਼ਤਮ ਹੋ ਗਏ, ਪਰ ਇਹ ਕਾਨੂੰਨ ਕਾਇਮ ਰਿਹਾ। ਹਾਲਾਂਕਿ ਇਸ ਦੀ ਵਰਤੋਂ ਨਾ ਹੋ ਸਕੀ, ਕਿਉਂਕਿ 18 ਮਈ 1955 ਨੂੰ ਹਿੰਦੂ ਮੈਰਿਜ ਐਕਟ ਲਾਗੂ ਹੋਇਆ ਤਾਂ ਸਿੱਖਾਂ ਨੂੰ ਵੀ ਇਸ 'ਚ ਹੀ ਸ਼ਾਮਿਲ ਕਰ ਦਿੱਤਾ ਗਿਆ। ਉਸ ਦਿਨ 'ਰ ਤੋਂ ਭਾਵ 2012 ਤੱਕ 57 ਸਾਲ ਸਿੱਖਾਂ ਦੇ ਵਿਆਹ ਰ ਅਨੰਦ ਕਾਰਜ ਰਾਹੀਂ ਹੁੰਦੇ ਰਹੇ, ਪਰ ਉਨ੍ਹਾਂ ਨੂੰ ਹਿੰਦੂ ਮੈਰਿਜ ਐਕਟ ਦੇ ਤਹਿਤ ਸਰਟੀਫਿਕੇਟ ਦਿੱਤਾ ਜਾਂਦਾ ਪ ਸੀ। ਆਮ ਕਰਕੇ ਅਸੀਂ ਵਿਆਹ ਦੇ ਸਰਟੀਫਿਕੇਟ ਨਹੀਂ ਲੈਂਦੇ, ਪਰ ਜੋ ਵੀ ਬਾਹਰਲੇ ਮੁਲਕ ਜਾਂਦੇ ਹਨ ਉਨ੍ਹਾਂ ਲਈ ਵਿਆਹ ਦਾ ਇਹ ਸਰਟੀਫਿਕੇਟ ਲੈਣਾ ਲਾਜ਼ਮੀ ਹੈ। ਜਦੋਂ ਮੈਂ 2004 ਵਿਚ ਹਰਿਆਣੇ ਤੋਂ ਸੰਸਦ ਮੈਂਬਰ ਬਣਿਆ ਤਾਂ ਵੱਖਰਾ ਸਿੱਖ ਵਿਆਹ ਐਕਟ ਬਣਾਉਣ ਲਈ ਕੰਮ ਆਰੰਭ ਕੀਤਾ ਗਿਆ ਸੀ। ਸਰਕਾਰ ਨਾਲ ਬਹੁਤ




ਮੀਟਿੰਗਾਂ ਕੀਤੀਆਂ, ਹਰ ਕਿਸੇ ਨੇ ਕਿਹਾ ਕਿ ਹਿੰਦੂ ਮੈਰਿਜ ਐਕਟ ਵਿਚ ਤਰਮੀਮ ਕਰਵਾਉਣੀ ਬੜੀ ਔਖੀ ਹੈ। ਫਿਰ ਮੈਂ ਇਕ ਰਸਤਾ ਲੱਭਿਆ ਕਿ ਜੋ ਸਿੱਖ ਮੈਰਿਜ ਐਕਟ 1909 ਵਿਚ ਪਾਸ ਹੋਇਆ ਸੀ, ਉਸ ਬਾਰੇ ਸਰਕਾਰ ਤੋਂ ਇਹ ਲਿਖਤੀ ਚਿੱਠੀ ਲਈ ਕਿ ਉਹ ਐਕਟ ਅਜੇ ਵੀ ਲਾਗੂ ਹੈ, ਪਰ ਉਸ ਵਿਚ ਵਿਆਹ ਰਜਿਸਟਰ ਕਰਨ ਦੀ ਕੋਈ ਮਦ ਨਹੀਂ ਹੈ। ਮੈਂ ਕਾਨੂੰਨੀ ਮਾਹਿਰਾਂ ਦੀ ਸਲਾਹ ਨਾਲ 18 ਸਤੰਬਰ 2007 ਨੂੰ ਇਕ ਪ੍ਰਾਈਵੇਟ ਮੈਂਬਰ ਬਿਲ ਪੇਸ਼ ਕੀਤਾ, ਹਰ ਇਕ ਸੰਸਦ ਮੈਂਬਰ ਨੂੰ ਇਸ ਤਰ੍ਹਾਂ ਕਰਨ ਦੀ ਪ੍ਰਵਾਨਗੀ ਹੈ। ਇਨ੍ਹਾਂ ਬਿਲਾਂ ਨੂੰ ਲਾਟਰੀ ਰਾਹੀਂ ਸਦਨ ਵਿਚ ਪੇਸ਼ ਕਰਨ ਦੀ ਪ੍ਰਵਾਨਗੀ ਮਿਲਦੀ ਹੈ, ਰੱਬ ਦੀ ਕ੍ਰਿਪਾ ਨਾਲ ਮੈਨੂੰ ਲਾਟਰੀ ਵਿਚ ਇਹ ਪ੍ਰਵਾਨਗੀ ਛੇਤੀ ਮਿਲ ਗਈ। ਅੱਗੋਂ ਗੁਰੂ ਦੀ ਅਜਿਹੀ ਕ੍ਰਿਪਾ ਹੋਈ ਕਿ ਭਾਰਤ ਦੇ ਉਪ ਰਾਸ਼ਟਰਪਤੀ ਭੈਰੋਂ ਸਿੰਘ ਸ਼ੇਖਾਵਤ, ਜੋ ਰਾਜ ਸਭਾ ਦੇ ਚੇਅਰਮੈਨ ਸਨ, ਨੇ ਮੇਰਾ ਬਿਲ ਸੰਸਦ ਦੀ ਕਾਨੂੰਨ ਘੜਨ ਵਾਲੀ ਕਮੇਟੀ ਨੂੰ ਭੇਜ ਦਿੱਤਾ। ਮੈਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਅਤੇ ਸ. ਅਵਤਾਰ ਸਿੰਘ ਮੱਕੜ, ਪ੍ਰਧਾਨ ਸ਼੍ਰੋਮਣੀ ਕਮੇਟੀ ਨੂੰ ਬਿਲ ਦੀ ਪ੍ਰੋੜ੍ਹਤਾ ਕਰਨ ਲਈ ਲਿਖਿਆ ਤਾਂ ਉਨ੍ਹਾਂ 21 ਨਵੰਬਰ 2007 ਨੂੰ ਪ੍ਰਵਾਨਗੀ ਦੀ ਚਿੱਠੀ ਸੰਸਦ ਵਿਚ ਭੇਜ ਦਿੱਤੀ। ਮੇਰੀ ਬੇਨਤੀ 'ਤੇ 12 ਸਿੱਖ ਸੰਸਦ ਮੈਂਬਰਾਂ ਨੇ 4 ਦਸੰਬਰ 2007 ਨੂੰ ਆਪਣੀ ਸਹਿਮਤੀ ਦੀ ਚਿੱਠੀ ਭੇਜ ਦਿੱਤੀ ਸੀ। ਇਹ ਸੰਸਦ ਮੈਂਬਰ-ਚਰਨਜੀਤ ਸਿੰਘ ਅਟਵਾਲ ਡਿਪਟੀ ਸਪੀਕਰ, ਸੁਖਦੇਵ ਸਿੰਘ ਢੀਂਡਸਾ, ਐਮ.ਐਸ. ਗਿੱਲ, ਮਹਾਰਾਣੀ ਪਟਿਆਲਾ ਪ੍ਰਨੀਤ ਕੌਰ, ਰਾਣਾ ਗੁਰਜੀਤ ਸਿੰਘ, ਰਾਜਮਹਿੰਦਰ ਸਿੰਘ ਮਜੀਠਾ, ਰਤਨ ਸਿੰਘ ਅਜਨਾਲਾ, ਆਤਮਾ ਸਿੰਘ ਗਿੱਲ, ਨਰੇਸ਼ ਗੁਜਰਾਲ, ਵਰਿੰਦਰ ਸਿੰਘ ਬਾਜਵਾ, ਬਾਜ ਜੋਰਾ ਸਿੰਘ ਮਾਨ ਤੇ ਸ਼ਰਨਜੀਤ ਸਿੰਘ ਢਿੱਲੋਂ ਆਦਿ ਸਨ।

ਸੰਸਦ ਦੀ ਕਾਨੂੰਨ ਘੜਨੀ ਕਮੇਟੀ ਦੇ ਚੇਅਰਮੈਨ ਤਾਮਿਲਨਾਡੂ ਦੇ ਡਾ. ਈ.ਐਮ. ਸੁਦਰਸ਼ਨ ਚਿਚੱਪਨ ਸਨ। ਕਮੇਟੀ ਦੀ ਪਹਿਲੀ ਮੀਟਿੰਗ 4 ਦਸੰਬਰ 2007 ਨੂੰ ਹੋਈ, ਜਿਸ ਵਿਚ ਭਾਰਤ ਸਰਕਾਰ ਦੇ ਕਾਨੂੰਨ ਮਹਿਕਮੇ ਦੇ ਸਕੱਤਰ ਡਾ. ਕੇ.ਐਨ. ਚਤੁਰਵੇਦੀ ਪੇਸ਼ ਹੋਏ। ਇਸ ਕਮੇਟੀ ਨੇ ਸਰਬਸੰਮਤੀ ਨਾਲ ਆਪਣੀ ਰਿਪੋਰਟ ਸੰਸਦ ਵਿਚ ਪੇਸ਼ ਕਰ ਦਿੱਤੀ ਕਿ ਅਨੰਦ ਮੈਰਿਜ ਐਕਟ 1909 ਨੂੰ ਬਦਲ ਕੇ ਨਵਾਂ ਐਕਟ ਬਣਾਇਆ ਜਾਵੇ, ਜਿਸ ਅਨੁਸਾਰ ਅਨੰਦ ਕਾਰਜ ਵਾਲੇ ਵਿਆਹ ਦਾ ਵੱਖਰਾ ਸਰਟੀਫਿਕੇਟ ਦਿੱਤਾ ਜਾਵੇ। ਉਸ ਸਮੇਂ ਡਾ.ਮਨਮੋਹਨ ਸਿੰਘ ਪ੍ਰਧਾਨ ਮੰਤਰੀ ਸਨ, ਮੈਂ ਉਨ੍ਹਾਂ ਨੂੰ ਕਈ ਵਾਰੀ ਮਿਲਿਆ, ਕਿਉਂਕਿ ਨਵਾਂ ਐਕਟ ਲਿਆਉਣ ਲਈ ਮੰਤਰੀ-ਮੰਡਲ ਦੀ ਪ੍ਰਵਾਨਗੀ ਹੋਣੀ ਜ਼ਰੂਰੀ ਸੀ। ਕਈ ਕਾਨੂੰਨ ਮੰਤਰੀ ਬਦਲ ਗਏ, ਅਖੀਰ ਜਦੋਂ ਸੁਲੇਮਾਨ ਖ਼ੁਰਸ਼ੀਦ ਇਸ ਮਹਿਕਮੇ ਦੇ ਮੰਤਰੀ ਬਣੇ ਤਾਂ ਉਨ੍ਹਾਂ ਨੇ 4 ਅਪ੍ਰੈਲ 2012 ਨੂੰ ਕੈਬਨਿਟ ਮੀਟਿੰਗ ਵਿਚ ਇਸ ਦੀ ਪ੍ਰਵਾਨਗੀ ਲੈ ਲਈ ਸੀ। ਉਨ੍ਹਾਂ ਨੇ ਮੈਨੂੰ ਸਰਕਾਰੀ ਚਿੱਠੀ ਰਾਹੀਂ 23 ਅਪ੍ਰੈਲ ਨੂੰ ਇਸ ਖ਼ੁਸ਼ਖ਼ਬਰੀ ਦੀ ਇਤਲਾਹ ਦਿੱਤੀ ਸੀ। ਅਸੀਂ ਸਾਰੇ ਸਿੱਖ ਸੰਸਦ ਮੈਂਬਰਾਂ ਨੇ ਉਨ੍ਹਾਂ ਦਾ ਉਚੇਚਾ ਧੰਨਵਾਦ ਕੀਤਾ। ਹੁਣ ਉਮੀਦ ਹੈ ਕਿ ਸਾਰੇ ਭਾਰਤ ਵਿਚ ਇਹ ਐਕਟ ਲਾਗੂ ਹੋ ਜਾਵੇਗਾ।

# ਕਹਾਣੀ ਦੀ ਤਾਕਤ

***ਗੁਰਪ੍ਰੀਤ ਸਿੰਘ ,ਸਰੀ (ਬੀ.ਸੀ.) ਤੋਂ ਉੱਘੇ ਪੱਤਰਕਾਰ, ਲੇਖਕ ਅਤੇ ਰੈਡੀਕਲ ਦੇਸੀ ਦੇ ਸਹਿ-ਸੰਸਥਾਪਕ ਹਨ। ਉਨ੍ਹਾਂ ਪਹਿਲੀ ਅਕਤੂਬਰ ਤੋਂ ਸ਼ਾਮ 6 ਵਜੇ ਯੂਟਿਊਬ ਉੱਪਰ ਰੋਜ਼ਾਨਾ ਖ਼ਬਰਾਂ ਅਤੇ ਸਮਕਾਲੀ ਮੁੱਦਿਆਂ ਦਾ ਪ੍ਰੋਗਰਾਮ ਸ਼ੁਰੂ ਕੀਤਾ ਹੈ।***

ਗੁਰਪ੍ਰੀਤ ਸਿੰਘ ਕੈਨੇਡਾ


ਕੰਮ ਛੱਡੇ ਨੂੰ ਤਕਰੀਬਨ ਛੇ ਮਹੀਨੇ ਹੋ ਚੁੱਕੇ ਸਨ। ਬਿਨਾ ਕਿਸੇ ਕਮਾਈ ਦੇ ਘਰ ਬੈਠਿਆਂ ਕਈ ਵਾਰੀ ਆਪਣੇ ਆਪ 'ਤੇ ਸ਼ਰਮ ਵੀ ਆਉਣੀ, ਪਰ ਕਰਦਾ ਵੀ ਕੀ? ਜਿੱਥੇ ਕਿਤੇ ਨਵੀਂ ਨੌਕਰੀ ਲਈ ਦਸਤਕ ਦਿੱਤੀ, ਕੋਈ ਹੁੰਗਾਰਾ ਨਹੀਂ ਸੀ ਮਿਲਦਾ। ਪਿਛਲੇ ਤਿੰਨ ਦਹਾਕਿਆਂ ਤੋਂ ਸਿਰਫ਼ ਅਖ਼ਬਾਰਾਂ ਲਈ ਜਾਂ ਫੇਰ ਕੈਨੇਡਾ ਆਉਣ ਪਿੱਛੋਂ ਰੇਡੀਓ ਸਟੇਸ਼ਨਾਂ 'ਤੇ ਖ਼ਬਰਾਂ ਦੇਣ ਅਤੇ ਗੱਲਬਾਤ ਕਰਨਾ ਹੀ ਜਾਣਦਾ ਸੀ। ਕਈ ਵਾਰ ਇੱਕ ਸਾਥੀ ਪੱਤਰਕਾਰ ਦੀ ਪੁਰਾਣੀ ਟਿੱਚਰ ਵੀ ਚੇਤੇ ਆਉਂਦੀ ਰਹਿੰਦੀ ਹੈ। ਉਹ ਅਕਸਰ ਹੀ ਕਿਹਾ ਕਰਦਾ ਕਿ ਅਸੀਂ ਹੋਰ ਕੁਝ ਕਰਨ ਜੋਗੇ ਵੀ ਤਾਂ ਨਹੀਂ। ਹੈ ਵੀ ਸੱਚ, ਲੋਕਾਂ 'ਤੇ ਤਵਾ ਲਾਉਣ ਵਾਲਿਆਂ ਨੂੰ ਕੰਮ ਟੁੱਟਣ 'ਤੇ ਕਿਹੜਾ ਮੂੰਹ ਲਾਵੇ!

ਖ਼ੈਰ, ਸਮਾਂ ਤਾਂ ਫੇਰ ਵੀ ਕੱਟਣਾ ਹੀ ਹੁੰਦਾ। ਸੋ ਜਾਂ ਤਾਂ ਸੈਰ ਕਰ ਲਈ, ਬੂਟਿਆਂ ਨੂੰ ਪਾਣੀ ਦੇ ਲਿਆ, ਬੇਟੀ ਨੂੰ ਸਕੂਲ ਛੱਡਣਾ ਅਤੇ ਮਗਰੋਂ ਘਰੇ ਵਾਪਸ ਲਿਆਉਣਾ, ਕੁਝ ਪੜ੍ਹ ਲਿਆ ਜਾਂ ਫੇਰ ਲਿਖ ਲਿਆ ਜਾਂ ਕਦੇ ਕਦੇ ਕੋਈ ਫਿਲਮ ਵੇਖ ਲਈ। ਨਾਲ ਦੀ ਨਾਲ ਕੰਮ ਦੀ ਭਾਲ ਲਈ ਪੂਰਾ ਜ਼ੋਰ ਲਾਈ ਰੱਖਣਾ।



ਇਸੇ ਕਸ਼ਮਕਸ਼ ਵਿਚ ਇੱਕ ਦਿਨ ਇੱਕ ਨਾਵਲ ਚੁੱਕ ਲਿਆ। ਸੋਚਿਆ ਵੀ ਨਹੀ ਸੀ ਕਿ ਇਸ ਵਿਚਲੀ ਕਹਾਣੀ ਮੇਰੀ ਦਿਸ਼ਾ ਬਦਲ ਦੇਵੇਗੀ। ਪੜ੍ਹਨ ਬੈਠਾ ਤਾਂ ਖੁੱਭ ਹੀ ਗਿਆ। ਨਾਵਲ ਹਿੰਦ-ਪਾਕਿ ਵੰਡ ਦੇ ਦੁਖਾਂਤ ਬਾਰੇ ਸੀ। ਟਾਈਟਲ ਵੀ ਉਸਦਾ ਉਸ ਸਮੇਂ ਹੋਈ ਮਾਰ ਵੱਢ ਦੀ ਨਿਸ਼ਾਨਦੇਹੀ ਕਰਦਾ ਸੀ। 'ਰੌਲਿਆਂ ਵੇਲੇ' ਦਾ ਮੁੱਖ ਪਾਤਰ ਵੀ ਗੁਰਪ੍ਰੀਤ ਸੀ, ਜਾਣੀ ਮੇਰੇ ਹੀ ਨਾਂ ਵਾਲਾ ਕਹਾਣੀ ਦਾ ਨਾਇਕ ਜਿਸਦੇ ਸਿਰ ਉੱਪਰ ਆਪਣੇ ਖੋਜ ਦੇ ਕੰਮ ਨੂੰ ਲੈ ਕੇ ਜਨੂੰਨ ਸਵਾਰ ਰਹਿੰਦਾ। ਉਹ ਦੇਸ਼ ਦੀ ਤਕਸੀਮ ਵੇਲੇ ਹੋਏ ਫਿਰਕੂ ਕਤਲੇਆਮ ਦਾ ਸ਼ਿਕਾਰ ਹੋਣ ਵਾਲਿਆਂ ਦੇ ਦਰਦ ਨੂੰ ਸਮਝਣ ਦੀ ਕੋਸ਼ਿਸ਼ ਕਰਦਾ, ਉਨ੍ਹਾਂ ਦੇ ਅਨੁਭਵ ਕਲਮਬੰਦ ਕਰਦਾ ਅਤੇ ਆਪਣੇ ਯੂ-ਟਿਊਬ ਚੈਨਲ 'ਤੇ ਉਸ ਨਾਲ ਜੁੜੀਆਂ ਯਾਦਾਂ ਨੂੰ ਕੈਮਰੇ ਵਿਚ ਸਮੇਟਦਾ। ਉਸਨੂੰ ਇਸ ਗੱਲ ਦਾ ਕੋਈ ਝੋਰਾ ਵੀ ਨਹੀਂ ਸੀ ਕਿ ਉਹ ਇਸ ਕੰਮ 'ਚੋਂ ਕੁਝ ਕਮਾਏਗਾ ਜਾਂ ਨਹੀਂ। ਬਸ ਆਪਣੀ ਧੁਨ ਵਿਚ ਸਵਾਰ। ਉਹ ਤਾਂ ਇਸ ਗੱਲ ਨਾਲ ਵੀ ਕੋਈ ਸਮਝੌਤਾ ਨਹੀਂ ਸੀ ਕਰਦਾ ਕਿ ਪੈਸੇ ਬਣਾਉਣ ਲਈ ਵਿਆਹ ਸ਼ਾਦੀਆਂ ਦੀ ਰਿਕਾਰਡਿੰਗ ਹੀ ਕਰ ਲਵੇ।

ਕਾਫ਼ੀ ਹੱਦ ਤੱਕ ਉਹ ਮੈਨੂੰ ਆਪਣੇ ਹੀ ਵਰਗਾ ਜਾਪਿਆ। ਮੈਂ ਵੀ ਪੱਤਰਕਾਰੀ ਇਸੇ ਜਨੂੰਨ ਨਾਲ ਕਰਦਾ ਰਿਹਾ ਹਾਂ। ਕਹਾਣੀ ਪੜ੍ਹਨ ਤੋਂ ਪਿੱਛੋਂ ਮੇਰੀ ਇਕ ਮੁਸ਼ਕਲ ਤਾਂ ਹੱਲ ਹੋ ਗਈ। ਘੱਟੋ-ਘੱਟ ਮੇਰੀ ਮੰਜ਼ਿਲ ਤੈਅ ਹੋ ਗਈ। ਨਾਵਲ ਵਾਲੇ ਗੁਰਪ੍ਰੀਤ ਨੇ ਜਿਵੇਂ ਮੂਹਰੇ ਖੜ੍ਹ ਕੇ ਮੈਨੂੰ ਸ਼ੀਸ਼ਾ ਵਿਖਾ ਦਿੱਤਾ,




ਕਿ ਜੇ ਉਹ ਆਪਣੇ ਕੰਮ ਲਈ ਸਮਰਪਿਤ ਹੋ ਸਕਦਾ ਹੈ, ਪੈਸੇ ਧੇਲੇ ਦੀ ਪ੍ਰਵਾਹ ਕੀਤੇ ਬਿਨਾਂ ਤਾਂ ਮੈਂ ਕਿਉਂ ਨਹੀਂ। ਮੈਂ ਕੁਝ ਕੁ ਦਿਨਾਂ ਵਿੱਚ ਹੀ ਆਪਣੇ ਖ਼ਾਸ ਦੋਸਤਾਂ ਨਾਲ ਮਸ਼ਵਰਾ ਕਰਨ ਤੋ ਪਿੱਛੋਂ ਨਿਰਣਾ ਕਰ ਲਿਆ ਕਿ ਬਹੁਤ ਕਰ ਲਈ ਨੌਕਰੀ, ਹੁਣ ਆਪਣਾ ਆਜ਼ਾਦ ਯੂ-ਟਿਊਬ ਚੈਨਲ ਸ਼ੁਰੂ ਕੀਤਾ ਜਾਵੇ। ਮੇਰੀ ਜੀਵਨ ਸਾਥਣ ਰਚਨਾ ਨੇ ਮੇਰੀ ਦੁਚਿੱਤੀ ਬਿਲਕੁਲ ਹੀ ਮੁਕਾ ਦਿੱਤੀ ਜਦੋਂ ਉਸਨੇ ਮੈਨੂੰ ਹੱਲਾਸ਼ੇਰੀ ਦਿੰਦਿਆਂ ਕਿਹਾ ਕਿ ਤੂੰ ਆਪਣਾ ਕੰਮ ਸ਼ੁਰੂ ਕਰ, ਪੈਸੇ ਬਾਅਦ ਵਿਚ ਆਉਂਦੇ ਰਹਿਣਗੇ। ਚੈਨਲ ਦੇ ਰਸਮੀ ਤੌਰ 'ਤੇ ਸ਼ੁਰੂ ਹੋਣ ਤੋਂ ਪਹਿਲਾਂ ਮੈਂ ਨਾਵਲ ਦੇ ਲੇਖਕ ਬਲਬੀਰ ਪਰਵਾਨਾ ਨੂੰ ਫ਼ੋਨ ਕਰਕੇ ਉਨ੍ਹਾਂ ਦਾ ਧੰਨਵਾਦ ਕੀਤਾ, ਜਿਸਦੇ ਨਾਵਲ 'ਚੋਂ ਮਿਲੀ ਪ੍ਰੇਰਨਾ ਮੇਰੀ ਅਗਲੀ ਮੰਜ਼ਲ ਤੈਅ ਕਰਨ 'ਚ ਸਹਾਈ ਹੋਈ।

## *1947 ਦੀ ਧਾਰਮਿਕ ਹਿੰਸਾ ਦੀਆਂ ਦਰਦਨਾਕ ਯਾਦਾਂ 'ਤੇ ਆਧਾਰਤ ਪੰਜਾਬੀ ਨਾਵਲ*

### *ਢਾਹਾਂ ਇਨਾਮ ਦੇ ਫਾਈਨਲਿਸਟਾਂ 'ਚ ਸ਼ੁਮਾਰ*

'ਰੌਲ਼ਿਆਂ ਵੇਲੇ' (ਅਸ਼ਾਂਤੀ ਦੇ ਸਮੇਂ), ਬਲਬੀਰ ਪਰਵਾਨਾ ਦਾ ਨਾਵਲ, ਇੱਕ ਯੂ-ਟਿਊਬਰ ਦੀ ਕਹਾਣੀ ਹੈ ਜੋ ਭਾਰਤ-ਪਾਕਿਸਤਾਨ ਵੰਡ ਦੀ ਤ੍ਰਾਸਦੀ ਨੂੰ ਦਰਜ ਕਰਨ ਦੀ ਕੋਸ਼ਿਸ਼ ਕਰਦਾ ਹੈ। ਧਰਮ ਦੇ ਆਧਾਰ 'ਤੇ ਹੋਈ ਇਹ ਵੰਡ 1947 'ਚ ਭਾਰਤ ਤੋਂ ਪਾਕਿਸਤਾਨ ਦੇ ਵੱਖ ਹੋਣ ਦਾ ਕਾਰਨ ਬਣੀ। ਇਸ ਕਾਰਨ ਵੱਡੇ ਪੱਧਰ 'ਤੇ ਆਬਾਦੀ ਦਾ ਬਦਲਾਅ ਹੋਇਆ—ਹਿੰਦੂਆਂ ਅਤੇ ਸਿੱਖਾਂ ਨੂੰ ਨਵੇਂ ਬਣੇ ਮੁਸਲਮਾਨ-ਬਹੁਲ ਪਾਕਿਸਤਾਨ ਤੋਂ ਆਪਣੀਆਂ ਜ਼ਮੀਨਾਂ ਛੱਡਣ 'ਤੇ ਮਜਬੂਰ ਹੋਣਾ ਪਿਆ ਅਤੇ ਮੁਸਲਮਾਨਾਂ ਨੂੰ ਭਾਰਤ ਤੋਂ ਹਿੰਸਕ ਢੰਗ ਨਾਲ ਖਦੇੜਿਆ ਗਿਆ।

ਜਿੱਥੇ ਪਾਕਿਸਤਾਨ ਨੇ ਆਪਣੇ ਆਪ ਨੂੰ ਇੱਕ ਇਸਲਾਮੀ ਰਾਜ ਐਲਾਨਿਆ, ਓਥੇ ਭਾਰਤ ਧਰਮ-ਨਿਰਪੱਖ ਰਿਹਾ ਅਤੇ ਮੁਸਲਮਾਨਾਂ ਨੂੰ ਆਪਣੀ ਝੋਲੀ 'ਚ ਥਾਂ ਦਿੱਤੀ। ਪਰ ਇਹ ਵੱਖਰੀ ਗੱਲ ਹੈ ਕਿ ਅੱਜ ਭਾਰਤ 'ਚ ਮੁਸਲਮਾਨ ਮੌਜੂਦਾ ਹਿੰਦੂ ਸ੍ਰੇਸ਼ਟਵਾਦੀ ਰਾਜ ਹੇਠ, ਝੂਠੀ ਧਰਮ-ਨਿਰਪੱਖਤਾ ਦੀ ਆੜ 'ਚ, ਹੋਰ ਵੀ ਹਮਲਾਵਰ ਤਰੀਕੇ ਨਾਲ ਜਬਰ-ਜ਼ੁਲਮ ਦਾ ਸ਼ਿਕਾਰ ਹੋ ਰਹੇ ਹਨ। ਭਾਰਤ ਨੇ ਧਾਰਮਿਕ ਘੱਟਗਿਣਤੀਆਂ ਨੂੰ ਨਿਸ਼ਾਨਾ ਬਣਾਉਂਦਿਆਂ ਸੱਤਾਧਾਰੀ ਪਾਰਟੀ ਦੀ ਮੱਦਦ ਵਾਲੀ ਕਤਲੇਆਮ ਵੇਖੇ ਹਨ।

ਕਹਾਣੀ ਦਾ ਨਾਇਕ, ਗੁਰਪ੍ਰੀਤ ਸਿੰਘ (ਇਸ ਲੇਖ ਦੇ ਲੇਖਕ ਨਾਲ ਕੋਈ ਸੰਬੰਧ ਨਹੀਂ), ਆਪਣੇ ਕੰਮ ਪ੍ਰਤੀ ਬਹੁਤ ਜ਼ਿਆਦਾ ਜਨੂੰਨੀ ਹੈ। ਉਹ 1947 ਦੀ ਉਸ ਹਿੰਸਾ ਨੂੰ ਮੁੜ ਖੰਗਾਲਣ ਦੀ ਕੋਸ਼ਿਸ਼ ਕਰਦਾ ਹੈ, ਜਿਸ 'ਚ ਨਵੀਂ ਬਣੀ ਸਰਹੱਦ ਦੇ ਦੋਵੇਂ ਪਾਸੇ ਹਜ਼ਾਰਾਂ ਮੌਤਾਂ ਅਤੇ ਬਲਾਤਕਾਰ ਹੋਏ ਸਨ। ਉਹ ਗਵਾਹਾਂ ਨਾਲ ਇੰਟਰਵਿਊ ਕਰਦਾ ਹੈ, ਦਸਤਾਵੇਜ਼ ਤੇ ਯਾਦਾਂ ਇਕੱਠੀਆਂ ਕਰਦਾ ਹੈ। ਅਤੇ ਸਵਾਲ ਕਰਦਾ ਹੈ ਕਿ ਇਹ ਇਤਿਹਾਸ ਅਜੇ ਵੀ ਅਸਪਸ਼ਟ ਕਿਉਂ ਹੈ, ਜਦਕਿ ਇਸ ਦੌਰ ਦੀ ਫਿਰਕੂ ਹਿੰਸਾ 'ਚ ਹੀਰੋਸ਼ਿਮਾ ਤੇ ਨਾਗਾਸਾਕੀ ਬੰਬਾਰੀ ਨਾਲੋਂ ਕਿਤੇ ਵੱਧ ਲੋਕ ਮਾਰੇ ਗਏ ਸਨ।

ਭਾਰਤੀ ਪੰਜਾਬ 'ਚ ਜੜਾਂ ਲੱਭਦੀ ਪਾਕਿਸਤਾਨੀ ਮੁਸਲਮਾਨ ਆਪਣੇ ਕੰਮ ਦੌਰਾਨ ਗੁਰਪ੍ਰੀਤ ਦੀ ਮੁਲਾਕਾਤ ਅਬੀਦਾ ਨਾਲ ਹੁੰਦੀ ਹੈ, ਜੋ ਕਿ ਕੈਨੇਡਾ 'ਚ ਰਹਿੰਦੀ ਪਾਕਿਸਤਾਨੀ ਖੋਜਕਰਤਾ ਹੈ। ਸੰਜੋਗ ਨਾਲ, ਅਬੀਦਾ ਦੇ ਪੇਕਾ ਪਰਿਵਾਰ ਦੀਆਂ ਜੜਾਂ ਭਾਰਤੀ ਪੰਜਾਬ ਦੇ ਉਸੇ ਖੇਤਰ 'ਚ ਹਨ, ਜਿੱਥੋਂ ਗੁਰਪ੍ਰੀਤ ਹੈ। ਗੁਰਪ੍ਰੀਤ ਇਹ ਜਾਣਨ ਲਈ ਉਤਸੁਕ ਹੈ ਕਿ ਸਮੇਂ ਦੇ ਨਾਲ ਉਨ੍ਹਾਂ ਦੀ ਪੁਸ਼ਤੈਨੀ ਧਰਤੀ ਦਾ ਭੂਗੋਲ ਕਿਵੇਂ ਬਦਲ ਗਿਆ ਹੈ। ਦੋਵੇਂ ਹੌਲੀ-ਹੌਲੀ ਦੋਸਤ ਬਣਦੇ ਹਨ ਅਤੇ ਰੋਮਾਂਚਕ ਰਿਸ਼ਤਾ ਵੀ ਵਿਕਸਤ ਹੁੰਦਾ ਹੈ। ਅਬੀਦਾ ਭਾਰਤ ਆਉਂਦੀ ਹੈ ਤਾਂ ਜੋ ਆਪਣੀਆਂ ਜੜਾਂ ਨਾਲ ਮੁੜ ਜੁੜ ਸਕੇ।

ਇਹ ਨਾਵਲ ਭਾਰਤ ਅਤੇ ਪਾਕਿਸਤਾਨ ਦਰਮਿਆਨ ਇੱਕ ਵਧੀਆ ਭਵਿੱਖ ਅਤੇ ਅਮਨ ਦੀ ਉਮੀਦ ਪੈਦਾ ਕਰਦਾ ਹੈ, ਜਿਨ੍ਹਾਂ ਨੇ ਪਹਿਲਾਂ ਹੀ ਦੋ ਵੱਡੇ ਯੁੱਧ ਲੜੇ ਹਨ ਅਤੇ ਅਜੇ ਵੀ ਉਨ੍ਹਾਂ ਦੇ ਸੰਬੰਧ ਵੈਰ-ਵਿਰੋਧ ਵਾਲੇ ਹਨ।

ਇਸ ਨਾਵਲ ਵਿਚ ਲੇਖਕ, ਭਾਵੇਂ ਕਿ ਬਹੁਤ ਘੱਟ ਹੀ ਸਹੀ, 1947 ਦੀ ਤ੍ਰਾਸਦੀ ਨੂੰ ਭਾਰਤ ਵਿਚ ਆਜ਼ਾਦੀ ਤੋਂ ਪਿੱਛੋਂ ਹੋਈਆਂ ਫਿਰਕੂ ਹਿੰਸਕ ਘਟਨਾਵਾਂ ਨਾਲ ਜੋੜਨ ਦੀ ਕੋਸ਼ਿਸ਼ ਕਰਦਾ ਹੈ। ਉਹ ਰਾਜਨੀਤਕ ਲੀਡਰਸ਼ਿਪ ਦੀ ਉਸ ਮਿਲੀਭੁਗਤ ਦੀ ਛਾਣਬੀਣ ਕਰਦਾ ਹੈ, ਜੋ ਸੱਤਾ ਨੂੰ ਬਰਕਰਾਰ ਰੱਖਣ ਦੀ ਖ਼ਾਤਰ ਲੋਕਾਂ ਦੀਆਂ ਸਭ ਤੋਂ ਨੀਵੀਆਂ ਭਾਵਨਾਵਾਂ ਨੂੰ ਭੜਕਾਉਂਦੀ ਹੈ।

### *ਢਾਹਾਂ ਇਨਾਮ ਦੇ ਫਾਈਨਲਿਸਟ*

ਭਾਰਤ 'ਚ ਰਹਿੰਦੇ ਲੇਖਕ ਬਲਵੀਰ ਪਰਵਾਨਾ ਇਸ ਸਾਲ ਦੇ ਢਾਹਾਂ ਪੰਜਾਬੀ ਸਾਹਿਤ ਪੁਰਸਕਾਰ ਦੇ ਤਿੰਨ ਫਾਈਨਲਿਸਟਾਂ 'ਚ ਸ਼ੁਮਾਰ ਹਨ। ਕੈਨੇਡਾ ਇੰਡੀਆ ਐਜੂਕੇਸ਼ਨ ਸੋਸਾਇਟੀ ਅਤੇ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ (ਯੂਬੀਸੀ) ਦੇ ਏਸ਼ਿਆਈ ਅਧਿਐਨ ਵਿਭਾਗ ਨੇ ਇਹ ਇਨਾਮ 2014 'ਚ ਸ਼ੁਰੂ ਕੀਤਾ ਸੀ, ਜਿਸ ਨੂੰ ਵੈਨਕੂਵਰ ਦੇ ਕਾਰੋਬਾਰੀ ਬਰਜ ਢਾਹਾਂ ਨੇ ਵਿੱਤੀ ਸਹਿਯੋਗ ਦਿੱਤਾ।

ਇਸ ਪੁਰਸਕਾਰ ਦਾ ਮਕਸਦ ਭਾਰਤ ਅਤੇ ਪਾਕਿਸਤਾਨ ਤੋਂ ਗੁਰਮੁਖੀ ਅਤੇ ਸ਼ਾਹਮੁਖੀ ਲਿਪੀ 'ਚ ਪ੍ਰਕਾਸ਼ਿਤ ਪੰਜਾਬੀ ਸਾਹਿਤ ਨੂੰ ਉਤਸ਼ਾਹਤ ਕਰਨਾ ਹੈ, ਨਾਲ ਹੀ ਪੰਜਾਬੀ ਪਰਵਾਸੀ ਲੇਖਕਾਂ ਵੱਲੋਂ ਲਿਖੀਆਂ ਰਚਨਾਵਾਂ ਨੂੰ ਵੀ ਸਨਮਾਨਿਤ ਕਰਨਾ ਹੈ। ਇਸ ਸਾਲ ਦੇ ਦੋ ਹੋਰ ਨਾਮਜ਼ਦ ਲੇਖਕ ਹਨ—ਪਾਕਿਸਤਾਨ ਤੋਂ ਮੁਦੱਸਰ ਬਸ਼ੀਰ ਆਪਣੇ ਨਾਵਲ 'ਗੋਇਲ' (ਅਨਮੋਲ ਆਸਰੇ) ਲਈ ਅਤੇ ਭਾਰਤ ਤੋਂ ਭਗਵੰਤ ਰਸੂਲਪੁਰੀ, ਆਪਣੇ ਨਿੱਕੀਆਂ ਕਹਾਣੀ ਦੇ ਸੰਗ੍ਰਹਿ 'ਡਿਲੀਵਰੀ ਮੈਨ' ਲਈ।

ਜੇਤੂ ਨੂੰ 25,000 ਡਾਲਰ ਦੀ ਰਕਮ ਮਿਲੇਗੀ ਅਤੇ ਦੋ ਉਪ-ਜੇਤੂਆਂ ਨੂੰ 10,000-10,000 ਡਾਲਰ ਦਿੱਤੇ ਜਾਣਗੇ। ਜੇਤੂ ਕਿਤਾਬ ਦਾ ਐਲਾਨ 13 ਨਵੰਬਰ ਨੂੰ ਸਰੀ ਵਿਖੇ ਨਾਰਥਵਿਊ ਗੌਲਫ ਐਂਡ ਕਨਟਰੀ ਕਲੱਬ 'ਚ ਕੀਤੀ ਜਾਵੇਗਾ।

# ਸਾਡੀ ਮਲਿਕਾ-ਏ-ਹੁਸਨ

ਇਹ ਤਾਂ ਉਹੋ ਜਿਹੀ ਆਲੀ-ਭੋਲੀ ਜਿਹੀ ਮੰਗ ਸੀ, ਜਿਵੇਂ ਘਰ ਵਿਚ ਨਵੀਂ ਖਰੀਦੀ ਕਾਰ ਦਾ ਜਸ਼ਨ ਚੱਲ ਰਿਹਾ ਹੋਵੇ, ਪਰ ਬੱਚਾ ਟੋਆਏ-ਕਾਰ ਲੈਣ ਦੀ ਜ਼ਿੱਦ ਉਤੇ ਅੜ ਜਾਵੇ। ਅਸੀਂ ਅਜੇ ਅੰਡੇਮਾਨ/ਨਿਕੋਬਾਰ ਦਾ ਸ਼ਾਨਦਾਰ ਟੂਰ ਲਾ ਕੇ ਪਰਤੇ ਹੀ ਸਾਂ ਕਿ ਸੁਖਵਿੰਦਰ ਨੇ ਆਪਣੀ ਮੰਗ ਫਿਰ ਦੁਹਰਾ ਦਿੱਤੀ, 'ਅਜੇ ਤਾਂ ਆਪਾਂ ਕਸੌਲੀ ਵੀ ਘੁੰਮ ਕੇ ਆਉਣੈ ਐਤਕੀਂ।'

ਤਰਕ-ਵਿਤਰਕ ਦੀ ਦਿਮਾਗੀ ਖੇਡ ਆਪਣੀ ਥਾਂ ਪਰ ਕੋਈ ਦਿਲ ਦਾ ਕੀ ਕਰੇ, ਅਖੇ ਦਿਲ ਹੈ ਕਿ ਮਾਨਤਾ ਨਹੀਂ। ਉਸਦਾ ਦਿਲ ਤਾਂ ਕਸੌਲੀ ਲਈ ਤੜਪ ਰਿਹਾ ਸੀ, ਫਿਰ ਇਹ ਤਰਕ ਕੀ ਕਾਟ ਕਰਦਾ ਕਿ ਜਦੋਂ ਆਪਾਂ ਦਿੱਲੀ-ਦੱਖਣ ਗਾਹ ਆਏ ਹਾਂ, ਕਨੇਡਾ ਦੀ ਰੰਗੀਲੀ ਪਤਝੜ (ਔਟਮ ਫਾਲ) ਦਾ ਹੁਸਨ ਮਾਣ ਚੁੱਕੇ ਹਾਂ, ਅੰਡੇਮਾਨ ਦੀ ਕੰਜ-ਕੁਆਰੀ ਧਰਤੀ ਨੂੰ ਮਾਣ ਕੇ ਵੇਖ ਲਿਆ ਹੈ, ਤਾਂ ਹੁਣ ਭਲਾ ਕਸੌਲੀ ਦੀ ਕੀ ਕਸਰ ਬਾਕੀ ਹੈ?

ਉਂਜ ਤਾਂ ਭਾਵੇਂ ਕਸੌਲੀ ਉਸ ਦੀਆਂ ਨੇੜਲੀਆਂ ਬਾਕੀ ਪਹਾੜੀ ਥਾਵਾਂ- ਸ਼ਿਮਲਾ, ਧਰਮਸ਼ਾਲਾ, ਡਲਹੌਜ਼ੀ, ਮਸੂਰੀ ਆਦਿ ਤੋਂ ਵੀ ਕੋਈ ਵੱਧ ਆਭਾ ਵਾਲਾ ਥਾਂ ਨਹੀਂ ਕਿਹਾ ਜਾ ਸਕਦਾ ਪਰ ਮੇਰੀ ਇਸ ਤੁਲਨਾ ਦਾ ਅਸਰ ਵੀ ਕਸੌਲੀ ਦੀ ਤਲਬਗ਼ਾਰ ਉੱਤੇ ਥਿੰਦੇ ਘੜੇ 'ਤੇ ਡਿੱਗੀ ਪਾਣੀ ਦੀ ਬੂੰਦ ਤੋਂ ਵੱਧ ਨਹੀਂ ਹੁੰਦਾ। ਉਹ ਵੀ ਸੱਚੀ ਹੈ, ਅਸਲ ਵਿਚ ਕਸੌਲੀ ਨਾਲ ਸਾਡਾ ਰਿਸ਼ਤਾ ਪਹਿਲੇ ਪਿਆਰ ਵਾਲਾ ਹੈ ਜਿਸ ਦੀ ਇੱਕ ਲੰਮੀ ਕਹਾਣੀ ਹੈ। ਫਿਰ ਪਹਿਲੇ ਪਿਆਰ ਨੂੰ ਹੋਰ ਰਿਸ਼ਤਿਆਂ ਨਾਲ ਤੱਕੜੀ ਦੇ ਪੱਲਿਆਂ 'ਚ ਪਾ ਕੇ ਭਲਾ ਕੌਣ ਤੋਲ ਕੇ ਵੇਖਦਾ ਹੈ?

**ਬਲਦੇਵ ਸਿੰਘ ਧਾਲੀਵਾਲ**
**ਫੋਨ:+91-98728-35835**

ਗੱਲ ਕੋਈ ਤੀਹ ਕੁ ਵਰ੍ਹੇ ਪੁਰਾਣੀ ਹੈ। ਵੀਹਵੀਂ ਸਦੀ ਦੇ ਅੰਤਲੇ ਦਹਾਕੇ ਦੇ ਮੁੱਢਲੇ ਸਾਲਾਂ ਵਿਚ ਮੈਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਬਤੌਰ ਲੈਕਚਰਾਰ ਜੁਆਇਨ ਕੀਤਾ। ਪਤਾ ਲੱਗਿਆ ਕਿ ਯੂਨੀਵਰਸਿਟੀ ਦੇ ਕਸੌਲੀ, ਸ਼ਿਮਲਾ, ਅੰਦਰੇਟਾ ਵਿਖੇ ਗੈਸਟ-ਹਾਊਸ ਹਨ, ਜਿਨ੍ਹਾਂ ਦੀ ਸਸਤੀ ਜਿਹੀ ਬੁਕਿੰਗ ਕਰਾ ਕੇ ਫੈਕਲਟੀ ਮੈਂਬਰ ਠਹਿਰ ਸਕਦੇ ਸਨ। ਇਹ ਤਾਂ ਬਿੱਲੀ ਦੇ ਭਾਗੀਂ ਛਿੱਕਾ ਟੁੱਟਣ ਵਾਲੀ ਗੱਲ ਹੀ ਸੀ, ਵਰਨਾ ਨੌਕਰੀ ਵਾਸਤੇ ਜੱਦੋ-ਜਹਿਦ ਦੇ ਜਿਸ ਦੌਰ ਵਿਚੋਂ ਲੰਘ ਕੇ ਆਏ ਸਾਂ, ਉਦੋਂ ਪਹਾੜਾਂ ਦੀ ਸੈਰ ਤਾਂ ਕੋਈ ਮ੍ਰਿਗ-ਤ੍ਰਿਸ਼ਨਾ ਜਿਹਾ ਭਰਮ ਹੀ ਸੀ ਜਿਸ ਤੱਕ ਚਾਹ ਕੇ ਵੀ ਅੱਪੜਿਆ ਨਹੀਂ ਸੀ ਜਾ ਸਕਦਾ। ਗਰਮੀ ਦੀਆਂ ਪਲੇਠੀਆਂ ਛੁੱਟੀਆਂ ਆਈਆਂ, ਪਹਿਲੀ ਵਾਰ ਅਸੀਂ ਤਿੰਨੇ ਜੀਅ- ਮੈਂ, ਪਤਨੀ ਅਤੇ ਚਾਰ-ਪੰਜ ਸਾਲ ਦਾ ਬੇਟਾ ਆਸਵੰਤ- ਅੱਠ-ਦਸ ਦਿਨਾਂ ਲਈ, ਵੱਡੇ ਲੋਕਾਂ ਵਾਂਗੂੰ, ਕਸੌਲੀ 'ਚ ਸੈਰ-ਸਪਾਟੇ ਨਿਕਲ ਪਏ। ਕਸੌਲੀ ਦੀ ਮੇਨ ਮਾਰਕਿਟ ਵਿਚੋਂ ਲੰਘ ਕੇ ਹੇਠਾਂ ਨੂੰ ਉਤਰਦਿਆਂ ਇੱਕ ਖਸਤਾ ਹਾਲਤ ਵਾਲਾ ਹੋਟਲ ਸੀ, ਜਿਸਦੇ ਦੋ ਕਮਰਿਆਂ ਨੂੰ ਪੱਕਾ ਹੀ ਬੁੱਕ ਕਰਵਾ ਕੇ ਯੂਨੀਵਰਸਿਟੀ ਨੇ ਗੈਸਟ ਹਾਊਸ ਦਾ ਨਾਂ ਦੇ ਰੱਖਿਆ ਸੀ। ਸੁਖ-ਸਹੂਲਤਾਂ ਦਾ ਹਾਲ ਇਹ ਕਿ ਜੇ ਕਮਰੇ 'ਚ ਗਰਮੀ ਲਗਦੀ ਤਾਂ ਟੇਬਲ-ਫੈਨ ਵੀ ਵੱਖਰਾ ਕਿਰਾਏ ਉੱਤੇ ਲੈਣਾ ਪੈਂਦਾ, ਪਰ ਇਸਦੇ ਬਾਵਜੂਦ ਇਹ ਟਿਕਾਣਾ ਸਾਡੇ ਲਈ ਸੁਰਗ ਦਾ ਝੂਟਾ ਸੀ, ਜਿਵੇਂ ਆਂਹਦੇ ਨੇ ਸਰਕਾਰੋਂ ਮਿਲੇ ਤੇਲ ਤਾਂ ਜੁੱਤੀ 'ਚ ਪਵਾ ਲਈਏ।

ਗੈਸਟ-ਹਾਊਸ ਵਿਚ ਸਿਰਫ਼ ਰਾਤ ਗੁਜ਼ਾਰਦੇ। ਨੌਂ-ਦਸ ਕੁ ਵਜੇ ਆਰਾਮ ਨਾਲ ਉੱਠ ਕੇ ਤਿਆਰ ਹੁੰਦੇ ਅਤੇ ਮਾਰਕਿਟ ਦੇ ਅਖੀਰ ਤੇ ਬਣੇ ਪੁਰਾਣੇ ਆਨੰਦ ਢਾਬੇ ਤੋਂ ਪਹਾੜੀ ਪਰੌਂਠਿਆਂ ਦਾ ਆਨੰਦ ਮਾਣਦੇ। ਫਿਰ ਲੋਅਰ ਜਾਂ ਅੱਪਰ ਮਾਲ ਵੱਲ ਨਿਕਲ ਤੁਰਦੇ। ਹੌਲੀ-ਹੌਲੀ ਤੁਰਦੇ ਹਰਿਆਲੀ ਭਰੀਆਂ ਪਹਾੜੀਆਂ ਦਾ ਹੁਸਨ ਨਿਹਾਰਦੇ ਜਾਂਦੇ। ਕੈਮਰਾ ਤਾਂ ਸਾਡੇ ਕੋਲ ਹੁੰਦਾ ਨਹੀਂ ਸੀ, ਅੱਖਾਂ ਰਾਹੀਂ ਤਸਵੀਰਾਂ ਖਿੱਚਦੇ, ਮਨ-ਮਸਤਕ ਵਿਚ ਵਸਾਈ ਜਾਂਦੇ। ਰਾਹ 'ਚ ਹਿਮਾਚਲ ਸਰਕਾਰ ਦਾ ਹੋਟਲ-ਨੁਮਾ ਰੈਸਟੋਰੈਂਟ ਆਉਂਦਾ, ਉਥੇ ਘੰਟਿਆਂ-ਬੱਧੀ ਬਹਿਣ ਦੇ ਲਾਲਚ-ਵੱਸ ਚਾਹ-ਕੌਫ਼ੀ ਪੀਣ ਦਾ ਖਰਚ ਵੀ ਦੰਦਾਂ 'ਚ ਜੀਭ ਲੈ ਕੇ ਝੱਲ ਲੈਂਦੇ। ਕਿਤੇ ਬਹੁਤਾ ਹੀ ਜੋਸ਼ ਚੜ੍ਹਦਾ ਤਾਂ ਮੌਂਕੀ ਪੁਆਇੰਟ ਦੀ ਸਾਹ-ਚੜ੍ਹਾਉਣੀ ਚੜ੍ਹਾਈ ਵੀ ਚੜ੍ਹ ਲੈਂਦੇ। ਉਚਾਈ ਤੋਂ ਖੜ੍ਹ ਕੇ ਦੂਰ ਤੱਕ ਤਹਿ-ਦਰ-ਤਹਿ ਵਿਛੀਆਂ ਗਲੀਚਾ-ਨੁਮਾ ਪਹਾੜੀਆਂ ਦੇ ਹਰੇ ਤੰਬੂਆਂ ਦੀ ਰੇਂਜ ਦਾ ਲੁਤਫ਼ ਮਾਣਦੇ ਰਹਿੰਦੇ। ਸ਼ਾਮ ਨੂੰ ਵਾਪਸ ਮੁੜਦੇ ਫਿਰ ਉਸੇ ਆਨੰਦ ਢਾਬੇ ਤੋਂ ਕੁੱਖਾਂ-ਕੱਢ 'ਡਿਨਰ' ਕਰਦੇ ਅਤੇ ਹੋਟਲ ਦੇ ਨੇੜੇ-ਤੇੜੇ ਟਹਿਲਦੇ ਰੋਸ਼ਨੀਆਂ 'ਚ ਲਿਪਟੀ ਕਸੌਲੀ ਦੇ ਹੁਸਨ ਦਾ ਜਲਵਾ ਦੇਰ ਤੱਕ ਬਿਹਬਲ ਨਜ਼ਰਾਂ ਨਾਲ ਘੁੱਟਾਂ-ਬਾਟੀ ਪੀਂਦੇ ਰਹਿੰਦੇ। ਇਹ ਭਾਵੇਂ ਨਿੱਤ ਦਾ 'ਰੁਟੀਨ' ਸੀ ਪਰ ਸਾਨੂੰ ਰਤੀ ਭਰ ਵੀ ਅਕਾਊ ਨਹੀਂ ਸੀ ਲਗਦਾ, ਸਗੋਂ ਇਸ ਰੁਟੀਨ ਨੇ ਤਾਂ ਸਾਡੇ ਜੀਵਨ-ਸੂਹਜ ਨੂੰ ਮਾਨਣ ਲਈ ਭੜਕੇ ਸੁਪਨਿਆਂ ਨੂੰ ਹੋਰ ਲੱਖਾਂ-ਕਰੋੜਾਂ ਜ਼ਰਬਾਂ ਦੇ ਮਾਰੀਆਂ ਸਨ। ਉਦੋਂ ਤੱਕ ਮੈਂ ਛੋਟਾ-ਮੋਟਾ ਲੇਖਕ ਤਾਂ ਬਣ ਹੀ ਚੁੱਕਿਆ ਸਾਂ ਪਰ ਜਦੋਂ ਲੰਘਦਿਆਂ-ਲੰਘਦਿਆਂ ਇੱਕ ਘਰ ਅੱਗੇ ਖੁਸ਼ਵੰਤ ਸਿੰਘ ਲਿਖਿਆ ਵੇਖਦਾ ਤਾਂ ਜਿਵੇਂ ਕਲਪਨਾ ਨੂੰ ਹੋਰ ਖੰਭ ਲੱਗ ਜਾਂਦੇ। ਸੋਚਦਾ! ਕਿ ਕਿਸੇ ਘਰ ਸਾਹਵੇਂ ਇਸੇ ਤਰ੍ਹਾਂ ਹੀ ਕਿਸੇ ਦਿਨ ਸੰਗਮਰਮਰ ਦੀ ਸਲੇਟ ਉੱਤੇ 'ਬਲਦੇਵ ਸਿੰਘ ਧਾਲੀਵਾਲ' ਉਕਰਿਆ ਹੋਵੇਗਾ ਅਤੇ ਉਸਦੇ ਲਿਖਣ-ਪੜ੍ਹਨ ਦਾ ਕੰਮ ਵੀ ਗਰਮੀਆਂ 'ਚ ਵੱਡੇ ਮੁਹਤਬਰ ਲੇਖਕਾਂ ਵਾਂਗ ਅਜਿਹੇ 'ਨਿਵਾਸ' 'ਚ ਰਹਿੰਦਿਆਂ ਹੀ ਹੋਇਆ ਕਰੇਗਾ। ਪਹਾੜਾਂ 'ਚ ਜਾ ਕੇ ਲਿਖਣ ਵਾਲੇ ਵੱਡੇ ਪੰਜਾਬੀ ਲੇਖਕਾਂ- ਭਾਈ ਵੀਰ ਸਿੰਘ, ਨਾਨਕ ਸਿੰਘ ਆਦਿ – ਦੀਆਂ ਗੱਲਾਂ ਦਿਲ-ਦਿਮਾਗ ਵਿਚ ਵਾਵਰੋਲੇ ਬਣ ਘੁੰਮਣ ਲਗਦੀਆਂ। ਕਈ ਵਾਰ ਇਹ ਸੋਚ ਕੇ ਪਛਤਾਵਾ ਹੁੰਦਾ ਕਿ ਮੇਰੀ ਜ਼ਿੰਦਗੀ ਦੇ ਕਿੰਨੇ ਹੁਸੀਨ ਵਰ੍ਹੇ ਕਸੌਲੀ ਦੇ ਤਸੱਵੁਰ ਤੋਂ ਬਿਨਾਂ ਹੀ ਗੁਆਚ ਗਏ ਸਨ। ਆਲੇ-ਦੁਆਲੇ ਕਿਵੇਂ ਕੁਦਰਤ ਦੀਆਂ ਦਿਲਕਸ਼ ਬਰਕਤਾਂ ਬਿਖਰੀਆਂ ਪਈਆਂ ਸਨ, ਬਾਹਾਂ ਉਲਾਰ ਉਲਾਰ ਮਾਣੇ ਜਾਣ ਲਈ ਹਾਕਾਂ ਮਾਰ ਰਹੀਆਂ ਸਨ, ਪਰ ਅਸੀਂ ਮਾਤੜ ਖੂਹ ਦੇ ਡੱਡੂ ਵਾਂਗ ਘਰ ਨਾਂ ਦੀ ਘੁਟਨ-ਭਰੀ ਗਿੱਠ ਕੁ ਥਾਂ ਉੱਤੇ ਹੀ ਦਿਨ-ਕਟੀ ਕਰਦੇ ਰਹੇ ਸਾਂ। ਮੌਜ-ਬਹਾਰ ਦੀ ਅਸਲ ਜ਼ਿੰਦਗੀ ਤਾਂ ਅਸਲ ਵਿਚ ਇਥੇ ਸੀ ਜੋ ਆਪਣੀ ਆਗੋਸ਼ ਵਿਚ ਲੈਣ ਲਈ ਅੰਗੜਾਈਆਂ ਲੈ ਰਹੀ ਸੀ।

ਬੰਦੇ ਦੇ ਸਾਰੇ ਸੁਪਨੇ ਕਦੋਂ ਪੂਰੇ ਹੁੰਦੇ ਹਨ? ਹਕੀਕਤਾਂ ਦੀ ਪਥਰੀਲੀ, ਖੰਘਰ ਜ਼ਮੀਨ ਉੱਤੇ ਵੱਜ-ਵੱਜ ਇੱਕ-ਇੱਕ ਕਰਕੇ ਦਮ ਤੋੜ ਜਾਂਦੇ ਹਨ। ਫਿਰ ਅਸੀਂ ਕਿਹੜਾ ਕੋਈ ਵੱਖਰੇ ਫੰਨੇ-ਖਾਂ ਸਾਂ ਜੋ ਮਨ-ਆਈਆਂ ਕਰਦੇ। ਕਬੀਲਦਾਰੀ ਦੇ ਖੂਹ ਵਿਚ ਡੱਡੂ ਵਾਂਗ ਚੱਪੇ-ਚੱਪੇ ਦੇ ਛੜੱਪੇ ਮਾਰਦਿਆਂ ਜਿਵੇਂ ਅੱਖ ਦੇ ਫੋਰ ਵਿਚ ਹੀ ਛੱਬੀ-ਸਤਾਈ ਵਰ੍ਹੇ ਲੰਘਾ ਲਏ ਸਨ ਪਰ ਆਪਣੇ ਸੁਪਨਿਆਂ ਦੀ ਸੈਰਗਾਹ ਕਸੌਲੀ ਵੱਲ ਜਾਣ ਦੀ ਹਿੰਮਤ ਨਹੀਂ ਸੀ ਕਰ ਸਕੇ। ਅੱਜ ਜਾਨੇ ਆਂ, ਕੱਲ੍ਹ ਜਾਨੇ ਆਂ, ਕਰਦੇ-ਕਰਦੇ ਹਾਉਕੇ ਭਰਦੇ ਰਹਿੰਦੇ ਸਾਂ। ਹੇਰਵਾ ਤਾਂ ਮੈਨੂੰ ਵੀ ਕੋਈ ਘੱਟ ਨਹੀਂ ਸੀ ਪਰ ਸੁਖਵਿੰਦਰ ਲਈ ਤਾਂ ਇਹ ਕਸੌਲੀ-ਵਿਯੋਗ ਜਿਵੇਂ ਕੋਈ ਮਾਨਸਿਕ ਗੰਢ ਜਿਹਾ ਰੋਗ ਬਣ ਗਿਆ ਸੀ। ਹੁਣ ਬੱਚੇ ਵੱਡੇ ਹੋ ਕੇ ਆਪੋ-ਆਪਣੀ ਮਨ-ਚਾਹੀ ਜ਼ਿੰਦਗੀ ਜਿਊਣ ਲਈ ਘਰੋਂ ਬਾਹਰ ਚਲੇ ਗਏ ਸਨ ਤਾਂ ਸਾਡੀ ਵਿਯੋਗ ਦੀ ਕਸਕ ਹੋਰ ਕਸਕਣ ਲੱਗ ਪਈ ਸੀ। 'ਅਜੇ ਤਾਂ ਕਸੌਲੀ ਵੀ ਜਾਣੈਂ", ਉਠਦੇ-ਬਹਿੰਦੇ ਉਹ ਇਹ ਰਾਗ ਅਲਾਪਦੀ ਰਹਿੰਦੀ।





*ਲੇਖਕ ਦੀਆਂ ਆਪਣੀ ਪਤਨੀ, ਬੁੱਕਰ ਪ੍ਰਾਈਜ਼ ਜੇਤੂ ਗੀਤਾਂਜਲੀ ਸ੍ਰੀ ਅਤੇ ਅਦਾਕਾਰਾ ਦਿਵਿਆ ਦੱਤਾ ਨਾ.ਲ ਯਾਦਗਾਰੀ ਤਸਵੀਰਾਂ।*

ਦਿਲ ਦੀ ਏਨੀ ਤੀਬਰ ਚਾਹ ਹੋਵੇ ਤਾਂ ਫਿਰ ਕੋਈ ਰਾਹ ਵੀ ਨਿਕਲ ਹੀ ਆਉਂਦਾ ਹੈ। ਕਰੋਨਾ-ਕਾਲ ਦੇ ਲੰਮੇ ਵਕਫ਼ੇ ਤੋਂ ਬਾਅਦ ਹੋਣ ਵਾਲਾ ਖੁਸ਼ਵੰਤ ਸਿੰਘ ਲਿਟ ਫੈਸਟ ਸਮਝੋ ਉਹ ਰਾਹ ਬਣ ਗਿਆ, ਜਿਸ ਬਾਰੇ ਸੁਣਦਿਆਂ ਹੀ ਲੰਮੀਆਂ ਪੁਲਾਂਘਾਂ ਪੁਟਦਿਆਂ ਅਸੀਂ ਆਪਣੀ ਮਹਿਬੂਬ ਕਸੌਲੀ ਨੂੰ ਧਾਹ ਗਲਵੱਕੜੀ ਪਾਉਣ ਲਈ ਨਿਕਲ ਪਏ ਸਾਂ। ਸਾਡੇ ਤੋਂ ਚਾਅ ਨਹੀਂ ਸੀ ਚੁੱਕਿਆ ਜਾ ਰਿਹਾ, ਜਿਵੇਂ ਵਰ੍ਹਿਆਂ ਪਿੱਛੋਂ ਕਿਸੇ ਨੇ ਆਪਣੇ ਪ੍ਰੀਤਮ ਦਾ ਦੀਦਾਰ ਕਰਨਾ ਹੋਵੇ, ਰੱਜ ਰੱਜ ਗਲੇ ਲੱਗ ਮਿਲਣਾ ਹੋਵੇ, ਵਸਲ ਦੇ ਸੁਨਹਿਰੀ ਪਲ ਹੰਢਾਉਣੇ ਹੋਣ।

ਪਟਿਆਲਿਉਂ ਚੱਲੇ, ਜੀਰਕਪੁਰ ਲੰਘ ਕੇ ਪੰਚਕੂਲੇ ਵਾਲੀ ਸੜਕ ਤੇ ਪੈਂਦਿਆਂ ਮਹਿਸੂਸ ਹੋਇਆ ਕਿ ਕਿੰਨਾ ਕੁਝ ਬਦਲ ਗਿਆ ਹੈ, ਸਾਡੇ ਆਪਣੇ ਤਨਾਂ-ਮਨਾਂ ਵਾਂਗ ਹੀ। ਨਵੇਂ ਬਣੇ ਪੁ.ਲਾਂ ਅਤੇ ਸ਼ੋਅ-ਰੂਮਾਂ ਨੇ ਸੜਕ ਦੇ ਆ.ਲੇ-ਦੁਆ.ਲੇ ਦੀ ਨੁਹਾਰ ਹੀ ਬਦਲ ਦਿੱਤੀ ਸੀ। ਨਿਰਵਿਘਨ ਦੌੜਦੀ ਕਾਰ ਵਿਚ ਬੈਠਿਆਂ ਨੂੰ ਪਤਾ ਹੀ ਨਾ ਲੱਗਿਆ ਕਦੋਂ ਚੰਡੀ ਮੰਦਰ ਅਤੇ ਕਦੋਂ ਪਿੰਜੌਰ ਗਾਰਡਨ ਲੰਘ ਗਏ ਸਾਂ। ਲਗਦਾ ਸੀ ਕਿਸੇ ਪੱਛਮੀ ਮੁਲਕ ਵਿਚ ਸਫ਼ਰ ਕਰ ਰਹੇ ਸਾਂ, ਪਰ ਨਹੀਂ! ਜਦੋਂ ਟੋ.ਲ ਪਲਾਜ਼ਾ ਆਉਂਦਾ, ਵੱਡਾ ਜਾਮ ਲੱਗ ਜਾਂਦਾ, ਹਾਰਨ ਤੇ ਹਾਰਨ ਮਾਰਦੀਆਂ ਕਾਹਲੀਆਂ ਗੱਡੀਆਂ ਕੀੜੀ ਦੀ ਤੋਰ ਤੁਰਦੀਆਂ ਤਾਂ ਜਾਪਦਾ ਕਿ ਭਾਰਤ ਵਿਚ ਹੀ ਹਾਂ। ਸਾਡੀਆਂ ਪਹਿਲੀਆਂ ਫੇਰੀਆਂ ਦੇ ਭ.ਲੇ ਵਕਤਾਂ ਵਿਚ ਤਾਂ ਕੋਈ ਵਿਰਲਾ ਟਾਵਾਂ ਹੀ ਕਸੌਲੀ ਜਾਂਦਾ ਹੁੰਦਾ ਸੀ ਪਰ ਅੱਜ ਤਾਂ ਬੰਪਰ ਨਾਲ ਬੰਪਰ ਜੁੜਿਆ ਪਿਆ ਸੀ। ਡਰ ਸੀ ਕਿ ਕਿਤੇ ਵਾਹਨਾਂ ਦੀ ਭੀੜ 'ਚ ਉਲਝੇ ਧਰਮਪੁਰ ਵਾਲਾ ਮੋੜ ਹੀ ਨਾ ਲੰਘ ਜਾਵੇ ਅਤੇ ਕਸੌਲੀ ਦੀ ਥਾਂ ਸ਼ਿਮਲੇ ਵੱਲ ਹੋ ਤੁਰੀਏ। ਜੀ.ਪੀ.ਐਸ. ਰਾਹੀਂ ਰਾਹ ਲੱਭਣਾ ਪਿਆ। ਕਸੌਲੀ ਵੱਲ ਜਾਂਦੀ ਲਿੰਕ-ਰੋਡ ਤਾਂ ਮੂਲੋਂ ਹੀ ਸੁੰਨ-ਸਰਾਂ ਜਿਹੀ ਹੁੰਦੀ ਸੀ ਪਰ ਹੁਣ ਤਾਂ ਟਰੱਕਾਂ-ਕਾਰਾਂ ਦੀਆਂ ਲੰਮੀਆਂ ਕਤਾਰਾਂ ਸਨ, ਚੱਪੇ ਚੱਪੇ ਉੱਤੇ ਹੋਟਲਾਂ ਦੀ ਤਾਬੜ-ਤੋੜ ਉਸਾਰੀ ਚੱਲ ਰਹੀ ਸੀ। ਭਾਰਤ ਦੇ ਨਵੇਂ ਕਾਰੋਬਾਰੀ ਮੱਧਵਰਗ ਦਾ ਵਧ ਰਿਹਾ ਜੋਸ਼ੀਲਾ ਦਬਦਬਾ ਹੁਣ ਜ਼ਿੰਦਗੀ ਦੇ ਹਰੇਕ ਖੇਤਰ ਦੀ ਤਰ੍ਹਾਂ ਸੈਰ-ਸਪਾਟੇ ਦੀਆਂ ਥਾਵਾਂ ਉੱਤੇ ਵੀ ਪ੍ਰਤੱਖ ਝਲਕਾਰੇ ਮਾਰ ਰਿਹਾ ਨਜ਼ਰ ਆਉਂਦਾ ਸੀ।

ਹਰਿਆਲੀ ਦੇ ਵਸਤਰਾਂ ਵਿਚ ਸਜੀਆਂ ਪਹਾੜੀਆਂ ਦੁਆਲੇ ਮੇਹਲਦੀ ਜਾਂਦੀ ਕਾਰ ਪਰਤ-ਦਰ-ਪਰਤ ਚੜ੍ਹਾਈ ਚੜ੍ਹ ਰਹੀ ਸੀ। ਤਿੱਖੀ ਚਮਕਦੀ ਧੁੱਪ ਦੇ ਬਾਵਜੂਦ ਹਵਾ ਵਿਚੋਂ ਠੰਢਕ ਦੀ ਲੱਜ਼ਤ ਮਹਿਸੂਸ ਹੋਣੀ ਸ਼ੁਰੂ ਹੋ ਗਈ ਸੀ। ਸ਼ੀਸ਼ੇ ਹੇਠਾਂ ਕਰਕੇ ਲੰਮੇ ਡੂੰਘੇ ਸਾਹ ਭਰਨ ਦੀ ਲੋਚਾ ਕਰਵਟਾਂ ਲੈਣ ਲੱਗੀ ਸੀ। ਪਰ ਖੱਬੇ ਹੱਥ ਤਹਿ-ਦਰ-ਤਹਿ ਟਿਕੀਆਂ ਪਹਾੜੀਆਂ ਦੇ ਉੱਤੋਂ ਦੀ ਦੂਰ ਚੋਟੀ ਉੱਤੇ ਖੜ੍ਹਾ ਦਿਸਦਾ ਟਾਵਰ ਇਹ ਚੁਗਲੀ ਕਰਦਾ ਜਾਪਿਆ ਕਿ ਹੁਣ ਸਾਡੀ ਅੱਲ੍ਹੜ ਜਿਹੀ ਕਸੌਲੀ ਵੀ ਉਹ ਨਹੀਂ ਰਹੀ, ਉਸਨੇ ਵੀ ਜਵਾਨ ਹੋ ਕੇ ਇੱਕੀਵੀਂ ਸਦੀ ਵਿਚ ਪੈਰ ਰੱਖ ਲਿਆ ਹੈ। ਰਤਾ ਕੁ ਅੱਗੇ ਗਏ ਤਾਂ ਧੂੰਏਂ-ਮਿੱਟੀ ਦੀ ਹਮਕ ਨੇ ਨਵੀਂ ਕਸੌਲੀ ਦੀ ਦਿੱਖ ਚਿੱਟੇ ਦਿਨ ਵਾਂਗ ਸਪੱਸ਼ਟ ਕਰ ਦਿੱਤੀ। ਜਿਥੋਂ ਲੰਘ ਰਹੇ ਸਾਂ ਇਹ ਤਾਂ ਦਸ-ਵੀਹ ਦੁਕਾਨਾਂ ਵਾਲਾ ਇੱਕ ਸਾਦਾ ਜਿਹਾ ਪਹਾੜੀ ਪਿੰਡ ਹੁੰਦਾ ਸੀ ਪਰ ਹੁਣ ਤਾਂ ਭੀੜ-ਭੜੱਕੇ ਵਾਲਾ ਕਸਬਾ ਬਣ ਗਿਆ ਜਾਪਦਾ ਸੀ। ਕਸਬੇ ਦਾ ਕੂੜਾ ਪਹਾੜੀ ਦੀ ਵੱਖੀ ਤੋਂ ਰਿੜ੍ਹਦਾ-ਘਸਰਦਾ ਇਉਂ ਮੋਟੀ ਚਮਕੀਲੀ ਪਰਤ ਬਣ ਗਿਆ ਸੀ ਜਿਵੇਂ ਹਰਿਆਲੀ ਦੀ ਕੰਧ ਉੱਤੇ ਪੌਲੀਥੀਨ ਦਾ ਪਲੱਸਤਰ ਕੀਤਾ ਹੋਵੇ। ਮੋੜ-ਘੋੜ ਵਾਲੇ ਭੀੜੇ ਬਾਜ਼ਾਰ ਨੇ ਕਾਰਾਂ-ਟਰੱਕਾਂ ਦੇ ਕਾਫ਼ਲੇ ਨੂੰ ਬੰਨ੍ਹ ਮਾਰ ਦਿੱਤਾ ਸੀ। ਉੱਪਰ ਚੜ੍ਹਨ ਲਈ ਜ਼ੋਰ ਮਾਰਦੀਆਂ ਗੱਡੀਆਂ ਦਾ ਧੂੰਆਂ ਨੱਕ 'ਚ ਜਲੂਣ ਛੇੜਨ ਲੱਗ ਪਿਆ ਸੀ। ਜੂੰਅ-ਤੋਰ ਰੀਂਘਦੀਆਂ ਗੱਡੀਆਂ ਨੇ ਮਸਾਂ ਹੀ ਇਹ ਗੰਧਲਿਆ ਭਵਸਾਗਰ ਪਾਰ ਕੀਤਾ। ਵਾਹਵਾ ਅੱਗੇ ਜਾ ਕੇ ਕਸੌਲੀ ਦੀ ਸੰਦਲੀ ਠੰਢਕ ਫਿਰ ਨਸੀਬ ਹੋਈ ਤਾਂ ਸਾਹ 'ਚ ਸਾਹ ਆਇਆ।

ਕਸੌਲੀ 'ਚ ਦਾਖ਼ਲੇ ਦੀ 130 ਰੁਪਏ ਦੀ ਪਰਚੀ ਕਟਾਈ। ਵਰਕਰ ਨੇ ਦੋ ਘੰਟੇ ਕਾਰ-ਪਾਰਕਿੰਗ ਲਈ ਸਾਹਮਣੇ ਬਣੀ ਦੋ-ਤਿੰਨ ਮੰਜ਼ਲੀ ਪਾਰਕਿੰਗ ਵੱਲ ਇਸ਼ਾਰਾ ਕੀਤਾ, ਜੋ ਪਹਿਲਾਂ ਹੀ ਕਾਰਾਂ ਨਾਲ ਆਫਰੀ ਖੜ੍ਹੀ ਸੀ। ਸੋਚਿਆ ਅਜੇ ਤਾਂ ਆਫ਼-ਸੀਜਨ ਹੈ, ਜੂਨ-ਜੁਲਾਈ ਦੇ ਭਰ-ਸੀਜਨ ਵਿਚ ਤਾਂ ਪਤਾ ਨਹੀਂ ਕੀ ਹਾਲ ਹੁੰਦਾ ਹੋਵੇਗਾ। ਖ਼ੈਰ, ਅਸੀਂ ਤਾਂ ਅੱਗੇ ਹੋਟਲ ਵਿਚ ਜਾਣਾ ਕਹਿ ਕੇ ਕਾਰ ਸਣੇਂ ਲੰਘ ਗਏ ਅਤੇ ਲੋਅਰ ਮਾਲ ਤੇ ਹਿਮਾਚਲ ਸਰਕਾਰ ਦੇ ਹੋਟਲ ਕਾਮਨ ਰੋਜ਼ ਵਿਚ ਜਾ ਪਹੁੰਚੇ। ਪਹਿਲੀ ਨਜ਼ਰੇ ਜਾਪਿਆ ਕੁਝ ਵੀ ਨਹੀਂ ਬਦਲਿਆ, ਓਹੀ ਸਰਕਾਰੀ ਤੌਰ-ਤਰੀਕਾ, ਢਿੱਲ-ਮਢਿੱਲਾ, ਸਾਦ-ਮੁਰਾਦਾ। ਰਿਸੈਪਸ਼ਨ 'ਤੇ ਕੋਈ ਨਹੀਂ ਸੀ ਬੈਠਾ। ਕਿਚਨ-ਏਰੀਏ ਵਿਚੋਂ ਰਿਸੈਪਸ਼ਨਿਸ਼ਟ ਨੂੰ ਲੱਭਿਆ ਤਾਂ ਉਸਨੇ ਦੂਰੋਂ ਹੀ ਹੱਥ ਖੜ੍ਹਾ ਕਰਕੇ ਨਾਂਹ ਦਾ ਡਮਰੂ ਵਜਾ ਦਿੱਤਾ ਕਿ 'ਫੁੱਲ' ਹੈ। ਸ਼ਾਇਦ ਖੁਸ਼ਵੰਤ ਸਿੰਘ ਲਿਟ ਫੈਸਟ ਕਰਕੇ ਸਾਡੇ ਜਿਹੇ ਹੇਰਵਾ-ਮਾਰੇ ਸੈਲਾਨੀਆਂ ਨੇ ਪਹਿਲਾਂ ਹੀ ਹੋਟਲ ਭਰ ਛੱਡਿਆ ਸੀ। ਵੈਸੇ ਵੀ ਹੁਣ ਆਨ-ਲਾਈਨ ਬੁਕਿੰਗ ਦੇ ਜ਼ਮਾਨੇ ਵਿਚ ਸਾਡੀਆਂ ਪੁਰਾਣੀਆਂ ਆਦਤਾਂ ਦੀ ਕੀ ਵੁੱਕਤ ਸੀ?

'ਆਪ ਜੈਸੇ ਟੂਰਿਸਟੋਂ ਕੇ ਲੀਏ ਨਿਊ ਕਾਮਨ ਰੋਜ਼ ਖੁੱਲ੍ਹ ਗਿਆ ਹੈ ਸਰ।' ਰਿਸੈਪਸ਼ਨਿਸ਼ਟ ਨੇ 'ਆਪ ਜੈਸੇ' ਤੇ ਜ਼ੋਰ ਦੇ ਕੇ ਪਤਾ ਨਹੀਂ ਮਜ਼ਾਕ 'ਚ ਕਿਹਾ, ਪਤਾ ਨਹੀਂ ਸਾਡੀ ਦਿੱਖ ਹੀ ਉਸਨੂੰ 'ਇਲੀਟ' ਦਾ ਭੁਲੇਖਾ ਪਾ ਗਈ ਸੀ। ਉਸਨੂੰ ਕੀ ਪਤਾ ਕਿ ਅਸੀਂ ਗਾਗਲਜ਼ ਨਾਲ ਬਾਹਰੋਂ ਸਜੇ-ਫੱਬੇ ਪਰ ਅੰਦਰੋਂ ਉਹੀ ਸਰਫ਼ੇ-ਹੱਥੇ ਮੱਧਵਰਗੀ ਲੋਕ ਸਾਂ। ਫਿਰ ਉਸ ਮੂਹਰੇ ਹੌਲਾ ਪੈਣੋਂ ਡਰਦੇ ਅਸੀਂ ਨਾਂਹ-ਨਾਂਹ ਕਰਦੇ ਵੀ ਫੂਕ ਛਕ ਹੀ ਗਏ। ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਅਤੇ ਹਰੇ-ਭਰੇ ਚੁਗਿਰਦੇ ਵਾਲੇ ਆਲੀਸ਼ਾਨ ਹੋਟਲ ਨਿਊ ਕਾਮਨ ਰੋਜ਼ ਦਾ ਕਮਰਾ ਕਰੀਬ ਨੌਂ ਹਜ਼ਾਰ ਦੇ ਕਰੀਬ ਮਿਲਣਾ ਸੀ ਅਤੇ ਖਾਣੇ-ਦਾਣੇ ਦਾ ਪੰਜ-ਚਾਰ ਹਜ਼ਾਰ ਵੱਖਰਾ ਲੱਗਣਾ ਸੀ ਪਰ ਰੱਬ ਦਾ ਨਾਂ ਲੈ ਕੇ ਇਹ ਸੂਲੀ ਵਾਲੀ ਛਾਲ ਵੀ ਮਾਰ ਹੀ ਦਿੱਤੀ। 'ਚ.ਲੋ ਹੋਰ ਕਮਾਉਂਦੇ ਕਾਹਦੇ ਵਾਸਤੇ ਆਂ', 'ਅੰਤ ਨੂੰ ਕੇਹੜਾ ਗੁਥਲੀ ਨਾਲ ਲੈ ਜਾਣੀ ਐਂ", 'ਬੱਚਤਾਂ ਨਾਲ ਕੀ ਜਵਾਲੇ ਨੇ ਸ਼ਾਹ ਹੋ ਜਾਣੈਂ" ਵਰਗੀਆਂ ਸਮਝੌਤੀਆਂ ਨਾਲ ਥਿੜਕੇ ਦਿਲ ਨੂੰ ਧਰਵਾਸਾ ਦੇ ਲਿਆ ਪਰ ਅੰਦਰੋਂ ਉਹੀ ਘਰ ਫੂਕ ਤਮਾਸ਼ਾ ਵੇਖਣ ਵਰਗੀ ਸੋਚ ਅੱਡੀ 'ਚ ਸੂਲ ਵਾਂਗ ਕਸਕਦੀ ਰਹੀ।

ਰੈਣ-ਬਸੇਰੇ ਦੇ ਮਸਲੇ ਤੋਂ ਫ਼ਾਰਗ ਹੋ ਕੇ ਫੈਸਟੀਵਲ ਲਈ ਅੱਪਰ ਮਾਲ ਤੇ ਕਸੌਲੀ ਕਲੱਬ ਪਹੁੰਚੇ। ਪਹਿਲੀ ਝਲਕ ਨਾਲ ਹੀ ਸੈਂਕੜੇ ਪੁਰਾਣੀਆਂ ਯਾਦਾਂ ਅੰਦਰ ਲਿਸ਼ਕੀਆਂ। ਭਲੇ ਵੇਲਿਆਂ ਵਿਚ ਸ਼ਾਮ ਨੂੰ ਜਦੋਂ ਇਥੋਂ ਲੰਘਦੇ ਹੁੰਦੇ ਸਾਂ ਤਾਂ ਹਰ ਵਾਰੀ ਅੰਦਰ ਸੌ ਸੌ ਹਸਰਤਾਂ ਜਾਗਦੀਆਂ ਸਨ। ਖੱਬੇ ਹੱਥ ਲਾਅਨ ਟੈਨਿਸ ਦੇ ਕੋਰਟਾਂ ਵਿਚ ਫੌਜੀ ਅਫ਼ਸਰ ਚਿੱਟੀਆਂ ਕਿੱਟਾਂ ਵਿਚ ਸਜੇ ਖੇਡ ਰਹੇ ਹੁੰਦੇ ਤਾਂ ਵੇਖ ਕੇ ਅੰਦਰ ਧੂਹ ਪੈਂਦੀ, 'ਕਿਤੇ ਅਸੀਂ ਵੀ ਇਉਂ ਮਸਤੀ ਮਾਰਾਂਗੇ?' ਉਨ੍ਹਾਂ ਦੇ ਲਾਏ ਸ਼ਾਟਸ ਦੀ ਪਟੱਕ ਪਟੱਕ ਅਤੇ ਜਿੱਤੇ ਪੁਆਇੰਟ ਨਾਲ ਛਣਕਿਆ ਮਦਮਸਤ ਹਾਸਾ ਸ਼ਾਮ ਦੀ ਪਹਾੜੀ ਖਾਮੋਸ਼ੀ ਨੂੰ ਤੋੜਦਾ ਦੂਰ ਤੱਕ ਸੁਣਦਾ ਰਹਿੰਦਾ, ਅੰਦਰ ਖੋਹ ਜਿਹੀ ਪਾਉਂਦਾ ਰਹਿੰਦਾ। ਜੇ ਵਾਹਵਾ ਮੂੰਹ-ਹਨੇਰਾ ਜਿਹਾ ਹੁੰਦਾ ਤਾਂ ਕਲੱਬ ਦੀ ਖਾਣ-ਪੀਣ ਵਾਲੀ ਇਮਾਰਤ ਵਿਚ ਜਗਦੀਆਂ ਨਿੰਮੀਆਂ ਰੋਸ਼ਨੀਆਂ ਨਾਲ ਇਲੀਟ ਅਤੇ ਤਲਿਸਮੀ ਜਿਹਾ ਬਣਿਆ ਮਾਹੌਲ ਤੁਣਕੇ ਮਾਰਦਾ। ਅੰਦਰ ਜੰਮੀਆਂ ਦਿਲ-ਫ਼ਰੇਬ ਮਹਿਫ਼ਲਾਂ ਦੀ ਕਲਪਨਾ ਕਰਕੇ ਰੰਗੀਨ ਸੁਪਨੇ ਜਾਗਦੇ, ਉਨ੍ਹਾਂ ਵੱਡੇ ਲੋਕਾਂ 'ਚ ਸ਼ਾਮਲ ਹੋਣ ਦੀ ਸੱਧਰਾਈ ਰੀਝ ਅੰਗੜਾਈਆਂ ਭਰਦੀ, ਪਰ ਅੰਤ ਬੇਬਸੀ ਜਿਹੀ ਵਿਚ ਸੁੱਕਾ ਥੁੱਕ ਅੰਦਰ ਲੰਘਾਉਂਦੇ ਉਸ ਜੰਨਤੀ ਮਾਹੌਲ ਕੋਲੋਂ ਚੁੱਪ-ਚੁਪਾਤੇ ਲੰਘ ਜਾਂਦੇ। 'ਕਦੇ ਅਸੀਂ ਵੀ ਇਸ ਮਾਹੌਲ ਦਾ ਅੰਗ ਬਣਾਂਗੇ', ਇਹ ਸੁਪਨੇ ਸਜਾਉਂਦੇ।

ਅੱਜ ਉਹੀ ਕਸੌਲੀ ਕਲੱਬ ਸਾਨੂੰ ਆਪਣੇ ਕਲਾਵੇ 'ਚ ਲੈਣ ਲਈ ਜਿਵੇਂ ਦੋਵੇਂ ਬਾਹਾਂ ਖੋਲ੍ਹੀ 'ਜੀ ਆਇਆਂ ਨੂੰ' ਆਖ ਰਿਹਾ ਸੀ। ਪ੍ਰਤੀ ਵਿਅਕਤੀ, ਪ੍ਰਤੀ ਦਿਨ ਹਜ਼ਾਰ ਰੁਪਏ ਦੀ ਰਜਿਸਟ੍ਰੇਸ਼ਨ ਫੀਸ ਇਉਂ ਹੱਸ ਕੇ ਫੜ੍ਹਾ ਦਿੱਤੀ, ਜਿਵੇਂ ਮਹਿੰਗਾ ਸੌਦਾ ਕੌਡੀਆਂ ਦੇ ਭਾਅ ਮਿਲ ਗਿਆ ਹੋਵੇ। ਇਉਂ ਅਚਾਨਕ ਚਾਹਤਾਂ ਦੀ ਹਵੇਲੀ ਦਾ ਦੁਆਰ ਖੁੱਲ੍ਹ ਜਾਵੇ ਤਾਂ ਮੁੱਲ ਕੌਣ ਪੁੱਛਦਾ ਹੈ? ਅੰਦਰ ਸੋਹਣੇ ਸਜੇ ਪੰਡਾਲ ਵਿਚ ਪ੍ਰੋਗਰਾਮ ਸ਼ੁਰੂ ਹੋ ਚੁੱਕਿਆ ਸੀ। ਪਹਿਲੀ ਨਜ਼ਰੇ ਵੇਖਿਆਂ ਹੀ ਸਮਾਗਮ ਦਾ ਸੁਹਜ-ਸਲੀਕਾ ਮੋਹ ਲੈਣ ਵਾਲਾ ਸੀ। ਬੁਲਾਰਿਆਂ, ਸਰੋਤਿਆਂ ਅਤੇ ਪ੍ਰਬੰਧਕਾਂ ਦੀ ਹਰੇਕ ਅਦਾ ਨੂੰ 'ਇਲੀਟ ਟੱਚ' ਨੇ ਇੱਕ ਵੱਖਰੇ ਜਿਹੇ ਰੰਗ ਵਿਚ ਰੰਗਿਆ ਹੋਇਆ ਸੀ। ਕੁਝ ਸਮਾਂ ਤਾਂ ਆਪਣਾ-ਆਪਾ ਸਿੱਧੜ ਜਿਹਾ ਮਹਿਸੂਸ ਹੁੰਦਾ ਰਿਹਾ, ਪਰ ਫਿਰ ਹੌਲੀ-ਹੌਲੀ ਮਨ ਨੇ ਹੌਸਲਾ ਫੜ੍ਹ ਲਿਆ। ਤੁਲਨਾ ਕਰ ਕੇ ਵੇਖਿਆ ਕਿ ਜੇ ਇਨ੍ਹਾਂ ਲੋਕਾਂ ਕੋਲ ਅੰਗਰੇਜ਼ੀ ਲਹਿਜ਼ੇ ਵਾਲੀ ਸਨੌਬਰੀ (ਵਿਖਾਵਾ) ਸੀ ਤਾਂ ਆਪਣੇ ਕੋਲ ਵੀ ਤੀਹ-ਪੈਂਤੀ ਵਰ੍ਹਿਆਂ ਦੀ ਕਮਾਈ ਸਾਹਿਤਕ-ਸੂਝ ਦਾ ਖ਼ਜ਼ਾਨਾ ਸੀ, ਫਿਰ ਅਹਿਸਾਸ-ਏ-ਕਮਤਰੀ ਕਾਹਦੇ ਲਈ?

ਸੁਖਵਿੰਦਰ ਭਾਵੇਂ ਅਜਿਹੇ ਫੈਸਟੀਵਲ ਵਿਚ ਪਹਿਲੀ ਵਾਰ ਸ਼ਾਮਿਲ ਹੋਈ ਸੀ ਪਰ ਉਹ ਵੀ ਪੂਰੇ ਮਾਹੌਲ ਨੂੰ ਬੜੇ ਚਾਅ ਅਤੇ ਮਾਣ ਨਾਲ ਮਾਣ ਰਹੀ ਸੀ। ਸਾਹਿਤਕ ਗੱਲਬਾਤ ਤੋਂ ਇਲਾਵਾ ਇਥੇ ਹੋਰ ਵੀ ਤਾਂ ਬਥੇਰਾ ਕੁਝ ਸੀ ਵੇਖਣ-ਮਾਣਨ ਵਾ.ਲਾ। ਅੱਧ ਅਕਤੂਬਰ ਦਾ ਸੁਹਾਵਾਂ ਮੌਸਮ, ਹਰੇ-ਭਰੇ ਪਹਾੜਾਂ ਦੀ ਮਨਮੋਹਕ ਸੁੰਦਰਤਾ, ਲਜ਼ੀਜ਼ ਖਾਣੇ-ਦਾਣੇ, ਸ਼ਾਨਦਾਰ ਕਲਾਕਾਰਾਂ, ਅਦੀਬਾਂ, ਅਫ਼ਸਰਸ਼ਾਹ ਮੁਹਤਬਰਾਂ ਦੀ ਸੋਹਬਤ ਅਤੇ ਨਿਰੰਤਰ ਹੋ ਰਹੀ ਸੱਜਰੇ ਵਿਚਾਰਾਂ ਦੀ ਬਾਰਸ਼, ਫਿਰ ਅਜਿਹੇ ਮਾਹੌਲ ਵਿਚ ਕਿਸ ਦਾ ਮਨ ਉਕਤਾਉਂਦਾ ਹੈ ਭ.ਲਾ? ਸਾਡੇ ਲਈ ਤਾਂ ਇਹ ਕਿਸੇ ਸੁਪਨੇ ਦੇ ਸੱਚ ਹੋਣ ਵਰਗੀ ਗੱਲ ਸੀ। ਤਿੰਨ ਦਿਨਾਂ ਦੇ ਉਤਸਵ ਦੌਰਾਨ ਸ਼ਾਇਦ ਉਹ ਸਭ ਹਸਰਤਾਂ ਪੂਰੀਆਂ ਹੋ ਗਈਆਂ, ਜਿਹੜੀਆਂ ਚਿਰੋਕੀਆਂ ਅਵਚੇਤਨ ਦੀ ਕਬਰ ਵਿਚ ਦੱਬੀਆਂ ਪਈਆਂ ਸਨ।

ਪਰ ਸੁਖਵਿੰਦਰ ਦੀ ਇੱਕ ਮੂੰਹ-ਜ਼ੋਰ ਹਸਰਤ ਅਜੇ ਅਧੂਰੀ ਸੀ ਜਿਸ ਨੂੰ ਪੂਰਾ ਕੀਤੇ ਬਿਨਾਂ ਕਸੌਲੀ ਦੀ ਯਾਤਰਾ ਬੇਮਾਅਨੀ ਰਹਿਣੀ ਸੀ। ਉਹ ਕਸੌਲੀ ਦੀਆਂ ਉਨ੍ਹਾਂ ਥਾਵਾਂ ਦੀ 'ਪਰਿਕਰਮਾ' ਕਰਨਾ ਲੋਚਦੀ ਸੀ ਜਿਹੜੀਆਂ ਉਸਦੇ ਮਨ-ਮੰਦਰ ਵਿਚ ਜਵਾਨੀ-ਪਹਿਰੇ ਦੀਆਂ ਸਿਮਰਤੀਆਂ ਬਣ ਕੇ ਉੱਕਰੀਆਂ ਹੋਈਆਂ ਸਨ। ਇੱਕ ਦਿਨ ਉਨ੍ਹਾਂ ਯਾਦਾਂ ਦੇ ਲੇਖੇ ਲਾਉਣਾ ਵੀ ਬਣਦਾ ਸੀ। ਕਸੌਲੀ ਦੀ ਇਕਲੌਤੀ ਮਾਰਕਿਟ 'ਚੋਂ ਹੇਠਾਂ ਵੱਲ ਉਤਰਦੇ ਅਸੀਂ ਉਹ ਇੱਕ ਇੱਕ ਚੀਜ਼ ਨਿਹਾਰਦੇ ਗਏ ਜਿਹੜੀ ਕਦੇ ਸਾਡੇ ਮਨ-ਮਸਤਕ ਦੇ ਕੈਮਰੇ ਨੇ ਕੈਦ ਕਰਕੇ ਹੁਣ ਤੱਕ ਖਜ਼ਾਨੇ ਵਾਂਗ ਸਾਂਭ ਰੱਖੀ ਸੀ। ਯਾਦਾਂ ਦਾ ਇਤਿਹਾਸ ਹੀ ਤਾਂ ਬੰਦੇ ਨੂੰ ਬੰਦਾ ਅਖਵਾਉਣ ਦਾ ਹੱਕਦਾਰ ਬਣਾਉਂਦਾ ਹੈ। ਪਰਾਂਠੇ ਖਾਣ ਦੀ ਹੁਣ ਉਮਰ ਨਹੀਂ ਸੀ, ਇਸ ਲਈ ਆਨੰਦ ਢਾਬੇ ਤੋਂ ਸਿਰਫ਼ ਚਾਹ ਪੀ ਕੇ ਉਹੀ 'ਫੀਲਿੰਗ' ਲੈਣੀ ਚਾਹੀ। ਪਰ ਨਹੀਂ, ਉਹ ਤਾਂ ਸਭ ਕੁਝ ਬਦਲ ਗਿਆ ਸੀ, ਪਲਾਸਟਕ-ਨੁਮਾ ਕਾਗਜ਼ ਦੇ ਕੱਪ ਵਿਚ ਮਸ਼ੀਨੀ ਚਾਹ ਮਿਲੀ। ਆਮ ਜਿਹੀਆਂ ਦਿਸਦੀਆਂ ਦੁਕਾਨਾਂ ਨੇ ਹੁਣ ਇੱਕੀਵੀਂ ਸਦੀ ਦੀ ਸ਼ੋਅ-ਰੂਮਾਂ ਵਾਲੀ ਫੈਸ਼ਨਦਾਰ ਪੁਸ਼ਾਕ ਪਾ ਲਈ ਸੀ। ਲੱਕੜ ਦੇ ਸ਼ੋਅ-ਪੀਸਾਂ, ਖੂੰਡੀਆਂ, ਜਿਊਲਰੀ ਬੌਕਸਾਂ ਆਦਿ ਦੇ ਨਾਲ-ਨਾਲ ਨਵੀਂ ਪੀੜ੍ਹੀ ਨੂੰ ਮੋਹਣ ਵਾਲਾ ਸਾਜੋ-ਸਾਮਾਨ ਹੇਅਰ ਬੈਂਡ, ਕੀ-ਰਿੰਗ, ਜਿਊਲਰੀ ਆਦਿ ਦੀ ਭਰਮਾਰ ਹੋ ਗਈ ਸੀ। ਪਰੌਂਠਿਆਂ, ਸਮੋਸਿਆਂ, ਬਰੈਂਡ-ਪਕੌੜਿਆਂ ਦੇ ਨਾਲ ਨਾਲ ਬਰਗਰ, ਪੀਜ਼ੇ, ਮਕਰੌਨੀ ਆਦਿ ਦੇ ਕੈਫ਼ੇ ਖੁੱਲ੍ਹ ਗਏ ਸਨ।

ਮਾਰਕਿਟ ਲੰਘ ਕੇ ਹੇਠਾਂ ਉਤਰਾਈ ਤੇ ਅਸੀਂ ਜਿਸ ਮਿੰਨੀ ਹੋਟਲ ਬਨਾਮ ਗੈਸਟ-ਹਾਊਸ ਵਿਚ ਠਹਿਰਦੇ ਰਹੇ ਸਾਂ, ਉਹ ਹੁਣ ਬਹੁ-ਮੰਜ਼ਿਲਾ ਸ਼ਾਨਦਾਰ ਹੋਟਲ ਬਣ ਗਿਆ ਸੀ। ਨੇੜੇ ਹੀ ਦਿਸਦਾ ਪੋਸਟ-ਆਫ਼ਿਸ ਤਾਂ ਉਥੇ ਹੀ ਸੀ ਪਰ ਵਿਚਾਰਾ ਉਦਾਸਿਆ ਜਿਹਾ ਬੀਤੇ ਵਕਤਾਂ ਦੀ ਕਹਾਣੀ ਬਣ ਗਿਆ ਜਾਪਦਾ ਸੀ। ਨੇੜਲੇ ਮੰਦਿਰ ਵਿਚ ਰੌਣਕ ਸਗੋਂ ਪਹਿਲਾਂ ਨਾਲੋਂ ਵੀ ਵਧ ਗਈ ਲਗਦੀ ਸੀ। ਆਪਣੀ ਉਸ ਜਾਣੀ-ਪਛਾਣੀ ਸੜਕ-ਨੁਮਾ ਪਗਡੰਡੀ ਉੱਤੇ ਅੱਗੇ ਤੁਰਦੇ ਗਏ ਤਾਂ ਇੱਕ ਨਵੀਂ ਥਾਂ ਨਜ਼ਰੀਂ ਪਈ। ਪਹਾੜੀ ਦੀ ਕਿਨਾਰੀ ਉੱਤੇ ਕੁਝ ਥਾਂ ਪੱਧਰੀ ਕਰ ਕੇ, ਰੇਲਿੰਗ ਲਾ ਕੇ ਸੈਲਾਨੀਆਂ ਲਈ ਇੱਕ ਛੋਟਾ ਜਿਹਾ 'ਸਾਈਡ-ਸੀਨ-ਸਪੌਟ' ਬਣਾ ਦਿੱਤਾ ਗਿਆ ਸੀ, ਜਿਥੋਂ ਖੜ੍ਹ ਕੇ ਚੰਡੀਗੜ੍ਹ ਦਾ ਦ੍ਰਿਸ਼ ਨਜ਼ਰ ਆਉਂਦਾ ਸੀ। ਸੈਲਾਨੀ ਆਪਣੇ ਮੋਬਾਇਲ-ਕੈਮਰਿਆਂ ਨਾਲ ਧੜਾ-ਧੜ ਫੋਟੋਆਂ ਖਿੱਚ ਰਹੇ ਸਨ, ਜਿਵੇਂ ਕਸੌਲੀ ਦਾ ਹਰੇਕ ਨਿੱਕਾ-ਮੋਟਾ ਵੇਰਵਾ ਆਪਣੇ ਨਾਲ ਹੂੰਝ ਕੇ ਲੈ ਜਾਣਾ ਹੋਵੇ।

ਬਹੁਤ ਕੁਝ ਅਜੇ ਉਵੇਂ ਵੀ ਸੀ ਜਿਵੇਂ ਕਰੀਬ ਤਿੰਨ ਦਹਾਕੇ ਪਹਿਲਾਂ ਹੁੰਦਾ ਸੀ, ਜਿਵੇਂ ਤੇਜ ਹਵਾ ਵਿਚ ਰੁੱਖਾਂ ਦੀ ਉਹੀ ਪੁਰਸਕੂਨ ਸਾਂ-ਸਾਂ, ਛੱਤਾਂ, ਰੁੱਖਾਂ ਉੱਤੇ ਅਠਖੇਲੀਆਂ ਕਰਦੀ ਬਾਂਦਰ-ਸੈਨਾ, ਹੇਠਾਂ ਘਾਟੀ ਵੱਲ ਨੂੰ ਡੰਡੀਓ-ਡੰਡੀ ਸਕੂਲ ਜਾਂਦੇ ਟਾਂਵੇ-ਟਾਂਵੇ ਗਰੀਬੜੇ ਜਿਹੇ ਬੱਚੇ, ਫ਼ਿਕਰਾਂ ਦੀ ਪੰਡ ਚੁੱਕੀ ਧੀਮੀ ਚਾਲ ਤੁਰਦੀਆਂ ਜਾਂਦੀਆਂ ਪਹਾੜਨਾਂ। ਪੁਰਾਣੀਆਂ ਥਾਵਾਂ 'ਤੇ ਲੋਕ ਵੇਖ ਕੇ ਮਨ ਵਿਚ ਖੁਸ਼ੀ ਅਤੇ ਉਦਾਸੀ ਦੇ ਰਲੇ-ਮਿਲੇ ਅਹਿਸਾਸਾਂ ਦੀ ਇੱਕ ਘੜਮੱਸ ਜਿਹੀ ਮੱਚ ਗਈ। ਵਾਪਸ ਆਪਣੇ ਨਵੇਂ 'ਇਲੀਟ' ਟਿਕਾਣੇ ਵੱਲ ਮੁੜਦਿਆਂ ਵਾਰ-ਵਾਰ ਇਹ ਖ਼ਿਆਲ ਆਉਂਦਾ ਰਿਹਾ ਕਿ ਜਿੰਨਾ ਅਸੀਂ ਬਦਲ ਗਏ ਸਾਂ, ਹੁਣ ਕਸੌਲੀ ਪਤਾ ਨਹੀਂ ਪਹਿਲਾਂ ਵਾਂਗ ਸਾਡੇ ਲਈ ਮਲਿਕਾ-ਏ-ਹੁਸਨ ਰਹੇ ਕਿ ਨਾ ਰਹੇ।




# ਵਿਪਸਾ ਦੀ ਸਿਲਵਰ ਜੁਬਲੀ ਪੰਜਾਬੀ ਕਾਨਫ਼ਰੰਸ ਦੀਆਂ ਤਿਆਰੀਆਂ ਮੁਕੰਮਲ

**ਹੇਵਰਡ, ਕੈਲਫ਼ੋਰਨੀਆ:** ਅਮਰੀਕਾ ਵਿਚ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਖੇਤਰ ਵਿਚ ਸਰਗਰਮ ਸੰਸਥਾ 'ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਕੈਲੀਫੋਰਨੀਆ (ਵਿਪਸਾ)' ਵੱਲੋਂ ਆਪਣੀ 25 ਸਾਲਾ ਸਿਲਵਰ ਜੁਬਲੀ ਮਨਾਉਣ ਲਈ ਤਿੰਨ ਰੋਜ਼ਾ ਸਾਲਾਨਾ ਪੰਜਾਬੀ ਸਾਹਿਤਕ ਕਾਨਫਰੰਸ 3, 4, 5 ਅਕਤੂਬਰ 2025 ਨੂੰ ਹੇਵਰਡ (ਕੈਲੀਫ਼ੋਰਨੀਆ) ਵਿਖੇ ਕਰਵਾਈ ਜਾ ਰਹੀ ਹੈ। 27 ਸਤੰਬਰ ਨੂੰ ਵਿਪਸਾ ਪ੍ਰਧਾਨ ਕੁਲਵਿੰਦਰ ਦੀ ਅਗਵਾਈ ਹੇਠ ਕਾਰਜਕਾਰਨੀ ਕਮੇਟੀ ਦੀ ਬੈਠਕ ਹੋਈ ਜਿਸ ਵਿਚ ਪੰਜਾਬੀ ਸਾਹਿਤਕ ਕਾਨਫਰੰਸ ਦੀਆਂ ਤਿਆਰੀਆਂ ਦਾ ਜਾਇਜ਼ਾ ਲਇਆ ਗਿਆ।

ਇਹ ਜਾਣਕਾਰੀ ਦਿੰਦਿਆਂ ਅਕਾਦਮੀ ਦੇ ਪ੍ਰਧਾਨ ਕੁਲਵਿੰਦਰ ਅਤੇ ਜਨਰਲ ਸਕੱਤਰ ਜਗਜੀਤ ਨੌਸ਼ਹਿਰਵੀ ਨੇ ਦੱਸਿਆ ਹੈ ਕਿ ਇਸ ਕਾਨਫਰੰਸ ਵਿਚ ਭਾਰਤ, ਪਾਕਿਸਤਾਨ, ਇੰਗਲੈਂਡ, ਜਾਪਾਨ, ਕੈਨੇਡਾ ਅਤੇ ਅਮਰੀਕਾ ਤੋਂ ਵੱਡੀ ਗਿਣਤੀ ਵਿਚ ਲੇਖਕ, ਸ਼ਾਇਰ ਅਤੇ ਚਿੰਤਕ ਸ਼ਾਮਲ ਹੋ ਰਹੇ ਹਨ। ਕਾਨਫਰੰਸ ਦਾ ਆਗਾਜ਼ 3 ਅਕਤੂਬਰ ਨੂੰ ਸ਼ਾਮ 5 ਵਜੇ ਸੰਗੀਤਕ ਮਹਿਫ਼ਲ ਨਾਲ ਹੋਵੇਗਾ ਜਿਸ ਵਿਚ ਪ੍ਰਸਿੱਧ ਗ਼ਜ਼ਲ ਗਾਇਕ ਸੁਖਦੇਵ ਸਾਹਿਲ, ਟੀਨਾ ਮਾਨ ਅਤੇ ਪਰਮਿੰਦਰ ਗੁਰੀ ਗ਼ਜ਼ਲਾਂ, ਗੀਤਾਂ ਨੂੰ ਆਪਣੇ ਸੁਰੀਲੇ ਸੁਰ ਪ੍ਰਦਾਨ ਕਰਨਗੇ। ਇਸ ਸੰਗੀਤਕ ਮਹਿਫ਼ਲ ਦਾ ਸੰਚਾਲਨ ਪ੍ਰਸਿੱਧ ਸਟੇਜ ਸੂਤਰਧਾਰ ਆਸ਼ਾ ਸ਼ਰਮਾ ਕਰੇਗੀ। 4 ਅਤੇ 5 ਅਕਤੂਬਰ ਨੂੰ ਸਾਹਿਤਕ ਸੈਸ਼ਨਾਂ ਦੌਰਾਨ ਵਿਦਵਾਨ ਅਤੇ ਚਿੰਤਕ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਵੱਖ-ਵੱਖ ਪੱਖਾਂ, ਆਰਟੀਫੀਸ਼ਲ ਇੰਟੈਲੀਜੈਂਸ ਦੇ ਪੰਜਾਬੀ ਭਾਸ਼ਾ ਤੇ ਸਾਹਿਤ ਉੱਪਰ ਪੈਣ ਵਾਲੇ ਪ੍ਰਭਾਵ ਬਾਰੇ ਗੰਭੀਰ ਵਿਚਾਰ ਚਰਚਾ ਕਰਨਗੇ, 'ਲਿਖਤ ਦਾ ਸਫ਼ਰ-ਲੇਖਕ, ਪਾਠਕ ਤੇ ਸੰਪਾਦਨਾ' ਬਾਰੇ ਵਿਸ਼ੇਸ਼ ਸੰਵਾਦ ਰਚਾਇਆ ਜਾਵੇਗਾ ਅਤੇ ਕਵੀ ਦਰਬਾਰ ਹੋਵੇਗਾ ਜਿਸ ਵਿਚ ਦੇਸ਼ ਵਿਦੇਸ਼ ਤੋਂ ਆਏ ਕਵੀ ਆਪਣੀ ਸ਼ਾਇਰੀ ਪੇਸ਼ ਕਰਨਗੇ। 4 ਅਕਤੂਬਰ ਨੂੰ ਪੰਜਾਬੀ ਭਾਸ਼ਾ ਦੇ ਵਰਤਮਾਨ ਅਤੇ ਭਵਿੱਖ ਨਾਲ ਸਬੰਧਤ ਮੁੱਦਿਆਂ ਉੱਪਰ ਵਿਚਾਰ ਚਰਚਾ ਹੋਏਗੀ ਜਿਸ ਵਿਚ ਲਿਵਰਮੋਰ ਪੰਜਾਬੀ ਸਕੂਲ ਦੇ ਬੱਚੇ ਆਪਣੇ ਪੰਜਾਬੀ ਸਿੱਖਣ ਦੇ ਸਫ਼ਰ ਬਾਰੇ ਵਿਚਾਰ ਸਾਂਝੇ ਕਰਨਗੇ। 4 ਅਕਤੂਬਰ ਸ਼ਾਮ ਨੂੰ ਪੰਜਾਬ ਲੋਕ ਰੰਗਮੰਚ ਵੱਲੋਂ ਸੁਰਿੰਦਰ ਸਿੰਘ ਧਨੋਆ ਦਾ ਲਿਖਿਆ ਅਤੇ ਨਿਰਦੇਸ਼ਨ ਕੀਤਾ ਨਾਟਕ 'ਜ਼ਫ਼ਰਨਾਮਾ – ਕਲਮ ਦੀ ਤਲਵਾਰ ਉੱਪਰ ਜਿੱਤ' ਖੇਡਿਆ ਜਾਵੇਗਾ। ਇਹ ਨਾਟਕ ਦਰਸ਼ਕਾਂ ਲਈ ਇਸ ਕਾਨਫ਼ਰੰਸ ਵਿਚ ਮੁਫਤ ਦਿਖਾਇਆ ਜਾਏਗਾ। ਇਸ ਕਾਨਫਰੰਸ ਵਿੱਚ ਡਾ. ਵਰਿਆਮ ਸਿੰਘ ਸੰਧੂ, ਦਰਸ਼ਨ ਬੁੱਟਰ, ਜਸਵਿੰਦਰ, ਡਾ. ਜਸਵਿੰਦਰ ਸਿੰਘ, ਡਾ. ਧਨਵੰਤ ਕੌਰ, ਡਾ. ਗੁਰਪਾਲ ਸਿੰਘ ਸੰਧੂ, ਡਾ. ਰਾਜੇਸ਼ ਸ਼ਰਮਾ, ਡਾ. ਬਲਦੇਵ ਧਾਲੀਵਾਲ, ਡਾ. ਬਲਜੀਤ ਕੌਰ, ਡਾ. ਮਨਜਿੰਦਰ ਸਿੰਘ, ਅਰਤਿੰਦਰ ਸੰਧੂ, ਸਤੀਸ਼ ਗੁਲਾਟੀ, ਸੁਰਜੀਤ ਟੋਰਾਂਟੋ, ਪਰਮਿੰਦਰ ਸੋਢੀ, ਰਾਜਵੰਤ ਰਾਜ, ਪਿਆਰਾ ਸਿੰਘ ਕੁੱਦੋਵਾਲ, ਦਵਿੰਦਰ ਗੌਤਮ, ਪ੍ਰੀਤ ਮਨਪ੍ਰੀਤ, ਦਲਵੀਰ ਕੌਰ, ਤਾਹਿਰਾ ਸਰਾ, ਕੁਲਵਿੰਦਰ ਖਹਿਰਾ, ਭੁਪਿੰਦਰ ਦੂਲੇ, ਗੁਰਦੇਵ ਚੌਹਾਨ, ਗੁਰਮੀਤ ਪਨਾਗ ਅਤੇ ਹੋਰ ਕਈ ਸ਼ਖ਼ਸੀਅਤਾਂ ਸ਼ਾਮਲ ਹੋਣਗੀਆਂ। ਕਾਨਫਰੰਸ ਦੇ ਪ੍ਰਬੰਧਕਾਂ ਨੇ ਲੇਖਕਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਇਸ ਕਾਨਫਰੰਸ ਵਿਚ ਸ਼ਾਮਿਲ ਹੋਣ ਦਾ ਖੁੱਲ੍ਹਾ ਸੱਦਾ ਦਿੱਤਾ ਹੈ।

# ਜੇ ਹਿੰਦੀ ਦਾ ਨਾਮੀ ਲੇਖਕ 'ਮੈਂ ਨਹੀਂ ਮਰੂੰਗਾ' ਕਵਿਤਾ ਨਾ ਲਿਖਦਾ ਤਾਂ ਪੰਜਾਬੀ ਪਾਠਕਾਂ ਨੂੰ 'ਸਾਹਿਤ ਸੰਜੀਵਨੀ' ਵਰਗੀ ਕਿਤਾਬ ਨਹੀਂ ਸੀ ਮਿਲਣੀ

ਮੈਂ ਨਹੀਂ ਮਰੂੰਗਾ,
ਜ਼ਿੰਦਗੀ ਭੀ,
ਕਯਾ ਕਹੇਗੀ,
ਕਿਤਨਾ ਦਗੇਬਾਜ਼ ਥਾ।

ਮੈਂ ਇਸ ਕਵਿਤਾ ਤੇ ਇਸ ਦੇ ਰਚੇਤਾ ਨੂੰ ਬੇਸ਼ੁਮਾਰ ਵਾਰ ਸਿਜਦਾ ਕਰ ਚੁੱਕਾ ਹਾਂ। ਇਹ ਹਿੰਦੀ ਦੇ ਇਕ ਨਾਮੀ ਸਾਹਿਤਕਾਰ ਨੇ ਲਿਖੀ ਹੈ। ਜੇ ਇਹ ਕਵਿਤਾ ਨਾ ਹੁੰਦੀ ਤਾਂ ਪੰਜਾਬੀ ਨੂੰ ਇਸ਼ਕ ਕਰਨ ਵਾਲਿਆਂ 'ਚੋਂ ਬਹੁਤਿਆਂ ਨੇ ਵਿਸ਼ਵ ਸਾਹਿਤ ਦੇ ਮਹਾਨਾਇਕਾਂ ਦੀਆਂ ਮਿਆਰੀ ਰਚਨਾਵਾਂ ਤੋਂ ਵਾਂਝੇ ਰਹਿ ਜਾਣਾ ਸੀ। ਇਸ ਕਵਿਤਾ ਕਰਕੇ ਉਹ ਸ਼ਖ਼ਸੀਅਤ ਅੱਜ ਜ਼ਿੰਦਾ ਹੈ ਜਿਸ ਨੇ ਚੜ੍ਹਦੀ ਜਵਾਨੀ 'ਚ



ਸਰਬਜੀਤ ਧਾਲੀਵਾਲ

ਆਪਣੀ ਜੀਵਨ ਲੀਲਾ ਨੂੰ ਖਤਮ ਕਰਨ ਦਾ ਇਰਾਦਾ ਬਣਾ ਲਿਆ ਸੀ। ਦਸਵੀਂ ਤਕ ਉਹ ਫਸਟ ਆਉਂਦਾ ਰਿਹਾ, ਗਿਆਰ੍ਹਵੀਂ 'ਚ ਉਸ ਨੇ ਘਰਦਿਆਂ ਦੇ ਕਹਿਣ 'ਤੇ ਸਾਇੰਸ ਲੈ ਲਈ, ਜਿਸ ਵਿਚ ਉਸਦੀ ਉਕਾ ਹੀ ਦਿਲਚਸਪੀ ਨਹੀਂ ਸੀ। ਕਲਾਸ ਵਿਚ ਉਸਦੇ ਕੁਝ ਵੀ ਪੱਲੇ ਨਹੀਂ ਸੀ ਪੈਂਦਾ। ਨਤੀਜਾ ਇਹ ਹੋਇਆ ਕਿ ਉਹ ਗਿਆਰ੍ਹਵੀਂ 'ਚੋਂ ਫੇਲ੍ਹ ਹੋ ਗਿਆ। ਉਸਨੂੰ ਆਪਣੇ-ਆਪ ਨਾਲ ਨਫ਼ਰਤ ਹੋਣ ਲੱਗ ਪਈ। ਨਿਰਾਸ਼ਾ ਉਸ 'ਤੇ ਇਸ ਕਦਰ ਭਾਰੂ ਪੈ ਗਈ ਕਿ ਉਸ ਨੇ ਦੁਨੀਆ ਛੱਡਣ ਦਾ ਮਨ ਬਣਾ ਲਿਆ।

ਉਸ ਦਾ ਪਰਿਵਾਰ ਪੜ੍ਹਿਆ-ਲਿਖਿਆ ਸੀ। ਉਸਦੇ ਘਰੇ ਹਿੰਦੀ ਦਾ 'ਧਰਮ ਯੁਗ' ਮੈਗਜ਼ੀਨ ਆਉਂਦਾ ਸੀ। ਉਸ ਵਿਚ ਉਸਨੇ ਕਵਿਤਾ 'ਆਤਮ ਹੱਤਿਆ ਸੇ ਲੌਟਤੇ ਹੁਏ' ਪੜ੍ਹੀ। ਇਹ ਕਵਿਤਾ ਉਸ ਲਈ 'ਸੰਜੀਵਨੀ ਬੂਟੀ' ਸਾਬਤ ਹੋਈ। ਨਮੋਸ਼ੀ ਦੀ ਥਾਂ ਜ਼ਿੰਦਗੀ ਜਿਊਣ ਦੀ ਤਾਂਘ ਜ਼ੋਰ ਫੜ ਗਈ। ਉਸਨੂੰ ਪਹਿਲੀ ਵਾਰ ਮਹਿਸੂਸ ਹੋਇਆ ਕਿ ਅਣਆਈ ਮੌਤ ਮਰਨਾ ਜ਼ਿੰਦਗੀ ਨਾਲ ਵੱਡੀ ਬੇਵਫ਼ਾਈ ਤੇ ਦਗਾਬਾਜ਼ੀ ਹੈ। ਇਸ ਕਵਿਤਾ ਕਰਕੇ ਉਸਨੂੰ ਮੌਤ 'ਤੇ ਫਤਿਹ ਹਾਸਿਲ ਹੋਈ। ਉਸਨੇ ਮੁੜ ਸਾਇੰਸ ਵਿਚ ਦਾਖਲਾ ਲਿਆ। ਪ੍ਰੀ-ਮੈਡੀਕਲ 'ਚੋਂ ਏਨੇ ਨੰਬਰ ਹਾਸਿਲ ਕੀਤੇ ਕਿ ਕਿਸੇ ਵੀ ਸਰਕਾਰੀ ਮੈਡੀਕਲ ਕਾਲਜ ਵਿਚ ਡਾਕਟਰੀ ਦੀ ਪੜ੍ਹਾਈ ਲਈ ਦਾਖਲਾ ਮਿਲ ਸਕਦਾ ਸੀ। ਪਰ ਉਸਦੀ ਡਾਕਟਰ ਬਣਨ ਵਿਚ ਭੋਰਾ ਵੀ ਦਿਲਚਸਪੀ ਨਹੀਂ ਸੀ। ਉਸਨੇ ਆਪਣੀ ਰੁਚੀ ਅਨੁਸਾਰ ਆਰਟਸ ਵਿਚ ਦਾਖਲਾ ਲੈ ਲਿਆ ਤੇ ਕਾਲਜ ਵਿਚ ਵਿਦਿਅਕ, ਸਾਹਿਤਕ, ਸੱਭਿਆਚਾਰਕ ਇੰਨੀਆਂ ਪ੍ਰਾਪਤੀਆਂ ਕੀਤੀਆਂ ਕਿ ਬਰਜਿੰਦਰਾ ਕਾਲਜ, ਫਰੀਦਕੋਟ ਕਾਲਜ ਨੇ ਉਸਨੂੰ 'ਕਲਰ' ਤੇ 'ਰੋਲ ਆਫ ਆਨਰ' ਨਾਲ ਸਨਮਾਨਿਤ ਕੀਤਾ। ਇਨਾਮ ਵਿਚ ਉਸਨੂੰ ਕਈ ਵਿਸ਼ਵ ਸਾਹਿਤ ਦੇ ਕਲਾਸਿਕ ਦਿੱਤੇ। ਉਸ ਸਮੇਂ ਤੋਂ ਵਿਸ਼ਵ ਕਲਾਸਿਕ ਉਸਦੀ ਰੂਹ ਦਾ ਹਿੱਸਾ ਤੇ ਪਹਿਲਾ ਪਿਆਰ ਬਣੇ ਹੋਏ ਨੇ।

ਤੁਹਾਡੇ 'ਚੋਂ ਕੁੱਝ ਤਾਂ ਸਮਝ ਗਏ ਹੋਣਗੇ ਕਿ ਕਿਸ ਦੀ ਗੱਲ ਹੋ ਰਹੀ ਹੈ। ਜਿਨ੍ਹਾਂ ਨੂੰ ਨਹੀਂ ਪਤਾ ਲੱਗਿਆ ਉਨ੍ਹਾਂ ਨੂੰ ਦੱਸ ਦੇਵਾਂ ਕਿ ਜ਼ਿਕਰ ਜੰਗ ਬਹਾਦਰ ਗੋਇਲ ਦਾ ਹੋ ਰਿਹਾ ਹੈ, ਜਿਸਨੇ ਸਾਹਿਤ ਨੂੰ ਜੀਵਨ ਦਾਨੀ ਬੂਟੀ ਮੰਨਦੇ ਹੋਏ ਇਕ ਬਹੁਤ ਹੀ ਦਿਲਚਸਪ ਕਿਤਾਬ 'ਸਾਹਿਤ ਸੰਜੀਵਨੀ' ਪੰਜਾਬੀ ਪਿਆਰਿਆਂ ਦੀ ਝੋਲੀ ਪਾਈ ਹੈ। ਇਹ ਕਿਤਾਬ 'ਕਰੋਸਿਨ' ਦੀ ਗੋਲੀ ਵਰਗੀ ਹੈ, ਜੋ ਬੁਖਾਰ ਭਾਵੇਂ ਕਿਸੇ ਵੀ ਬਿਮਾਰੀ ਨਾਲ ਚੜ੍ਹਿਆ ਹੋਵੇ ਪਰ ਇਕ ਵਾਰ ਉਤਾਰ ਜ਼ਰੂਰ ਦਿੰਦੀ ਹੈ। ਜੰਗ ਬਹਾਦਰ ਗੋਇਲ ਦੀ ਪੰਜਾਬੀ ਸਾਹਿਤ ਨੂੰ ਦੇਣ ਬਾਰੇ ਜ਼ਿਕਰ ਹੋਣਾ ਸ਼ੁਰੂ ਹੋ ਗਿਆ ਹੈ। ਉਸਨੂੰ ਯੂਨੀਵਰਸਿਟੀਆਂ ਤੇ ਸਾਹਿਤ ਸਮਾਗਮਾਂ ਵਿਚ ਬੋਲਣ ਲਈ ਬੁਲਾਇਆ ਜਾਂਦਾ ਹੈ। ਪ੍ਰੋਫੈਸਰ ਅਤੇ ਸਿੰਘ ਨੇ ਉਨ੍ਹਾਂ ਦੀ ਸਾਹਿਤ ਸੰਜੀਵਨੀ ਕਿਤਾਬ 'ਤੇ 'ਇਕ ਅੰਤਰ ਝਾਤ' ਨਾਮ ਦੀ ਬਹੁਤ ਅੱਛੀ ਕਿਤਾਬ ਵੀ ਲਿਖੀ ਹੈ।

ਸਾਹਿਤ ਸੰਜੀਵਨੀ 'ਚ ਗੋਇਲ ਲਿਖਦੇ ਨੇ 'ਮੈਂ ਆਪਣੇ ਵੱਡੇ ਭਰਾਵਾਂ ਦਰਮਿਆਨ ਸਾਹਿਤਕ ਤੇ ਬੌਧਿਕ ਵਿਸ਼ਿਆਂ 'ਤੇ ਨਿਤ ਹੁੰਦੀਆਂ ਬਹਿਸਾਂ 'ਚੋਂ ਬਹੁਤ ਕੁਝ ਸਿਖਿਆ। ਦੁਨੀਆ ਦੇ ਮਹਾਨ ਲੇਖਕ ਤੇ ਵਿਚਾਰਕ-ਪਲੈਟੋ, ਅਰਸਤੂ, ਹੀਗਲ, ਰੂਸੋ, ਮਾਰਕਸ, ਸ਼ੇਕਸਪੀਅਰ, ਉਮਰ ਖ਼ਯਾਮ, ਡਿਕਨਜ਼, ਕੀਟਸ, ਤਾਲਸਤਾਏ, ਬਾਲਜ਼ਾਕ, ਮਿਲਟਨ, ਵਰਡਜ਼ਵਰਥ, ਸ਼ੈਲੇ, ਨਿਰਾਲਾ ਤੇ ਹੋਰ ਬਹੁਤ ਸਾਰੇ ਮੈਨੂੰ ਇੰਜ ਯਾਦ ਹੋ ਗਏ ਸੀ ਜਿਵੇਂ ਸਾਡੇ ਗੁਆਂਢੀ ਹੋਣ। ਮੈਂ ਤਾਂ ਪੁਸਤਕਾਂ ਵਿਚ ਹੀ ਜਿਉਂਦਾ ਸੀ ਤੇ ਜ਼ਿੰਦਗੀ ਨੂੰ ਕਿਤਾਬਾਂ ਦੀ ਨਜ਼ਰ ਨਾਲ ਹੀ ਦੇਖਦਾ ਸੀ। ਹੁਣ ਤਕ ਮੈਨੂੰ ਸਾਹਿਤ ਦੀ ਛਤਰੀ ਨੇ ਜ਼ਿੰਦਗੀ ਦੀ ਕਰੜੀ ਧੁੱਪ ਤੇ ਬਾਰਿਸ਼ ਤੋਂ ਹਮੇਸ਼ਾਂ ਬਚਾਈ ਰੱਖਿਆ ਹੈ।'

ਜੰਗ ਬਹਾਦਰ ਗੋਇਲ ਸਿਰਫ ਸਾਹਿਤਕਾਰ ਹੀ ਨਹੀਂ, ਪ੍ਰਸ਼ਾਸ਼ਕ ਵੀ ਰਿਹਾ ਤੇ ਆਈ.ਏ.ਐਸ. ਅਫਸਰ ਵਜੋਂ ਉਹ ਪੰਜਾਬ ਸਰਕਾਰ 'ਚ ਉਚੇ ਅਹੁਦਿਆਂ 'ਤੇ ਤਾਇਨਾਤ ਰਿਹਾ ਹੈ। 1972 ਵਿਚ ਉਸਨੇ ਆਲ ਇੰਡੀਆ ਸਿਵਲ ਸਰਵਿਸ, ਹਰਿਆਣਾ ਸਿਵਲ ਸਰਵਿਸ ਤੇ ਪੰਜਾਬ ਸਿਵਲ ਸਰਵਿਸ ਦਾ ਇਮਤਿਹਾਨ ਦਿੱਤਾ ਤੇ ਤਿੰਨਾਂ 'ਚ ਹੀ ਪਾਸ ਹੋ ਗਿਆ। ਆਲ ਇੰਡੀਆ ਸਿਵਲ ਸਰਵਿਸ ਤੇ ਹਰਿਆਣਾ ਸਿਵਲ ਸਰਵਿਸ ਦਾ ਨਤੀਜਾ ਲਗਭਗ ਇਕੋ ਸਮੇਂ ਆਇਆ। ਇੰਡੀਆ ਸਿਵਲ ਸਰਵਿਸ ਦੇ ਇਮਤਿਹਾਨ ਵਿਚ ਰੈਂਕਿੰਗ ਮੁਤਾਬਿਕ ਉਸਨੂੰ ਇੰਡੀਅਨ ਰੈਵੇਨਿਊ ਸਰਵਿਸ (ਆਈ.ਆਰ.ਐਸ.) ਮਿਲੀ ਤੇ ਉਸਨੇ ਨਾਗਪੁਰ ਤੋਂ ਆਈ.ਆਰ.ਐਸ. ਅਫਸਰ ਵਜੋਂ ਟ੍ਰੇਨਿੰਗ ਕੀਤੀ ਤੇ ਉਨ੍ਹਾਂ ਦੀ ਪੋਸਟਿੰਗ ਡਾਇਰੈਕਟਰ ਟੈਕਸ ਹੋਣੀ ਸੀ। ਪਰ ਪੋਸਟਿੰਗ ਤੋਂ ਪਹਿਲਾਂ ਹੀ ਪੰਜਾਬ ਸਿਵਲ ਸਰਵਿਸ ਦਾ ਨਤੀਜਾ ਆ ਗਿਆ ਤੇ ਉਹ ਪੀ.ਸੀ.ਐੱਸ. ਅਫਸਰ ਬਣ ਗਏ ਤੇ ਆਈ.ਆਰ.ਐਸ. ਤੋਂ ਅਸਤੀਫਾ ਦੇ ਦਿੱਤਾ।

ਪੰਜਾਬੀ ਸਾਹਿਤ ਦੇ ਜ਼ਹੀਨ ਪੁੱਤਰ ਜੰਗ ਬਹਾਦਰ ਗੋਇਲ ਦਾ ਸੰਬੰਧ ਜੈਤੋ ਮੰਡੀ ਨਾਲ ਹੈ। ਇਹ ਉਹ ਜੈਤੋ ਹੈ ਜਿਸ ਦੀਆਂ ਪੰਜਾਬ ਦੇ ਇਤਿਹਾਸ ਵਿਚ ਡੂੰਘੀਆਂ ਪੈੜਾਂ ਹਨ। ਗੱਲ ਸੌ ਸਾਲ ਪੁਰਾਣੀ ਹੈ। 1923 ਵਿਚ ਅੰਗਰੇਜ਼ ਬ੍ਰਿਟਿਸ਼ ਸਰਕਾਰ ਨੇ ਸਿੱਖ ਗੁਰਦੁਆਰਾ ਸੁਧਾਰ ਲਹਿਰ ਦੇ ਹਮਾਇਤੀ ਨਾਭਾ ਦੇ ਰਾਜਾ ਰਿਪੁਦਮਨ ਸਿੰਘ ਨੂੰ ਗੱਦੀ ਤੋਂ ਲਾਹ ਦਿੱਤਾ ਸੀ। ਜੈਤੋ ਮੰਡੀ ਨਾਭਾ ਰਿਆਸਤ ਵਿਚ ਸੀ। ਸਾਰੀ ਜੈਤੋ ਮਹਾਰਾਜਾ ਦੇ ਹੱਕ 'ਚ ਖੜ੍ਹੀ ਹੋ ਗਈ। ਬ੍ਰਿਟਿਸ਼ ਸਰਕਾਰ ਦੇ ਫੈਸਲੇ ਖ਼ਿਲਾਫ ਤੇ ਮਹਾਰਾਜਾ ਦੇ ਹੱਕ ਵਿਚ ਗੁਰਦੁਆਰਾ ਗੰਗਸਰ, ਜੈਤੋ ਵਿਚ ਅਖੰਡ ਪਾਠ ਸ਼ੁਰੂ ਕਰ ਦਿੱਤਾ ਗਿਆ, ਅੰਗਰੇਜ਼ਾਂ ਨੇ ਅਖੰਡ ਪਾਠ ਰੁਕਵਾ ਦਿੱਤਾ। ਲੋਕ ਅੰਗਰੇਜ਼ ਦੀ ਇਸ ਕਰਤੂਤ ਵਿਰੁੱਧ ਡਟ ਗਏ। ਮੋਰਚਾ ਲਾ ਦਿੱਤਾ ਗਿਆ। ਪੌਣੇ ਦੋ ਸਾਲ ਮੋਰਚਾ (1925) ਚੱਲਿਆ। ਲੋਕਾਂ ਦੀ ਜਿੱਤ ਹੋਈ। ਅਖੰਡ ਪਾਠ ਮੁੜ ਆਰੰਭ ਹੋਇਆ। ਇਹੀ ਮੋਰਚਾ ਸਿੱਖ ਗੁਰਦੁਆਰਾ ਐਕਟ, 1925 ਨੂੰ ਪਾਸ ਕਰਵਾਉਣ ਵਿਚ ਬੜੀ ਹੱਦ ਤਕ ਸਹਾਈ ਹੋਇਆ।

ਜੈਤੋ ਵਿਚ ਹੀ ਸਿਰੜੀ, ਸਿਦਕੀ ਤੇ ਪੰਜਾਬੀ ਤੇ ਪੰਜਾਬ ਨੂੰ ਅੰਤਾਂ ਦਾ ਮੋਹ ਕਰਨ ਵਾਲੀ ਸ਼ਖ਼ਸੀਅਤ ਸੇਠ ਰਾਮਨਾਥ ਦਾ ਜਨਮ ਹੋਇਆ। ਉਸਨੇ ਪੱਕੇ ਕਾਂਗਰਸੀ ਹੁੰਦੇ ਹੋਏ ਵੀ ਪੰਜਾਬੀ ਸੂਬਾ ਮੋਰਚਾ ਦਾ ਸਮਰਥਨ ਕੀਤਾ। ਪੰਜਾਬੀ ਸੂਬੇ ਦੀ ਮੰਗ ਠੁਕਰਾਉਣ 'ਤੇ ਪੰਡਿਤ ਜਵਾਹਰ ਲਾਲ ਨਹਿਰੂ ਤੇ ਕੇਂਦਰੀ ਗ੍ਰਹਿ ਮੰਤਰੀ ਵੱਲਭ ਭਾਈ ਪੰਤ ਨਾਲ ਲੜਾਈ ਕੀਤੀ। ਹਮੇਸ਼ਾ ਪੰਜਾਬ ਨਾਲ ਖੜ੍ਹਿਆ। ਜੈਤੋ ਦੇ ਮੋਰਚੇ ਦਾ ਉਸਦੀ ਸ਼ਖ਼ਸੀਅਤ 'ਤੇ ਪ੍ਰਭਾਵ ਪਿਆ। ਉਸ ਵੇਲੇ ਉਹ 8 ਕੁ ਸਾਲ ਦਾ ਸੀ ਤੇ ਉਸਨੇ ਜਥੇ ਮੋਰਚੇ 'ਚ ਸ਼ਾਮਿਲ ਹੁੰਦੇ ਵੇਖੇ ਸੀ। ਜੰਗ ਬਹਾਦਰ ਗੋਇਲ ਸੇਠ ਰਾਮਨਾਥ ਦੇ ਸਕਿਆਂ 'ਚੋਂ ਹੈ।

ਦਰਅਸਲ ਜੈਤੋ 'ਚ ਪੰਜਾਬੀ ਸਾਹਿਤ ਦੇ ਅੰਮ੍ਰਿਤ ਦਾ ਝਰਨਾ ਵਗਦਾ ਹੈ। ਇਸ ਝਰਨੇ 'ਚੋਂ ਪਾਣੀ ਪੀ ਕੇ ਗੁਰਦਿਆਲ ਸਿੰਘ ਨੇ 'ਪਰਸਾ', 'ਅਣਹੋਏ', 'ਮੜ੍ਹੀ ਦਾ ਦੀਵਾ', 'ਅੱਧ ਚਾਨਣੀ ਰਾਤ', 'ਅੰਨੇ ਘੋੜੇ ਦਾ ਦਾਨ' ਵਰਗੀਆਂ ਸਾਹਿਤਕ ਕਿਰਤਾਂ ਰਾਹੀਂ ਪੰਜਾਬੀ ਸਾਹਿਤ ਨੂੰ ਅਮੀਰੀ ਬਖ਼ਸ਼ੀ। ਗੁਰਦਿਆਲ ਸਿੰਘ ਨੂੰ ਦੇਸ਼ ਦਾ ਸਭ ਤੋਂ ਵੱਡਾ ਸਾਹਿਤਕ ਸਨਮਾਨ ਮਿਲਿਆ। ਉਨ੍ਹਾਂ ਦੀਆਂ ਕਿਤਾਬਾਂ ਦਾ ਕਈ ਭਾਸ਼ਾਵਾਂ 'ਚ ਅਨੁਵਾਦ ਹੋ ਚੁੱਕਿਆ ਹੈ। ਪ੍ਰਸਿੱਧ ਨਾਟਕ ਲੇਖਕ, ਨਿਰਦੇਸ਼ਕ ਤੇ ਟਿੱਪਣੀਕਾਰ ਪਾਲੀ ਭੁਪਿੰਦਰ ਸਿੰਘ ਵੀ ਜੈਤੋ ਦਾ ਜੰਮਪਲ ਹੈ। 40-45 ਸਾਲ ਪਹਿਲਾਂ ਉਸਦਾ ਨਾਟਕ 'ਇਸ ਚੌਕ ਤੋਂ ਸ਼ਹਿਰ ਦਿਸਦਾ ਹੈ' ਕਾਲਜਾਂ ਤੇ ਯੂਨੀਵਰਸਿਟੀਆਂ ਦੀਆ ਸਟੇਜਾਂ 'ਤੇ ਧੁੰਮਾਂ ਪਾਉਂਦਾ ਦੇਖਿਆ ਗਿਆ। ਇਹ ਨਾਟਕ ਯੂਥ ਫੈਸਟੀਵਲਾਂ ਵਿਚ ਬਹੁਤ ਖੇਡਿਆ ਗਿਆ। ਇਸ



ਨਾਟਕ ਨਾਲ ਉਹ ਨਾਟਕਕਾਰ ਵਜੋਂ ਸਥਾਪਤ ਹੋ ਗਿਆ। ਉਸਨੇ ਬਹੁਤ ਨਾਟਕ ਲਿਖੇ ਤੇ ਖੇਡੇ ਹਨ। ਹੁਣ ਉਹ ਨਾਟਕਕਾਰ ਦੇ ਨਾਲ ਸਮਾਜਿਕ ਟਿੱਪਣੀਕਾਰ ਤੇ ਚਿੰਤਕ ਵਜੋਂ ਵੀ ਵਿਚਰ ਰਿਹਾ ਹੈ।

ਇਸੇ ਝਰਨੇ ਦਾ ਪਾਣੀ ਪੀ ਕੇ ਦੀਪਕ ਜੈਤੋਈ ਦੀ ਕਲਮ ਨੇ ਗੀਤ ਦੇ ਆਹ ਬੋਲ ਸਿਰਜੇ:

'ਤੱਕੇ ਸਾਡੀ ਹਵਾ ਵੱਲ, ਕਿਹਦੀ ਏ ਮਜਾਲ ਵੇ,
ਅਸੀਂ ਨਹੀਂ ਕੱਲੇ, ਸਾਰੀ ਜੈਤੋ ਸਡੇ ਨਾਲ ਵੇ।

ਕਾਫੀ ਹੁੰਦਾ ਹੈ ਸਿਆਣੇ ਨੂੰ ਇਸ਼ਾਰਾ,
ਵੇ ਅਸਾਂ ਨੀ ਕਨੌੜ ਝੱਲਣੀ,
ਗੱਲ ਸੋਚ ਕੇ ਕਰੀਂ ਤੂੰ ਜੈਲਦਾਰਾ।'

ਨਰਿੰਦਰ ਬੀਬਾ ਨੇ ਬਹੁਤ ਹੀ ਸੁਰੀਲੀ ਆਵਾਜ਼ 'ਚ ਇਹ ਗੀਤ ਗਾ ਕੇ ਸਦਾ ਲਈ ਅਮਰ ਕਰ ਦਿੱਤਾ। ਜੈਤੋ ਦਾ ਦੀਪਕ ਜੈਤੋਈ ਇਕ ਵੱਡਾ ਗ਼ਜ਼ਲਗੋ ਤੇ ਗੀਤਕਾਰ ਸੀ। ਉਸਨੇ ਪੰਜਾਬੀਆਂ ਨੂੰ ਬਹੁਤ ਹੀ ਖੂਬਸੂਰਤ ਗੀਤ ਦਿੱਤੇ ਨੇ। ਸਭ ਤੋਂ ਪਹਿਲਾ ਜੋ ਧੀਆਂ ਬਾਰੇ ਗੀਤ ਲੋਕਾਂ ਦੀ ਜ਼ੁਬਾਨ 'ਤੇ ਚੜ੍ਹਿਆ ਤੇ ਫਿਰ ਦਹਾਕਿਆਂ ਬੱਧੀ ਧੀਆਂ ਦੀ ਡੋਲੀ ਤੁਰਨ ਤੋਂ ਪਹਿਲਾਂ ਗਾਇਆ ਜਾਣ ਲੱਗਿਆ, ਉਹ ਵੀ ਦੀਪਕ ਜੈਤੋਈ ਦਾ ਲਿਖਿਆ ਸੀ:

ਆਹ ਲੈ ਮਾਏਂ ਸਾਂਭ ਕੁੰਜੀਆਂ, ਧੀਆਂ ਕਰ ਚਲੀਆਂ ਸਰਦਾਰੀ,

ਚਾਰ ਦਿਨ ਮੌਜ ਮਾਣ ਕੇ, ਲਾ ਕੇ ਸੁੱਖਾਂ ਦੇ ਸਮੁੰਦਰਾਂ 'ਚ ਤਾਰੀ।

ਇਸੇ ਝਰਨੇ 'ਚ ਪਾਣੀ ਪੀ ਕੇ ਜੰਗ ਬਹਾਦਰ ਗੋਇਲ ਨੇ 'ਸਾਹਿਤ ਸੰਜੀਵਨੀ' ਲਿਖੀ। ਯਕੀਨ ਕਰਨਾ ਇਹ ਕਿਤਾਬ ਬਹੁਤਿਆਂ ਲਈ ਸੱਚੀਂ-ਮੁੱਚੀਂ 'ਸੰਜੀਵਨੀ' ਬੂਟੀ ਸਾਬਿਤ ਹੋਵੇਗੀ। ਉਦਾਸ ਮਨਾਂ ਨੂੰ ਧਰਵਾਸ ਦੇਵੇਗੀ। ਮੁਰਝਾਏ ਚਿਹਰਿਆਂ 'ਤੇ ਮੁਸਕਰਾਹਟ ਲਿਆਵੇਗੀ। ਡਿਗਦੇ ਮਨੋਬਲਾਂ ਨੂੰ ਬਲ ਬਖ਼ਸ਼ੇਗੀ। ਇਹ ਕਿਤਾਬ ਪੰਜਾਬੀ ਤੇ ਦੂਸਰੀਆਂ ਭਾਸ਼ਾਵਾਂ ਦਾ ਸਾਹਿਤ ਪੜ੍ਹਨ ਲਈ ਵੀ ਬੂਟੀ ਦਾ ਕੰਮ ਕਰੇਗੀ। ਜੋ ਵੱਡਾ ਕੰਮ ਮੇਰੀ ਨਜ਼ਰ ਵਿਚ ਜੰਗ ਬਹਾਦਰ ਕਰ ਰਹੇ ਹਨ, ਉਸ ਹੈ ਦੁਨੀਆ ਦੇ ਸ਼ਾਹਕਾਰ ਨਾਵਲਾਂ ਤੇ ਦੂਸਰੀਆਂ ਪੁਸਤਕਾਂ ਦਾ ਪੰਜਾਬੀ 'ਚ ਅਨੁਵਾਦ। ਗੋਇਲ ਸਾਹਿਬ ਨੇ ਮਿਖ਼ਾਈਲ ਨਾਈਮੀ ਦੀ ਲਿਖੀ ਖ਼ਲੀਲ ਜਿਬਰਾਨ ਦੀ ਜੀਵਨੀ ਨੂੰ ਪੰਜਾਬੀ 'ਚ ਅਨੁਵਾਦ ਕੀਤਾ ਹੈ। ਮਿਖ਼ਾਈਲ ਨਾਈਮੀ ਖ਼ਲੀਲ ਦਾ ਦੋਸਤ ਸੀ। ਗੋਇਲ ਸਾਹਿਬ ਲਿਖਦੇ ਨੇ 'ਇਸ ਪੁਸਤਕ ਦੇ ਅਨੁਵਾਦ ਕਾਰਜ 'ਚੋਂ ਲੰਘਦਿਆਂ ਮੈਂ ਇਹ ਮਹਿਸੂਸ ਕੀਤਾ ਹੈ ਕਿ ਜੇ ਦੋਸਤੀ ਹੋਵੇ ਤਾਂ ਜਿਬਰਾਨ-ਨਾਈਮੀ ਵਰਗੀ ਹੋਵੇ ਤੇ ਜੇਕਰ ਕੋਈ ਦੋਸਤ ਆਪਣੇ ਦੋਸਤ ਬਾਰੇ ਲਿਖੇ ਤਾਂ ਨਾਈਮੀ ਵਾਂਗ ਲਿਖੇ।

ਜਿਸ ਕਿਤਾਬ 'ਤੇ ਜੰਗ ਬਹਾਦਰ ਗੋਇਲ ਦਾ ਨਾਂ ਲੇਖਕ ਜਾਂ ਅਨੁਵਾਦਕ ਦੇ ਤੌਰ 'ਤੇ ਲਿਖਿਆ ਹੋਵੇ, ਉਸਨੂੰ ਤੁਸੀਂ ਅੱਖਾਂ ਮੀਚ ਕੇ ਖ਼ਰੀਦ ਸਕਦੇ ਹੋ। ਉਹ ਸਾਹਿਤ ਸੰਸਾਰ ਦੇ ਸੋਨੇ ਨੂੰ ਹੀ ਹੱਥ ਪਾਉਂਦਾ ਤੇ ਫਿਰ ਪੰਜਾਬੀ ਪਾਠਕਾਂ ਨੂੰ ਭੇਟ ਕਰ ਦਿੰਦਾ ਹੈ। ਉਸਦੀ ਸ਼ੈਲੀ 'ਚ ਲੋਹੜੇ ਦੀ ਖਿੱਚ ਤੇ ਸਵਾਦ ਹੈ। ਉਸਦੇ ਵਾਕਾਂ 'ਚੋਂ ਖ਼ੁਸ਼ਬੂ ਆਉਂਦੀ ਹੈ। ਕਿਸੇ ਸਮੇਂ 'ਮੇਰਾ ਦਾਗਿਸਤਾਨ' ਦਾ ਅਨੁਵਾਦ ਪੰਜਾਬੀ 'ਚ ਗੁਰਬਖਸ਼ ਨੇ ਕੀਤਾ ਸੀ। ਲੋਕਾਂ ਨੂੰ ਲੱਗਿਆ ਸੀ ਕਿ ਅਸਲ ਵਿਚ ਇਹ ਕਿਤਾਬ ਰਸੂਲ ਹਮਜ਼ਾਤੋਵ ਨੇ ਪੰਜਾਬੀ 'ਚ ਹੀ ਲਿਖੀ ਹੈ। ਇਹ ਕਿਤਾਬ ਦਹਾਕਿਆਂ ਤੋਂ ਪੜ੍ਹੀ ਜਾ ਰਹੀ ਹੈ। ਇਹ ਅਨੁਵਾਦ ਦਾ ਹੀ ਕਮਾਲ ਹੈ।

ਗੋਇਲ ਸਾਹਿਬ ਦਾ ਵਿਸ਼ਵ ਦੇ ਸ਼ਾਹਕਾਰ ਨਾਵਲਾਂ ਦਾ ਅਨੁਵਾਦ ਪੜ੍ਹ ਕੇ ਮਹਿਸੂਸ ਨਹੀਂ ਹੁੰਦਾ ਕਿ ਕਿਸੇ ਹੋਰ ਭਾਸ਼ਾ 'ਚ ਲਿਖੇ ਹੋਏ ਨੇ। ਉਨ੍ਹਾਂ ਦੀ ਪੰਜਾਬੀ ਭਾਸ਼ਾ ਦੇ ਇਡੀਅਮ ਤੇ ਸ਼ਬਦਾਵਲੀ 'ਤੇ ਡੂੰਘੀ ਪਕੜ ਹੈ। ਉਨ੍ਹਾਂ ਬਾਰੇ ਬਹੁਤ ਹੀ ਨਾਜ਼ਕ ਮਿਜ਼ਾਜ ਦੇ ਸਿਰਮੌਰ ਪੰਜਾਬੀ ਕਵੀ ਸੁਰਜੀਤ ਪਾਤਰ ਨੇ ਲਿਖਿਆ ਹੈ 'ਸਾਹਿਤ ਰਚਨ ਤੇ ਪੜ੍ਹਨ ਦੇ ਮਾਨਸਿਕ ਤੇ ਆਤਮਿਕ ਪਹਿਲੂ ਬਾਰੇ ਸਾਹਿਤ ਸੰਜੀਵਨੀ ਵਰਗੀ ਕੋਈ ਕਿਤਾਬ ਮੇਰੀਆਂ ਨਜ਼ਰਾਂ 'ਚੋਂ ਅਜੇ ਤਕ ਨਹੀਂ ਗੁਜ਼ਰੀ। ਇਹੋ ਜਿਹੀ ਕਿਤਾਬ ਜੰਗ ਬਹਾਦਰ ਗੋਇਲ ਹੀ ਲਿਖ ਸਕਦੇ ਸਨ, ਕਿਉਂਕਿ ਸਾਹਿਤ ਨਾਲ ਏਨਾ ਗੂੜ੍ਹਾ ਤੇ ਏਨੀਆਂ ਪਰਤਾਂ ਵਾਲਾ ਰਿਸ਼ਤਾ ਮੇਰੇ ਜਾਣਕਾਰਾਂ ਵਿਚੋਂ ਉਨ੍ਹਾਂ ਦਾ ਹੀ ਹੈ।'

ਜੰਗ ਬਹਾਦਰ ਗੋਇਲ ਨੇ ਮਿਖ਼ਾਈਲ ਨਾਈਮੀ ਦੀ ਪੁਸਤਕ 'ਇਕ ਅਵਾਰਾ ਰੂਹ ਦਾ ਰੋਜ਼ਨਾਮਚਾ' ਦਾ ਵੀ ਅਨੁਵਾਦ ਕੀਤਾ ਹੈ। ਜਿਹੜੇ ਵਿਸ਼ਵ ਸਾਹਿਤ ਦੇ ਸ਼ਾਹਕਾਰ ਨਾਵਲ ਗੋਇਲ ਨੇ ਅਨੁਵਾਦ ਕੀਤੇ ਨੇ ਉਨ੍ਹਾਂ ਦੀ ਰੇਂਜ ਬਹੁਤ ਹੀ ਵਿਸ਼ਾਲ ਹੈ। ਸ਼ਾਇਦ ਹੀ ਕੋਈ ਵਿਸ਼ਵ ਸਾਹਿਤ ਦੇ ਮਹਾਨ ਸਾਹਿਤਕਾਰ ਦੀ ਕਲਾਸਿਕ ਕਿਰਤ ਗੋਇਲ ਸਾਹਿਬ ਦੇ ਕਲਾਵੇ ਤੋਂ ਬਾਹਰ ਰਹਿ ਗਈ ਹੋਵੇ। ਜਿਹੜੇ ਕਲਾਸਿਕ ਗੋਇਲ ਸਾਹਿਬ ਨੇ ਅਨੁਵਾਦ ਕੀਤੇ ਨੇ ਉਨ੍ਹਾਂ ਕੁਝ ਦੇ ਨਾਮ ਨੇ।

ਫ਼ਾਦਰਜ਼ ਐਂਡ ਸੰਨਜ਼ (ਇਵਾਨ ਤੁਰਗਨੇਵ); ਦ ਮਿਲ ਔਨ ਦ ਫਲੌਸ (ਜੌਰਜ ਐਲੀਅਟ), ਮਿਸਿਜ਼ ਡੈਲੋਵੇ (ਵਰਜੀਨੀਆ ਵੂਲਫ਼), ਦ ਗ੍ਰੇਟ ਗੈਟਸਬੀ (ਐਫ਼. ਸਕਾਟ ਫਿਟਸਜੈਰਲਡ); ਦ ਸਾਊਂਡ ਐਂਡ ਦ ਫਿਊਰੀ (ਵਿਲੀਅਮ ਫ਼ਾਕਨਰ); ਦ ਲਿਟਲ ਪ੍ਰਿੰਸ (ਐਂਟਨੀ ਦ ਸੇਂਟ ਐਕਸਪੇਰੀ); ਵਨ ਹੰਡਰਡ ਈਅਰਜ਼ ਆਫ਼ ਸੌਲੀਚਿਊਡ (ਗੈਬਰੀਅਲ ਗਾਰਸ਼ੀਆ ਮਾਰਕੁਏਜ਼); ਲਵ ਇਨ ਦ ਟਾਈਮ ਆਫ਼ ਕੌਲਰਾ (ਗੈਬਰੀਅਲ ਗਾਰਸ਼ੀਆ ਮਾਰਕੁਏਜ਼); ਥਿੰਗਜ਼ ਫ਼ਾਲ ਅਪਾਰਟ (ਚਿਨੂਆ ਅਸ਼ੀਬੀ); ਫ਼ਾਰਨਹੀਟ (ਰੇਅ ਬ੍ਰੈਡਬਰੀ); (ਡਾਨ ਕਵਿਗਜ਼ੋਟ ਸਰਵਾਨਤੀਸ), ਦ ਪਿਲਗਰਿਮ'ਜ਼ ਪਰੋਗਰੈਸ (ਜੌਨ ਬਨਿਯਨ), ਰੌਬਿਨਸਨ ਕਰੂਸੋ (ਡੇਨੀਅਲ ਡੈਫ਼ੋ), ਟੌਮ ਜੋਨਜ਼ (ਹੈਨਰੀ ਫੀਲਡਿੰਗ), ਪਰਾਈਡ ਐਂਡ ਪਰੈਜੂਡਿਸ (ਜੇਨ ਆਸਟਿਨ), ਓਲਡ ਗੋਰਿਓ (ਬਾਲਜ਼ਾਕ), ਡੈੱਡ ਸੋਲਜ਼ (ਨਿਕੋਲਾਈ ਗੋਗੋਲ), ਡੇਵਿਡ ਕੌਪਰਫ਼ੀਲਡ (ਚਾਲਰਸ ਡਿਕਨਜ਼), ਮਾਦਾਮ ਬਾਵੇਰੀ (ਗੁਸਤਾਵ ਫਲਾਬੇਅਰ), ਕਰਾਈਮ ਐਂਡ ਪਨਿਸ਼ਮੈਂਟ (ਫਿਓਦੋਰ ਦੋਸਤੋਵਸਕੀ), ਵੈਨਿਟੀ ਫ਼ੇਅਰ (ਵਿਲੀਅਮ ਮੇਕਪੀਸ ਥੈਕਰੇ); ਅੰਕਲ ਟੌਮ'ਸ ਕਿਬਿਨ (ਹੈਰਿਅਟ ਬੀਚਰ ਸਟੋ); ਜੇਨ ਆਇਰ (ਸ਼ਾਰਲਟ ਬਰੌਂਟੇ); ਵੁਦਰਿੰਗ ਹਾਈਟਸ (ਐਮਿਲੀ ਬਰੌਂਟੇ); ਯਾਮਾ ਦ ਪਿੱਟ (ਅਲੈਕਜ਼ਾਂਦਰ ਕੁਪਰਿਨ); ਦੇਵਦਾਸ (ਸ਼ਰਤਚੰਦਰ); ਆਲਕਵਾਇਅਟ ਔਨ ਦ ਵੈਸਟਰਨ ਫ਼ਰੰਟ (ਏਰਿਕ ਮਾਰੀਆ ਰੇਮਾਰਕ); ਐਨੀਮਲ ਫ਼ਾਰਮ (ਜਾਰਜ ਓਰਵੈੱਲ); ਐਂਡ ਕਵਾਇਅਟ ਫਲੋਜ਼ ਦੇ ਡਾਨ (ਸ਼ੋਲੋਖੋਵ); ਟੂ ਕਿੱਲ ਏ ਮੌਕਿੰਗ ਬਰਡ, (ਹਾਰਪਰ ਲੀ); ਗੇਂਜੀ ਦੀ ਕਹਾਣੀ (ਮੁਰਾਸਕੀ ਸ਼ਿਕਿਬੂ); ਸਕਾਰਲੈਟ ਲੈਟਰ (ਨੈਥੇਨਿਯਲ ਹਾਥਾਰਨ); ਦ ਬ੍ਰਦਰਜ਼ ਕਾਰਮਾਜ਼ੋਵ (ਫਿਓਦੋਰ ਦੋਸਤੋਵਸਕੀ); ਵਾਰ ਐਂਡ ਪੀਸ (ਲਿਓ ਟਾਲਸਟਾਏ); ਕਿਮ (ਰੁਡਯਾਰਡ ਕਿਪਲਿੰਗ); ਯੂਲੀਸਿਸ (ਜੇਮਸ ਜੁਆਇਸ); ਦ ਟਰਾਇਲ (ਫਰੈਂਜ਼ ਕਾਫ਼ਕਾ); ਐਰੋਸਮਿਥ (ਸਿੰਕਲੇਅਰ ਲੁਇਸ); ਗੌਨ ਵਿਦ ਦ ਵਿੰਡ (ਮਾਰਗਰੇਟ ਮਿਸ਼ੇਲ); ਨੌਸਿਆ (ਜਾਂ-ਪਾਲ ਸਾਰਤਰ); ਆਊਟਸਾਈਡਰ (ਅਲਬੇਅਰ ਕਾਮੂ); ਐਨਾ ਕਿਰੇਨੀਨਾ (ਲਿਓ ਟਾਲਸਟਾਏ); ਟੈਸ (ਥਾਮਸ ਹਾਰਡੀ); ਦ ਮਦਰ (ਮੈਕਸਿਮ ਗੋਰਕੀ); ਸੀਧਾਰਥ (ਹਰਮਨ ਹੈਸ); ਗੋਦਾਨ (ਮੁਨਸ਼ੀ ਪ੍ਰੇਮਚੰਦ); ਜ਼ੋਰਬਾ ਦ ਗਰੀਕ (ਨਿਕੋਸ ਕਜ਼ਾਨਜ਼ਾਕਿਸ); ਸੰਨਜ਼ ਐਂਡ ਲਵਰਜ਼ (ਡੀ.ਐੱਚ. ਲਾਰੈਂਸ); ਡਾਕਟਰ ਜਿਵਾਗੋ (ਬੋਰਿਸ ਪਾਸਤਰਨਾਕ); ਦੇ ਗੁੱਡ ਅਰਥ (ਪਰਲ ਸ. ਬੱਕ); ਬਰੇਵ ਨਿਊ ਵਰਲਡ (ਐਲਡਸ ਹਕਸਲੇ); ਦ ਓਲਡ ਮੈਨ ਐਂਡ ਦ ਸੀ (ਅਰਨੈਸਟ ਹੈਮਿੰਗਵੇ); ਦ ਗਰੇਪਸ ਆਫ ਰਾਥ (ਜੌਨ ਸਟੇਨਬੈਕ); ਲਸਟ ਵਾਰ ਲਾਈਫ਼ (ਇਰਵਿੰਗ ਸਟੋਨ); ਦ ਫ਼ਾਊਂਟੇਨਹੈਡ (ਆਈਨ ਰੈਂਡ); ਸਪਾਰਟਕਸ (ਹਾਵਰਡ ਪਾਸਟ)। ਇਹ ਦੁਨੀਆ 'ਚ ਸਭ ਤੋਂ ਵੱਧ ਵਿਕਣ ਤੇ ਚਰਚਿਤ ਰਹੇ ਨਾਵਲ ਤੇ ਕਿਤਾਬਾਂ ਨੇ। ਪੰਜਾਬੀ ਪਾਠਕ ਇਹ ਮਾਰਫ਼ਤ ਜੰਗ ਬਹਾਦਰ ਗੋਇਲ ਪੜ੍ਹ ਰਹੇ ਹਨ। ਸਾਹਿਤ ਦਾ ਇਕ ਬਹੁਤ ਵੱਡਾ ਖਜ਼ਾਨਾ ਉਨ੍ਹਾਂ ਪੰਜਾਬੀ ਪਾਠਕਾਂ ਦੀ ਝੋਲੀ ਪਾਇਆ ਹੈ। ਸਾਨੂੰ ਉਮੀਦ ਹੈ ਕਿ ਕਾਮੂ, ਇਰਵਿੰਗ ਸਟੋਨ, ਕਾਫਕਾ, ਦਾਸਤੋਵਸਕੀ, ਲਿਓ ਤਾਲਸਤਾਏ, ਜੋਰਗੇ ਓਰਵੈੱਲ, ਗੋਰਕੀ ਹਰਮਨ ਹੈੱਸ, ਬਲਜ਼ਾਕ, ਗੋਗੋਲ, ਚਾਰਲਸ ਡੀਕਨਜ਼ ਵਰਗਾ ਸਾਹਿਤਕਾਰ ਕਿਸੇ ਦਿਨ ਪੰਜਾਬ ਦੀ ਧਰਤੀ 'ਤੇ ਵੀ ਪੈਦਾ ਹੋਵੇਗਾ। ਸ਼ਬਦ ਗੁਰੂ ਦੀ ਧਰਤੀ 'ਤੇ ਇਹ ਭਾਣਾ ਕਿਸੇ ਦਿਨ ਜ਼ਰੂਰ ਵਰਤੇਗਾ।

ਹਾਲ ਦੀ ਘੜੀ ਅਸੀਂ ਗੋਇਲ ਸਾਹਿਬ ਦੇ ਧੰਨਵਾਦੀ ਹਾਂ ਜਿਨ੍ਹਾਂ ਵਿਸ਼ਵ ਸਾਹਿਤ ਦੇ ਸ਼ਾਹਕਾਰ ਨਾਵਲ ਲਿਖਣ ਵਾਲੇ ਸਾਹਿਤਕਾਰਾਂ ਨਾਲ ਸਾਡੀ ਮੁਲਾਕਾਤ ਕਰਾਈ ਹੈ ਤੇ ਉਨ੍ਹਾਂ ਦੀਆਂ ਰਚਨਾਵਾਂ ਸਾਡੇ ਹਵਾਲੇ ਕੀਤੀਆਂ ਹਨ। ਇਸ ਲਈ ਸੁਹਿਰਦ ਪੰਜਾਬੀ ਪਾਠਕ ਹਮੇਸ਼ਾਂ ਹੀ ਗੋਇਲ ਸਾਹਿਬ ਦੇ ਰਿਣੀ ਰਹਿਣਗੇ।

ਇਸ ਰਚਨਾ ਦੇ ਸ਼ੁਰੂ 'ਚ ਮੈਂ ਲਿਖਿਆ ਸੀ:

ਮੈਂ ਨਹੀਂ ਮਰੂੰਗਾ,
ਜ਼ਿੰਦਗੀ ਭੀ,
ਕਯਾ ਕਹੇਗੀ,
ਕਿਤਨਾ ਦਗੇਬਾਜ਼ ਥਾ।

ਜੇਕਰ ਉਹ ਇਹ ਕਵਿਤਾ ਨਾ ਪੜ੍ਹਦਾ ਤਾਂ ਅਸੀਂ ਵਿਸ਼ਵ ਸਾਹਿਤ ਦੇ ਬਹੁਤ ਸਾਰੇ ਦਾਰਸ਼ਨਿਕ ਨਾਵਲ ਪੜ੍ਹਨ ਤੋਂ ਵਾਂਝੇ ਰਹਿ ਜਾਣਾ ਸੀ। ਸਾਹਿਤ, ਰਾਜਨੀਤੀ ਤੇ ਸਮਾਜ ਸ਼ਾਸਤਰ ਨਾਲ ਸੰਬੰਧਿਤ ਕਿਤਾਬਾਂ ਹੋਰ ਵੀ ਬਹੁਤ ਸਾਰੇ ਸੱਜਣ ਅਨੁਵਾਦ ਕਰ ਰਹੇ ਨੇ। ਬਹੁਤ ਚੰਗਾ ਕੰਮ ਹੋ ਰਿਹਾ ਹੈ। ਪਰ ਗੋਇਲ ਸਾਹਿਬ ਦੀ ਗੱਲ ਹੀ ਵੱਖਰੀ ਹੈ।

# ਇਨਸਾਨੀਅਤ ਦੀ ਮੌਤ

ਬਾਜ਼ਾਰ ਵਿਚ ਬੋਰਡ ਲੱਗਾ ਹੋਇਆ ਸੀ, ਇਥੇ ਦੇਸੀ ਘਿਉ ਦੀਆਂ ਮਠਿਆਈਆਂ ਮਿਲਦੀਆਂ ਹਨ, ਕੁਦਰਤੀ ਉਥੋਂ ਇੱਕ ਨੇਤਾ ਜੀ ਦਾ ਕਾਫਲਾ ਲੰਘਿਆ। ਨੇਤਾ ਜੀ ਨੇ ਬੋਰਡ ਪੜ੍ਹਿਆ ਜੀਭ ਲਲਚਾਈ ਅਤੇ ਰੁਕ ਕੇ ਤਿੰਨ-ਚਾਰ ਕਿੱਲੋ ਮਠਿਆਈ ਪੈਕ ਕਰਨ ਦਾ ਫੁਰਮਾਨ ਜਾਰੀ ਕੀਤਾ। ਹਲਵਾਈ ਨੇ



ਹਰਦੀਪ ਸਿੰਘ ਸੋਢੀ
ਫੋਨ: 480-794-0325

ਮਠਿਆਈਆਂ ਪੈਕ ਕਰ ਕੇ ਕਾਰ ਵਿਚ ਰਖਵਾ ਦਿੱਤੀਆਂ। ਨੇਤਾ ਜੀ ਨੇ ਕਿਹਾ, 'ਚਲੋ ਜੀ...'। ਹਲਵਾਈ ਕਹਿੰਦਾ ਜਨਾਬ ਪੈਸੇ? ਨੇਤਾ ਜੀ ਨੇ ਘੂਰੀ ਵੱਟ ਕੇ ਕਿਹਾ ਮੁੰਡਿਉ ਹਿਸਾਬ ਕਰ ਦਿਉ ਇਹਦਾ। ਏਨਾ ਕਹਿ ਕੇ ਨੇਤਾ ਜੀ ਦਾ ਕਾਫਲਾ ਹੂਟਰ ਮਾਰਦਾ ਹੋਇਆ ਰਵਾਨਾ ਹੋ ਗਿਆ ਤੇ ਲੱਠਾਂ ਨੇ ਹਲਵਾਈ ਢਾਹ ਲਿਆ। 'ਤੂੰ ਜੁਅਰਤ ਕਿਵੇਂ ਕੀਤੀ ਉਏ ਪੈਸੇ ਮੰਗਣ ਦੀ'। ਕੋਲ ਖੜ੍ਹੇ ਲੋਕਾਂ ਨੇ ਕਿਹਾ, 'ਨਾ ਮਾਰੋ ਗਰੀਬ ਮਰ ਜਾਵੇਗਾ!' ਕੋਲ ਖੜ੍ਹਾ ਬਖਤੌਰ ਸਿੰਘ ਕਹਿੰਦਾ, 'ਹਲਵਾਈ ਮਰੇ ਨਾ ਮਰੇ ਇਨਸਾਨੀਅਤ ਦੀ ਮੌਤ ਤਾਂ ਹੋ ਹੀ ਗਈ ਹੈ'। ਆਮ ਲੋਕਾਂ ਦੇ ਚਿਹਰੇ ਮੁਰਝਾਏ ਹੋਏ ਅਤੇ ਭੈਅਭੀਤ ਸਨ।

# ਅਕਾਲੀ ਦਲ ਦਾ ਪੰਥਕ ਕਵਚ ਸਨ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ

**ਜਨਮ ਦਿਨ 'ਤੇ ਵਿਸ਼ੇਸ਼**



**ਗੁਰਦਰਸ਼ਨ ਸਿੰਘ ਬਾਹੀਆ**

ਸਵਰਗੀ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਸਾਡੇ ਸਮਿਆਂ ਦੇ ਉਹ ਸਿੱਖ ਆਗੂ ਹੋ ਗੁਜ਼ਰੇ ਹਨ, ਜਿਨ੍ਹਾਂ ਨੇ ਸਿਆਸੀ, ਧਾਰਮਿਕ, ਸਮਾਜਿਕ ਤੇ ਵਿਦਿਅਕ ਖੇਤਰ ਵਿਚ ਲਾਮਿਸਾਲ ਯੋਗਦਾਨ ਪਾਇਆ। ਅਤਿ ਸਾਧਾਰਣ ਤੇ ਗਰੀਬ ਕਿਸਾਨ ਪਰਿਵਾਰ ਵਿਚ ਜਨਮੇ ਅਤੇ ਢਾਈ ਸਾਲ ਦੀ ਉਮਰ ਵਿਚ ਹੀ ਬਾਪ-ਬਾਹਰੇ ਹੋ ਜਾਣ ਵਾਲੇ ਜਥੇਦਾਰ ਟੌਹੜਾ ਦਾ ਸਿੱਖ ਜਗਤ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਤਕਰੀਬਨ 27 ਸਾਲ ਪ੍ਰਧਾਨ ਅਤੇ 21 ਸਾਲ ਦੇ ਕਰੀਬ ਹਿੰਦੋਸਤਾਨ ਦੀ ਪਾਰਲੀਮੈਂਟ ਦਾ ਮੈਂਬਰ ਰਹਿਣਾ ਕਿਸੇ ਚਮਤਕਾਰ ਤੋਂ ਘੱਟ ਨਹੀਂ ਹੈ। ਇਸ ਤੋਂ ਬਿਨਾਂ ਉਹ ਲੰਬਾ ਸਮਾਂ ਸ੍ਰੀ ਗੁਰੂ ਕੇਂਦਰੀ ਸਿੰਘ ਸਭਾ, ਤਖ਼ਤ ਸ੍ਰੀ ਹਜ਼ੂਰ ਸਾਹਿਬ, ਨਾਦੇੜ ਦੀ ਪ੍ਰਬੰਧਕੀ ਬੋਰਡ ਅਤੇ ਚੰਡੀਗੜ੍ਹ ਦੀ ਸਿੱਖ ਐਜੂਕੇਸ਼ਨਲ ਸੁਸਾਇਟੀ ਦੇ ਵੀ ਲੰਬਾ ਸਮਾਂ ਪ੍ਰਧਾਨ ਰਹੇ।

ਜਥੇਦਾਰ ਟੌਹੜਾ ਪੰਥਕ ਰੰਗ ਵਿਚ ਰੰਗੇ ਅਜਿਹੇ ਦੀਦਾਰੀ ਗੁਰਸਿੱਖ ਸਨ ਜਿਨ੍ਹਾਂ ਦੀ ਸਮੁੱਚੀ ਜ਼ਿੰਦਗੀ ਸਿੱਖੀ ਜੀਵਨ-ਜਾਚ ਦੀ ਸਾਕਾਰ ਮੂਰਤ ਸੀ। ਉਨ੍ਹਾਂ ਨੇ 13 ਸਾਲ ਦੀ ਉਮਰ ਵਿਚ ਅੰਮ੍ਰਿਤ ਛੱਕਿਆ, ਸਾਰੀ ਉਮਰ ਨਿੱਤਨੇਮੀ ਰਹੇ ਅਤੇ ਕੀਰਤਨ ਦੀ ਨਿਸ਼ਕਾਮ ਸੇਵਾ ਰਾਹੀਂ ਸਿੱਖੀ ਦੇ ਪ੍ਰਚਾਰ-ਪਾਸਾਰ ਵਿਚ ਯੋਗਦਾਨ ਪਾਇਆ। ਆਪਣੇ ਪਿੰਡ ਤੋਂ ਲੈ ਕੇ ਅਮਰੀਕਾ ਤੱਕ ਪੰਜ ਪਿਆਰਿਆਂ ਵਿਚ ਸ਼ਾਮਲ ਹੋ ਕੇ ਹਜ਼ਾਰਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ। ਧਰਮ ਪ੍ਰਚਾਰ ਸਰਗਰਮੀਆਂ ਅਤੇ ਅਕਾਲੀ ਪਾਰਟੀ ਦੀਆਂ ਜ਼ਿਮੇਂਵਾਰੀਆਂ ਨਿਭਾਉਣ ਦੇ ਨਾਲ-ਨਾਲ ਉਨ੍ਹਾਂ ਨੇ ਆਪਣੇ ਪਰਿਵਾਰ ਦੇ ਗੁਜ਼ਾਰੇ ਲਈ ਹੱਥੀਂ ਕਿਰਤ ਕਰਦਿਆਂ ਹੱਡ-ਭੰਨਵੀਂ ਮਿਹਨਤ ਕੀਤੀ। ਬਲਦਾਂ ਨਾਲ ਹੱਲ ਵਾਹਿਆ, ਹੱਲਟ ਜੋੜਿਆ ਅਤੇ ਪਸ਼ੂ ਚਰਾਏ। ਰਾਜ ਸਭਾ ਲਈ ਨਾਮਜ਼ਾਦਗੀ ਕਰਨ ਲਈ ਤੁਰੰਤ ਚੰਡੀਗੜ੍ਹ ਪਹੁੰਚਣ ਦਾ ਸੁਨੇਹਾ ਵੀ ਉਨ੍ਹਾਂ ਨੂੰ ਖੇਤ ਗੰਢੇ ਗੁੱਡਦਿਆਂ ਨੂੰ ਹੀ ਮਿਲਿਆ ਸੀ। ਸਾਰੀ ਜ਼ਿੰਦਗੀ ਆਪਣੀ ਕਿਰਤ ਕਮਾਈ ਵਿਚੋਂ ਦਸਵੰਦ ਕੱਢ ਕੇ ਕਿਸੇ ਨਾ ਕਿਸੇ ਗੁਰਦੁਆਰਾ ਸਾਹਿਬ ਦੀ ਚੱਲ ਰਹੀ ਕਾਰ ਸੇਵਾ ਵਿਚ ਪਾਉਂਦੇ ਸਨ।

ਸਾਰੇ ਅਕਾਲੀ ਮੋਰਚਿਆਂ ਵਿਚ ਲੰਬਾਂ ਸਮਾਂ ਜੇਲ੍ਹਾਂ ਵਿਚ ਰਹਿਣ ਅਤੇ ਖਾੜਕੂਵਾਦ ਕਾਰਨ ਜਥੇਦਾਰ ਟੌਹੜਾ ਨੂੰ ਸ਼੍ਰੋਮਣੀ ਕਮੇਟੀ ਵਿਚ ਨਿੱਠ ਕੇ ਕੰਮ ਕਰਨ ਦਾ ਬਹੁਤ ਘੱਟ ਸਮਾਂ ਮਿਲਿਆ। ਪਰ ਫਿਰ ਵੀ ਉਨ੍ਹਾਂ ਦੀ ਪ੍ਰਧਾਨਗੀ ਵਾਲੇ ਦੌਰ ਨੂੰ ਸ਼੍ਰੋਮਣੀ ਕਮੇਟੀ ਦੇ ਇਤਿਹਾਸ ਵਿਚ ਸੁਨਹਿਰੀ ਯੁੱਗ ਵਜੋਂ ਜਾਣਿਆ ਜਾਵੇਗਾ। ਉਨ੍ਹਾਂ ਵਲੋਂ 1973 ਵਿਚ ਸ਼੍ਰੋਮਣੀ ਕਮੇਟੀ ਦੀ ਵਾਗਡੋਰ ਸੰਭਾਲਣ ਸਮੇਂ ਕਮੇਟੀ ਵਲੋਂ ਸਿਰਫ਼ ਤਿੰਨ ਸਕੂਲ ਚਲਾਏ ਜਾ ਰਹੇ ਸਨ ਅਤੇ ਜਦੋਂ ਉਹ ਛੱਡ ਕੇ ਗਏ ਤਾਂ ਕਮੇਟੀ ਇੰਜਨੀਅਰਿੰਗ, ਮੈਡੀਕਲ, ਡੈਂਟਲ ਕਾਲਜ ਤੋਂ ਚਾਰ ਦਰਜਨ ਡਿਗਰੀ ਕਾਲਜ ਅਤੇ ਪਬਲਿਕ ਸਕੂਲ ਚਲਾ ਰਹੀ ਸੀ। ਇਸ ਦੌਰ ਵਿਚ ਹੀ ਗੁਰਦੁਆਰਾ ਸਾਹਿਬਾਨ ਦੀਆਂ ਆਲੀਸ਼ਾਨ ਇਮਾਰਤਾਂ ਹੋਈਆਂ, ਗੁਰਦੁਆਰਾ ਸਾਹਿਬਾਨ ਦੀਆਂ ਹਜ਼ਾਰਾਂ ਏਕੜ ਜ਼ਮੀਨਾਂ ਤੋਂ ਕਬਜ਼ੇ ਛੁਡਾਏ ਗਏ, ਪਬਲੀਕੇਸ਼ਨ ਬਿਊਰੋ ਤੇ ਗੋਲਡਨ ਆਫਸੈਟ ਪ੍ਰਿੰਟਿਗ ਪ੍ਰੈਸ ਸਥਾਪਤ ਕੀਤੇ ਗਏ, ਸਿੱਖੀ ਦੇ ਪ੍ਰਚਾਰ-ਪਾਸਾਰ ਲਈ ਆਧੁਨਿਕ ਮਾਧਿਅਮ ਵਰਤਣੇ ਸ਼ੁਰੂ ਹੋਏ ਅਤੇ ਇਤਿਹਾਸਕ ਸ਼ਤਾਬਦੀਆਂ ਮਨਾਈਆਂ ਗਈਆਂ। ਸ਼੍ਰੋਮਣੀ ਕਮੇਟੀ ਨੂੰ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਹੋਣ ਦਾ ਲਕਬ ਵੀ ਇਸੇ ਦੌਰ ਵਿਚ ਮਿਲਿਆ। ਵਿਦਿਆ ਦੇ ਪਾਸਾਰ ਲਈ ਉਨ੍ਹਾਂ ਦੀ ਖਾਸ ਰੁਚੀ ਇਸ ਕਰ ਕੇ ਰਹੀ, ਕਿਉਂਕਿ ਉਨ੍ਹਾਂ ਨੂੰ ਪੜਾਈ ਵਿਚ ਬਹੁਤ ਹੁਸ਼ਿਆਰ ਹੋਣ ਦੇ ਬਾਵਜੂਦ ਘਰ ਦੀ ਗਰੀਬੀ ਕਾਰਨ ਪੰਜਵੀਂ ਤੋਂ ਬਾਅਦ ਸਕੂਲੋਂ ਹਟਾ ਲੈਣ ਦਾ ਵਿਗੋਚਾ ਸੀ।

ਜਥੇਦਾਰ ਟੌਹੜਾ ਦਾ ਸਭ ਤੋਂ ਅਹਿਮ ਰੋਲ ਇਹ ਰਿਹਾ ਕਿ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੀ ਆਜ਼ਾਦ ਹਸਤੀ ਬਰਕਰਾਰ ਰੱਖਦਿਆਂ ਇਸ ਆਪਣੇ ਮੂਲ ਸਰੋਕਾਰਾਂ ਤੋਂ ਖਿੜਕਣ ਨਹੀਂ ਦਿੱਤਾ। ਤਖ਼ਤ ਸਾਹਿਬਾਨ ਅਤੇ ਇਨ੍ਹਾਂ ਉਤੇ ਸੁਸ਼ੋਭਤ ਜਥੇਦਾਰ ਸਾਹਿਬਾਨ ਦੀ ਸ਼ਾਨ ਤੇ ਰੁਤਬੇ ਨੂੰ ਕਾਇਮ ਰੱਖਿਆ। ਜਥੇਦਾਰ ਸਾਹਿਬਾਨ ਨੂੰ ਤਨਖ਼ਾਹ ਦੀ ਥਾਂ ਬਿਨਾਂ ਕਿਤੇ ਦਸਤਖ਼ਤ ਕੀਤਿਆਂ ਮਾਨ-ਭੱਤਾ ਦੇਣ ਅਤੇ ਸਫ਼ਰ ਲਈ ਕਾਰਾਂ ਮੁਹੱਈਆ ਕਰਵਾਉਣ ਦਾ ਫੈਸਲਾ ਕੀਤਾ।

1985 ਵਿਚ ਜੋਧਪੁਰ ਦੀ ਜੇਲ੍ਹ ਵਿਚੋਂ ਰਿਹਾਅ ਹੋਣ ਤੋਂ ਬਾਅਦ ਜਥੇਦਾਰ ਟੌਹੜਾ ਨੇ ਸ੍ਰੀ ਦਰਬਾਰ ਸਾਹਿਬ ਉਤੇ ਕੀਤੇ ਗਏ ਫ਼ੌਜੀ ਹਮਲੇ ਅਤੇ ਖਾੜਕੂਵਾਦ ਦੌਰਾਨ ਸਟੇਟ ਦੀ ਹਿੰਸਾ ਦਾ ਸ਼ਿਕਾਰ ਹੋਏ ਪਰਿਵਾਰਾਂ ਨੂੰ ਕਾਨੂੰਨੀ ਤੇ ਮਾਲੀ ਸਹਾਇਤਾ ਪਹੁੰਚਾਈ। ਪ੍ਰਮੁੱਖ ਪਰਿਵਾਰਾਂ ਕੋਲ ਖੁਦ ਚੱਲ ਕੇ ਗਏ। ਝੂਠੇ ਪੁਲੀਸ ਮੁਕਾਬਲਿਆਂ ਦੇ ਦੌਰ ਦੌਰਾਨ ਜਦੋਂ ਸਰਕਾਰੀ ਦਹਿਸ਼ਤ ਸਿਖਰ ਉਤੇ ਸੀ ਤਾਂ ਉਨ੍ਹਾਂ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਸਿੱਖ ਨੌਜਵਾਨਾਂ ਦੀਆਂ ਲਾਸ਼ਾਂ ਦੇ ਸਸਕਾਰ ਕਰਵਾਏ ਅਤੇ ਭੋਗ ਪੁਆਏ। ਸਤਲੁਜ-ਯਮਨਾ ਨਹਿਰ ਦੀ ਉਸਾਰੀ ਰੁਕਵਾਉਣ ਲਈ ਖਾੜਕੂ ਐਕਸ਼ਨ ਕਰਨ ਵਾਲੇ ਬਲਵਿੰਦਰ ਸਿੰਘ ਜਟਾਣਾ ਅਤੇ ਚਰਨਜੀਤ ਸਿੰਘ ਚੰਨਾ ਦੀਆਂ ਲਾਵਾਰਸ ਕਰਾਰ ਦੇ ਕੇ ਮੂਲੇਪੁਰ ਥਾਣੇ ਵਿਚ ਰੱਖੀਆਂ ਲਾਸ਼ਾਂ ਦਾ ਅੰਤਿਮ ਸੰਸਕਾਰ ਵੀ ਜਥੇਦਾਰ ਟੌਹੜਾ ਨੇ ਬੜੀ ਜੱਦੋਜਹਿਦ ਤੋਂ ਬਾਅਦ ਕਰਵਾਇਆ ਸੀ। ਸਟੇਟ ਉਸ ਸਮੇਂ ਸਿੱਖ ਖਾੜਕੂਆਂ ਦੀਆਂ ਲਾਸ਼ਾਂ ਨੂੰ ਲਾਵਾਰਸ ਕਹਿ ਕੇ ਰੋਲਣਾ ਚਾਹੁੰਦੀ ਸੀ ਤਾਂ ਕਿ ਲੋਕਾਂ ਅਤੇ ਖਾੜਕੂ ਸਫਾਂ ਵਿਚ ਦਹਿਸ਼ਤ ਪਾਈ ਜਾ ਸਕੇ।

ਸਿੱਖ ਪੰਥ ਦੇ ਇਸ ਚੂੜਾਮਣੀ ਜਥੇਦਾਰ ਦੀ ਸਾਰੀ ਜ਼ਿੰਦਗੀ ਅੰਗਰੇਜ਼ੀ ਸਰਕਾਰ, ਭਾਰਤੀ ਸਟੇਟ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਇਸ ਦੇ ਮੁੱਢਲੇ ਸਰੋਕਾਰਾਂ ਉਤੇ ਕਾਇਮ ਰੱਖਣ ਲਈ ਜੱਦੋ-ਜਹਿਦ ਕਰਦਿਆਂ ਲੰਘੀ। ਅਕਾਲੀ ਦਲ ਵਲੋਂ ਨਾਭੇ ਦੇ ਮਹਾਰਾਜਾ ਪ੍ਰਤਾਪ ਸਿੰਘ ਵਿਰੁੱਧ ਲਾਏ ਮੋਰਚੇ ਵਿਚ ਉਨ੍ਹਾਂ ਨੇ ਆਪਣੀ ਪਹਿਲੀ ਗ੍ਰਿਫਤਾਰੀ 1944 ਵਿਚ ਦਿੱਤੀ। ਉਸ ਤੋਂ ਬਾਅਦ ਕਰਨਾਲ, ਦਿੱਲੀ, ਪੰਜਾਬੀ ਸੂਬਾ, ਐਮਰਜੈਂਸੀ ਅਤੇ ਧਰਮਯੁੱਧ ਮੋਰਚਿਆਂ ਵਿਚ ਲੰਬੀਆਂ ਜੇਲ੍ਹਾਂ ਕੱਟੀਆਂ।

ਪੰਜਾਬੀ ਸੂਬਾ ਬਣਨ ਤੋਂ ਬਾਅਦ ਪੰਜਾਬ ਵਿਚ ਹਰ ਅਕਾਲੀ ਸਰਕਾਰ ਬਣਾਉਣ ਵਿਚ ਉਨ੍ਹਾਂ ਦਾ ਵੱਡਾ ਯੋਗਦਾਨ ਸੀ, ਪਰ ਹਰ ਸਰਕਾਰ ਵਲੋਂ ਹੀ ਪੰਥਕ ਸੰਸਥਾਵਾਂ, ਸਿਧਾਤਾਂ



ਤੇ ਪ੍ਰੰਪਰਾਵਾਂ ਨੂੰ ਖੋਰਾ ਲਾਏ ਜਾਣ ਵਿਰੁੱਧ ਉਨ੍ਹਾਂ ਨੂੰ ਸਖ਼ਤ ਜੱਦੋਜਹਿਦ ਕਰਨੀ ਪਈ ਸੀ। ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ 1977 ਵਿਚ ਬਣੀ ਅਕਾਲੀ ਸਰਕਾਰ ਵਿਚ ਹਾਲਾਤ ਇਹ ਬਣਾ ਦਿੱਤੇ ਗਏ ਸਨ ਕਿ ਉਨ੍ਹਾਂ ਅਤੇ ਅਕਾਲੀ ਦਲ ਦੇ ਤਤਕਾਲੀਨ ਪ੍ਰਧਾਨ ਜਗਦੇਵ ਸਿੰਘ ਤਲਵੰਡੀ ਨੂੰ ਆਪਣੇ ਅਸਤੀਫ਼ੇ ਦੇਣੇ ਪੈ ਗਏ ਸਨ। ਫਿਰ 1985 ਵਿਚ ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਵੇਲੇ ਤਾਂ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹੁੰਦਿਆਂ ਪੰਜਾਬ ਤੋਂ ਦੂਰ ਮੱਧ ਪ੍ਰਦੇਸ਼ ਦੀ ਰਾਇਪੁਰ ਜੇਲ੍ਹ ਵਿਚ ਲੰਬਾ ਸਮਾਂ ਬੰਦ ਰੱਖਿਆ ਗਿਆ। ਇਹ ਉਨ੍ਹਾਂ ਦੀ ਸਭ ਤੋਂ ਕਸ਼ਟਦਾਇਕ ਜੇਲ੍ਹ ਸੀ ਜਿੱਥੇ ਉਨ੍ਹਾਂ ਨੂੰ ਜੂਨ ਮਹੀਨੇ ਦੇ 50 ਡਿਗਰੀ ਤਾਪਮਾਨ ਵਿਚ ਇਕੱਲਿਆਂ ਇਕ ਟੀਨ ਦੀ ਛੱਤ ਵਾਲੇ ਕਮਰੇ ਵਿਚ ਰੱਖਿਆ ਗਿਆ ਸੀ। ਲੰਬੇ ਅਰਸੇ ਤੋਂ ਬਾਅਦ 1997 ਵਿਚ ਬਣੀ ਅਕਾਲੀ ਸਰਕਾਰ ਸਮੇਂ ਵੀ ਉਨ੍ਹਾਂ ਨੂੰ ਬੇਇਜ਼ਤ ਕਰ ਕੇ ਪਹਿਲਾਂ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਲਾਹਿਆ ਗਿਆ ਤੇ ਫਿਰ ਸ਼੍ਰੋਮਣੀ ਅਕਾਲੀ ਦਲ ਵਿਚੋਂ ਕੱਢਿਆ ਗਿਆ।

ਇਹ ਸਮਾਂ ਉਨ੍ਹਾਂ ਲਈ ਘੋਰ ਨਿਰਾਸ਼ਤਾ ਤੇ ਉਦਾਸੀ ਦਾ ਦੌਰ ਸੀ। ਆਪਣੀ ਨਿੱਜੀ ਬੇਇਜ਼ਤੀ ਨਾਲੋਂ ਉਨ੍ਹਾਂ ਨੂੰ ਅਸਲ ਚਿੰਤਾ ਪੰਥਕ ਸੰਸਥਾਵਾਂ, ਸਿਧਾਂਤਾਂ ਅਤੇ ਅਮੀਰ ਪ੍ਰੰਪਰਾਵਾਂ ਨੂੰ ਮਿੱਥ ਕੇ ਲਾਏ ਜਾਂਦੇ ਖੋਰੇ ਦੀ ਸੀ। ਇਸੇ ਅਰਸੇ ਦੌਰਾਨ ਅਮਰੀਕਾ ਦੇ ਸ਼ਹਿਰ ਸੈਨਫਰਾਂਸਿਕੋ ਤੋਂ ਨਿਊਯਾਰਕ ਤੱਕ ਸਾਢੇ ਪੰਜ ਘੰਟਿਆਂ ਦੀ ਭਰੀ ਉਡਾਣ ਮੈਨੂੰ ਕਦੇ ਨਹੀਂ ਭੁੱਲਦੀ ਜਿਸ ਦੌਰਾਨ ਉਨ੍ਹਾਂ ਨੇ ਮੇਰੇ ਨਾਲ ਆਪਣਾ ਅੰਦਰਲਾ ਪੰਥਕ ਦਰਦ ਸਾਂਝਾ ਕੀਤਾ ਜਿਸ ਵਿਚ ਪੰਜਾਬ ਅਤੇ ਸਿੱਖਾਂ ਦੇ ਭਵਿੱਖ ਦੀ ਚਿੰਤਾ ਸੀ। ਉਨ੍ਹਾਂ ਨੇ ਆਪਣਾ ਇਹ ਸ਼ਿਕਵਾ ਵੀ ਜ਼ਾਹਰ ਕੀਤਾ ਕਿ ਅਕਾਲੀ ਦਲ ਅੰਦਰਲੇ ਜਾਗੀਰਦਾਰ ਧੜੇ ਨੇ ਉਨ੍ਹਾਂ ਨੂੰ ਮਿੱਥ ਕੇ ਸ਼੍ਰੋਮਣੀ ਕਮੇਟੀ ਤੱਕ ਮਹਿਦੂਦ ਕਰ ਕੇ ਰੱਖਿਆ, ਜਦੋਂ ਕਿ ਉਨ੍ਹਾਂ ਦੀ ਅਸਲ ਰੁਚੀ ਸਰਗਰਮ ਸਿਆਸਤ ਵਿਚ ਸੀ। ਉਨ੍ਹਾਂ ਦਸਿਆ ਕਿ ਆਪਣੀ ਇਸ ਹੋਣੀ ਨੂੰ ਬਹੁਤ ਪਹਿਲਾਂ ਸਵੀਕਾਰ ਕਰ ਲੈਣ ਦੇ ਬਾਵਜੂਦ ਉਨ੍ਹਾਂ ਨਾਲ ਇਸ ਧੜੇ ਵਲੋਂ ਲਗਾਤਾਰ ਵਧੀਕੀਆਂ ਕੀਤੀਆਂ ਜਾਂਦੀਆਂ ਰਹੀਆਂ, ਜਿਸ ਨੂੰ ਉਹ ਅਕਾਲੀ ਦਲ ਦੀ ਹੋਂਦ ਨੂੰ ਬਚਾਉਣ ਲਈ ਜਰਦੇ ਵੀ ਰਹੇ ਅਤੇ ਅੱਖੋਂ ਪਰੋਖੇ ਵੀ ਕਰਦੇ ਰਹੇ।

ਜਥੇਦਾਰ ਟੌਹੜਾ ਦੀ ਜ਼ਿੰਦਗੀ ਤਾਂ ਵਿਲੱਖਣ ਸੀ ਹੀ, ਉਨ੍ਹਾਂ ਦੀ ਮੌਤ ਵੀ ਨਿਰਾਲੀ ਸੀ। 1973 ਵਿਚ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਸੰਭਾਲਣ ਤੋਂ ਬਾਅਦ ਉਨ੍ਹਾਂ ਦਾ ਪਹਿਲਾ ਕਾਰਜ ਸ੍ਰੀ ਦਰਬਾਰ ਸਾਹਿਬ ਦੇ ਸਰੋਵਰ ਦੀ ਕਾਰ ਸੇਵਾ ਕਰਾਉਣਾ ਸੀ ਅਤੇ ਆਪਣੀ ਪ੍ਰਧਾਨਗੀ ਦੇ ਆਖ਼ਰੀ ਦਿਨ ਵੀ ਉਹ ਇਸੇ ਸਰੋਵਰ ਦੀ ਕਾਰ ਸੇਵਾ ਵਿਚ ਹਿੱਸਾ ਲੈ ਰਹੇ ਸਨ। ਕਾਰ ਸੇਵਾ ਦੀ ਸ਼ੁਰੂਆਤ ਕਰਵਾਉਣ ਲਈ ਅੰਮ੍ਰਿਤਸਰ ਜਾਣ ਤੋਂ ਪਹਿਲਾਂ ਉਨ੍ਹਾਂ ਨੇ ਆਪਣੇ ਬੈਂਕ ਖਾਤੇ ਬੰਦ ਕਰਵਾ ਦਿੱਤੇ। ਇਨ੍ਹਾਂ ਪੈਸਿਆਂ ਵਿਚੋਂ ਕੁਝ ਆਪਣੀ ਧਰਮ ਪਤਨੀ, ਕੁਝ ਆਪਣੀ ਦੋਹਤੀ ਅਤੇ ਕੁਝ ਇਕ ਗੁਰਦੁਆਰਾ ਸਾਹਿਬ ਦੀ ਚੱਲ ਰਹੀ ਕਾਰ ਸੇਵਾ ਲਈ ਦੇ ਕੇ ਪੰਜ-ਪੰਜ ਸੌ ਦੇ ਦੋ ਨੋਟ ਆਪਣੀ ਜੇਬ ਵਿਚ ਰੱਖ ਲਏ। ਅੰਮ੍ਰਿਤਸਰ ਜਾ ਕੇ ਪੰਜ ਸੌ ਰੁਪਏ ਦੀ ਦੇਗ ਕਰਵਾਈ ਅਤੇ ਬਾਕੀ ਬਚੇ ਪੰਜ ਸੌ ਰੁਪਏ ਸ੍ਰੀ ਦਰਬਾਰ ਸਾਹਿਬ ਵਿਚ ਭੇਟ ਕਰ ਦਿੱਤੇ। ਸ੍ਰੀ ਦਰਬਾਰ ਸਾਹਿਬ ਵਿਚ ਕੀਰਤਨ ਸਰਵਣ ਕਰਦਿਆਂ ਜਦੋਂ ਉਨ੍ਹਾਂ ਨੂੰ ਜਾਨ ਲੇਵਾ ਦਿਲ ਦਾ ਦੌਰਾ ਪਿਆ ਤਾਂ ਇਕ ਵੀ ਪੈਸਾ ਨਾ ਉਨ੍ਹਾਂ ਦੀ ਜੇਬ ਵਿਚ ਸੀ ਅਤੇ ਨਾ ਕਿਸੇ ਬੈਂਕ ਵਿਚ ।

ਸ਼੍ਰੋਮਣੀ ਅਕਾਲੀ ਦਲ ਅੱਜ ਜਿਸ ਅਧੋਗਤੀ ਦੇ ਦੌਰ ਵਿਚੋਂ ਲੰਘ ਰਿਹਾ ਹੈ ਉਸ ਨੂੰ ਵੇਖ ਕੇ ਮੈਨੂੰ ਜਥੇਦਾਰ ਟੌਹੜਾ ਦੀ ਅੰਤਿਮ ਅਰਦਾਸ ਮੌਕੇ ਸਿੱਖ ਆਗੂ ਸਿਮਰਨਜੀਤ ਸਿੰਘ ਮਾਨ ਦੀ ਇਹ ਟਿੱਪਣੀ ਵਾਰ ਵਾਰ ਯਾਦ ਆਉਂਦੀ ਹੈ। ਉਨ੍ਹਾਂ ਕਿਹਾ ਸੀ, 'ਜਥੇਦਾਰ ਟੌਹੜਾ ਦੇ ਤੁਰ ਜਾਣ ਨਾਲ ਬਾਦਲ ਅਕਾਲੀ ਦਲ ਦਾ ਪੰਥਕ ਕਵੱਚ ਪਾਟ ਗਿਆ ਹੈ, ਹੁਣ ਤੁਸੀਂ ਵੇਖਿਓ ਕਿ ਥੋੜ੍ਹੇ ਸਾਲਾਂ ਵਿਚ ਇਸ ਦਾ ਕੀ ਹਾਲ ਹੁੰਦਾ ਹੈ।'

# ਖਾਲਸਾ ਰਾਜ ਦੀ ਜੰਗ-ਏ-ਆਜ਼ਾਦੀ ਦੀ ਗੱਲ ਤੋਰਨ ਵਾਲਾ - ਗੰਗਾ ਸਿੰਘ ਢਿੱਲੋਂ

**ਗੁਰਦੀਪ ਸਿੰਘ ਜਗਬੀਰ (ਡਾ.)**

ਖਾਲਸਾ ਰਾਜ ਦੀ ਜੰਗ-ਏ-ਆਜ਼ਾਦੀ ਦੀ ਗੱਲ ਨੂੰ ਤੋਰਨ ਵਾਲੇ ਸਰਦਾਰ ਗੰਗਾ ਸਿੰਘ ਢਿੱਲੋਂ ਦਾ, 24 ਸਤੰਬਰ 2014 ਨੂੰ 86 ਸਾਲ ਦੀ ਉਮਰ ਵਿਚ ਦੇਹਾਂਤ ਹੋ ਗਿਆ ਸੀ। ਸ. ਗੰਗਾ ਸਿੰਘ ਢਿੱਲੋਂ ਦਾ ਜਨਮ ਪੱਛਮੀ ਪੰਜਾਬ ਦੇ ਸ਼ੇਖ਼ੂਪੁਰਾ ਜ਼ਿਲ੍ਹੇ (ਹੁਣ ਪਕਿਸਤਾਨ) ਵਿਚ ਹੋਇਆ ਸੀ। ਉਨ੍ਹਾਂ ਨੇ ਆਪਣੀ ਮੁੱਢਲੀ ਸਿੱਖਿਆ ਚੱਕ 19 ਅਤੇ ਗੁਰੂ ਨਾਨਕ ਖਾਲਸਾ ਹਾਈ ਸਕੂਲ ਨਨਕਾਣਾ ਸਾਹਿਬ ਤੋਂ ਪ੍ਰਾਪਤ ਕੀਤੀ। ਬਾਅਦ ਵਿਚ ਉਚੇਰੀ ਸਿੱਖਿਆ ਲਈ ਸਿੱਖ ਨੈਸ਼ਨਲ ਕਾਲਜ ਲਾਹੌਰ ਵਿਚ ਦਾਖ਼ਲਾ ਲਿਆ।

ਆਪਣੇ ਵਿਦਿਆਰਥੀ ਜੀਵਨ ਕਾਲ ਦੌਰਾਨ ਆਪ ਹਿੰਦੁਸਤਾਨ ਦੀ ਆਜ਼ਾਦੀ ਦੇ ਹਾਮੀ ਸਨ, ਪਰ ਆਜ਼ਾਦੀ ਤੋਂ ਬਾਅਦ ਆਪ ਦਾ ਮਨ ਉਸ ਵਕਤ ਖੱਟਾ ਹੋ ਗਿਆ ਜਦੋਂ ਆਜ਼ਾਦ ਭਾਰਤ ਵਿਚ ਸਿੱਖਾਂ ਨਾਲ ਕੀਤੇ ਵਾਅਦਿਆਂ ਨੂੰ ਨਿਭਾਉਣਾ ਤਾਂ ਦੂਰ, ਸਗੋਂ ਸਿੱਖਾਂ ਦਾ ਮਜ਼ਾਕ ਉਡਾਇਆ ਜਾਣ ਲੱਗਾ। ਪੰਡਿਤ ਜਵਾਹਰ ਲਾਲ ਨਹਿਰੂ ਜਿਸ ਨੇ ਭਾਰਤ ਦੀ ਆਜ਼ਾਦੀ ਤੋਂ ਪਹਿਲਾਂ, ਸਿੱਖਾਂ ਨੂੰ ਵੱਖਰਾ ਆਜ਼ਾਦ ਖਿੱਤਾ ਦੇਣ ਦਾ ਵਾਅਦਾ ਕੀਤਾ ਸੀ, ਉਸੇ ਨੇ, 15 ਅਗਸਤ ਵਾਲੇ ਦਿਨ ਲਾਲ ਕਿਲੇ ਦੀ ਫ਼ਸੀਲ ਤੋਂ ਇਹ ਕਹਿ ਦਿੱਤਾ ਕਿ ਸਿੱਖ ਜਿਹੜਾ ਪੰਜਾਬੀ ਸੂਬੇ ਦਾ ਸੁਪਨਾ ਦੇਖ ਰਹੇ ਹਨ ਇਹ ਉਨ੍ਹਾਂ ਦੇ ਦਿਮਾਗ ਵਿਚ ਤਾਂ ਬਣ ਸਕਦਾ ਹੈ ਪਰ ਦੇਸ਼ ਵਿਚ ਨਹੀਂ। ਉਸਨੇ ਇਹ ਸਾਫ਼ ਕਿਹਾ ਸੀ ਕਿ ਮੇਰੇ ਜਿਉਂਦੇ-ਜੀਅ ਪੰਜਾਬੀ ਸੂਬਾ ਨਹੀਂ ਬਣੇਗਾ। ਇਤਿਹਾਸ ਗਵਾਹ ਹੈ ਕਿ ਉਸਨੇ ਆਪਣੇ ਜਿਉਂਦਿਆਂ ਬਣਨ ਵੀ ਨਹੀਂ ਦਿੱਤਾ। ਪੰਜਾਬੀ ਸੂਬਾ ਉਸਦੀ ਮੌਤ ਤੋਂ ਬਾਅਦ ਬਣਿਆ ਉਹ ਵੀ ਲੰਗੜਾ ਜਿਹਾ।

ਇਹ ਸਾਰੀਆਂ ਗੱਲਾਂ ਸ. ਗੰਗਾ ਸਿੰਘ ਢਿੱਲੋਂ ਦੇ ਮਨ ਨੂੰ ਠੇਸ ਪਹੁੰਚਾਉਣ ਲਈ ਕਾਫੀ ਸਨ। ਅਸਲ ਵਿਚ ਉਹ ਉਸ ਵਕਤ ਹੀ ਖਾਲਸਾ ਰਾਜ ਦੇ ਪੱਖਧਾਰ ਸਨ ਜਦੋਂ ਹਿੰਦੁਸਤਾਨ ਅਤੇ ਪਾਕਿਸਤਾਨ ਵਿਚਾਲੇ ਦੋ ਟੁਕੜੇ ਹੋਣ ਦੀ ਗੱਲ ਚੱਲੀ ਸੀ। ਉਸ ਵਕਤ ਦੀ ਕਮਜ਼ੋਰ ਸਿੱਖ ਲੀਡਰਸ਼ਿਪ ਨੇ ਸ. ਢਿਲੋਂ ਨੂੰ ਨਿਰਾਸ਼ ਕਰ ਦਿੱਤਾ ਸੀ ਅਤੇ ਉਨ੍ਹਾਂ ਦਾ ਦਿਲ ਉਸ ਵਕਤ ਹੋਰ ਟੁੱਟ ਗਿਆ ਜਦੋਂ ਉਨ੍ਹਾਂ ਦੇ ਪਿਤਾ ਨੂੰ ਸਿੱਖਾਂ ਅਤੇ ਮੁਸਲਮਾਨਾਂ ਵਿਚਕਾਰ ਇੱਕ ਮੁੱਦੇ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਦਿਆਂ ਪਾਕਿਸਤਾਨੀ ਫੌਜ ਨੇ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ ਸੀ।

14 ਅਗਸਤ 1947 ਅਤੇ 15 ਅਗਸਤ 1947 ਜਦੋਂ ਭਾਰਤ ਅਤੇ ਪਾਕਿਸਤਾਨ ਆਪੋ ਆਪਣੀ ਆਜ਼ਾਦੀ ਦਾ ਜਸ਼ਨ ਮਨਾ ਰਹੇ ਸਨ ਉਦੋਂ ਸ. ਗੰਗਾ ਸਿੰਘ ਢਿੱਲੋਂ ਆਪਣੇ ਪਿਤਾ ਨੂੰ ਗਵਾਉਣ ਤੋਂ ਬਾਅਦ ਆਪਣੇ ਪਰਿਵਾਰ ਸਮੇਤ ਉਜੜ ਕੇ ਭਾਰਤ ਵੱਲ ਆ ਰਹੇ ਸਨ।

ਭਾਰਤ ਪਰਤਣ ਤੋਂ ਬਾਅਦ ਉਹ ਇਸ ਗੱਲੋਂ ਕਾਫੀ ਉਦਾਸ ਰਹਿਣ ਲੱਗ ਪਏ ਕਿ ਹੁਣ ਉਨ੍ਹਾਂ ਨੂੰ ਕਦੇ ਵੀ ਨਨਕਾਣਾ ਸਾਹਿਬ ਦੇ ਦਰਸ਼ਨ ਨਹੀਂ ਹੋ ਸਕਣਗੇ। ਇਸ ਕਰਕੇ ਉਨ੍ਹਾਂ ਦੀ ਪਹਿਲੀ ਲੜਾਈ ਹੀ ਇਸ ਗੱਲ ਤੋਂ ਸ਼ੁਰੂ ਹੋਈ, ਜਿਸ ਗੱਲ ਦੀ ਅਰਦਾਸ ਅਸੀਂ ਅੱਜ ਵੀ ਕਰਦੇ ਹਾਂ ਕਿ ਨਨਕਾਣਾ ਸਾਹਿਬ ਅਤੇ ਹੋਰ ਗੁਰਦੁਆਰਾ ਅਸਥਾਨਾਂ ਨੂੰ, ਜਿਨ੍ਹਾਂ ਨੂੰ ਸਿੱਖ ਪੰਥ ਤੋਂ ਵਿਛੋੜਿਆ ਗਿਆ ਹੈ ਉਨ੍ਹਾਂ ਦੇ ਖੁੱਲ੍ਹੇ ਦਰਸ਼ਨ ਦੀਦਾਰ ਅਤੇ ਸੇਵਾ ਸੰਭਾਲ ਦਾ ਦਾਨ ਖਾਲਸਾ ਪੰਥ ਨੂੰ ਬਖਸ਼ੋ ਜੀ। ਸੋ ਇਹ ਉਨ੍ਹਾਂ ਦੀ ਲੜਾਈ ਦੀ ਸ਼ੁਰੂਆਤ ਸੀ। ਪਰ ਸਰਕਾਰ ਨੂੰ ਇਹ ਵੀ ਮਨਜ਼ੂਰ ਨਹੀਂ ਸੀ। ਉਨ੍ਹਾਂ ਨੂੰ ਕੱਟੜਪੰਥੀ ਮੰਨਦਿਆਂ ਗ੍ਰਿਫਤਾਰ ਕਰ ਕੇ ਨਾਭਾ ਜੇਲ੍ਹ ਵਿਚ ਨਜ਼ਰਬੰਦ ਕਰ ਦਿੱਤਾ ਗਿਆ ਜਿੱਥੇ ਡੇਢ ਸਾਲ ਤੋਂ ਬਾਅਦ ਆਪ ਜੀ ਦੀ ਰਿਹਾਈ ਸੰਭਵ ਹੋ ਸਕੀ।

ਸਾਲ 1960 ਦੇ ਦੌਰਾਨ ਸ. ਗੰਗਾ ਸਿੰਘ ਢਿੱਲੋਂ ਅਮਰੀਕਾ ਚਲੇ ਗਏ ਜਿੱਥੇ ਪੁੱਜ ਕੇ ਉਨ੍ਹਾਂ ਦੀ ਕੋਸ਼ਿਸ਼ ਪਾਕਿਸਤਾਨ ਨਾਲ ਕਿਸੇ ਤਰੀਕੇ ਸੁਖਾਵੇਂ ਸੰਬੰਧ ਬਣਾਏ ਜਾ ਸਕਣ ਦੀ ਸੀ ਤਾਂ ਜੋ ਜਿੱਥੇ ਇਕ ਪਾਸੇ ਪਾਕਿਸਤਾਨ, ਖਾਲਸਾ ਰਾਜ ਦੀ ਆਜ਼ਾਦੀ ਵਿਚ ਉਨ੍ਹਾਂ ਦੀ ਮਦਦ ਕਰ ਸਕੇ, ਉਥੇ ਸਿੱਖਾਂ ਲਈ ਪਾਕਿਸਤਾਨ ਦੀਆਂ ਸਰਹੱਦਾਂ ਖੁਲ੍ਹਵਾਈਆਂ ਜਾ ਸਕਣ ਤਾਂ ਕਿ ਸਿੱਖਾਂ ਨੂੰ ਆਪਣੇ ਮੁਕੱਦਸ ਗੁਰਦੁਆਰਾ



ਅਸਥਾਨਾਂ ਦੇ ਖੁੱਲ੍ਹੇ ਦਰਸ਼ਨ ਦੀਦਾਰ ਹੋ ਸਕਣ।

1965 ਵਿਚ, ਸ. ਢਿੱਲੋਂ ਨੇ ਜੌਨ ਐਫ. ਕੈਨੇਡੀ ਮੈਮੋਰੀਅਲ ਹਾਕੀ ਟੂਰਨਾਮੈਂਟ ਦੀ ਸਥਾਪਨਾ ਕੀਤੀ। ਹਾਕੀ ਟੂਰਨਾਮੈਂਟਾਂ ਰਾਹੀਂ ਉਹ ਦੋਨਾਂ ਦੇਸ਼ਾਂ ਵਿਚਾਲੇ ਦੋਸਤੀ ਹੋਰ ਮਜ਼ਬੂਤ ਕਰਨੀ ਚਾਹੁੰਦੇ ਸਨ। ਹਾਕੀ ਦਾ ਇਹ ਟੂਰਨਾਮੈਂਟ ਹੁਣ ਅਮਰੀਕਾ ਵਿਚ ਸਭ ਤੋਂ ਵੱਡੇ ਅੰਤਰਰਾਸ਼ਟਰੀ ਟੂਰਨਾਮੈਂਟਾਂ ਵਿਚੋਂ ਇੱਕ ਹੈ।

ਸਾਲ 1981 ਦੌਰਾਨ ਦਲ ਖਾਲਸਾ ਨੇ ਕੁੱਲ ਹਿੰਦ ਸਿੱਖ ਸਟੂਡੈਂਟਸ ਫੈਡਰੇਸ਼ਨ ਨਾਲ ਮਿਲ ਕੇ 'ਸਿੱਖ ਸਟੇਟ' ਲਈ ਸੰਯੁਕਤ ਰਾਸ਼ਟਰ ਵਿਚ ਮੈਂਬਰਸ਼ਿਪ ਦੀ ਮੰਗ ਕੀਤੀ। 15 ਮਾਰਚ 1981 ਵਾਲੇ ਦਿਨ ਦਲ ਖਾਲਸਾ ਵਲੋਂ ਬਹੁਤ ਵੱਡੇ ਪੈਮਾਨੇ ਉਪਰ 'ਸਿੱਖ ਐਜੂਕੇਸ਼ਨਲ ਕਾਨਫ਼ਰੰਸ' ਦਾ ਆਯੋਜਨ ਕੀਤਾ ਗਿਆ, ਜਿਸ ਦੌਰਾਨ ਖਾਲਿਸਤਾਨ ਦੇ ਤਤਕਾਲੀ ਮੁੱਖ ਬੁਲਾਰੇ ਸ. ਗੰਗਾ ਸਿੰਘ ਢਿੱਲੋਂ ਨੇ ਭਾਸ਼ਣ ਦਿੱਤਾ ਜਿਸ ਦਾ ਵਿਸ਼ਾ ਸੀ, 'ਸਿੱਖ ਇਕ ਵਖਰੀ ਕੌਮ ਕਿਉਂ ਹਨ' ਅਤੇ ਇਸ ਸਮਾਗਮ ਵਿਚ 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਅਰੇ ਲਗਾਏ ਗਏ।

ਉਨ੍ਹਾਂ ਦੇ ਭਾਸ਼ਣ ਤੋਂ ਬਾਅਦ ਪੰਜਾਬ ਸਰਕਾਰ ਇਕਦਮ ਹਰਕਤ ਵਿਚ ਆ ਗਈ ਕਿਉਂਕਿ ਉਨ੍ਹਾਂ ਦੇ ਭਾਸ਼ਣ ਨੂੰ ਭਾਰਤ ਵਿਰੋਧੀ ਸਮਝਿਆ ਗਿਆ ਅਤੇ ਪੰਜਾਬ ਪ੍ਰਸ਼ਾਸਨ ਨੇ ਭਾਰਤ ਸਰਕਾਰ ਪਾਸੋਂ ਇਸ ਗੱਲ ਦਾ ਨੋਟਿਸ ਜਾਰੀ ਕਰਵਾ ਦਿੱਤਾ, ਜਿਸ ਕਰਕੇ ਸ. ਢਿਲੋਂ ਨੂੰ ਤੁਰੰਤ ਭਾਰਤ ਛੱਡਣ ਲਈ ਮਜਬੂਰ ਹੋਣਾ ਪਿਆ। ਨਤੀਜੇ ਵਜੋਂ ਉਨ੍ਹਾਂ ਨੂੰ ਭਵਿੱਖ ਵਿਚ ਕਦੇ ਵੀ ਭਾਰਤ ਦੀ ਯਾਤਰਾ ਕਰਨ ਤੋਂ ਰੋਕ ਦਿੱਤਾ ਗਿਆ।


ਸ. ਢਿੱਲੋਂ ਨੇ ਕੌਮਾਂਤਰੀ ਸਿੱਖ ਭਾਈਚਾਰੇ ਲਈ, ਪਾਕਿਸਤਾਨ ਸਰਕਾਰ ਨਾਲ ਮਿਲ ਕੇ ਨਨਕਾਣਾ ਸਾਹਿਬ ਫਾਊਂਡੇਸ਼ਨ ਦੀ ਸਥਾਪਨਾ ਕੀਤੀ। ਇਹ ਫਾਊਂਡੇਸ਼ਨ ਅਜੇ ਵੀ ਚੱਲ ਰਿਹਾ ਹੈ ਅਤੇ ਇਸ ਦਾ ਮਕਸਦ ਸਿੱਖਾਂ ਅਤੇ ਮੁਸਲਮਾਨਾਂ ਵਿਚਾਲੇ ਆਪਸੀ ਪਿਆਰ ਦੀ ਸਾਂਝ ਬਣਾਉਣਾ ਹੈ। ਇਸ ਵਿਚ ਇੱਕ ਲਾਇਬਰੇਰੀ ਤੋਂ ਇਲਾਵਾ ਹਸਪਤਾਲ ਦੀ ਵੀ ਸਥਾਪਨਾ ਕਰਨਾ ਸ਼ਾਮਿਲ ਸੀ।

14 ਨਵੰਬਰ, 2014 ਨੂੰ, ਅਮਰੀਕਾ ਦੇ ਹਾਊਸ ਆਫ਼ ਰਿਪ੍ਰੈਜ਼ੈਂਟੇਟਿਵਜ਼ ਵਿਚ ਵਰਜੀਨੀਆ ਦੇ ਕਾਂਗਰਸਮੈਨ ਗੇਰਾਲਡ ਈ. ਕੌਨੋਲੀ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਸੀ ਕਿ ਉਨ੍ਹਾਂ ਦੇ ਕੀਤੇ ਕੰਮਾਂ ਨੂੰ ਕਦੀ ਵੀ ਭੁਲਾਇਆ ਨਹੀਂ ਜਾ ਸਕਦਾ।

# ਜ਼ੁਬੀਨ ਗਰਗ ਦੀ ਆਵਾਜ਼ ਅਤੇ ਸੰਗੀਤ ਹਮੇਸ਼ਾ ਜ਼ਿੰਦਾ ਰਹਿਣਗੇ



ਜ਼ੁਬੀਨ ਗਰਗ ਨੇ ਆਪਣੀ ਕਲਾ ਨਾਲ ਇਸ ਤਰ੍ਹਾਂ ਦੀ ਛਾਪ ਛੱਡੀ ਹੈ, ਜਿਸ ਨੂੰ ਮਿਟਾਉਣਾ ਸੰਭਵ ਨਹੀਂ ਹੈ। ਉਨ੍ਹਾਂ ਦੀ ਮੌਤ ਇਕ ਕਲਾਕਾਰ ਦੀ ਬੇਵਕਤੀ ਵਿਦਾਈ ਹੈ, ਪਰ ਉਨ੍ਹਾਂ ਦੀ ਗਾਇਕੀ, ਕਹਾਣੀਆਂ ਅਤੇ ਸੰਘਰਸ਼ ਹਮੇਸ਼ਾ ਲੋਕਾਂ ਦੇ ਦਿਲਾਂ ਵਿਚ ਗੂੰਜਦੇ ਰਹਿਣਗੇ। ਜ਼ੁਬੀਨ ਗਰਗ ਦਾ ਅਸਲੀ ਨਾਂਅ ਜ਼ਿਬੋਨ ਬੋਰਠਾਕੁਰ ਸੀ। ਉਨ੍ਹਾਂ ਦਾ ਜਨਮ 18 ਨਵੰਬਰ, 1972 ਨੂੰ ਅਸਾਮ ਵਿਚ ਹੋਇਆ ਸੀ। ਪਰਿਵਾਰ ਕਲਾ ਅਤੇ ਸਿੱਖਿਆ ਨਾਲ ਜੁੜਿਆ ਹੋਇਆ ਸੀ। ਪਿਤਾ ਮੈਜਿਸਟ੍ਰੇਟ ਸਨ, ਜਦ ਕਿ ਮਾਂ ਗਾਇਕਾ, ਡਾਂਸਰ ਅਤੇ ਅਭਿਨੇਤਰੀ ਸੀ। ਜ਼ੁਬੀਨ ਨੇ 19 ਸਾਲ ਦੀ ਉਮਰ ਵਿਚ ਪਹਿਲੀ ਐਲਬਮ ਨਾਲ ਸੰਗੀਤ ਦੀ ਦੁਨੀਆ ਵਿਚ ਕਦਮ ਰੱਖਿਆ ਸੀ। 1992 ਵਿਚ ਉਨ੍ਹਾਂ ਦੀ ਪਹਿਲੀ ਐਲਬਮ 'ਅਨਾਮਿਕਾ' ਆਈ ਸੀ, ਜਿਸ ਨੇ ਪੂਰੇ ਉੱਤਰੀ ਭਾਰਤ ਨੂੰ ਹਿਲਾ ਦਿੱਤਾ ਸੀ। ਇਸ ਤੋਂ ਬਾਅਦ ਉਨ੍ਹਾਂ ਨੇ 'ਮਾਇਆ', 'ਆਸ਼ਾ' ਅਤੇ 'ਪਾਖੀ' ਵਰਗੇ ਐਲਬਮ ਦਿੱਤੇ, ਜਿਸ ਨਾਲ ਉਨ੍ਹਾਂ ਦੀ ਹਰਮਨਪਿਆਰਤਾ ਹੋਰ ਵਧੀ।



## ਮੁੰਬਈ ਦਾ ਸਫ਼ਰ

ਸੰਗੀਤ ਦੇ ਸੁਪਨਿਆਂ ਨੂੰ ਵੱਡਾ ਬਣਾਉਣ ਲਈ ਜ਼ੁਬੀਨ ਮੁੰਬਈ ਚਲੇ ਆਏ।ਸ਼ੁਰੂਆਤ ਵਿਚ ਉਨ੍ਹਾਂ ਨੇ ਛੋਟੇ-ਛੋਟੇ ਐਲਬਮ ਅਤੇ ਫ਼ਿਲਮਾਂ ਲਈ ਗਾਇਆ। 'ਚਾਂਦਨੀ ਰਾਤ', 'ਯੂਹੀ ਕਭੀ', 'ਫਿਜ਼ਾ' ਅਤੇ 'ਕਾਂਟੇ' ਵਰਗੀਆਂ ਫ਼ਿਲਮਾਂ ਵਿਚ ਉਨ੍ਹਾਂ ਨੇ ਕੰਮ ਕੀਤਾ। ਪਰ ਉਨ੍ਹਾਂ ਦੀ ਕਿਸਮਤ ਬਦਲੀ ਸਾਲ 2006 ਵਿਚ ਜਦੋਂ ਫ਼ਿਲਮ 'ਗੈਂਗਸਟਰ' ਦਾ ਗਾਣਾ 'ਯਾ ਅਲੀ' ਆਇਆ। ਇਸ ਗਾਣੇ ਨੇ ਜ਼ੁਬੀਨ ਗਰਗ ਨੂੰ ਪੂਰੇ ਦੇਸ਼ ਵਿਚ ਸਟਾਰ ਬਣਾ ਦਿੱਤਾ। ਜ਼ੁਬੀਨ ਨੇ ਆਪਣੇ ਕਰੀਅਰ ਵਿਚ ਹੁਣ ਤੱਕ 32,000 ਤੋਂ ਜ਼ਿਆਦਾ ਗਾਣੇ ਗਾਏ ਹਨ। ਇਹ ਗਾਣੇ ਲਗਭਗ 40 ਭਾਸ਼ਾਵਾਂ ਵਿਚ ਰਿਕਾਰਡ ਹੋਏ ਹਨ। ਹਿੰਦੀ, ਅਸਾਮੀ, ਬੰਗਾਲੀ, ਉੜੀਆ, ਮਰਾਠੀ, ਪੰਜਾਬੀ, ਕੰਨੜ ਅਤੇ ਇਥੋਂ ਤੱਕ ਕਿ ਨਿਪਾਲੀ ਵਿਚ ਵੀ। ਏਨੇ ਵੱਡੇ ਪੱਧਰ 'ਤੇ ਕੰਮ ਕਰਨ ਵਾਲੇ ਗਾਇਕ ਭਾਰਤ ਵਿਚ ਬਹੁਤ ਘੱਟ ਹੋਏ ਹਨ। ਸਾਲ 2000 ਵਿਚ ਉਨ੍ਹਾਂ ਨੇ 'ਤੁਮੀ ਮੋਰ ਮਾਥੋ ਮੋਰ' ਨਾਂਅ ਦੀ ਅਸਾਮੀ ਫ਼ਿਲਮ ਬਣਾਈ ਅਤੇ ਉਸ ਵਿਚ ਐਕਟਿੰਗ ਵੀ ਕੀਤੀ। ਇਸ ਤੋਂ ਇਲਾਵਾ 'ਦੀਨਬੰਧੂ' ਵਰਗੀਆਂ ਫ਼ਿਲਮਾਂ ਵਿਚ ਵੀ ਉਨ੍ਹਾਂ ਨੇ ਕੰਮ ਕੀਤਾ ਅਤੇ ਸੰਗੀਤ ਵੀ ਦਿੱਤਾ। 2005 ਵਿਚ ਉਨ੍ਹਾਂ ਨੂੰ ਨੈਸ਼ਨਲ ਪੁਰਸਕਾਰ ਵੀ ਮਿਲਿਆ, ਜੋ ਉਨ੍ਹਾਂ ਦੀ ਕਲਾ ਲਈ ਵੱਡੀ ਪਛਾਣ ਸੀ।

ਜ਼ੁਬੀਨ ਪਿਛਲੇ ਦਿਨੀਂ ਸਿੰਗਾਪੁਰ ਵਿਚ ਸਨ, ਜਿਥੇ ਉਹ ਚੌਥੇ 'ਨੌਰਥ ਈਸਟ ਇੰਡੀਆ ਫੈਸਟੀਵਲ' ਵਿਚ ਪੇਸ਼ਕਾਰੀ ਕਰਨ ਵਾਲੇ ਸਨ। ਕੁਝ ਦਿਨ ਪਹਿਲਾਂ ਹੀ ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਵੀਡੀਓ ਸਾਂਝੀ ਕਰਕੇ ਲੋਕਾਂ ਨੂੰ ਇਸ ਫੈਸਟੀਵਲ ਵਿਚ ਆਉਣ ਦਾ ਸੱਦਾ ਦਿੱਤਾ ਸੀ। ਪਰ ਕਿਸਮਤ ਨੂੰ ਕੁਝ ਹੋਰ ਮਨਜ਼ੂਰ ਸੀ। 18 ਸਤੰਬਰ, 2025 ਨੂੰ ਸਕੂਬਾ ਡਾਈਵਿੰਗ ਕਰਦੇ ਸਮੇਂ ਹਾਦਸਾ ਹੋਇਆ। ਉਨ੍ਹਾਂ ਨੂੰ ਤੁਰੰਤ ਸਮੁੰਦਰ ਤੋਂ ਕੱਢਿਆ ਗਿਆ ਅਤੇ ਹਸਪਤਾਲ ਲੈ ਜਾਇਆ ਗਿਆ, ਪਰ ਡਾਕਟਰ ਉਨ੍ਹਾਂ ਨੂੰ ਬਚਾਅ ਨਹੀਂ ਸਕੇ। ਆਪਣੀ ਆਖ਼ਰੀ ਵੀਡੀਓ ਵਿਚ ਜ਼ੁਬੀਨ ਨੇ ਮੁਸਕਰਾਉਂਦੇ ਹੋਏ ਕਿਹਾ ਸੀ ਕਿ ਉਹ ਸਿੰਗਾਪੁਰ ਵਿਚ ਹਿੰਦੀ, ਬੰਗਾਲੀ ਅਤੇ ਅਸਾਮੀ ਗਾਣੇ ਗਾਉਣ ਵਾਲੇ ਹਨ। ਉਨ੍ਹਾਂ ਨੇ ਲਿਖਿਆ ਸੀ ਕਿ 'ਸਭੀ ਲੋਗ ਆਓ ਔਰ ਸਪੋਰਟ ਕਰੋ ਐਂਟਰੀ ਵੀ । ਕਿਸੇ ਨੇ ਨਹੀਂ ਸੋਚਿਆ ਸੀ ਕਿ ਇਹੀ ਉਨ੍ਹਾਂ ਦਾ ਆਖ਼ਰੀ ਸੰਦੇਸ਼ ਹੋਵੇਗਾ। ਅੱਜ ਜਦੋਂ ਜ਼ੁਬੀਨ ਗਰਗ ਸਾਡੇ ਵਿਚਾਲੇ ਨਹੀਂ ਹੈ ਤਾਂ ਵੀ ਉਨ੍ਹਾਂ ਦੀ ਆਵਾਜ਼ ਅਤੇ ਉਨ੍ਹਾਂ ਦਾ ਸੰਗੀਤ ਹਮੇਸ਼ਾ ਜ਼ਿੰਦਾ ਰਹੇਗਾ। ਪੂਰਬਉੱਤਰ ਤੋਂ ਲੈ ਕੇ ਬਾਲੀਵੁੱਡ ਤੱਕ ਉਨ੍ਹਾਂ ਨੇ ਆਪਣੀ ਕਲਾ ਨਾਲ ਇਕ ਇਸ ਤਰ੍ਹਾਂ ਦੀ ਛਾਪ ਛੱਡੀ ਹੈ, ਜਿਸ ਨੂੰ ਮਿਟਾਉਣਾ ਸੰਭਵ ਨਹੀਂ ਹੈ।

-0-

**ਕਲਾ ਪਰਿਕਰਮਾ**

# ਸਾਫ਼ ਸੁਥਰੇ ਗੀਤਾਂ ਦਾ ਰਚੇਤਾ ਦਲਜੀਤ ਸਿੰਘ ਅਰੋੜਾ

ਬਲਵਿੰਦਰ ਬਾਲਮ ਗੁਰਦਾਸਪੁਰ




ਦਲਜੀਤ ਸਿੰਘ ਅਰੋੜਾ ਨੇ ਜ਼ਿਆਦਾਤਰ ਗੀਤ ਪੰਜਾਬੀ ਫ਼ਿਲਮਾਂ ਲਈ ਹੀ ਲਿਖੇ ਹਨ, ਜਿਨ੍ਹਾਂ ਨੂੰ ਪ੍ਰਸਿੱਧ ਗਾਇਕਾਂ ਨੇ ਅਲੰਕਰਿਤ ਕੀਤਾ ਹੈ। ਉਨ੍ਹਾਂ ਨੇ ਸਮਾਜਕ, ਧਾਰਮਕ, ਵੀਰ-ਰਸ ਅਤੇ ਰੁਮਾਂਟਿਕ ਗੀਤਾਂ ਨੂੰ ਫ਼ਿਲਮੀ ਪਟਕਥਾ ਅਨੁਸਾਰ ਲਿਖਿਆ ਹੈ। ਗੀਤਕਾਰੀ ਦੇ ਜਗਤ ਵਿਚ ਇਕ ਵਜ਼ਨਦਾਰ ਗੀਤਾਂ ਦੇ ਸੰਕੇਤ ਉਭਰਦੇ ਸੁਣਾਈ ਦਿੰਦੇ ਹਨ। ਵੈਸੇ ਤਾਂ ਦਲਜੀਤ ਸਿੰਘ ਅਰੋੜਾ ਨੂੰ ਸਾਰਾ ਪੰਜਾਬੀ ਫ਼ਿਲਮ ਜਗਤ ਇਕ ਸੰਪਾਦਕ ਵਜੋਂ ਜਾਣਦਾ ਹੀ ਹੈ ਅਤੇ ਉਹ ਕਦੇ-ਕਦੇ ਪੰਜਾਬੀ ਤੇ ਬਾਲੀਵੁੱਡ ਫ਼ਿਲਮਾਂ ਵਿਚ ਬਤੌਰ ਕਲਾਕਾਰ ਵੀ ਹਾਜ਼ਰੀ ਭਰਦਾ ਦਿੱਸਦਾ ਹੈ। ਜਦੋਂ ਗੱਲ ਦੇਸ਼ ਭਗਤੀ ਤੇ ਵੀਰ ਰਸ ਵਾਲੇ ਗੀਤ ਲਿਖਣ ਦੀ ਹੋਵੇ ਤਾਂ ਦਲਜੀਤ ਸਿੰਘ ਅਰੋੜਾ ਦੀ ਕਲਮ 'ਚੋਂ ਜਨਮੇ ਗੀਤ 'ਦੁਨੀਆ ਦੇ ਹਰ ਇਕ ਝੰਡੇ 'ਤੇ ਸਾਡਾ ਇਕ ਤਿਰੰਗਾ ਭਾਰੀ' ਗਾਇਕ ਨਛੱਤਰ ਗਿੱਲ ਅਤੇ ਫਿਰੋਜ਼ ਖਾਨ) ਫ਼ਿਲਮ 'ਸਲਿਊਟ' ਤੇ ਦੂਜਾ ਗੀਤ 'ਡੋਲੇ' (ਦਲੇਰ ਮਹਿੰਦੀ) ਫਿਲਮ 'ਨਿਡਰ' ਵਿਚ ਕੋਈ ਕਸਰ ਬਾਕੀ ਨਜ਼ਰ ਨਹੀਂ ਆਉਂਦੀ ਅਤੇ ਅਕਸਰ ਇਹ ਗੀਤ ਫ਼ੌਜੀ ਕੈਂਪਾਂ ਅਤੇ ਸਰਕਾਰੀ ਪ੍ਰੋਗਰਾਮਾਂ ਵਿਚ ਕੋਰੀਓਗ੍ਰਾਫ਼ ਕੀਤੇ ਜਾਂਦੇ ਹਨ। ਜੇ ਗੱਲ ਵੈਰਾਗਮਈ ਗੀਤਾਂ ਦੀ ਕਰੀਏ 'ਤਾਂ ਗੱਲ 'ਬੇਵੱਸ ਹੋਈ ( ਫ਼ਿਲਮ ਪਾਵਰਕੱਟ) ਅਤੇ 'ਦਰਦ ਵਿਛੋੜੇ ਦੇ' (ਦੋਵੇਂ ਗੀਤ ਮਾਸਟਰ ਸਲੀਮ), 'ਕੀ ਮਿਲਿਆ ਤੇਰੀ ਹੋ ਕੇ (ਜਾਵੇਦ ਬਾਸ਼ੀਰ-ਅਕਬਰ ਅਲੀ-ਪਾਕਿਸਤਾਨੀ ਗਾਇਕ), 'ਸਾਰੀ ਉਮਰਾਂ ਦੇ ਪੈ ਗਏ ਵਿਛੋੜੇ' (ਤਰਲੋਚਨ ਸਿੰਘ-ਜੋਤੀਕਾ ਟਾਂਗਰੀ) ਤੋਂ ਇਉਂ ਲੱਗਦਾ ਹੈ ਕਿ ਇਨ੍ਹਾਂ ਵਿਚ ਹਰ ਨਾਕਾਮ ਆਸ਼ਕ ਦੀ ਗਾਥਾ ਲੁਕੀ ਹੋਈ ਹੈ। ਇਸ ਦੇ ਉਲਟ ਜੇ ਉਸ ਨੂੰ ਰੋਮਾਂਟਿਕ ਗੀਤ ਲਿਖਣ ਲਈ ਕਿਹਾ ਜਾਂਦਾ ਹੈ ਤਾਂ 'ਲਵ ਯੂ ਮੇਰੀ ਸਰਕਾਰ' (ਮੰਨਤ ਨੂਰ-ਗੁਰਮੀਤ ਸਿੰਘ) ਦੇ ਬੋਲਾਂ ਵਿਚ ਪਿਆਰ ਦਾ ਹਰ ਰੰਗ ਮੌਜੂਦ ਹੈ। ਹੁਣ ਜੇ ਨੌਜਵਾਨਾਂ ਦਾ ਧਿਆਨ ਖਿੱਚਦੇ ਬੀਟ ਗੀਤਾਂ ਦੀ ਗੱਲ ਕਰੀਏ ਤਾਂ ਇੱਥੇ ਵੀ ਉਸ ਦੇ ਬੋਲਾਂ ਦਾ ਨਵਾਂ ਰੂਪ ਸਾਹਮਣੇ ਆਉਂਦਾ ਹੈ, ਜਿਨ੍ਹਾਂ ਵਿਚ ਬਾਲੀਵੁੱਡ ਗਾਇਕ ਮੀਕਾ ਸਿੰਘ ਦਾ ਗਾਇਆ ਗੀਤ 'ਯੋਗ ਮਲੰਗ', 'ਬੁਲਟ ਦੀ ਗੇੜੀ' (ਸਿਮਰਨ ਭਾਰਦਵਾਜ), ਲਹਿੰਬਰ ਹੁਸੈਨਪੁਰੀ ਦਾ ਫ਼ਿਲਮ 'ਯਾਰ ਅਣਮੁੱਲੇ 2' ਦਾ ਗੀਤ 'ਮਨ ਡੋਲੇ ਤਨ ਡੋਲੇ ਲੇਖਕ ਦੇ ਜਵਾਨ ਦਿਲ ਦੀ ਗਵਾਹੀ ਭਰਦੇ ਹਨ। ਫ਼ਿਲਮ 'ਆਸਰਾ' ਦਾ ਜਸਪਿੰਦਰ ਨਰੂਲਾ ਵਲੋਂ ਗਾਇਆ ਗੀਤ 'ਸ਼ੁਕਰਾਨਾ', 'ਤੇਰਾਂ ਤੇਰਾਂ ਬੋਲ ਗਿਆ' (ਮੀਤ ਕੌਰ) ਦੇ ਅਲਫਾਜ਼ ਵੀ ਬਾਕਮਾਲ ਹਨ ਅਤੇ ਬੇਜ਼ੁਬਾਨ ਜਾਨਵਰਾਂ ਦੀ ਦਾਸਤਾਨ ਬਿਆਨ ਕਰਦੇ ਦੋ ਹਿੰਦੀ ਗੀਤ 'ਬੇਜ਼ੁਬਾਨ' ਅਤੇ 'ਬੇਜ਼ੁਬਾਨ 2' (ਗਾਇਕ ਯਾਕੂਬ) ਸਰੋਤਿਆਂ ਦੇ ਕਰੋੜਾਂ ਵਿਊਜ਼ ਹਾਸਿਲ ਕਰ ਚੁੱਕੇ ਹਨ। ਜੇ ਸਿੱਖ ਨੌਜਵਾਨ ਵਿਚ ਸਿੱਖੀ ਦਾ ਜਜ਼ਬਾ ਭਰਨ ਲਈ ਗੀਤ ਘੜਣ ਦੀ ਗੱਲ ਹੋਵੇ ਤਾਂ ਫ਼ਿਲਮ 'ਗੁਰਮੁਖ' ਦਾ ਨਛੱਤਰ ਗਿੱਲ ਵਲੋਂ ਗਾਇਆ ਗੀਤ 'ਦੁੱਕੀ ਤਿੱਕੀ' ਆਪਣੇ-ਆਪ ਵਿਚ ਉਦਾਹਰਨ ਹੈ। ਫ਼ਿਲਮ '47 ਤੋਂ 84' ਦਾ ਇਹ ਗੀਤ 'ਘਰ ਵਿਚ ਬੇ ਘਰ ਹੋਏ ਇਸ ਮੁਲਕ ਦੇ ਵਾਸੀ ਦੀ, ਏ ਲੰਬੀ ਕਹਾਣੀ ਏ 47 ਤੋਂ 84 ਦੀ ਸਰੋਤਿਆਂ ਦੇ ਰੌਂਗਟੇ ਖੜ੍ਹੇ ਕਰਦਾ ਹੈ। ਆਉਣ ਵਾਲੇ ਦਿਨਾਂ ਵਿਚ ਇਸੇ ਤਰ੍ਹਾਂ ਦੇ ਵਰਸਟਾਈਲ ਬਾਲੀਵੁੱਡ ਫ਼ਿਲਮੀ ਅਤੇ ਪੰਜਾਬੀ ਗੀਤ ਤੁਹਾਨੂੰ ਵੇਖਣ-ਸੁਣਨ ਨੂੰ ਮਿਲਣਗੇ, ਜਿਨ੍ਹਾਂ ਵਿਚ ਕਨਿਕਾ ਕਪੂਰ, ਫਿਰੋਜ਼ ਖ਼ਾਨ ਅਤੇ ਕੰਵਰ ਗਰੇਵਾਲ ਸਮੇਤ ਹੋਰ ਵੀ ਵੱਡੇ ਗਾਇਕਾਂ ਦੀਆਂ ਆਵਾਜ਼ਾਂ ਸ਼ਾਮਿਲ ਹਨ।

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 11 ਅਕਤੂਬਰ 2025 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-711



*ਚੌਦ੍ਹਵੀਂ ਦਾ ਚੰਨ ਚੜ੍ਹ ਆਇਆ ਹੈ ਅੱਜ ਸਾਡੇ ਵਿਹੜੇ,*
*ਚੁੱਕ ਕੈਮਰਾ ਖਿੱਚਕੇ ਫ਼ੋਟੋ ਦਿਖਾਇਆ ਹੈ ਕਿੰਨਾ ਨੇੜੇ।*
*ਧਰਤੀ ਮਾਂ ਦਾ ਜਾਇਆ ਹੈ ਅੱਖੀਆਂ ਨੂੰ ਠੰਢਕ ਵੰਡੇ,*
*ਚਾਨਣੀਆਂ ਰਾਤਾਂ ਨੂੰ ਰੁਸ਼ਨਾਵੇ ਆਸ਼ਕ,ਚੋਰਾਂ ਨੂੰ ਡੰਡੇ।*

## ਕੈਪਸ਼ਨ ਮੁਕਾਬਲਾ-709



ਬੇਮੌਸਮੀ ਬਰਸਾਤ ਨੇ ਰੋੜ੍ਹ ਦਿੱਤੇ
ਕਈ ਹੱਸਦੇ ਵੱਸਦੇ ਘਰ,
ਰੁੜ੍ਹਿਆ ਸਾਡਾ ਰੁਜ਼ਗਾਰ ਨਾਲ਼ੇ
ਬਿਨ ਕੰਮ ਠੰਢੇ ਚੁੱਲ੍ਹੇ ਪਰ।
ਬੇਕਸਾਂ ਦਾ ਹਾਲ ਦੇਖ ਰੱਬਾ
ਉਡੀਕਦੇ ਬੱਚੇ ਰੱਖੇ ਖੁੱਲ੍ਹੇ ਦਰ,
ਹਾੜ੍ਹਾ ਘੱਲ ਦੇਹ ਸਵਾਰੀ ਕਿਤੋਂ
ਦਾਲ਼ ਫ਼ੁਲਕੇ ਦਾ ਜਾਵੇ ਸਰ।
***-ਸੇਵਾ ਸਿੰਘ 'ਨੂਰਪੁਰੀ'***

---

ਮੀਂਹ ਦੀ ਐਸੀ ਝੜੀ ਲੱਗ ਗਈ
ਕੋਈ ਸਵਾਰੀ ਨਜ਼ਰ ਨਾ ਆਏ।
ਝੂਠੀ ਮੂਠੀ ਆਸ ਦੇ ਸਿਰ 'ਤੇ
ਸਿਰ ਢੱਕ ਆਪਣਾ ਵਕਤ ਟਪਾਏ।
ਕਿਸੇ ਨੂੰ ਸੋਕਾ ਕਿਸੇ ਨੂੰ ਡੋਬਾ
ਭੁੱਖੇ ਢਿੱਡ ਦਾ ਫਿਕਰ ਸਤਾਏ।
***-ਜਗਮੀਤ ਸਿੰਘ ਪੰਧੇਰ***
***ਫੋਨ: +1 403-439-2008***

---

ਬਰਸਾਤ ਦਾ ਮੌਸਮ
ਗਾਹਕ ਕੋਈ ਨਾ ਲੱਭਾ
ਸੁੰਗੜਿਆ ਬੈਠਾ, ਰਿਕਸ਼ੇ ਦੇ ਅੰਦਰ
ਖਿਆਲਾਂ ਵਿਚ ਬੱਝਾ।
ਹਰ ਇਕ ਕਾਹਲ ਦੇ ਵਿਚ
ਆਟੋ ਚਾਲਕਾਂ ਦੀ ਬਣਦੀ ਚਾਂਦੀ।
ਮੈਂ ਵੀ ਰੱਬਾ ਤੇਰਾ ਬੰਦਾ
ਸਾਡੀ ਯਾਦ ਕਿਉਂ ਨ੍ਹੀਂ ਆਂਦੀ।
ਜੀਅ ਲਾ ਕੇ ਮਿਹਨਤਾਂ ਕਰਦਾ
ਸਾਡੇ ਵੀ ਪੱਲੇ ਕੁਝ ਪਾ ਦੇ
ਘਰੇ ਸਾਰਾ ਟੱਬਰ ਉਡੀਕਦਾ
ਸਭ ਦੇ ਗ਼ਮ ਭੁਲਾ ਦੇ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ (ਪਟਿਆਲਾ)***
***ਫੋਨ: 98784-69639***

---

ਥਰੀ ਵ੍ਹੀਲਰਾਂ ਨੇ ਰਿਕਸ਼ੇ ਦਾ ਕੰਮ
ਪਹਿਲਾਂ ਹੀ ਘਟਾਇਆ ਹੈ।
ਬਾਕੀ ਦੀ ਰਹਿੰਦੀ ਕਸਰ
ਬਾਰਿਸ਼ ਨੇ ਕੱਢ ਦਿੱਤੀ
ਹੜ੍ਹਾਂ ਨੇ ਡਾਢਾ ਕਹਿਰ ਕਮਾਇਆ ਹੈ।
ਬਿਨਾਂ ਕੰਮ ਦੇ
ਠੰਢਾ ਚੁੱਲ੍ਹਾ ਕਿਵੇਂ ਗਰਮਾਈਏ
ਵਿਹਲੇ ਬੰਦੇ ਨੂੰ
ਸੋਚਾਂ ਵਿਚ ਪਾਇਆ ਹੈ।
***-ਲੋਕ ਨਾਥ ਸ਼ਰਮਾ***

---

ਚਰਲ ਚਰਲ ਮੀਂਹ ਪੈ ਰਿਹਾ
ਸਵਾਰੀ ਵੀ ਨਹੀਂ ਕੋਈ ਦਿਸਦੀ
ਸੁਖਾਲਾ ਨਹੀਂ, ਅੱਖਾਂ ਪੱਕ ਜਾਂਦੀਆਂ
ਤੱਕ ਤੱਕ ਆਲੇ ਦੁਆਲੇ ਜਾਂਦਿਆਂ ਨੂੰ
ਵਿਹਲਾ ਸੋਚੀਂ ਪਿਆ
ਅੱਖਾਂ ਮੀਟ ਅੰਤਰ ਧਿਆਨ ਹੋ
ਕਰਦਾ ਅਰਦਾਸ
ਮੈਨੂੰ ਸਵਾਰੀ ਦਿਵਾ ਦਿਓ ਮਿਹਰਬਾਨ
ਚਾਰ ਪੈਸੇ ਬਣ ਜਾਣ
ਤਾਂਕਿ ਬੱਚੇ ਭੁੱਖੇ ਨਾ ਸੌਂ ਜਾਣ।
***-ਦਰਸ਼ਨ ਪਾਲ ਦੋਸਾਂਝ***

# ਬਹੁਵਿੱਧ ਲੇਖਕ ਡਾ. ਸਰਬਜੀਤ ਸਿੰਘ ਛੀਨਾ

## ਨਿੱਕ ਸੁੱਕ




ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com


ਮੈਂ ਸਰਬਜੀਤ ਛੀਨਾ ਨੂੰ ਆਪਣੇ ਖੱਬੇ-ਪੱਖੀ ਵਿਚਾਰਧਾਰਾ ਵਾਲੇ ਮਿੱਤਰਾਂ ਰਾਹੀਂ ਜਾਣਦਾ ਸਾਂ। ਜਲੰਧਰ ਨੇੜਲੇ ਗੜ੍ਹਾ ਨਿਵਾਸੀ ਨੇਤਾ ਹਰਦਿਆਲ ਤੇ ਨੌਨਿਹਾਲ ਚੱਠਾ ਰਾਹੀਂ। ਉਨ੍ਹਾਂ ਦੱਸਿਆ ਸੀ ਕਿ ਸਰਬਜੀਤ ਦੇ ਬਚਪਨ ਵਿਚ ਕਾਮਰੇਡ ਦਲੀਪ ਸਿੰਘ ਟਪਿਆਲਾ ਤੇ ਹਰਕਿਸ਼ਨ ਸਿੰਘ ਸੁਰਜੀਤ, ਸਰਬਜੀਤ ਦੇ ਪਿਤਾ ਕੋਲ ਅਕਸਰ ਜਾਂਦੇ ਹੁੰਦੇ ਸਨ। ਇਹੀਓ ਕਾਰਨ ਹੈ ਕਿ ਉਸ ਦੀਆਂ ਅੰਗਰੇਜ਼ੀ ਤੇ ਪੰਜਾਬੀ ਰਚਨਾਵਾਂ ਕਰਤਾਰ ਸਿੰਘ ਸਰਾਭਾ, ਭਗਤ ਸਿੰਘ, ਊਧਮ ਸਿੰਘ, ਸ਼ਾਮ ਸਿੰਘ ਅਟਾਰੀ, ਹਰੀ ਸਿੰਘ ਨਲੂਆ, ਕੰਵਰ ਦਲੀਪ ਸਿੰਘ ਤੇ ਰਾਮ ਮਨੋਹਰ ਲੋਹੀਆ ਦੇ ਜੀਵਨ ਤੇ ਪ੍ਰਾਪਤੀਆਂ ਬਾਰੇ ਹਨ।

ਇਸ ਤੋਂ ਬਿਨਾਂ ਜਲ੍ਹਿਆਂਵਾਲਾ ਬਾਗ, ਵਾਘਾ ਬਾਰਡਰ ਤੇ ਉਸਦੇ ਬਚਪਨ ਦੇ ਪਿੰਡ ਬਾਰੇ ਹੀ ਨਹੀਂ, ਗਾਇਕਾ ਸੁਰਿੰਦਰ ਕੌਰ ਤੇ ਦੂਰ-ਦੁਰਾਡੇ ਦੇਸ਼ਾਂ ਵਿਚ ਨਾਮਣਾ ਖੱਟਣ ਵਾਲੇ ਪੰਜਾਬੀ ਪਿਆਰਿਆਂ ਬਾਰੇ ਵੀ ਪੁਸਤਕਾਂ ਸ਼ਾਮਲ ਹਨ। ਚੇਤੇ ਰਹੇ ਕਿ ਇਹ ਸਾਰੀਆਂ ਪੁਸਤਕਾਂ ਅੰਗਰੇਜ਼ੀ ਭਾਸ਼ਾ ਵਿਚ ਹਨ ਤੇ ਹਨ ਵੀ ਇਤਿਹਾਸਕ ਦੇ ਰਾਜਨੀਤਕ ਪਿਛੋਕੜ ਵਾਲੀਆਂ। ਉਂਝ ਉਸਦੇ ਪਾਠਕ ਤੇ ਵਿਦਿਆਰਥੀ ਭਲੀ-ਭਾਂਤ ਜਾਣਦੇ ਹਨ ਕਿ ਉਸਦੀ ਸਮੁੱਚੀ ਵਿਦਿਆ ਤੇ ਸਿਖਲਾਈ ਇਨ੍ਹਾਂ ਵਿਸ਼ਿਆਂ ਤੋਂ ਵੱਖਰੀ ਹੈ; ਐਗਰੀਕਲਚਰਲ ਇਕਨਾਮਿਕਸ ਵਾਲੀ ਇਨ੍ਹਾਂ ਪੁਸਤਕਾਂ ਦੇ ਪ੍ਰਕਾਸ਼ਕਾਂ ਦੀ ਲਿਸਟ ਵੀ ਪ੍ਰਭਾਵੀ ਹੈ। ਸਰਬਤ ਦਾ ਭਲਾ ਚੈਰੀਟੇਬਲ ਟਰੱਸਟ, ਪਟਿਆਲਾ, ਮਨਪ੍ਰੀਤ ਪਬਲਿਸ਼ਰਜ਼, ਯੂਨੀਸਟਾਰ ਬੁਕਸ ਤੇ ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ, ਨਵਯੁਗ ਪਬਲਿਸ਼ਰਜ਼, ਦਿੱਲੀ, ਚੀਫ ਖਾਲਸਾ ਦੀਵਾਨ ਤੇ ਨੈਸ਼ਨਲ ਬੁੱਕ ਟਰਸਟ ਆਫ ਇੰਡੀਆ, ਨਵੀਂ ਦਿੱਲੀ। 13 ਪੁਸਤਕਾਂ ਅਮਰੀਕਾ ਦੇ ਅੰਤਰਰਾਸ਼ਟਰੀ ਪਬਲਿਸ਼ਰਜ਼ ਕਿੰਡਲ ਪ੍ਰਕਾਸ਼ਕ ਨੇ ਸਜਿਲਦ, ਪੇਪਰ ਬੈਕ ਤੇ ਈ-ਬੁੱਕ ਰਾਹੀਂ ਜਾਰੀ ਕਰਕੇ ਐਮੇਜ਼ੋਨ ਦੁਆਰਾ ਦੁਨੀਆਂ ਦੇ ਕੋਨੇ-ਕੋਨੇ ਤਕ ਪਹੁੰਚਾਈਆਂ ਹਨ।

ਖੂਬੀ ਇਹ ਕਿ ਇਨ੍ਹਾਂ ਰਚਨਾਵਾਂ ਦਾ ਆਧਾਰ ਸੁਤੰਤਰਤਾ ਸੰਗਰਾਮ ਤੇ ਦੇਸ਼ ਭਗਤੀ ਹੀ ਨਹੀਂ ਸੁਰਿੰਦਰ ਕੌਰ ਵਰਗੀਆਂ ਗਾਇਕਾਵਾਂ ਤੇ ਲੇਖਕਾਂ ਦੇ ਆਪਣੇ ਸਫਰ ਵੀ ਹਨ ਜਿਨ੍ਹਾਂ ਵਿਚੋਂ ਪਾਕਿਸਤਾਨ ਦਾ ਸਫਰਨਾਮਾ ਤੇ ਅੰਡੇਮਾਨ ਦਾ ਬਿਰਤਾਂਤ ਬੜੇ ਮਕਬੂਲ ਹੋਏ। ਰੂਹਾਨੀਅਤ ਦਾ ਗੁਣਗਾਇਨ ਕਰਨ ਵਾਲੀ ਪੁਸਤਕ 'ਵਿੰਟੇਜ ਆਫ ਸਪਿਰਿਚੁਐਲਿਟੀ' ਏਨੀ ਪਰਵਾਨ ਹੋਈ ਕਿ ਮੇਰੇ ਪਰਦੇਸਾਂ ਵਿਚ ਬੈਠੇ ਰਿਸ਼ਤੇਦਾਰ ਤੇ ਮਿੱਤਰ ਮੇਰੇ ਕੋਲੋਂ ਮੰਗਵਾਉਂਦੇ ਰਹਿੰਦੇ ਹਨ। ਇਹੀਓ ਰਚਨਾ ਹੈ ਜਿਸਨੇ ਮੈਨੂੰ ਹਥਲੀ ਟਿੱਪਣੀ ਲਈ ਪ੍ਰੇਰਿਆ ਹੈ।

ਓਧਰਲੇ ਪੰਜਾਬ ਦੇ ਸਰਗੋਧਾ ਖੇਤਰ ਤੋਂ ਉਜੜ ਕੇ ਆਏ ਪਰਿਵਾਰ ਦਾ ਜੰਮਪਲ ਸਾਡਾ ਇਹ ਲੇਖਕ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਪੜ੍ਹਿਆ ਤੇ ਓਥੇ ਹੀ ਐਗਰੀਕਲਚਰਲ ਇਕਨਾਮਿਕਸ ਪੜ੍ਹਾਉਂਦਾ ਡੀਨ ਦੀ ਪਦਵੀ ਤੱਕ ਪਹੁੰਚਿਆ।




ਸ਼ਾਇਦ ਹੀ ਕਿਸੇ ਲੇਖਕ ਦੀਆਂ ਅੰਗਰੇਜ਼ੀ ਤੇ ਪੰਜਾਬੀ ਭਾਸ਼ਾ ਵਿਚ 90 ਪੁਸਤਕਾਂ ਛਪੀਆਂ ਹੋਣ। ਖੂਬੀ ਇਹ ਕਿ ਇਨ੍ਹਾਂ ਵਿਚੋਂ 13 ਪੁਸਤਕਾਂ ਅਮਰੀਕਾ ਦੇ ਪ੍ਰਕਾਸ਼ਕਾਂ ਨੇ ਛਾਪ ਕੇ ਖੁਦ ਵੀ ਜੱਸ ਖਟਿਆ ਤੇ ਲੇਖਕ ਦਾ ਨਾਂ ਵੀ ਰੌਸ਼ਨ ਕੀਤਾ। ਜਿੱਥੋਂ ਤੱਕ ਕਾਲਮਨਵੀਸੀ ਦਾ ਸਬੰਧ ਹੈ ਉਸਦੇ ਕਾਲਮ 45 ਸਾਲਾਂ ਤੋਂ ਵੱਖ-ਵੱਖ ਪੱਤਰਾਂ ਵਿਚ ਛਪ ਰਹੇ ਹਨ ਤੇ ਪੜ੍ਹੇ ਜਾਂਦੇ ਹਨ।

ਡਾਕਟਰ ਛੀਨਾ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਡਾਕਟਰੇਟ ਦੀ ਡਿਗਰੀ ਲਈ ਤੇ ਏਸ ਯੂਨੀਵਰਸਿਟੀ ਦੀ ਸੈਨੇਟ ਤੇ ਸਿੰਡੀਕੇਟ ਦਾ ਮੈਂਬਰ ਵੀ ਰਿਹਾ। ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਉਹ ਖਾਲਸਾ ਕਾਲਜ ਅੰਮ੍ਰਿਤਸਰ ਦਾ ਪ੍ਰੋਫੈਸਰ ਵੀ ਰਿਹਾ ਤੇ ਇਸ ਕਾਲਜ ਦੀ ਮੈਨੇਜਮੈਂਟ ਤੇ ਗਵਰਨਿੰਗ ਕੌਂਸਲ ਦਾ ਮੈਂਬਰ ਵੀ। ਇਹ ਮਾਣ ਵੀ ਕੇਵਲ ਛੀਨਾ ਨੂੰ ਹੀ ਪ੍ਰਾਪਤ ਹੈ ਜਿਹੜਾ ਚੀਫ ਖਾਲਸਾ ਦੀਵਾਨ ਜਿਹੀ ਸੁਪ੍ਰਸਿੱਧ ਸੰਸਥਾ ਦਾ ਆਨਰੇਰੀ ਸੈਕਟਰੀ (ਐਜੂਕੇਸ਼ਨ) ਦੀ ਪਦਵੀ ਤੱਕ ਪਹੁੰਚਿਆ।

ਡਾਕਟਰ ਛੀਨਾ ਦੀ ਉਤਮਤਾਈ ਉਸਦੀ ਲਿਖਣ ਸ਼ੈਲੀ ਨਾਲੋਂ ਤੱਥਾਂ ਦੀ ਪੇਸ਼ਕਾਰੀ ਸਦਕਾ ਹੈ ਜਿਹੜੀ ਉਸਨੂੰ ਪਲ ਭਰ ਵੀ ਵਿਹਲਾ ਨਹੀਂ ਬੈਠਣ ਦਿੰਦੀ।

ਅੰਤ ਵਿਚ ਮੈਂ ਇਹ ਵੀ ਦੱਸ ਦਿਆਂ ਕਿ ਉਹ ਉਮਰ ਵਿਚ ਮੇਰੇ ਨਾਲੋਂ ਦਸ ਵਰ੍ਹੇ ਛੋਟਾ ਹੈ। ਉਸਦੀ ਪਹੁੰਚ ਤੇ ਪ੍ਰਾਪਤੀਆਂ ਆਪਾਂ ਸਾਰੇ ਹੀ ਜਾਣਦੇ ਹਾਂ। ਸਰਬਜੀਤ ਛੀਨਾ ਜ਼ਿੰਦਾਬਾਦ!

### *ਸਾਡੇ ਰਸਮ ਰਿਵਾਜ ਤੇ ਸੜਕ ਹਾਦਸੇ*

ਪਿਛਲੇ ਕੁਝ ਸਮੇਂ ਤੋਂ ਅਖਬਾਰਾਂ ਤੇ ਮੀਡੀਆ ਵਿਚ ਹਾਦਸਿਆਂ ਦੀ ਭਰਮਾਰ ਹੈ। ਇਸਦਾ ਮੁੱਖ ਕਾਰਨ ਧਰਮ ਅਸਥਾਨਾਂ ਦੀ ਯਾਤਰਾ ਹੀ ਨਹੀਂ ਜਨਮ-ਮਰਨ ਤੇ ਵਿਆਹ ਸ਼ਾਦੀ ਦੀਆਂ ਰਸਮਾਂ ਵੀ ਹਨ। ਧਾਰਮਿਕ ਰਹੁ-ਰੀਤਾਂ ਮੰਨਣ ਵਾਲੇ ਮ੍ਰਿਤਕ ਨੂੰ ਮੁਕਤ ਹੋਇਆ ਕਹਿ ਕੇ ਆਪਣੇ ਮਨ ਨੂੰ ਸਮਝਾ ਲੈਂਦੇ ਹਨ ਪਰ ਹੋਰ ਵੀ ਅਨੇਕ ਹਾਦਸੇ ਵਾਪਰ ਰਹੇ ਹਨ ਜਿਨ੍ਹਾਂ ਦੇ ਜੀਵਤ ਰਹਿ ਗਏ ਸਬੰਧੀ ਹਰ ਪਾਸੇ ਤੋਂ ਬਰਬਾਦ ਹੋ ਜਾਂਦੇ ਹਨ। ਜੇ ਕਿਸੇ ਨੂੰ ਕਹੀਏ ਕਿ ਆਪਣੀਆਂ ਭਾਵਨਾਵਾਂ ਨੂੰ ਨੱਥ ਪਾਓ ਤਾਂ ਸੁਣਨ ਵਾਲੇ, ਕਹਿਣ ਵਾਲੇ ਨੂੰ ਮੱਤ ਮਾਰੀ ਜਾਣ ਦਾ ਦੋਸ਼ੀ ਕਰਾਰ ਦੇ ਦਿੰਦੇ ਹਨ। ਫੇਰ ਵੀ ਇਹ ਸਮੱਸਿਆ ਏਨੀ ਗੰਭੀਰ ਹੈ ਕਿ ਇਹਦੇ ਬਾਰੇ ਕਹਿਣਾ, ਸੁਣਨਾ ਤੇ ਲਿਖਣਾ ਬਣਦਾ ਹੈ। ਜੇ ਅੱਜ ਨਹੀਂ ਕਰਾਂਗੇ ਤਾਂ ਹੋਰ ਕਦ ਕਰਾਂਗੇ। ਜੀ ਸਦਕੇ ਸਫਰ ਕਰੋ, ਪਰ ਊਧਮ ਨਾ ਮਚਾਓ!

ਵਿਗਿਆਨੀਆਂ ਨੇ ਮੋਟਰ-ਗੱਡੀਆਂ ਦੀਆਂ ਸੁਵਿਧਾਵਾਂ ਸਾਡੇ ਵਾਸਤੇ ਏਸ ਲਈ ਈਜਾਦ ਕੀਤੀ ਹੈ ਕਿ ਅਸੀਂ ਜੀਵਨ ਦਾ ਮਜ਼ਾ ਲੈ ਸਕੀਏ। ਏਸ ਲਈ ਨਹੀਂ ਕਿ ਅਸੀਂ ਆਪਣੇ ਜੀਵਨ ਤੋਂ ਹੀ ਹੱਥ ਧੋ ਲਈਏ।

### *ਅੰਤਿਕਾ*

ਅਗਿਆਤ ਕਵੀ॥

ਬੱਦਲ ਕਾਲੇ ਬੋਲੇ ਹੋ ਗਏ ਫੁੱਲਾਂ ਵਿਚ ਨਾ ਮਹਿਕਾਂ
ਇਉਂ ਲਗਦੇ ਜਿਉਂ ਬਦਲ ਗਏ ਨੇ ਧਰਤੀ ਤੇ ਅਸਮਾਨ।

# 'ਸਾਡਾ ਚਿੜੀਆਂ ਦਾ ਆਲ੍ਹਣਾ'



ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: 98766-55055

ਅੱਜ-ਕੱਲ੍ਹ ਸਾਡੇ ਇਲਾਕੇ ਵਿਚ ਨਾ ਬੇਰੀਆਂ ਰਹੀਆਂ ਹਨ, ਨਾ ਸ਼ਤੀਰਾਂ-ਬਾਲਿਆਂ ਦੀਆਂ ਛੱਤਾਂ ਵਾਲੇ ਘਰ ਤੇ ਨਾ ਹੀ ਘਰੇਲੂ ਚਿੜੀਆਂ! ਇਨ੍ਹਾਂ ਦੋਵਾਂ ਨਾਲ ਚਿੜੀਆਂ ਦਾ ਚੋਲੀ-ਦਾਮਨ ਦਾ ਸਾਥ ਸੀ/ਹੈ। ਘਰੇਲੂ ਚਿੜੀਆਂ ਬੇਰੀਆਂ ਉਪਰ ਜਾਂ ਛਤੀਰੀਆਂ-ਬਾਲਿਆਂ ਵਿਚਲੀਆਂ ਵਿਰਲਾਂ ਵਿਚ ਆਲ੍ਹਣੇ ਪਾਉਂਦੀਆ ਸਨ ਕਿਉਂਕਿ ਇਥੇ ਆਲ੍ਹਣੇ ਸੁਰੱਖਿਅਤ ਰਹਿੰਦੇ ਸਨ। ਇਸ ਸੁਰੱਖਿਆ ਕਾਰਨ ਉਹ ਇਨ੍ਹਾਂ ਆਲ੍ਹਣਿਆਂ ਵਿਚ ਆਂਡੇ ਦਿੰਦੀਆਂ ਤੇ ਫਿਰ ਆਪਣੇ ਬੋਟ (ਬੱਚੇ) ਪਾਲਦੀਆਂ।

ਸਾਨੂੰ ਅੱਜ ਵੀ ਕੱਲ੍ਹ ਵਾਂਗ ਯਾਦ ਹੈ ਕਿ 60-65 ਸਾਲ ਪਹਿਲਾਂ ਸਾਡੇ ਆਪਣੇ ਦਲਾਨ 'ਚ ਚਿੜੀਆਂ ਆਲ੍ਹਣੇ ਪਾ ਕੇ ਆਂਡੇ ਦਿੰਦੀਆਂ ਤੇ ਫਿਰ ਬੋਟ ਪਾਲਦੀਆਂ ਸਨ। ਪਿੰਡਾਂ ਵਿਚ ਉਦੋਂ ਅਜੇ ਲੈਂਟਰਾਂ ਦਾ ਰਿਵਾਜ ਨਹੀਂ ਸੀ ਆਇਆ। ਸੋ, ਸਾਡਾ ਪਿੰਡ ਵਾਲਾ ਜੱਦੀ ਘਰ ਵੀ ਬੇ-ਲੈਂਟਰਾ ਹੀ ਸੀ। ਸਾਡੀ ਮਾਂ (ਹੁਣ ਸੁਰਗਵਾਸੀ), ਜਿਸ ਨੂੰ ਅਸੀਂ ਬੀਬੀ ਸਦਦੇ ਸਾਂ, ਨੇ ਕਦੀ ਵੀ ਕਿਸੇ ਚਿੜੀ ਨੂੰ ਆਲ੍ਹਣਾ ਪਾਉਣੋਂ ਨਹੀਂ ਸੀ ਵਰਜਿਆ। ਚਿੜੀਆਂ ਦਲਾਨ ਨੂੰ ਆਪਣਾ ਘਰ ਸਮਝ ਕੇ ਪੂਰੀ ਟੌਹਰ-ਟਸ਼ਨ ਨਾਲ ਆਲ੍ਹਣਾ ਬਣਾਉਂਦੀਆਂ, ਆਂਡੇ ਦੇ ਕੇ ਫਿਰ ਬੋਟ ਪਾਲਦੀਆਂ। ਮਜਾਲ ਐ ਕੋਈ ਉਨ੍ਹਾਂ ਦੀ ਵਾ' ਵਲ ਵੀ ਦੇਖੇ। ਅਸੀਂ ਪੰਜ ਭੈਣ-ਭਰਾ, ਜੋ ਅਜੇ ਬਚਪਨ 'ਚ ਸਾਂ, ਕਦੀ ਵੀ ਕਿਸੇ ਚਿੜੀ ਦੇ ਆਲ੍ਹਣੇ ਨਾਲ ਛੇੜ-ਛਾੜ ਨਹੀਂ ਸਾਂ ਕਰਦੇ (ਤੇ ਜਾਂ ਕਰ ਨਹੀਂ ਸਾਂ ਸਕਦੇ)। ਜੇ ਕਦੀ ਕੋਈ ਆਂਡਾ ਹੇਠਾਂ ਡਿਗ ਕੇ ਟੁੱਟ ਜਾਣਾ ਤੇ ਕੱਚੇ ਫਰਸ਼ ਉਪਰ ਗੰਦ ਪੈ ਜਾਣਾ ਤਾਂ ਮਾਂ ਨੇ ਬਸ ਐਨਾ ਹੀ ਕਹਿਣਾ-'ਚਿੜੀਆਂ ਨਿਮਾਣੀਆਂ ਗੰਦ ਬਹੁਤ ਪਾਉਂਦੀਆਂ'। ਪਰ ਮਾਂ ਨੇ ਉਨ੍ਹਾਂ ਦਾ ਆਲ੍ਹਣਾ ਕਦੀ ਨਾ ਢਾਉਣਾ। ਜੇ ਕਦੀ ਕੋਈ ਬੋਟ ਆਲ੍ਹਣੇ 'ਚੋਂ ਹੇਠਾਂ ਡਿਗ ਪੈਣਾ ਤਾਂ ਮਾਂ ਨੇ ਮੈਨੂੰ ਕੁਰਸੀ/ਸਟੂਲ ਉਪਰ ਚੜ੍ਹਾ ਕੇ ਬੋਟ ਫਿਰ ਆਲ੍ਹਣੇ ਵਿਚ ਰਖਣ ਲਈ ਕਹਿਣਾ।

ਮੈਨੂੰ ਇਹ ਪੁਰਾਣੀਆਂ ਗੱਲਾਂ ਅੱਜ ਇਸ ਲਈ ਯਾਦ ਆ ਗਈਆਂ ਕਿ ਬੇ-ਬੇਰੀ ਅਤੇ ਬਾ-ਲੈਂਟਰੀ ਮਾਹੌਲ ਵਿਚ ਰਹਿੰਦਿਆਂ ਹੁਣ ਚਿੜੀਆਂ ਦੇ ਸੱਚੀ-ਮੁੱਚੀ ਦੇ ਆਲ੍ਹਣੇ ਤਾਂ ਘੱਟ ਵੱਧ ਹੀ ਦੇਖਣ ਨੂੰ ਮਿਲਦੇ ਹਨ ਪਰ ਇੱਕ ਆਲ੍ਹਣਾ ਕੁਦਰਤ ਦੇ ਨਿਯਮ ਨੇ ਮਲਕੜੇ ਜਿਹੇ ਪੈਦਾ ਕਰ ਦਿਤਾ ਹੈ ਤੇ ਉਹ ਵੀ ਸਾਡੇ ਸਿਰ ਉਪਰ! ਕਰੀਬ ਪਾਈਆ ਪੱਕੇ ਜੁੜੇ ਅਤੇ ਸੰਘਣੇ ਵਾਲਾਂ ਵਾਲੇ ਸਿਰ 'ਤੇ ਹੁਣ ਗੰਜ ਜਿਹਾ ਪੈ ਗਿਐ। ਬਸ ਜੋਰ ਜਾਰ ਲਾ ਕੇ ਬੰਦੇ ਕੁ ਜਿੰਨੀ ਜੂੜੀ ਜਿਹੀ ਦਾ ਜੁਗਾੜ ਕਰੀਦੈ। ਉਮਰ ਦੇ 76ਵੇਂ ਸਾਲ ਵਿਚ ਵਾਲ ਹੁਣ ਸਿਰਫ ਆਲੇ-ਦੁਆਲੇ ਦੀਆਂ ਲਿਟਾਂ ਜਿਹੀਆਂ 'ਚ ਹੀ ਹਨ ਤੇ ਵਿਚਾਲਿਉਂ ਰੜਾ ਮੈਦਾਨ! ਜਾਣੀ ਚੰਨ-ਚਾਨਣੀ ਲਿਸ਼ਕੋਰੇ ਪਈ ਮਾਰਦੀ ਐ! ਇੰਝ ਲਗਦੈ ਕਿ ਚੰਦਾ ਮਾਮਾ ਦੀ ਟੁਕੜੀ ਸਾਡੇ ਸਿਰ ਉੱਪਰ ਸੁਸ਼ੋਭਿਤ ਹੋ ਗਈ ਹੋਵੇ! ਇਹ ਸਭ ਦੇਖ ਕੇ ਸਾਨੂੰ ਇਹ ਲਗਦੈ ਕਿ ਸਾਡਾ ਸਿਰ ਹੁਣ ਚਿੜੀਆਂ ਦੇ ਆਲ੍ਹਣੇ ਲਈ ਪੂਰਾ 'ਫਿੱਟ' ਬੈਠਦੈ। ਘਰੇਲੂ ਚਿੜੀਆਂ ਹੀ ਕਿਉਂ ਬਲਕਿ ਹਰ ਉਹ ਨਿੱਕੀ ਚਿੜੀ, ਜਿਸ ਦਾ ਆਲ੍ਹਣਾ ਕੌਲੀਨੁਮਾ ਹੁੰਦੈ, ਸਾਡੇ ਸਿਰ ਦਾ ਸਦ-ਉਪਯੋਗ ਕਰ ਸਕਦੀ ਐ! ਤੇ ਉਹ ਵੀ ਬਿਲਕੁਲ 'ਫਰੀ'(ਮੁਫਤ)!

ਕਈ ਵਾਰ ਚਿੜੀਆਂ ਨੂੰ ਆਕਰਸ਼ਤ ਕਰਨ ਲਈ ਅਸੀਂ ਆਪਣਾ ਝਾਟਾ ਖਿਲਾਰ ਕੇ ਬਾਹਰ ਖੁੱਲ੍ਹੇ ਥਾਂ ਵੀ ਬੈਠੇ ਹਾਂ, ਪਰ ਸਾਡੀ ਸਲੀਕਾ ਸੁਥਰੀ ਦੀ ਝਾੜ ਉਪਰੰਤ ਬੜੀ ਬੇਮਨੀ ਨਾਲ ਬਾਹਰੋਂ ਉਠਣਾ ਪਿਆ। ਸਾਡੀ ਝਾੜੂ-ਪ੍ਰਸਤ ਸੁਥਰੀ ਨੇ ਬਾਰ੍ਹਵੀਂ ਵਾਰ ਝਾੜੂ ਦਿੰਦਿਆਂ ਸਾਨੂੰ ਚਿਤਾਵਣੀ ਦਿਤੀ ਕਿ ਆਲ੍ਹਣੇ-ਨੁਮਾ ਝਾਟਾ ਦੇਖ ਕੇ ਜੇ ਕੋਈ ਚਿੜੀ ਆਂਡੇ ਦੇਣ ਆ ਗਈ ਤਾਂ ਵਿਚਾਰੀ ਦੀ ਆਂਡੇ ਦੇਣ ਦੀ ਮਿਹਨਤ ਦਾ ਮੁੱਲ ਵੀ ਨਹੀਂ ਮੁੜਨਾ ਕਿਉਂਕਿ ਸਾਡੇ ਰੜੇ-ਮੈਦਾਨ ਭਾਵ ਸਾਡੀ ਟਿੰਡ ਤੋਂ ਆਂਡਾ ਐਂ ਤਿਲਕਣੈਂ ਜਿਵੇਂ ਬਾਰਿਸ਼ ਦੌਰਾਨ ਡੁਲ੍ਹੇ ਤੇਲ ਤੇ ਕੋਈ ਬਾਲ ਜਾਂ ਬਜ਼ੁਰਗ 'ਸਲਿਪ' ਹੁੰਦੈ।

ਅਸੀਂ ਜ਼ਰਾ ਲੋਕ-ਭਲਾਈ ਕਰਨ ਵਾਲੀ ਸੋਚ ਦੇ ਮਾਲਿਕ ਹਾਂ, ਨਹੀਂ ਤਾਂ ਅਸੀਂ ਆਪਣੇ ਲਾਗੇ ਚਿੜੀ ਨਾ ਫਟਕਣ ਦੇਈਏ। ਸੋਚਿਆ ਕਿ ਸਾਡਾ ਕੀ ਜਾਊ ਜੇ ਕੋਈ ਘਰੇਲੂ ਚਿੜੀ ਸਾਡੇ ਟੌਟਰ ਨੂੰ ਆਪਣੀ ਵੰਸ਼-ਵ੍ਰਿਧੀ ਲਈ ਵਰਤ ਲਊ। ਵੱਧ ਤੋਂ ਵੱਧ ਦੋ-ਚਾਰ ਵਾਲ ਹੋਰ ਟੁੱਟ ਜਾਣਗੇ। 'ਚਿੜੀ ਚੌਂਚ ਭਰ ਲੇ ਗਈ, ਨਦੀ ਨਾ ਘਟਿਓ ਨੀਰ' ਵਾਂਗ ਬਚੇ ਵਾਲ ਤਾਂ ਬਚੇ ਹੀ ਰਹਿਣਗੇ। ਆਖਿਰ ਵਿਚਾਰੀ ਚਿੜੀ ਨੇ ਵੀ ਤਾਂ ਘਰ-ਪਰਿਵਾਰ ਚਲਾਉਣਾ ਈ ਐ, 'ਚਿੜੀ ਵਿਚਾਰੀ ਕੀ ਕਰੇ, ਠੰਡਾ ਪਾਣੀ ਪੀ ਮਰੇ'? ਲੋਕ ਤਾਂ ਬਸ 'ਚਿੜੀਆਂ ਦੀ ਮੌਤ, ਗੰਵਾਰਾ ਦਾ ਹਾਸਾ' ਵਾਂਗ ਚੂੰ-ਚਾਂ ਜਾਂ ਚੀਂ-ਚੀਂ ਕਰਦੇ ਈ ਰਹਿੰਦੇ ਹਨ। 'ਕੁਛ ਤੋ ਲੋਗ ਕਹੇਂਗੇ, ਲੋਗੋਂ ਕਾ ਕਾਮ ਹੈ ਕਹਿਨਾ/ਛੋੜੋ ਬੇਕਾਰ ਕੀ ਬਾਤੋਂ ਮੇਂ/ਕਹੀਂ ਬੀਤ ਨਾ ਜਾਏ ਰੈਨਾ'(ਫਿਲਮ 'ਅਮਰ ਪ੍ਰੇਮ-1972)।

ਜੀਵਨ ਵਿਚ ਜੇ ਕਿਸੇ ਦੇ ਕੰਮ ਨਾ ਆਏ ਤਾਂ ਕਾਹਦਾ ਜੀਣਾ ਹੋਇਆ! ਜਾਂਦੇ ਜਾਂਦੇ ਹੀ ਸਹੀ, ਕਿਸੇ ਦਾ ਪਰਉਪਕਾਰ ਤਾਂ ਕਰ ਚਲੀਏ! ਉਪਕਾਰ ਤਾਂ ਕਰਦੇ ਹੀ ਰਹੋ ਨਾ ਕਿਉਂਕਿ ਉਪਕਾਰ ਬਿਨਾਂ ਪਰ-ਉਪਕਾਰ ਹੋ ਹੀ ਨਹੀਂ ਸਕਦਾ। ਗ੍ਰਹਿਸਥ ਵਿਚ ਤਾਂ ਏਦਾਂ ਹੀ ਹੈ, ਦੂਸਰਿਆਂ ਦਾ ਸਾਨੂੰ ਪਤਾ ਨਹੀਂ। ਜਾਣੀ, ਜੋ ਆਪਣੇ ਜੋਗਾ ਨਹੀਂ, ਉਸ ਨੇ ਕਿਸੇ ਜੋਗਾ ਸੁਆਹ ਤੇ ਖੇਹ ਹੋਣੈ'?

ਆਲ੍ਹਣੇ-ਨੁਮਾ ਝਾਟੇ ਦਾ ਇੱਕ ਹੋਰ ਲਾਭ ਹੈ, ਜਾਣੀ ਚਿੜੀਆਂ ਨੂੰ ਮਿਲਣ ਵਾਲੇ ਲਾਭ ਤੋਂ ਵੱਖਰਾ। ਤੇ ਉਹ ਹੈ ਕਿ ਹੁਣ ਸਾਨੂੰ ਜੇ ਕੋਈ ਲਾਹਨਤਾਂ ਪਾ ਕੇ ਅਜਿਹਾ ਕਹੇ ਕਿ 'ਤੇਰੇ ਸਿਰ ਸੱਤਾਂ ਚੁਲ੍ਹਿਆਂ ਦੀ ਸੁਆਹ' ਤਾਂ ਸਾਨੂੰ ਕੋਈ ਡਰ-ਭੈਅ ਨਹੀਂ ਹੋਊ। ਕਾਰਨ, ਕਿਉਂਕਿ ਸਾਡੇ ਰੜੇ-ਮੈਦਾਨ 'ਤੇ ਸੁਆਹ ਟਿਕਣੀ ਈ ਨਹੀਂ! ਵੈਸੇ ਵੀ ਅੱਜ-ਕੱਲ੍ਹ ਤਾਂ ਸਿਰ 'ਚ ਸੁਆਹ ਪਾਉਣ ਲਈ ਇੱਕ ਚੁਲ੍ਹੇ ਦੀ ਸੁਆਹ ਨਹੀਂ ਲਭਦੀ, ਸੱਤਾਂ ਦੀ ਭਲਾ ਕਿਥੋਂ ਲਭਣੀ ਐਂ। ਘਰ ਘਰ ਕੁਕਿੰਗ ਗੈਸ ਵਾਲੇ ਚੁਲ੍ਹੇ



ਆ ਗਏ ਹਨ, ਜਿਨ੍ਹਾਂ 'ਚੋਂ ਅੱਗ ਤਾਂ ਭਬਕ ਸਕਦੀ ਹੈ ਪਰ ਸੁਆਹ ਨਹੀਂ ਮਿਲ ਸਕਦੀ। ਉਂਝ ਵੀ ਨਾ ਇੱਕ ਚੁਲ੍ਹਾ ਰਿਹਾ ਤੇ ਨਾ ਹੀ ਸਾਂਝਾ ਚੁਲ੍ਹਾ। ਸਭ ਦੇ ਚੁੱਲ੍ਹੇ ਵੱਖੋ ਵੱਖ! ਤੇ ਨਾ ਹੀ ਉਹ ਅਖਾਣ ਦੀ ਸਾਰਥਿਕਤਾ ਰਹੀ ਕਿ 'ਨੌਂ ਪੂਰਬੀਏ, ਤੇਰਾਂ ਚੁਲ੍ਹੇ'। ਪੂਰਬੀਏ ਹੀ ਕਿਉਂ, ਇਹ ਅਖਾਣ ਤਾਂ ਹੁਣ ਸ਼ਾਬਦਿਕ ਤੇ ਅਲੰਕਾਰਿਕ ਰੂਪ ਵਿਚ ਪੰਜਾਬੀਆਂ ਉਪਰ ਵੀ ਪੂਰਾ ਢੁਕਦੈ!

ਖੈਰ, ਰੱਬ ਸੱਚਾ ਸਭ ਦੇ ਚੁੱਲ੍ਹੇ ਬਲਦੇ ਰਖੇ! ਕਿਉਂਕਿ ਮਘਦੇ-ਬਲਦੇ ਚੁਲ੍ਹੇ, ਭਾਵੇਂ ਉਹ ਗੈਸ ਨਾਲ ਹੀ ਪਏ ਮਘਣ-ਬਲਣ, ਜ਼ਿੰਦਗੀ ਦੇ ਜ਼ਿੰਦਾ ਹੋਣ ਦੀ ਨਿਸ਼ਾਨੀ ਹੁੰਦੇ ਹਨ। ਸ਼ਾਲਾ! ਕਿਸੇ ਦਾ ਚੁਲ੍ਹਾ ਨਾ ਬੁਝੇ! ਕਿਉਂਕਿ 'ਚੁਲ੍ਹਿਓਂ ਦੂਰ, ਸੋ ਚਿੱਤੋਂ ਦੂਰ'! ਤੇ ਨਾ ਹੀ ਕਦੀ 'ਚੁਲ੍ਹੇ ਵਿਚੋਂ ਨਿਕਲੇ, ਭੱਠ ਵਿਚ ਪਏ' ਜਾਂ 'ਚੁੱਲ੍ਹੇ ਅੱਗ ਨਾ ਬਲਦੀ, ਦੀਵਾ ਬਿਨ ਵੱਟੀ' ਵਾਲੀ ਨੌਬਤ ਆਵੇ।

ਸੁਣਿਐਂ ਕਿ ਅੱਜ-ਕੱਲ੍ਹ ਸੁਆਹ ਮੁੱਲ ਵਿਕਣ ਲਗ ਪਈ ਹੈ। ਹਾਏ! ਇਹ ਕਲਯੁਗੀ ਸਮਾਂ ਵੀ ਦੇਖਣਾ ਸੀ! ਹੁਣ ਤਾਂ ਕਿਸੇ ਦੇ ਸਿਰ ਸੁਆਹ ਪਾਉਣੀ ਵੀ ਬੜੀ ਮਹਿੰਗੀ ਪਏਗੀ। ਚਲੋ, ਆਪਾਂ ਨੂੰ ਕੀ, ਜਿਹੜੇ ਮੂੰਹ ਕਾਲਾ ਕਰਨਗੇ, ਆਪੇ ਸਿਰਾਂ 'ਚ ਸੁਆਹ ਪੁਆਉਣਗੇ। ਸਾਡਾ ਮੂੰਹ ਤਾਂ ਵੈਸੇ ਹੀ ਕਾਲਾ ਹੈ, ਹੋਰ ਕਾਲਾ ਕਰਵਾਉਣ ਦੀ ਨਾ ਲੋੜ ਹੈ ਤੇ ਨਾ ਹੀ ਗੁੰਜਾਇਸ਼!

ਖੈਰ, ਗੱਲ ਚਲੀ ਸੀ ਚਿੜੀਆਂ ਦੇ ਆਲ੍ਹਣੇ ਤੋਂ। ਇੱਕ ਬਹੁਤ ਹੀ ਉਦਾਸਕੁੰਨ ਲੋਕ-ਗੀਤ ਹੈ-

'ਸਾਡਾ ਚਿੜੀਆਂ ਦਾ ਚੰਬਾ ਵੇ, ਬਾਬਲ ਅਸਾਂ ਉਡ ਜਾਣਾ
ਸਾਡੀ ਲੰਮੀ ਉਡਾਰੀ ਵੇ, ਬਾਬਲ ਕਿਹੜੇ ਦੇਸ ਜਾਣਾ'।

ਪੰਜਾਬੀ ਲੋਕਧਾਰਾ ਦਾ ਹਿੱਸਾ ਬਣ ਚੁੱਕੇ ਇਸ ਲੋਕ-ਗੀਤ ਦਾ ਕ੍ਰਾਂਤੀਕਾਰੀ ਕਵੀ ਪਾਸ਼ ਨੇ ਬੜਾ ਵੱਖਰਾ ਜਵਾਬ ਵੀ ਦਿੱਤਾ ਹੈ-

"ਚਿੜੀਆਂ ਦਾ ਚੰਬਾ ਉਡ ਕੇ ਕਿਤੇ ਨਹੀਂ ਜਾਵੇਗਾ
ਐਥੇ ਹੀ ਕਿਤੇ ਉਰੇ ਪਰੇ ਬੰਨਿਆਂ ਤੋਂ ਘਾਹ ਖੋਤੇਗਾ,
ਰੁੱਖੀਆਂ ਮਿੱਸੀਆਂ ਰੋਟੀਆਂ ਢੋਇਆ ਕਰੇਗਾ
ਤੇ ਮੈਲੀਆਂ ਚੁੰਨੀਆਂ ਭਿਉਂ ਕੇ
ਲੋਆਂ ਨਾਲ ਲੂਸੇ ਚਿਹਰਿਆਂ 'ਤੇ ਫੇਰੇਗਾ"।

ਆਪਾਂ ਇਸ ਬਹਿਸ ਵਿਚ ਨਹੀਂ ਪੈਣਾ। ਅਸੀਂ ਤਾਂ ਬਸ ਲੋਕ ਗੀਤ ਦੀਆਂ ਸਤਰਾਂ ਨੂੰ ਥੋੜ੍ਹਾ ਜਿਹਾ ਵਿਅੰਗਮਈ 'ਟਵਿਸਟ'(ਮਰੋੜ) ਦੇਣ ਦੀ ਆਪ ਜੀ ਤੋਂ ਮਾਫੀ ਮੰਗਦਿਆਂ ਇਹੀ ਕਹਿਣੈ-

"ਸਾਡਾ ਚਿੜੀਆਂ ਦਾ ਆਲ੍ਹਣਾ,
ਵੇ ਬਾਬਲ,ਸਿਰ ਗੰਜਾ ਬਣਿਆ"!

# ਡਾਇਰੀ ਵਿਚਲੀ ਫੋਟੋ

ਗੁਰਮੀਤ ਕੜਿਆਲਵੀ



***ਗੁਰਮੀਤ ਕੜਿਆਲਵੀ, ਪੰਜਾਬੀ ਦਾ ਉੱਘਾ ਕਹਾਣੀਕਾਰ ਅਤੇ ਵਾਰਤਕਕਾਰ ਹੈ, ਜੋ ਕਥਾ ਪੁਸਤਕਾਂ, ਕਹਾਣੀਆਂ, ਬਾਲ ਸਾਹਿਤ ਦੀਆਂ ਪੁਸਤਕਾਂ ਅਤੇ ਵਾਰਤਕ ਪੁਸਤਕਾਂ ਤੋਂ ਇਲਾਵਾ ਨਾਟਕ ਵੀ ਲਿਖ ਚੁੱਕਾ ਹੈ। ਉਸ ਦੀ ਕਹਾਣੀ ਆਤੂ ਖੋਜੀ 'ਤੇ ਲਘੂ ਫਿਲਮ ਬਣ ਚੁੱਕੀ ਹੈ ਤੇ ਬਹੁਤ ਸਾਰੀਆਂ ਕਹਾਣੀਆਂ ਦਾ ਨਾਟਕੀਕਰਨ ਹੋ ਚੁੱਕਾ ਹੈ। ਉਸ ਦੀਆਂ ਕਈ ਰਚਨਾਵਾਂ ਸਕੂਲ ਅਤੇ ਯੂਨੀਵਰਸਿਟੀ ਦੇ ਸਿਲੇਬਸ ਵਿਚ ਵੀ ਸ਼ਾਮਿਲ ਹਨ। ਪ੍ਰਿੰਸੀਪਲ ਸੁਜਾਨ ਸਿੰਘ ਅਤੇ ਪ੍ਰੀਤਲੜੀ ਪੁਰਸਕਾਰ ਸਮੇਤ ਕਈ ਸਨਮਾਨ ਹਾਸਲ ਕਰ ਚੁੱਕੇ ਕੜਿਆਲਵੀ ਦੀਆਂ ਰਚਨਾਵਾਂ ਹਿੰਦੀ, ਮਰਾਠੀ, ਗੁਜਰਾਤੀ ਤੇ ਸ਼ਾਹਮੁਖੀ 'ਚ ਵੀ ਅਨੁਵਾਦ/ਲਿਪੀਅੰਤਰ ਹੋ ਕੇ ਛਪ ਚੁੱਕੀਆਂ ਹਨ। ਅਸੀਂ ਆਪਣੇ ਪਾਠਕਾਂ ਲਈ ਉਸ ਦੀਆਂ ਕਹਾਣੀਆਂ ਦਾ ਕਾਲਮ ਸ਼ੁਰੂ ਕੀਤਾ ਹੈ, ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।***

ਉਸਦੀ ਡਾਇਰੀ ਵਿਚ ਬਹੁਤ ਸਾਰੀਆਂ ਕਤਰਨਾਂ ਸਨ। ਕੁਝ ਆਪਣਾ ਲਿਖਿਆ ਵੀ। ਜ਼ਿਆਦਾ ਕਟਿੰਗਾਂ ਮੇਰੀਆਂ ਅਖ਼ਬਾਰਾਂ ਰਿਸਾਲਿਆਂ ਵਿਚ ਛਪੀਆਂ ਕਹਾਣੀਆਂ ਤੇ ਕਵਿਤਾਵਾਂ ਦੀਆਂ ਸਨ। ਅਖ਼ਬਾਰ ਵਿਚ ਛਪੀ ਮੇਰੀ ਫ਼ੋਟੋ ਸੀ। ਧੁੰਦਲੀ ਜਿਹੀ। ਪਤਾ ਨ੍ਹੀਂ ਕਿੰਨੇ ਕੁ ਚਿਰ ਦੀ ਸਾਂਭੀ ਪਈ ਸੀ। ਉਸਦੀ ਮਾਂ ਨੇ ਬੜੇ ਚਾਵਾਂ ਨਾਲ ਉਸਦੀ ਡਾਇਰੀ ਮੈਨੂੰ ਦਿਖਾਈ ਸੀ, 'ਮਾਧਵੀ ਤੇਰੀ ਛਪੀ ਹਰ ਇੱਕ ਰਚਨਾ ਪੜ੍ਹਦੀ ਹੈ। ਕਿਸੇ ਵੀ ਅਖ਼ਬਾਰ ਰਿਸਾਲੇ ਵਿਚ ਛਪੇ, ਇਹ ਕਿਧਰੋਂ ਲੈ ਹੀ ਆਉਂਦੀ ਹੈ। ਫੇਰ ਕਟਿੰਗਾਂ ਕਰ-ਕਰ ਕੇ ਡਾਇਰੀ ਵਿਚ ਲਾਉਂਦੀ ਐ...ਝੱਲੀ। ਸੱਚੀ ਇਹ ਤਾਂ ਸਾਡੀ ਕੁੜੀ ਬੜੀਓ ਝੱਲੀ ਐ।' ਡਾਇਰੀ ਦਿਖਾਉਣ ਉਪਰੰਤ ਅਲਮਾਰੀ ਵਿਚ ਕਿਤਾਬਾਂ ਦੇ ਉੱਪਰ ਰੱਖ ਦਿੱਤੀ ਸੀ। ਮੈਂ ਚੁੱਪ ਰਿਹਾ ਸਾਂ। ਜਦੋਂ ਹੀ ਮੈਂ ਕਮਰੇ ਵਿਚ ਇਕੱਲਾ ਰਹਿ ਗਿਆ, ਮੈਂ ਹੌਲੀ ਜਿਹੇ ਡਾਇਰੀ ਵਿਚੋਂ ਆਪਣੀ ਫੋਟੋ ਖਿਸਕਾ ਲਈ ਸੀ।

ਉਦੋਂ ਅਜੇ ਮੈਂ ਸਿਵਲ ਇੰਜਨੀਅਰਿੰਗ ਦਾ ਡਿਪਲੋਮਾ ਕਰਕੇ ਨੌਕਰੀ ਲਈ ਇਧਰ-ਉਧਰ ਹੱਥ-ਪੈਰ ਮਾਰ ਰਿਹਾ ਸਾਂ। ਗੁਜ਼ਾਰੇ ਲਈ ਜਾਂ ਨੌਕਰੀ 'ਚ ਪੈਰ ਧਰਾਵਾ ਕਰਨ ਲਈ ਕਾਵਾਂ ਵਾਲੇ ਪੱਤਣ ਕੋਲ ਸਤਲੁਜ ਦਰਿਆ ਦੇ ਟੁੱਟੇ ਬੰਨ੍ਹ ਨੂੰ ਬਣਾਉਣ ਲਈ ਬੰਨ੍ਹ ਉੱਤੇ ਸੁਪਰਵਾਈਜ਼ਰ ਲੱਗਾ ਹੋਇਆ ਸਾਂ। ਇਹ ਨੌਕਰੀ ਕਹਿਣ ਨੂੰ ਹੀ ਸੁਪਰਵਾਈਜ਼ਰੀ ਸੀ, ਸੀ ਤਾਂ ਬੇਲਦਾਰੀ ਹੀ। ਸਵੇਰੇ-ਸ਼ਾਮ ਲੇਬਰ ਦੀ ਗਿਣਤੀ ਕਰਨੀ ਅਤੇ ਭਰਤੀ ਪਾ ਰਹੀਆਂ ਟਰੈਕਟਰ-ਟਰਾਲੀਆਂ ਦਾ ਹਿਸਾਬ ਕਾਪੀ ਵਿਚ ਲਿਖੀ ਜਾਣਾ। ਬੇਰੁਜ਼ਗਾਰੀ ਦੇ ਇਨ੍ਹੀਂ-ਦਿਨੀਂ ਘਰਾਂ ਵਿਚੋਂ ਲੱਗਦੇ ਚਾਚਾ-ਚਾਚੀ ਰਿਸ਼ਤੇ ਲਈ ਬੜਾ ਜ਼ੋਰ ਪਾਈ ਆਉਂਦੇ ਸਨ। ਉਹ ਕਈ ਮਹੀਨੇ ਪਿੱਛੇ ਪਏ ਰਹੇ। ਆਏ ਦਿਨ ਬਾਪੂ (ਜਿਸਨੂੰ ਅਸੀਂ ਪਾਪਾ ਜੀ ਕਹਿੰਦੇ ਸਾਂ) ਗਲ਼ ਪੈ ਜਾਂਦਾ। ਲੜਕੀ ਦਾ ਬਾਪ ਨਹਿਰਾਂ ਦੇ ਮਹਿਕਮੇ ਵਿਚ ਚੰਗੀ ਪੋਸਟ 'ਤੇ ਕੰਮ ਕਰਦਾ ਸੀ। ਬਾਪੂ ਤੇ ਚਾਚੇ ਅਨੁਸਾਰ ਮੇਰੀ ਨੌਕਰੀ ਦਾ ਪ੍ਰਬੰਧ ਉਸਨੇ ਆਪੇ ਕਰ ਦੇਣਾ ਸੀ।

ਕਈ ਮਹੀਨਿਆਂ ਦੀ ਘੈਂਸ-ਘੈਂਸ ਬਾਅਦ ਮੈਂ ਕੁੜੀ ਵੇਖਣ ਜਾਣ ਲਈ ਤਿਆਰ ਹੋ ਗਿਆ ਸਾਂ। ਛੋਟੇ ਭਰਾ ਅਤੇ ਭੈਣ ਨੂੰ ਵੀ ਮੈਂ ਇਸ ਸ਼ਰਤ 'ਤੇ ਹੀ ਨਾਲ ਲਿਜਾਣ ਲਈ ਰਾਜ਼ੀ ਹੋਇਆ ਸਾਂ ਕਿ ਉੱਥੇ ਤੁਸੀਂ ਆਪਣੀ ਮਰਜ਼ੀ ਨਾਲ ਹਾਂ ਨ੍ਹੀਂ ਕਰਨੀ ਅਤੇ ਨਾ ਹੀ ਮੇਰੇ 'ਤੇ ਹਾਂ ਕਰਨ ਲਈ ਕਿਸੇ ਕਿਸਮ ਦਾ ਦਬਾਅ ਪਾਉਣਾ ਹੈ। ਚਾਚਾ, ਚਾਚੀ, ਛੋਟਾ ਭਰਾ, ਵੱਡੀ ਭੈਣ ਤੇ ਮੈਂ; ਅਸੀਂ ਪੰਜੇ ਜਣੇ ਸ਼ਿਵਾਲਿਕ ਪਹਾੜੀਆਂ ਦੇ ਪੈਰਾਂ 'ਚ ਵਸੇ ਰਮਣੀਕ ਸ਼ਹਿਰ 'ਨੰਗਲ' ਵਿਖੇ ਚਲੇ ਗਏ ਸਾਂ।

ਕੁੜੀ ਬੜੀ ਸਾਊ ਤੇ ਭੋਲੀ ਜਿਹੀ ਦਿੱਖ ਵਾਲੀ ਸੀ। ਬੜੀ ਪੜ੍ਹੀ ਲਿਖੀ। ਐਮ.ਏ.ਬੀ.ਐਡ ਦੇ ਨਾਲ-ਨਾਲ ਹੋਰ ਵੀ ਕਈ ਡਿਗਰੀਆਂ ਲਈ ਬੈਠੀ ਸੀ।

'ਤੇਰੀ ਕੁਆਲੀਫਿਕੇਸ਼ਨ ਮੇਰੇ ਨਾਲੋਂ ਕਿਤੇ ਜ਼ਿਆਦਾ ਹੈ। ਮੈਨੂੰ ਲੱਗਦਾ ਤੈਨੂੰ ਮੇਰੇ ਬਾਰੇ ਤੇ ਮੇਰੀ ਵਿੱਦਿਅਕ ਯੋਗਤਾ ਬਾਰੇ, ਵਿਚੋਲੇ ਨੇ ਤੇ ਤੇਰੇ ਮੰਮੀ-ਪਾਪਾ ਨੇ ਝੂਠ ਬੋਲਿਆ ਹੋਵੇਗਾ। ਮੇਰੀ ਵਿੱਦਿਅਕ ਯੋਗਤਾ ਪਤਾ ਹੈ?' ਸਾਰਿਆਂ ਨੇ ਸਾਨੂੰ ਇਕੱਲਿਆ ਗੱਲਾਂ ਕਰਨ ਦਾ ਮੌਕਾ ਦੇ ਦਿੱਤਾ ਸੀ।

'ਪਤਾ ਐ ਜੀ!' ਉਹ ਹੌਲੀ ਜਿਹੇ ਪਰ ਵਿਸ਼ਵਾਸ ਨਾਲ ਬੋਲੀ ਸੀ।

'ਨ੍ਹੀਂ ਪਤਾ ਨ੍ਹੀਂ ਹੋਣਾ...ਮੇਰੀ ਵਿੱਦਿਅਕ ਯੋਗਤਾ ਤਾਂ ਸੜਕਾਂ-ਦਰਿਆਵਾਂ ਦੇ ਬੰਨ੍ਹਿਆਂ 'ਤੇ ਲੇਬਰ ਕਰਨ ਵਾਲੇ ਬੇਲਦਾਰ ਲੱਗਣ ਜੋਗੀ ਹੀ ਐ। ਓਵਰਸੀਅਰੀ ਤਾਂ ਮਿਲਦੀ ਨ੍ਹੀਂ ਲੱਗਦੀ। ਮੈਨੂੰ ਨ੍ਹੀਂ ਲੱਗਦਾ, ਏਦੂੰ ਵੱਧ ਮੈਨੂੰ ਕੋਈ ਨੌਕਰੀ ਮਿਲਜੂ।'

'ਮੈਨੂੰ ਇਸ ਯੋਗਤਾ ਨਾਲ ਕੋਈ ਮਤਲਬ ਨ੍ਹੀਂ। ਹੋ ਸਕਦਾ ਮੈਨੂੰ ਇਸ ਨਾਲ ਕੋਈ ਸਰੋਕਾਰ ਹੀ ਨਾ ਹੋਵੇ। ਨਾਲੇ...।' ਉਸਦੇ ਅਧੂਰੇ ਛੱਡੇ ਵਾਕ ਨਾਲ ਮੇਰੇ ਅੰਦਰ ਹਿਲਜੁਲ ਹੋਈ ਸੀ।

'ਨਾਲੇ ਮਾਂ-ਬਾਪ ਜੋ ਸੋਚਦੇ ਤੇ ਫ਼ੈਸਲਾ ਕਰਦੇ ਨੇ ਕਦੇ ਗਲਤ ਨ੍ਹੀਂ ਹੁੰਦੇ...।' ਜਿਉਂ ਹੀ ਉਹ ਆਪਣੀ ਅਧੂਰੀ ਗੱਲ ਪੂਰੀ ਕਰਦੀ ਹੈ, ਮੈਂ 'ਤੜੱਕ' ਕਰਕੇ ਤਿੜਕਦਾ ਹਾਂ। ਹੋ ਸਕਦਾ ਇਹ ਮਾਂ-ਬਾਪ ਦੇ ਹੁਕਮਾਂ 'ਚ ਬੱਝੀ ਤੁਰੀ ਜਾਂਦੀ ਹੋਵੇ। ਜਿਵੇਂ ਐਮ.ਏ. ਐਮ.ਐਸ.ਸੀ. ਪਾਸ ਤੇ ਹੋਰ ਵੱਡੀਆਂ-ਵੱਡੀਆਂ ਡਿਗਰੀਆਂ ਪਾਸ ਕੁੜੀਆਂ ਦੇ ਮਾਪੇ ਧੀਆਂ ਨੂੰ ਅਨਪੜ੍ਹ ਤੇ ਬੁੱਢੇ ਵਿਦੇਸ਼ੀ ਲਾੜਿਆਂ ਦਾ ਲੜ-ਲੜ ਫੜਾ ਕੇ ਤੋਰ ਦਿੰਦੇ ਹਨ। ਉਸੇ ਤਰ੍ਹਾਂ ਮੇਰੀ ਵਿੱਦਿਅਕ ਯੋਗਤਾ ਵੀ ਕਿਸੇ ਤਰ੍ਹਾਂ ਇਸਦੇ ਕੱਦ-ਮੇਚ ਨ੍ਹੀਂ ਸੀ ਆਉਂਦੀ।

'ਮਾਂ-ਬਾਪ ਦੇ ਸਾਰੇ ਫ਼ੈਸਲੇ ਅੱਖਾਂ ਬੰਦ ਕਰਕੇ ਮੰਨ ਲੈਣੇ ਚਾਹੀਦੇ ਨੇ?'

'ਸਾਰੇ ਨ੍ਹੀਂ, ਬਹੁਤ ਸਾਰੇ।' ਉਹ ਮੇਰੀ ਗੱਲ ਦਰੁਸਤ ਕਰਦੀ ਹੈ।

'ਮੇਰੀ ਸਮਝ ਅਨੁਸਾਰ ਕੁਝ ਫ਼ੈਸਲੇ ਅਜਿਹੇ ਵੀ ਹੁੰਦੇ ਨੇ ਜੋ ਨ੍ਹੀਂ ਮੰਨਣੇ ਚਾਹੀਦੇ... ਜੀਵਨ ਸਾਥੀ ਦਾ ਫ਼ੈਸਲਾ ਵੀ ਅਜਿਹਾ ਹੀ ਹੈ।'

'ਮੈਂ ਇਸ ਦੇ ਉਲਟ ਸੋਚਦੀ ਹਾਂ। —ਨਾਲੇ ਜੇ ਮਾਤਾ-ਪਿਤਾ ਦਾ ਫ਼ੈਸਲਾ, ਆਪਣਾ ਫ਼ੈਸਲਾ ਬਣ ਜਾਵੇ ਫੇਰ...?' ਉਸਨੇ ਜਿਵੇਂ ਮੈਨੂੰ ਘੇਰ ਹੀ ਲਿਆ ਸੀ। ਉਸਦੇ ਇਸ ਸੁਆਲ ਦਾ ਮੇਰੇ ਕੋਲ ਕੋਈ ਜੁਆਬ ਨ੍ਹੀਂ ਸੀ।

'ਮੇਰੇ ਅੰਦਰ ਸਾਰੀ ਉਮਰ ਹੀਣ ਭਾਵਨਾ ਰਹੇਗੀ। ਤੈਨੂੰ ਪਤਾ...ਬੰਦੇ ਅੰਦਰ ਕਿੰਨੇ ਕੰਪਲੈਕਸ ਹੁੰਦੇ ਨੇ? ਜਾਤ ਦਾ, ਰੰਗ ਦਾ, ਧਰਮ ਦਾ, ਘੱਟ ਪੜ੍ਹੇ ਹੋਣ ਦਾ, ਵੱਧ ਪੜ੍ਹੇ ਹੋਣ ਦਾ, ਅਮੀਰੀ ਦਾ, ਗਰੀਬੀ ਦਾ, ਫਿਰ ਆਪਣੇ ਸਰੀਰਕ ਢਾਂਚੇ ਦਾ ਵੀ। ਮੈਂ ਤਾਂ ਸਾਰੀ ਉਮਰ ਤੇਰੇ ਪਰਛਾਵੇਂ ਹੇਠ ਹੀ ਦੱਬਿਆ ਰਹੂੰ। ਮੇਰੀ ਹੀਣ-ਭਾਵਨਾ ਨੇ ਮੈਨੂੰ ਖੁੱਲ੍ਹ ਕੇ ਜਿਉਣ ਹੀ ਨ੍ਹੀਂ ਦੇਣਾ। ਮੈਥੋਂ ਸਾਹ ਨ੍ਹੀਂ ਲਿਆ ਜਾ ਸਕਣਾ।' ਮੈਂ ਪਤਾ ਨ੍ਹੀਂ ਕਿੰਝ ਕਹਿ ਗਿਆ ਸਾਂ। ਕੁਝ ਨ੍ਹੀਂ ਸੀ ਬੋਲੀ ਉਹ। ਸ਼ਾਇਦ ਸਮਝ ਗਈ ਹੋਵੇ ਕਿ ਇਸ ਬੰਦੇ ਨੇ ਪੁਸਤਕਾਂ ਤਾਂ ਜ਼ਰੂਰ ਪੜ੍ਹੀਆਂ ਨੇ ਪਰ ਇਸਦੇ ਅੰਦਰ ਕੋਈ ਪੁਸਤਕ ਟਿਕੀ ਨ੍ਹੀਂ।

ਬਿਨਾ ਕੋਈ ਹਾਂ ਜਾਂ ਨਾਂਹ ਕੀਤਿਆਂ ਮੈਂ ਉੱਥੋਂ ਵਾਪਸ ਆ ਗਿਆ ਸਾਂ। ਘਰ ਆ ਕੇ ਕਈ ਰਾਤਾਂ ਮੈਨੂੰ ਨੀਂਦ ਹੀ ਨ੍ਹੀਂ ਸੀ ਆਈ। ਵਾਰ-ਵਾਰ ਉਸਦੀ ਡਾਇਰੀ ਮੇਰੀਆਂ ਅੱਖਾਂ ਅੱਗੇ ਆ ਜਾਂਦੀ ਸੀ। ਮੈਂ ਆਪਣੀ ਫੋਟੋ ਬਾਰੇ ਹੀ ਸੋਚਦਾ ਰਿਹਾ। ਪਤਾ ਨ੍ਹੀਂ ਕਿੰਨੇ ਚਿਰ ਦੀ ਉਸਨੇ ਸੰਭਾਲ ਕੇ ਰੱਖੀ ਹੋਵੇਗੀ। ਪਤਾ ਨ੍ਹੀਂ ਕਿਹੋ ਜਿਹੇ ਸੁਪਨੇ ਉਸ ਬੁਣ ਲਏ ਹੋਣਗੇ...ਪਤਾ ਨ੍ਹੀਂ ਦਿਨ ਵਿਚ ਕਿੰਨੀ ਵਾਰ ਮੇਰੀ ਫੋਟੋ ਵੇਖਦੀ ਰਹੀ ਹੋਵੇਗੀ। ਹੁਣ ਮੈਂ ਇਹ ਫੋਟੋ ਵੀ ਖਿਸਕਾ ਲਿਆਇਆ ਸਾਂ। ਮੈਨੂੰ ਇੰਜ ਨ੍ਹੀਂ ਸੀ ਕਰਨਾ ਚਾਹੀਦਾ... ਆਏਂ ਕਿਸੇ ਨੂੰ ਠੁਕਰਾ ਕੇ...ਪਤਾ ਨ੍ਹੀਂ ਕਿੰਨਾ ਕੁ ਰੋਈ ਹੋਵੇਗੀ। ਕੀ ਬੀਤੀ ਹੋਊ ਉਸਦੇ ਦਿਲ 'ਤੇ?

ਫਿਰ ਕਈ ਵਰ੍ਹੇ ਉਹ ਵਿਆਹ ਹੀ ਨ੍ਹੀਂ ਕਰਾਉਂਦੀ। ਮੇਰੀਆਂ ਰਚਨਾਵਾਂ ਅਖ਼ਬਾਰਾਂ, ਰਸਾਲਿਆਂ ਵਿਚ ਛਪਦੀਆਂ ਰਹੀਆਂ। ਮੇਰੇ ਕਿਸੇ ਵੀ ਹਾਂ-ਪੱਖੀ ਜੁਆਬ ਦੀ ਉਡੀਕ ਉਨ੍ਹਾਂ ਗਲੋਂ ਲਾਹ ਦਿੱਤੀ। ਕਦੇ-ਕਦੇ ਮੈਂ ਸੋਚਦਾ, ਕੀ ਉਹ ਹੁਣ ਵੀ ਮੇਰੀ ਰਚਨਾ ਕੱਟ ਕੇ ਡਾਇਰੀ ਵਿਚ ਰੱਖਦੀ ਹੋਊ? ਫੋਟੋ ਤਾਂ ਮੇਰੀ ਹੁਣ ਵੀ ਛਪ ਜਾਂਦੀ ਹੈ ਕਿਸੇ ਅਖ਼ਬਾਰ ਰਿਸਾਲੇ 'ਚ, ਕੀ ਹੁਣ ਵੀ ਉਸਦੀ ਡਾਇਰੀ 'ਚ... ਕੀ ਕਰਨੀ ਹੈ ਉਸਨੇ ਹੁਣ ਮੇਰੀ ਫੋਟੋ? ਮੈਂ ਸੋਚਦਾ ਤੇ ਪ੍ਰੇਸ਼ਾਨ ਹੋ ਜਾਂਦਾ।

ਫਿਰ ਉਸਦੇ ਫਰੀਦਕੋਟ ਵੱਲੀਂ ਵਿਆਹੇ ਜਾਣ ਦਾ ਪਤਾ ਲੱਗਾ। ਉਹ ਆਪ ਵੀ ਸਕੂਲ ਲੈਕਚਰਾਰ ਸੀ ਤੇ ਉਸਦਾ ਜੀਵਨ ਸਾਥੀ ਵੀ। ਚਾਚਾ ਕਈ ਵਰ੍ਹੇ ਮੇਰੇ ਨਾਲ ਗੁੱਸੇ ਰਿਹਾ। ਚਾਚੀ ਕਦੇ-ਕਦੇ ਹਉਕਾ ਜਿਹਾ ਲੈਂਦੀ, 'ਕਮਲਿਆ! ਐਨੀ ਚੰਗੀ ਕੁੜੀ ਸੀ... ਤੇਰੇ 'ਤੇ ਯਕੀਨ ਈ ਬੜਾ ਸੀ ਉਹਨੂੰ। ਕਹਿੰਦੀ ਸੀ, ਮੈਨੂੰ ਜੁਆਬ ਨ੍ਹੀਂ ਦੇ ਸਕਦਾ... ਕਿੰਨਾ ਚਿਰ ਤੇਰੀ ਉਡੀਕ ਕਰਦੀ ਰਹੀ।'

'ਸੰਜੋਗ ਹੀ ਨ੍ਹੀਂ ਸੀ ਉਹਦੇ ਨਾਲ...।' ਮੈਂ ਆਖਣਾ ਚਾਹੁੰਦਾ, ਪਰ ਕਹਿ ਨਾ ਸਕਦਾ।

ਕਈ ਵਰ੍ਹੇ ਅੱਖਾਂ ਵਿਚ ਜ਼ੀਰ ਗਏ। ਕਈ ਸਿਆਲ-ਹੁਨਾਲ ਲੰਘ ਗਏ। ਨੌਕਰੀ ਦੇ ਸਿਲਸਿਲੇ ਵਿਚ ਕਈ ਜ਼ਿਲ੍ਹਿਆਂ ਦਾ ਪਾਣੀ ਪੀਣਾ ਪਿਆ। ਨੌਕਰੀ ਦੇ ਸਿਲਸਿਲੇ ਵਿਚ ਸਕੂਲਾਂ ਦੀ ਚੈਕਿੰਗ ਲਈ ਨਿਕਲਣਾ ਹੀ ਪੈਂਦਾ ਹੈ। ਸਕੂਲਾਂ ਦੇ ਬੱਚਿਆਂ ਲਈ ਵੱਖ-ਵੱਖ ਵਜ਼ੀਫਾ ਸਕੀਮਾਂ ਅਤੇ ਮੁਫ਼ਤ ਕਿਤਾਬਾਂ ਦੇਣ ਦੀਆਂ ਸਕੀਮਾਂ ਮੇਰਾ ਮਹਿਕਮਾ ਲਾਗੂ ਕਰਵਾਉਂਦਾ ਹੈ। ਇਸੇ ਸਿਲਸਿਲੇ ਵਿਚ ਅਸੀਂ ਇੱਕ ਸਕੂਲ ਤੋਂ ਦੂਜੇ ਅਤੇ ਫਿਰ ਤੀਜੇ ਘੁੰਮਦੇ ਹਾਂ। ਰਿਪੋਰਟਾਂ ਉੱਪਰ ਭੇਜਣੀਆਂ ਹੁੰਦੀਆਂ ਨੇ। ਡਰਾਈਵਰ ਇੱਕ ਵੱਡੇ ਪਿੰਡ ਦੇ ਸੀਨੀਅਰ ਸੈਕੰਡਰੀ ਸਕੂਲ ਅੱਗੇ ਗੱਡੀ ਜਾ ਠੱਲ੍ਹਦਾ ਹੈ। ਮੈਂ ਸਕੂਲ ਦੇ ਗੁਰਮੁਖੀ ਅੱਖਰਾਂ ਵਿਚ ਲਿਖੇ ਬੋਰਡ 'ਤੇ ਝਾਤੀ ਮਾਰਦਾ ਦਰਵਾਜ਼ਾ ਲੰਘਦਾ ਹਾਂ। ਸ਼ਾਇਦ ਸਕੂਲ ਵਿਚ ਰੀਸੈਸ ਦਾ ਵਕਤ ਹੈ। ਬੱਚੇ ਇਧਰ-ਉਧਰ ਤੁਰੇ ਫਿਰਦੇ ਹਨ। ਸਕੂਲ ਦੇ ਪ੍ਰਿੰਸੀਪਲ ਦੇ ਦਫ਼ਤਰ ਬਾਰੇ ਪੁੱਛਦਿਆਂ ਮੈਂ ਬੱਚਿਆਂ ਨੂੰ 'ਇੰਚਾਰਜ ਕੌਣ ਐ?' ਵੀ ਪੁੱਛ ਲੈਂਦਾ ਹਾਂ।


'ਮੈਡਮ ਨੇ ਜੀ...ਮਾਧਵੀ...!' ਮੇਰੇ ਅੰਦਰੋਂ 'ਤੜੱਕ' ਕਰਕੇ ਕੁਝ ਤਿੜਕ ਜਾਂਦਾ ਹੈ। ਮੈਂ ਉਨ੍ਹੀਂ ਪੈਰੀਂ ਵਾਪਿਸ ਪਰਤਦਾ ਹਾਂ।

'ਕੀ ਗੱਲ ਜਨਾਬ...ਮੁੜ ਆਏ... ਚੈੱਕ ਨ੍ਹੀਂ ਸੀ ਕਰਨਾ?'

'ਨ੍ਹੀਂ-ਨ੍ਹੀਂ...।' ਡਰਾਈਵਰ ਤੋਂ ਅੱਖਾਂ ਚੁਰਾ ਕੇ ਦੂਰ ਅਸਮਾਨ ਵੱਲ ਵੇਖਣ ਲੱਗ ਜਾਂਦਾ ਹਾਂ। ਡਰਾਈਵਰ ਨੂੰ ਕੀ ਦੱਸਦਾ ਕਿ ਮੈਂ ਤਾਂ ਅਜੇ ਤੱਕ ਵੀ ਹੀਣ-ਭਾਵਨਾ ਤੋਂ ਮੁਕਤ ਨ੍ਹੀਂ ਹੋ ਸਕਿਆ।

# ਗਲੋਬਲ ਵਾਰਮਿੰਗ ਕਾਰਨ ਦੁਨੀਆਂ ਦੇ ਨਕਸ਼ੇ ਤੋਂ ਗਾਇਬ ਹੋਣ ਜਾ ਰਿਹਾ ਪਹਿਲਾ ਦੇਸ਼

ਟੁਵਾਲੂ ਨਾਮਕ ਦੇਸ਼ ਗਲੋਬਲ ਵਾਰਮਿੰਗ ਕਾਰਨ ਦੁਨੀਆਂ ਦੇ ਨਕਸ਼ੇ ਤੋਂ ਗਾਇਬ ਹੋਣ ਜਾ ਰਿਹਾ ਹੈ। ਇਹ ਦੇਸ਼ ਪ੍ਰਸ਼ਾਂਤ ਮਹਾਸਾਗਰ ਵਿਚ ਦੂਰ-ਦੁਰੇਢੇ ਸਥਿਤ ਹੈ ਤੇ ਇਸ ਦਾ ਸਭ ਤੋਂ ਨਜ਼ਦੀਕੀ ਦੇਸ਼ ਆਸਟਰੇਲੀਆ ਵੀ ਇਸ ਤੋਂ 3970 ਕਿ.ਮੀ. ਦੂਰ ਹੈ। ਇਸ ਵੇਲੇ ਇਸ ਦਾ ਪ੍ਰਧਾਨ ਮੰਤਰੀ ਫੈਲੇਟੀ ਟੀਊ ਹੈ ਤੇ ਇਸ ਦੀ ਰਾਜਧਾਨੀ ਦਾ ਨਾਮ ਫੁਨਾਫੂਟੀ ਹੈ ਜੋ ਸਭ ਤੋਂ ਵੱਡੇ ਟਾਪੂ ਫੁਨਾਫਟੇ ਵਿਖੇ ਸਥਿਤ ਹੈ। ਵੈਟੀਕਨ ਸਿਟੀ, ਮੋਨਾਕੋ ਤੇ ਨਾਊਰੂ ਤੋਂ ਬਾਅਦ ਇਹ ਦੁਨੀਆਂ ਦਾ ਚੌਥਾ ਸਭ ਤੋਂ ਛੋਟਾ ਦੇਸ਼ ਹੈ। 9 ਛੋਟੇ-ਛੋਟੇ ਜਵਾਲਾਮੁਖੀ ਟਾਪੂਆਂ ਨੂੰ ਮਿਲਾ ਕੇ ਸਿਰਫ 26 ਵਰਗ ਕਿ.ਮੀ. ਵਿਚ ਸਥਿਤ ਇਸ ਦੇਸ਼ ਦੀ ਕੁੱਲ ਅਬਾਦੀ 11000 ਦੇ ਕਰੀਬ ਹੈ। ਛੋਟਾ ਜਿਹਾ ਇਹ ਦੇਸ਼ ਸੰਸਾਰ ਦੇ ਭਵਿੱਖ ਵਾਸਤੇ ਇੱਕ ਭਿਆਨਕ ਮਿਸਾਲ ਬਣਨ ਜਾ ਰਿਹਾ ਹੈ। ਜਵਾਲਾਮੁਖੀ ਟਾਪੂਆਂ ਦੀ ਇੱਕ ਵਿਸ਼ੇਸ਼ਤਾ ਹੁੰਦੀ ਹੈ ਕਿ ਇਹ ਜ਼ਿਆਦਾ ਉੱਚੇ ਨਹੀਂ ਹੁੰਦੇ। ਇਸ ਕਾਰਨ ਟੁਵਾਲੂ ਦਾ ਸਭ ਤੋਂ ਉੱਚੇਰਾ ਸਥਾਨ ਸਮੁੰਦਰ ਤਲ ਤੋਂ ਸਿਰਫ 4.5 ਮੀਟਰ ਉੱਚਾ ਹੈ ਤੇ ਔਸਤ ਉਚਾਈ 2 ਮੀਟਰ ਹੈ। ਵੈਸੇ ਤਾਂ ਸਾਰੀ ਦੁਨੀਆਂ ਹੀ ਆਪਣੇ ਹੱਥੀਂ ਪੈਦਾ ਕੀਤੀ ਗਈ ਇਸ ਮੁਸੀਬਤ ਦਾ ਸ਼ਿਕਾਰ ਬਣਨ ਜਾ ਰਹੀ ਹੈ ਪਰ ਟੁਵਾਲੂ ਦਾ ਨੰਬਰ ਸਭ ਤੋਂ ਪਹਿਲਾਂ ਲੱਗਣ ਜਾ ਰਿਹਾ ਹੈ। ਟੁਵਾਲੂ ਦੀ ਸਮੁੰਦਰ ਤੋਂ ਘੱਟ ਉਚਾਈ ਹੋਣ ਕਾਰਨ ਜਦੋਂ ਵੀ ਕੋਈ ਵੱਡੀ ਲਹਿਰ ਜਾਂ ਤੂਫਾਨ ਆਉਂਦਾ ਹੈ ਤਾਂ ਸਾਰਾ ਦੇਸ਼ ਕੁਝ ਦੇਰ ਲਈ ਜਲਮਗਨ ਹੋ ਜਾਂਦਾ ਹੈ। ਇਸ ਕਾਰਨ ਇਥੇ ਇਮਾਰਤਾਂ 7-8 ਫੁੱਟ ਉੱਚੇ ਥੜ੍ਹਿਆਂ 'ਤੇ ਬਣਾਈਆਂ ਜਾਂਦੀਆਂ ਹਨ। ਟੁਵਾਲੂ ਦਾ ਮੁੱਖ ਟਾਪੂ ਫੁਨਾਫੂਟੇ ਸੱਪ ਵਰਗਾ ਲੰਬਾ ਦੀਪ ਹੈ ਜਿਸ ਦੀ ਚੌੜਾਈ ਬਹੁਤ ਹੀ ਘੱਟ ਹੈ ਤੇ ਇਸ ਦੀ ਅੱਧੀ ਜਗ੍ਹਾ 'ਤੇ ਤਾਂ ਸਿਰਫ ਏਅਰਪੋਰਟ ਹੀ ਬਣਿਆ ਹੋਇਆ ਹੈ।



ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਫੋਨ: 95011-00062

ਦੁਨੀਆਂ ਵਿਚ ਕੋਲਾ, ਡੀਜ਼ਲ ਅਤੇ ਪੈਟਰੋਲ ਆਦਿ ਦੀ ਹੋ ਰਹੀ ਬੇਤਹਾਸ਼ਾ ਵਰਤੋਂ ਕਾਰਨ ਕਾਰਬਨ ਡਾਇਆਕਸਾਈਡ ਅਤੇ ਕਾਰਬਨ ਮੋਨੋਆਕਸਾਈਡ ਆਦਿ ਵਰਗੀਆਂ ਗਰੀਨ ਹਾਊਸ ਗੈਸਾਂ ਦਾ ਲੱਖਾਂ ਟਨ ਉਤਪਾਦਨ ਰੋਜ਼ਾਨਾ ਹੋ ਰਿਹਾ ਹੈ ਜਿਸ ਕਾਰਨ ਧਰਤੀ ਦਾ ਤਾਪਮਾਨ ਲਗਾਤਾਰ ਵਧ ਰਿਹਾ ਹੈ। ਇਸ ਦੇ ਫਲਸਰੂਪ ਉੱਤਰੀ ਅਤੇ ਦੱਖਣੀ ਧਰੁਵ ਦੀ ਬਰਫ ਤੇਜ਼ੀ ਨਾਲ ਪਿਘਲ ਰਹੀ ਹੈ ਤੇ ਮਹਾਸਾਗਰਾਂ ਦਾ ਪੱਧਰ ਵਧ ਰਿਹਾ ਹੈ। ਟੁਵਾਲੂ ਦੀ ਇਹ ਬਦਕਿਸਮਤੀ ਹੀ ਕਹੀ ਜਾ ਸਕਦੀ ਹੈ ਕਿ ਉਹ ਅਜਿਹੇ ਖਿੱਤੇ ਵਿਚ ਸਥਿਤ ਹੈ, ਜਿੱਥੇ ਸਮੁੰਦਰ ਦਾ ਤਲ ਬਾਕੀ ਸਾਰੀ ਦੁਨੀਆਂ ਨਾਲੋਂ ਤੇਜ਼ੀ ਨਾਲ ਵਧ ਰਿਹਾ ਹੈ। ਅਮਰੀਕੀ ਸਪੇਸ ਏਜੰਸੀ ਨਾਸਾ ਨੇ ਕਈ ਸਾਲਾਂ ਦੀ ਰਿਸਰਚ ਤੋਂ ਬਾਅਦ ਇੱਕ ਰਿਪੋਰਟ ਜਾਰੀ ਕੀਤੀ ਹੈ ਕਿ 2003 ਤੋਂ ਲੈ ਕੇ 2023 ਤੱਕ ਦੇ 30 ਸਾਲਾਂ ਵਿਚ ਟੁਵਾਲੂ ਨੇੜੇ ਸਮੁੰਦਰ ਦਾ ਪੱਧਰ 30 ਸੈਂਟੀਮੀਟਰ ਵਧ ਗਿਆ ਸੀ ਜੋ ਗਲੋਬਲ ਐਵਰੇਜ ਤੋਂ 1.5 ਗੁਣਾ ਵੱਧ ਹੈ। ਨਾਸਾ ਨੇ ਆਪਣੀ ਰਿਪੋਰਟ ਵਿਚ ਇੰਕਸ਼ਾਫ ਕੀਤਾ ਹੈ ਕਿ 2050 ਤੱਕ ਟੁਵਾਲੂ ਦੁਆਲੇ ਪਾਣੀ 60 ਸੈਂਟੀਮੀਟਰ ਤੇ ਸੰਨ 2100 ਤੱਕ 1.60 ਮੀਟਰ ਉੱਚਾ ਹੋ ਜਾਵੇਗਾ। ਇਸ ਕਾਰਨ ਹੜ੍ਹਾਂ ਦੀ ਗਿਣਤੀ ਵੀ ਬੇਤਹਾਸ਼ਾ ਵਧ ਜਾਵੇਗੀ। ਹੁਣ ਇਥੇ ਇੱਕ ਸਾਲ ਵਿਚ ਸਿਰਫ ਪੰਜ-ਛੇ ਵਾਰ ਪਾਣੀ ਚੜ੍ਹਦਾ ਹੈ ਪਰ 2050 ਤੱਕ 25-30 ਵਾਰ ਤੇ 2100 ਤੱਕ ਸਾਲ ਵਿਚ 100 ਤੋਂ ਵੱਧ ਵਾਰ ਹੜ੍ਹ ਆਉਣ ਲੱਗ ਪੈਣਗੇ। ਨਾਸਾ ਦਾ ਕਹਿਣਾ ਹੈ ਕਿ ਜੇ ਗਲੋਬਲ ਵਾਰਮਿੰਗ ਇਸੇ ਤਰ੍ਹਾਂ ਚੱਲਦੀ ਰਹੀ ਤਾਂ 2050 ਤੱਕ ਟੁਵਾਲੂ ਦਾ ਜ਼ਿਆਦਾਤਰ ਹਿੱਸਾ ਡੁੱਬ ਜਾਵੇਗਾ ਤੇ ਇਸ ਦਾ ਮੁੱਖ ਟਾਪੂ ਫੁਨਾਫੂਟੇ ਅੱਧਾ ਗਾਇਬ ਹੋ ਜਾਵੇਗਾ। ਸੰਨ 2100 ਤੱਕ ਸਾਰੀ ਖੇਡ ਖਤਮ ਹੋ ਜਾਵੇਗੀ ਤੇ 95% ਦੇਸ਼ ਪਾਣੀ ਹੇਠ ਡੁੱਬ ਜਾਵੇਗਾ।

ਜੇ ਭਾਰਤ ਜਾਂ ਕਿਸੇ ਹੋਰ ਵੱਡੇ ਦੇਸ਼ ਵਿਚ ਅਜਿਹੀ ਸਮੱਸਿਆ ਆਵੇ ਤਾਂ ਅਰਾਮ ਨਾਲ ਪੀੜਤਾਂ ਨੂੰ ਥੋੜ੍ਹੀ ਉੱਚੀ ਜਗ੍ਹਾ 'ਤੇ ਵਸਾਇਆ ਜਾ ਸਕਦਾ ਹੈ। ਪਰ ਟੁਵਾਲੂ ਵਿਖੇ ਅਜਿਹਾ ਨਹੀਂ ਹੋ ਸਕਦਾ ਕਿਉਂਕਿ ਇਹ ਸਮਤਲ ਧਰਤੀ ਹੈ ਤੇ ਕੋਈ ਪਹਾੜ ਨਹੀਂ ਹੈ। ਇਸ ਦਾ ਇੱਕੋ ਇੱਕ ਹੱਲ ਹੈ ਕਿ ਇਨਸਾਨੀ ਦਖ਼ਲਅੰਦਾਜ਼ੀ ਨਾਲ ਇਸ ਦਾ ਭੂਗੋਲ ਦੁਬਈ ਵਾਂਗ ਬਦਲ ਦਿੱਤਾ ਜਾਵੇ ਜਿਸ ਨੇ ਸਮੁੰਦਰ ਵਿਚ ਭਰਤੀ ਪਾ ਕੇ ਪਾਮ ਅਤੇ ਵਰਲਡ ਟਾਪੂਆਂ ਵਰਗੇ ਅਜੂਬੇ ਤਿਆਰ ਕੀਤੇ ਹਨ। ਪਰ ਇਹ ਕੰਮ ਕਰਨ ਵਿਚ ਸਭ ਤੋਂ ਵੱਡੀ ਮੁਸ਼ਕਿਲ ਹੈ ਪੈਸਾ। ਜਿਵੇਂ ਉੱਪਰ ਦੱਸਿਆ ਗਿਆ ਕਿ ਇਸ ਦੀ ਕੁੱਲ ਅਬਾਦੀ ਕਰੀਬ 11000 ਹੈ ਤੇ ਇਸ ਕੋਲ ਦੁਬਈ ਵਰਗੇ ਪੈਟਰੋ ਡਾਲਰ ਨਹੀਂ ਹਨ। ਇਸ ਦੀ ਆਮਦਨ ਦਾ ਸਾਧਨ ਥੋੜ੍ਹੀ ਬਹੁਤੀ ਮਾਹੀਗਿਰੀ ਅਤੇ ਅਮੀਰ ਦੇਸ਼ਾਂ ਵੱਲੋਂ ਦਿੱਤੀ ਜਾ ਰਹੀ ਆਰਥਿਕ ਮਦਦ ਹੈ। ਸਭ ਤੋਂ ਵੱਧ ਆਰਥਿਕ ਮਦਦ ਇੰਗਲੈਂਡ (ਜਿਸ ਦੀ ਇਹ ਕਲੋਨੀ ਰਿਹਾ ਹੈ, ਆਜ਼ਾਦੀ 1 ਅਕਤੂਬਰ 1978), ਨਿਊਜ਼ੀਲੈਂਡ ਤੇ ਆਸਟਰੇਲੀਆ ਵੱਲੋਂ ਕੀਤੀ ਜਾ ਰਹੀ ਹੈ। ਗਰੀਬੀ ਦੇ ਬਾਵਜੂਦ ਵੀ ਟੁਵਾਲੂ ਦੇ ਲੋਕ ਸਮੁੰਦਰ ਕੋਲੋਂ ਬਚਣ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਟਾਪੂ ਜਵਾਲਾਮੁਖੀ ਫਟਣ ਨਾਲ ਬਣੇ ਸਨ ਜਿਸ ਕਾਰਨ ਇਨ੍ਹਾਂ ਦੇ ਆਲੇ-ਦੁਆਲੇ ਸਮੁੰਦਰ ਕੋਈ ਬਹੁਤਾ ਡੂੰਘਾ ਨਹੀਂ ਹੈ। ਸਰਕਾਰ ਵੱਡੀਆਂ ਕਰੇਨਾਂ ਅਤੇ ਬੁਲਡੋਜ਼ਰਾਂ ਆਦਿ ਦੀ ਸਹਾਇਤਾ ਨਾਲ ਉੱਥੋਂ ਰੇਤ ਕੱਢ ਕੇ ਮੁੱਖ ਟਾਪੂ ਨੂੰ ਉੱਚਾ ਕਰ ਕੇ ਨਵੀਂ ਧਰਤੀ ਬਣਾ ਰਹੀ ਹੈ। 2024 ਤੱਕ ਕਰੀਬ 20-22 ਏਕੜ ਨਵੀਂ ਧਰਤੀ ਬਣ ਚੁੱਕੀ ਹੈ।

ਇਸ ਤੋਂ ਇਲਾਵਾ ਟੁਵਾਲੂ ਸਰਕਾਰ ਪਾਣੀ ਨੂੰ ਰੋਕਣ ਵਾਸਤੇ ਟਾਪੂ ਦੇ ਸਾਰੇ ਪਾਸੇ ਵੱਡੇ-ਵੱਡੇ ਬੈਰੀਅਰ ਅਤੇ ਕੰਕਰੀਟ ਦੀਆਂ ਉੱਚੀਆਂ ਦੀਵਾਰਾਂ ਬਣਾ ਰਹੀ ਹੈ। ਹੁਣ ਤੱਕ 1400 ਮੀਟਰ ਦੇ ਕਰੀਬ ਬੈਰੀਅਰ ਤੇ 200 ਮੀਟਰ ਦੇ ਕਰੀਬ ਦੀਵਾਰ ਤਿਆਰ ਹੋ ਚੁੱਕੀ ਹੈ ਤੇ ਜਨਤਾ ਦਾ ਪੇਟ ਭਰਨ ਲਈ ਖਾਰੇ ਪਾਣੀ ਨੂੰ ਝੱਲ ਸਕਣ ਯੋਗ ਫਸਲਾਂ ਉਗਾਈਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਪਰਲੋ ਆਉਣ ਦੀ ਸਥਿਤੀ ਵਿਚ ਸਾਰੀ ਦੀ ਸਾਰੀ ਅਬਾਦੀ ਨੂੰ ਹੋਰ ਕਿਤੇ ਲਿਜਾਣ ਲਈ ਪਲਾਨ ਬੀ 'ਤੇ ਵੀ ਕੰਮ ਹੋ ਰਿਹਾ ਹੈ। 2021 ਵਿਚ ਟੁਵਾਲੂ ਨੇ ਆਸਟਰੇਲੀਆ ਨਾਲ ਇੱਕ ਸੰਧੀ ਕੀਤੀ ਸੀ ਜਿਸ ਅਧੀਨ ਆਸਟਰੇਲੀਆ ਹਰ ਸਾਲ 280 ਟੁਵਾਲੂਅਨਾਂ ਨੂੰ ਆਪਣੀ ਨਾਗਰਿਕਤਾ ਦੇਵੇਗਾ। ਇਸ ਤਰ੍ਹਾਂ 40 ਸਾਲਾਂ ਵਿਚ ਟੁਵਾਲੂ ਦੀ ਸਾਰੀ ਅਬਾਦੀ ਆਸਟਰੇਲੀਆ ਸ਼ਿਫਟ ਹੋ ਜਾਵੇਗੀ। ਇਨ੍ਹਾਂ ਨੂੰ ਆਸਟਰੇਲੀਆ ਦੇ ਬਾਕੀ ਨਾਗਰਿਕਾਂ ਵਾਂਗ ਹਰ ਸਹੂਲਤ ਮਿਲੇਗੀ ਪਰ ਉਹ ਇਲੈਕਸ਼ਨ ਵਿਚ ਵੋਟ ਨਹੀਂ ਪਾ ਸਕਣਗੇ। ਉਨ੍ਹਾਂ ਦੇ ਆਸਟਰੇਲੀਆ ਵਿਚ ਪੈਦਾ ਹੋਣ ਵਾਲੇ ਬੱਚਿਆਂ ਕੋਲ ਇਹ ਅਧਿਕਾਰ ਹੋਵੇਗਾ। ਟੁਵਾਲੂ ਦੇ ਸਾਰੇ ਨਾਗਰਿਕਾਂ ਨੂੰ ਆਸਟਰੇਲੀਆ ਨੇ ਇੱਕ ਖਾਸ ਵੀਜ਼ਾ ਜਾਰੀ ਕਰ ਦਿੱਤਾ ਹੈ ਜਿਸ ਨੂੰ ਵਾਤਾਵਰਣ ਵੀਜ਼ਾ (ਕਲਾਈਮੇਟ ਵੀਜ਼ਾ) ਦਾ ਨਾਮ ਦਿੱਤਾ ਹੈ। ਅਜਿਹਾ ਵੀਜ਼ਾ ਸੰਸਾਰ ਵਿਚ ਪਹਿਲੀ ਵਾਰ ਜਾਰੀ ਕੀਤਾ ਗਿਆ ਹੈ।



ਇਸ ਤੋਂ ਇਲਾਵਾ ਜਿਵੇਂ ਸਾਡੇ ਬੱਚੇ ਪੜ੍ਹਾਈ ਲਈ ਕੈਨੇਡਾ ਜਾਂਦੇ ਹਨ, ਉਸੇ ਤਰ੍ਹਾਂ ਇਥੋਂ ਦੇ ਬੱਚੇ ਧੜਾ-ਧੜ ਨਿਊਜ਼ੀਲੈਂਡ ਤੇ ਆਸਟਰੇਲੀਆ ਜਾ ਰਹੇ ਹਨ। ਹਰ ਸਾਲ 4% ਦੇ ਕਰੀਬ ਅਬਾਦੀ ਇਨ੍ਹਾਂ ਦੇਸ਼ਾਂ ਵੱਲ ਪ੍ਰਵਾਸ ਕਰ ਰਹੀ ਹੈ। ਇਸ ਲਈ ਫਿਲਹਾਲ ਇਸ ਦੇਸ਼ ਦੀ ਅਬਾਦੀ ਨੂੰ ਕਿਸੇ ਤਰ੍ਹਾਂ ਦਾ ਜਾਨ ਮਾਲ ਦਾ ਕੋਈ ਖਤਰਾ ਨਹੀਂ ਹੈ। ਪਰ ਗਲੋਬਲ ਵਾਰਮਿੰਗ ਸਿਰਫ ਟੁਵਾਲੂ ਨੂੰ ਹੀ ਨਹੀਂ, ਬਲਕਿ ਸਾਰੇ ਸੰਸਾਰ ਨੂੰ ਪ੍ਰਭਾਵਿਤ ਕਰ ਰਹੀ ਹੈ। ਟੁਵਾਲੂ ਤੋਂ ਬਾਅਦ ਨਾਊਰੂ, ਕਿਰੀਬਾਟੀ, ਮਾਰਸ਼ਲ ਆਈਲੈਂਡਜ਼ ਆਦਿ ਵਾਰਗੇ ਟਾਪੂ ਦੇਸ਼ ਵੀ ਹਮੇਸ਼ਾਂ ਲਈ ਖਤਮ ਹੋਣ ਵਾਲੀ ਲਾਈਨ ਵਿਚ ਲੱਗੇ ਹੋਏ ਹਨ। ਸਿਤਮ ਦੀ ਗੱਲ ਇਹ ਹੈ ਕਿ ਇਨ੍ਹਾਂ ਛੋਟੇ-ਛੋਟੇ ਦੇਸ਼ਾਂ ਦਾ ਗਲੋਬਲ ਵਾਰਮਿੰਗ ਵਿਚ ਰੱਤੀ ਭਰ ਵੀ ਯੋਗਦਾਨ ਨਹੀਂ ਹੈ ਪਰ ਭਰਨਾ ਇਨ੍ਹਾਂ ਨੂੰ ਪੈ ਰਿਹਾ ਹੈ। ਗਲਤੀ ਅਮਰੀਕਾ, ਚੀਨ, ਰੂਸ, ਭਾਰਤ, ਜਰਮਨੀ, ਫਰਾਂਸ ਅਤੇ ਆਸਟਰੇਲੀਆ ਆਦਿ ਵਰਗੇ ਵੱਡੇ ਦੇਸ਼ਾਂ ਦੀ ਹੈ। ਇਕੱਲੇ ਜੀ 20 ਸੰਗਠਨ ਦੇ ਮੈਂਬਰ ਦੇਸ਼, ਸੰਸਾਰ ਦੀਆਂ ਗਰੀਨ ਹਾਊਸ ਗੈਸਾਂ ਦਾ 80% ਹਿੱਸਾ ਪੈਦਾ ਕਰਦੇ ਹਨ। 2023 ਵਿਚ ਯੂ.ਐਨ.ਓ. ਵੱਲੋਂ ਜਾਰੀ ਕੀਤੀ ਗਈ ਇੱਕ ਰਿਪੋਰਟ ਅਨੁਸਾਰ ਜਿਹੜੇ ਸ਼ਹਿਰਾਂ ਨੂੰ ਸਮੁੰਦਰਾਂ ਦੇ ਵਧ ਰਹੇ ਪੱਧਰ ਤੋਂ ਸਭ ਤੋਂ ਵੱਧ ਖਤਰਾ ਹੈ ਉਨ੍ਹਾਂ ਵਿਚ ਭਾਰਤ ਦੇ ਮੁੰਬਈ, ਚੇਨਈ ਅਤੇ ਕਲਕੱਤਾ ਸ਼ਹਿਰ ਵੀ ਸ਼ਾਮਲ ਹਨ। ਇਸ ਕੁਦਰਤੀ ਆਫਤ ਤੋਂ ਬਚਣ ਦਾ ਸਿਰਫ ਇੱਕ ਹੀ ਹੱਲ ਹੈ ਕਿ ਕੋਲਾ ਅਤੇ ਪੈਟਰੋਲੀਅਮ ਈਂਧਣਾਂ ਦੀ ਵਰਤੋਂ ਅੱਜ ਹੀ ਬਿਲਕੁਲ ਬੰਦ ਕਰ ਦਿੱਤੀ ਜਾਵੇ ਜੋ ਕਿ ਸੰਭਵ ਨਹੀਂ ਹੈ। ਜੇ ਗਲੋਬਲ ਵਾਰਮਿੰਗ ਇਸੇ ਤਰ੍ਹਾਂ ਵਧਦੀ ਰਹੀ ਤਾਂ ਹੋ ਸਕਦਾ ਹੈ 200-300 ਸਾਲਾਂ ਬਾਅਦ ਪੰਜਾਬ ਦਾ ਸ਼ਹਿਰ ਬਠਿੰਡਾ ਬੰਦਰਗਾਹ ਵਿਚ ਤਬਦੀਲ ਹੋ ਜਾਵੇ।

# ਦਿਮਾਗ ਵਾਂਗ ਸੋਚਣ ਵਾਲੀਆਂ ਮਸ਼ੀਨਾਂ – ਨਿਊਰੋਮੋਰਫਿਕ ਕੰਪਿਊਟਿੰਗ

ਜਿਵੇਂ ਦੁਨੀਆਂ ਮਸ਼ੀਨੀ ਬੁੱਧੀ (ਆਰਟੀਫੀਸ਼ੀਅਲ ਇੰਟੈਲੀਜੈਂਸ) ਦੇ ਯੁੱਗ ਵਿਚ ਹੋਰ ਅੱਗੇ ਵਧ ਰਹੀ ਹੈ, ਵਿਗਿਆਨੀਆਂ ਦੀਆਂ ਪ੍ਰਯੋਗਸ਼ਾਲਾਵਾਂ ਵਿਚੋਂ ਇੱਕ ਨਵੀਂ ਕ੍ਰਾਂਤੀਕਾਰੀ ਸੋਚ ਜਨਮ ਲੈ ਰਹੀ ਹੈ—ਨਿਊਰੋਮੋਰਫਿਕ ਕੰਪਿਊਟਿੰਗ। ਇਸਨੂੰ ਕਈ ਵਾਰ 'ਦੋ ਕਾਠੀਆਂ ਵਾਲੀ ਸਾਈਕਲ' ਵਾਂਗ ਸਮਝਾਇਆ ਜਾਂਦਾ ਹੈ, ਕਿਉਂਕਿ ਇਹ ਮਨੁੱਖੀ ਦਿਮਾਗ ਦੀ ਨਾੜੀ ਬਣਤਰ ਅਤੇ ਉਸ ਦੇ ਕੰਮ ਕਰਨ ਦੇ ਢੰਗ ਨਾਲ ਮਿਲ ਕੇ ਕੰਮ ਕਰਦੀ ਹੈ। ਇਹ ਕੰਪਿਊਟਿੰਗ ਮਨੁੱਖੀ ਦਿਮਾਗ ਤੋਂ ਪ੍ਰੇਰਿਤ ਹੈ, ਜਿਸ ਵਿਚ ਜਾਣਕਾਰੀ ਨੂੰ ਇੱਕੋ ਸਮੇਂ ਕਈ ਤਰੀਕਿਆਂ ਨਾਲ ਸੰਭਾਲਿਆ ਜਾਂਦਾ ਹੈ ਅਤੇ ਜੋੜ ਬਦਲਦੇ ਰਹਿੰਦੇ ਹਨ, ਬਿਲਕੁਲ ਦਿਮਾਗ ਦੇ ਨਾੜੀ-ਜੋੜਾਂ ਵਾਂਗ। ਇਸਦਾ ਮੁੱਖ ਮੰਤਵ ਮਨੁੱਖੀ ਦਿਮਾਗ ਦੇ ਕੰਮ ਕਰਨ ਦੇ ਢੰਗ ਦੀ ਨਕਲ



**ਡਾ. ਗੁਰਜੀਤ ਸਿੰਘ ਭੱਠਲ**
**ਫੋਨ: 98142-05475**


ਕਰਨਾ ਹੈ, ਤਾਂ ਜੋ ਮਸ਼ੀਨਾਂ ਹੋਰ ਸਮਝਦਾਰ ਬਣ ਕੇ ਸਿੱਖ ਸਕਣ ਤੇ ਕੰਮ ਕਰ ਸਕਣ। ਰਵਾਇਤੀ ਕੰਪਿਊਟਰਾਂ ਤੋਂ ਵੱਖਰਾ, ਜੋ ਹਦਾਇਤਾਂ ਨੂੰ ਕ੍ਰਮਵਾਰ ਤਰੀਕੇ ਨਾਲ ਪੂਰਾ ਕਰਦੇ ਹਨ, ਨਿਊਰੋਮੋਰਫਿਕ ਸਿਸਟਮ ਇੱਕੋ ਸਮੇਂ ਕਈ ਕੰਮ ਕਰਦੇ ਹਨ ਅਤੇ ਮੈਮੋਰੀ ਤੇ ਪ੍ਰੋਸੈਸਿੰਗ ਨੂੰ ਇਕੱਠੇ ਵਰਤਦੇ ਹਨ। ਇਸ ਕਾਰਨ ਇਹ ਬਹੁਤ ਤੇਜ਼ ਅਤੇ ਘੱਟ ਬਿਜਲੀ ਵਰਤਣ ਵਾਲੇ ਹੁੰਦੇ ਹਨ। ਇਹ ਤਕਨੀਕ ਸਵੈ-ਚਾਲਿਤ ਗੱਡੀਆਂ ਤੋਂ ਲੈ ਕੇ ਵਾਤਾਵਰਣ ਸੂਚਕਾਂ ਤੱਕ ਗੁੰਝਲਦਾਰ ਕੰਮ ਬਿਨਾਂ ਰੁਕਾਵਟ ਕਰ ਸਕਦੀ ਹੈ। ਅੱਜ ਜਦੋਂ ਊਰਜਾ ਦੀ ਖਪਤ ਵਧ ਰਹੀ ਹੈ ਅਤੇ ਕੰਪਿਊਟਿੰਗ ਦੀ ਲੋੜ ਵੀ ਤੇਜ਼ੀ ਨਾਲ ਵਧ ਰਹੀ ਹੈ, ਨਿਊਰੋਮੋਰਫਿਕ ਚਿਪਸ ਬੁੱਧੀਮਾਨ ਪ੍ਰੋਸੈਸਿੰਗ ਦਾ ਇੱਕ ਟਿਕਾਊ ਭਵਿੱਖ ਸਾਬਤ ਹੋ ਸਕਦੇ ਹਨ।

ਨਿਊਰੋਮੋਰਫਿਕ ਕੰਪਿਊਟਿੰਗ ਦੇ ਇਤਿਹਾਸ ਨੂੰ ਵੇਖਣ ਨਾਲ ਪਤਾ ਲੱਗਦਾ ਹੈ ਕਿ ਇਸਦੀ ਸ਼ੁਰੂਆਤ ਮਸ਼ੀਨੀ ਬੁੱਧੀ ਯੰਤਰ ਵਿਚ ਹੋਈ, ਜਿੱਥੇ ਸਭ ਤੋਂ ਪਹਿਲਾਂ ਨਕਲੀ ਨਿਊਰੋਨ ਅਤੇ ਸਿਨੈਪਸ ਵਰਗੇ ਵਿਚਾਰ ਸਾਹਮਣੇ ਆਏ ਸਨ। ਇਨ੍ਹਾਂ ਸ਼ੁਰੂਆਤੀ ਕੋਸ਼ਿਸ਼ਾਂ ਤੋਂ ਬਾਅਦ, ਉਦਯੋਗ ਅਤੇ ਯੂਨੀਵਰਸਿਟੀਆਂ ਨੇ ਤੇਜ਼ੀ ਨਾਲ ਖੋਜ ਅੱਗੇ ਵਧਾਈ। 2014 ਵਿਚ IBM ਨੇ TrueNorth ਚਿਪ ਬਣਾਈ ਜੋ ਇੱਕ ਵੱਡਾ ਮੀਲ ਪੱਥਰ ਸੀ। ਇਸ ਵਿਚ ਇੱਕ ਮਿਲੀਅਨ ਨਿਊਰੋਨ, 256 ਮਿਲੀਅਨ ਸਿਨੈਪਸ ਸਨ ਅਤੇ ਇਹ ਸਿਰਫ਼ 65-70 ਮਿਲੀਵਾਟ ਬਿਜਲੀ 'ਤੇ ਕੰਮ ਕਰਦੀ ਸੀ। ਇਹ ਪ੍ਰਤੀ ਸੈਕਿੰਡ 58 ਬਿਲੀਅਨ ਕਾਰਵਾਈਆਂ ਕਰ ਸਕਦੀ ਸੀ ਅਤੇ ਰਵਾਇਤੀ ਪ੍ਰੋਸੈਸਰਾਂ ਨਾਲੋਂ 100,000 ਗੁਣਾ ਜ਼ਿਆਦਾ ਊਰਜਾ ਕੁਸ਼ਲ ਸੀ। ਕੁਝ ਸਮੇਂ ਬਾਅਦ Intel ਨੇ ਆਪਣੀ Loihi ਚਿਪ ਲਾਂਚ ਕੀਤੀ, ਜੋ ਪ੍ਰੋਗਰਾਮ ਕਰਨ ਯੋਗ ਸੀ ਅਤੇ ਆਪਣੇ ਆਪ ਸਿੱਖ ਸਕਦੀ ਸੀ। ਅੱਜ Intel ਦਾ Hala Point ਸਿਸਟਮ ਇੱਕ ਵੱਡੀ ਉਪਲਬਧੀ ਹੈ। ਇਸ ਵਿਚ 1.15 ਬਿਲੀਅਨ ਨਿਊਰੋਨ ਅਤੇ 128 ਬਿਲੀਅਨ ਸਿਨੈਪਸ ਹਨ ਜੋ ਪ੍ਰਤੀ ਸੈਕਿੰਡ 20 ਕੁਆਡ੍ਰਿਲੀਅਨ ਕਾਰਵਾਈਆਂ ਕਰ ਸਕਦੇ ਹਨ। ਇਹ ਰਵਾਇਤੀ CPU ਜਾਂ GPU ਨਾਲੋਂ 100 ਗੁਣਾ ਜ਼ਿਆਦਾ ਬਿਜਲੀ ਬਚਾਉਂਦਾ ਹੈ ਅਤੇ 50 ਗੁਣਾ ਤੇਜ਼ ਹੈ। ਇਹ ਸਭ ਵਿਕਾਸ ਦਰਸਾਉਂਦੇ ਹਨ ਕਿ ਹੁਣ ਕੰਪਿਊਟਿੰਗ ਨੂੰ ਦਿਮਾਗ ਵਾਂਗ ਕੰਮ ਕਰਨ ਵੱਲ ਲਿਆਂਦਾ ਜਾ ਰਿਹਾ ਹੈ, ਨਾ ਕਿ ਸਿਰਫ਼ ਸਪ੍ਰੈਡਸ਼ੀਟਾਂ ਜਾਂ ਪੁਰਾਣੇ ਮਾਡਲਾਂ ਵਾਂਗ।

ਇਹ ਦਿਮਾਗ ਤੋਂ ਪ੍ਰੇਰਿਤ ਸਿਸਟਮ ਅਸਲ ਵਿਚ ਕਿਵੇਂ ਕੰਮ ਕਰਦੇ ਹਨ? ਇਹ ਸਿਸਟਮ ਨਕਲੀ 'ਨਿਊਰੋਨ' ਅਤੇ 'ਸਿਨੈਪਸ' ਦੇ ਜਾਲ ਨਾਲ ਬਣੇ ਹੁੰਦੇ ਹਨ। ਇਹ ਜਾਲ ਛੋਟੀਆਂ ਬਿਜਲੀ ਦੀਆਂ ਤਰੰਗਾਂ ਰਾਹੀਂ ਇੱਕ ਦੂਜੇ ਨਾਲ ਗੱਲ ਕਰਦੇ ਹਨ, ਪਰ ਸਿਰਫ਼ ਉਸ ਵੇਲੇ ਜਦੋਂ ਕੋਈ ਘਟਨਾ ਵਾਪਰਦੀ ਹੈ। ਰਵਾਇਤੀ ਕੰਪਿਊਟਰਾਂ ਵਿਚ ਡਾਟਾ ਮੈਮੋਰੀ ਅਤੇ ਪ੍ਰੋਸੈਸਰ ਦੇ ਵਿਚਕਾਰ ਆਉਂਦਾ-ਜਾਂਦਾ ਰਹਿੰਦਾ ਹੈ, ਪਰ ਨਿਊਰੋਮੋਰਫਿਕ ਸਿਸਟਮ ਵਿਚ ਮੈਮੋਰੀ ਅਤੇ ਪ੍ਰੋਸੈਸਿੰਗ ਹਰ ਨਿਊਰੋਨ ਦੇ ਅੰਦਰ ਹੀ ਇਕੱਠੇ ਹੁੰਦੇ ਹਨ। ਇਸ ਕਰਕੇ ਸਿਰਫ਼ ਉਹ ਹਿੱਸੇ ਚੱਲਦੇ ਹਨ ਜੋ ਕੰਮ ਕਰ ਰਹੇ ਹਨ, ਬਾਕੀ ਬੰਦ ਰਹਿੰਦੇ ਹਨ। ਇਸ ਨਾਲ ਬਿਜਲੀ ਦੀ ਵੱਡੀ ਬੱਚਤ ਹੁੰਦੀ ਹੈ।

ਇੱਕ ਅਧਿਐਨ ਵਿਚ Intel ਦੀ Loihi ਚਿਪ ਨਾਲ ਟੈਸਟ ਕੀਤਾ ਗਿਆ। ਇਹ ਚਿਪ ਟੈਕਟਾਈਲ ਪੈਟਰਨ (ਸਪਰਸ਼ ਪੈਟਰਨ) ਪਛਾਣ ਵਿਚ ਇੱਕ ਆਮ GPU ਨਾਲੋਂ 500 ਗੁਣਾ ਜ਼ਿਆਦਾ ਬਿਜਲੀ ਬਚਾਉਂਦੀ ਪਾਈ ਗਈ ਅਤੇ ਸਿਰਫ਼ 30mw ਪਾਵਰ ਵਰਤੀ। ਇੱਕ ਹੋਰ ਟੈਸਟ, Loihi 2 ਚਿਪ ਨਾਲ, ਰੋਬੋਟਿਕਸ ਅਤੇ ਆਪਣੇ ਆਪ ਚੱਲਣ ਵਾਲੇ ਸਿਸਟਮਾਂ ਲਈ ਦਰਸਾਇਆ ਕਿ ਇਹ CPUs ਨਾਲੋਂ 100 ਗੁਣਾ ਅਤੇ GPUs ਨਾਲੋਂ ਲਗਭਗ 30 ਗੁਣਾ ਵੱਧ ਬਿਜਲੀ ਕੁਸ਼ਲ ਹੈ। ਇਹ ਸਿਰਫ਼ ਅੰਕੜੇ ਨਹੀਂ ਹਨ, ਬਲਕਿ ਅਸਲੀ ਸਬੂਤ ਹਨ ਕਿ ਇਹ ਤਕਨਾਲੋਜੀ ਬਿਜਲੀ ਸੰਵੇਦਨਸ਼ੀਲ ਖੇਤਰਾਂ ਵਿਚ ਕਿੰਨੀ ਕਾਰਗਰ ਹੋ ਸਕਦੀ ਹੈ।

ਪਰ, ਹਰ ਨਵੀਂ ਤਕਨੀਕ ਵਾਂਗ ਇਸ ਨਾਲ ਵੀ ਕੁਝ ਚੁਣੌਤੀਆਂ ਹਨ। ਨਿਊਰੋਮੋਰਫਿਕ ਸਿਸਟਮਾਂ ਲਈ ਪ੍ਰੋਗਰਾਮ ਬਣਾਉਣਾ ਆਮ CPUs ਜਾਂ GPUs ਲਈ ਕੋਡ ਲਿਖਣ ਤੋਂ ਬਿਲਕੁਲ ਵੱਖਰਾ ਹੁੰਦਾ ਹੈ। ਇਸ ਲਈ ਨਵੇਂ ਟੂਲ, ਫਰੇਮਵਰਕ ਅਤੇ ਸਿੱਖਣ ਦੇ ਤਰੀਕੇ ਚਾਹੀਦੇ ਹਨ, ਜੋ ਅਜੇ ਵੱਡੇ ਪੱਧਰ 'ਤੇ ਉਪਲਬਧ ਨਹੀਂ ਹਨ।




ਇਸ ਤੋਂ ਇਲਾਵਾ, ਮਿਆਰੀ ਟੈਸਟਿੰਗ ਮਾਪਦੰਡਾਂ ਦੀ ਕਮੀ ਕਾਰਨ ਵੱਖ-ਵੱਖ ਸਿਸਟਮਾਂ ਦੀ ਤੁਲਨਾ ਕਰਨਾ ਮੁਸ਼ਕਲ ਹੈ। ਮੌਜੂਦਾ ਚਿਪਾਂ ਹਾਲੇ ਵੀ ਮਨੁੱਖੀ ਦਿਮਾਗ ਨਾਲੋਂ ਬਹੁਤ ਘੱਟ ਕੁਸ਼ਲ ਹਨ—ਕੁਝ ਅੰਦਾਜ਼ਿਆਂ ਅਨੁਸਾਰ 10,000 ਗੁਣਾ ਪਿੱਛੇ। ਨਾਲ ਹੀ, ਉੱਚੀ ਨਿਰਮਾਣ ਲਾਗਤ, ਘੱਟ ਡਿਵੈਲਪਰ ਜਾਗਰੂਕਤਾ ਅਤੇ ਵਪਾਰਕ ਪੱਖੋਂ ਅਨਿਸ਼ਚਿਤਤਾ ਇਸਦੀ ਅਪਣਾਉਣ ਦੀ ਗਤੀ ਹੌਲੀ ਕਰ ਰਹੀ ਹੈ।

ਭਾਰਤੀ ਸੰਦਰਭ ਵਿਚ ਨਿਊਰੋਮੋਰਫਿਕ ਕੰਪਿਊਟਿੰਗ ਉਮੀਦ ਅਤੇ ਮੌਕਿਆਂ ਨਾਲ ਭਰਪੂਰ ਹੈ। ਦੇਸ਼ ਦੇ ਕਈ ਪ੍ਰਸਿੱਧ ਸੰਸਥਾਨ ਇਸ ਖੇਤਰ ਵਿਚ ਆਪਣਾ ਯੋਗਦਾਨ ਪਾ ਰਹੇ ਹਨ। ਬੈਂਗਲੁਰੂ ਵਿਚ ਭਾਰਤੀ ਵਿਗਿਆਨ ਸੰਸਥਾਨ (ਆਈ.ਆਈ.ਐਸ.ਸੀ) ਦੀ ਨਿਊਰੋਨਿਕਸ ਪ੍ਰਯੋਗਸ਼ਾਲਾ ਘੱਟ ਬਿਜਲੀ 'ਤੇ ਕੰਮ ਕਰਨ ਵਾਲੇ ਸੈਂਸਰਾਂ ਅਤੇ ਮਸ਼ੀਨੀ ਬੁੱਧੀ ਐਪਲੀਕੇਸ਼ਨਾਂ ਲਈ ਡਿਜੀਟਲ ਵੈਰੀ ਲਾਰਜ ਸਕੇਲ ਇੰਟੀਗ੍ਰੇਸ਼ਨ (ਵੀ.ਐਲ.ਐਸ.ਆਈ.) ਸਰਕਟ, ਫੀਲਡ ਪ੍ਰੋਗਰਾਮੇਬਲ ਗੇਟ ਅਰੇ (ਐਫ.ਪੀ.ਜੀ.ਏ) ਅਤੇ ਦਿਮਾਗ ਤੋਂ ਪ੍ਰੇਰਿਤ ਐਲਗੋਰਿਦਮਾਂ 'ਤੇ ਕੰਮ ਕਰ ਰਹੀ ਹੈ। ਆਈ.ਆਈ.ਟੀ. ਬੰਬੇ ਵਿਚ ਜੀਵ-ਅਨੁਕਰਣ ਉਪਕਰਣਾਂ ਦੀ ਖੋਜ ਹੋ ਰਹੀ ਹੈ, ਜਿੱਥੇ ਆਕਸਾਈਡ ਪਤਲੀਆਂ ਪਰਤਾਂ ਦੀ ਵਰਤੋਂ ਕਰ ਕੇ ਸਿਨੈਪਸ ਵਰਗਾ ਵਿਵਹਾਰ ਦੁਹਰਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਆਈ.ਆਈ.ਟੀ. ਮਦਰਾਸ ਦਾ ਗਣਾਤਮਕ ਦਿਮਾਗੀ ਖੋਜ ਕੇਂਦਰ, ਜਿਸਨੂੰ ਇਨਫੋਸਿਸ ਦਾ ਸਹਿਯੋਗ ਪ੍ਰਾਪਤ ਹੈ, ਨਿਊਰੋਸਾਇੰਸ ਅਤੇ ਇੰਜੀਨੀਅਰਿੰਗ ਨੂੰ ਮਿਲਾ ਕੇ ਇਸ ਖੇਤਰ ਵਿਚ ਨਵੀਂ ਦਿਸ਼ਾ ਦੇਣ ਵਾਲੀ ਖੋਜ ਨੂੰ ਅੱਗੇ ਵਧਾ ਰਿਹਾ ਹੈ। ਅਕਾਦਮਿਕ ਅਤੇ ਉਦਯੋਗੀ ਸਹਿਯੋਗ ਵੀ ਤੇਜ਼ੀ ਨਾਲ ਵਧ ਰਿਹਾ ਹੈ। ਸੈਂਟਰ ਫਾਰ ਡਿਵੈਲਪਮੈਂਟ ਆਫ ਐਡਵਾਂਸਡ ਕੰਪਿਊਟਿੰਗ, (ਸੀ-ਡੈਕ) ਅਤੇ ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲਾ (ਮੈਟੀ) ਨੇ ਅਪ੍ਰੈਲ 2025 ਵਿਚ ਇੱਕ ਰਾਸ਼ਟਰੀ ਮੀਟਿੰਗ ਕਰਵਾ ਕੇ ਆਈਆਈਟੀਜ਼ ਦੇ ਮਾਹਿਰਾਂ ਨੂੰ ਇਕੱਠਾ ਕੀਤਾ, ਤਾਂ ਜੋ ਭਾਰਤੀ ਨਿਊਰੋਮੋਰਫਿਕ ਮਿਸ਼ਨ ਲਈ ਸਮੱਗਰੀ, ਸਰਕਟ ਅਤੇ ਪ੍ਰਣਾਲੀਆਂ ਦੇ ਵਿਕਾਸ ਦੀ ਰਾਹ ਰੇਖਾ ਤਿਆਰ ਕੀਤੀ ਜਾ ਸਕੇ। ਖਾਸ ਤੌਰ 'ਤੇ ਆਈਆਈਐਸਸੀ ਦੇ ਖੋਜਕਾਰਾਂ ਨੇ ਇੱਕ 'ਚਿੱਪ 'ਤੇ ਦਿਮਾਗ' ਤਿਆਰ ਕੀਤਾ ਹੈ ਜੋ 16,500 ਵੱਖ-ਵੱਖ ਰਾਜਾਂ ਵਿਚ ਡੇਟਾ ਸਟੋਰ ਕਰਨ ਅਤੇ ਪ੍ਰੋਸੈਸ ਕਰਨ ਦੀ ਸਮਰੱਥਾ ਰੱਖਦਾ ਹੈ, ਜੋ ਕਿ ਤਕਨੀਕੀ ਅਤੇ ਰਣਨੀਤਕ ਦੋਵਾਂ ਪੱਖਾਂ ਤੋਂ ਵੱਡਾ ਮੀਲ ਪੱਥਰ ਹੈ। ਇਹ ਸਾਰੇ ਯਤਨ ਦਰਸਾਉਂਦੇ ਹਨ ਕਿ ਭਾਰਤ ਗਲੋਬਲ ਦਿੱਗਜਾਂ ਦੀ ਨਕਲ ਕਰਨ ਦੀ ਬਜਾਏ ਆਪਣੀਆਂ ਸਥਾਨਕ ਤਾਕਤਾਂ—ਜਿਵੇਂ ਸਮੱਗਰੀ ਵਿਗਿਆਨ, ਐਜ ਕੰਪਿਊਟਿੰਗ ਅਤੇ ਘੱਟ ਬਿਜਲੀ ਖਪਤ ਵਾਲੀ ਇਨਫਰੈਂਸ—ਦਾ ਸਹੀ ਫਾਇਦਾ ਚੁੱਕ ਕੇ ਸਮਾਰਟ ਸ਼ਹਿਰਾਂ, ਖੇਤੀਬਾੜੀ ਅਤੇ ਸਿਹਤ ਖੇਤਰ ਲਈ ਵਿਸ਼ੇਸ਼ ਨਿਊਰੋਮੋਰਫਿਕ ਹੱਲ ਤਿਆਰ ਕਰ ਸਕਦਾ ਹੈ। ਇਸ ਵਿਚ ਸਰਕਾਰ ਦਾ ਸਮਰਥਨ ਵੀ ਬਹੁਤ ਮਹੱਤਵਪੂਰਨ ਹੋਵੇਗਾ, ਜੋ 'ਮੇਕ ਇਨ ਇੰਡੀਆ', 'ਡਿਜੀਟਲ ਇੰਡੀਆ' ਅਤੇ ਰਣਨੀਤਕ ਇਲੈਕਟ੍ਰਾਨਿਕਸ ਵਰਗੀਆਂ ਪਹਿਲਕਦਮੀਆਂ ਰਾਹੀਂ ਖੋਜ, ਵਿਕਾਸ, ਨਵੇਂ ਸਟਾਰਟਅੱਪ ਅਤੇ ਪੂਰੇ ਪਰਿਸਥਿਤਕੀ ਤੰਤਰ ਨੂੰ ਮਜ਼ਬੂਤ ਕਰ ਰਿਹਾ ਹੈ।

ਅੱਗੇ ਵੱਲ ਦੇਖਦੇ ਹੋਏ, ਨਿਊਰੋਮੋਰਫਿਕ ਕੰਪਿਊਟਿੰਗ ਵਿਚ ਮਸ਼ੀਨੀ ਬੁੱਧੀ ਨੂੰ ਵੱਖ-ਵੱਖ ਖੇਤਰਾਂ ਵਿਚ ਬਦਲਣ ਦੀ ਸਮਰੱਥਾ ਹੈ। ਐਜ ਮਸ਼ੀਨੀ ਬੁੱਧੀ ਆਉਣ ਵਾਲੇ ਸਮੇਂ ਵਿਚ ਅਸਲ ਵੇਲੇ 'ਚ, ਹਰ ਵੇਲੇ ਉਪਕਰਣਾਂ 'ਤੇ ਉਪਲਬਧ ਹੋ ਸਕਦੀ ਹੈ—ਸਮਾਰਟ ਫ਼ੋਨ, ਵਾਤਾਵਰਣ ਸੰਵੇਦਕ, ਮਸ਼ੀਨੀ ਅੰਗ, ਪਹਿਨਣਯੋਗ ਉਪਕਰਣ—ਜੋ ਬਹੁਤ ਘੱਟ ਬਿਜਲੀ ਨਾਲ ਕੰਮ ਕਰ ਸਕਦੇ ਹਨ। ਸਿਹਤ ਸੰਭਾਲ ਵਿਚ, ਨਿਊਰੋਮੋਰਫਿਕ ਚਿਪਾਂ ਚਿੱਤਰਣ, ਜੀਵ-ਸੰਕੇਤ ਜਾਂ ਪਹਿਨਣਯੋਗ ਉਪਕਰਣਾਂ 'ਤੇ ਸਥਾਨਕ ਜਾਂਚ ਕਰ ਸਕਦੀਆਂ ਹਨ, ਜਿਸ ਨਾਲ ਦੇਰੀ ਘਟਦੀ ਹੈ ਅਤੇ ਗੋਪਨੀਯਤਾ ਸੁਰੱਖਿਅਤ ਰਹਿੰਦੀ ਹੈ। ਪੁਲਾੜ ਖੋਜ ਜਿਹੇ ਦੂਰਲੇ ਖੇਤਰਾਂ ਵਿਚ, ਇਹ ਚਿਪਾਂ ਰੋਵਰਾਂ ਅਤੇ ਅੰਤਰਿਕਸ਼ ਯਾਨਾਂ ਨੂੰ ਕੁਸ਼ਲਤਾ ਨਾਲ ਮਾਰਗਦਰਸ਼ਨ ਕਰ ਸਕਦੀਆਂ ਹਨ। ਵਾਤਾਵਰਣ ਅਤੇ ਊਰਜਾ ਪ੍ਰਣਾਲੀਆਂ ਵਿਚ, ਘਟਨਾ-ਅਧਾਰਿਤ ਸੰਰਚਨਾਵਾਂ ਗਰਿੱਡ ਪ੍ਰਬੰਧਨ ਵਿਚ ਮਾਈਕ੍ਰੋਸੈਕੰਡ ਪੱਧਰ ਦੀ ਪ੍ਰਤੀਕਿਰਿਆ ਦੇ ਸਕਦੀਆਂ ਹਨ, ਨਵਿਆਉਣਯੋਗ ਊਰਜਾ ਦੇ ਇਕੱਤਰਣ ਤੋਂ ਲੈ ਕੇ ਮੰਗ ਦੇ ਵਿਸ਼ਲੇਸ਼ਣ ਤੱਕ। ਵਿਸ਼ਵ ਪੱਧਰ 'ਤੇ ਵੀ ਇਸ ਦੇ ਅਸਰ ਦੂਰ-ਦੂਰ ਤੱਕ ਹੋ ਸਕਦੇ ਹਨ। ਮਸ਼ੀਨੀ ਬੁੱਧੀ ਨਾਲ ਚੱਲਣ ਵਾਲੇ ਸਮਾਰਟ ਆਵਾਜਾਈ ਪ੍ਰਣਾਲੀਆਂ ਤੋਂ ਜੋ ਬੈਟਰੀ ਖਤਮ ਨਹੀਂ ਕਰਦੀਆਂ, ਘਰਾਂ, ਫੈਕਟਰੀਆਂ ਅਤੇ ਖੇਤਾਂ ਵਿਚ ਹਰ ਵੇਲੇ ਅਨੁਕੂਲ ਸੰਵੇਦਕਾਂ ਤੱਕ—ਦਿਮਾਗ ਤੋਂ ਪ੍ਰੇਰਿਤ ਚਿਪਾਂ ਬੁਨਿਆਦੀ ਢਾਂਚੇ ਅਤੇ ਜੀਵਨ ਦੇ ਹਰ ਪੱਖ ਵਿਚ ਬੁੱਧੀਮਾਨ ਸਮਰੱਥਾ ਜੋੜ ਸਕਦੀਆਂ ਹਨ। ਇਹ ਤਕਨਾਲੋਜੀ ਮਸ਼ੀਨੀ ਬੁੱਧੀ ਨੂੰ ਲੋਕਾਂ ਤੱਕ ਹੋਰ ਆਸਾਨ ਬਣਾਉਣ ਦੀ ਸਮਰੱਥਾ ਰੱਖਦੀ ਹੈ—ਖਾਸ ਕਰਕੇ ਉਨ੍ਹਾਂ ਖੇਤਰਾਂ ਵਿਚ ਜਿੱਥੇ ਬਿਜਲੀ ਜਾਂ ਕਨੈਕਸ਼ਨ ਦੀ ਘਾਟ ਹੁੰਦੀ ਹੈ। ਪਰ, ਇਸ ਭਵਿੱਖ ਨੂੰ ਹਕੀਕਤ ਬਣਾਉਣ ਲਈ ਰੁਕਾਵਟਾਂ ਨੂੰ ਪਾਰ ਕਰਨਾ ਲਾਜ਼ਮੀ ਹੈ: ਪ੍ਰੋਗਰਾਮਿੰਗ ਪਰਿਸਥਿਤਕੀ ਤੰਤਰ ਨੂੰ ਹੋਰ ਮਜ਼ਬੂਤ ਕਰਨਾ, ਮਾਪਦੰਡ ਬਣਾਉਣਾ ਅਤੇ ਨਵੇਂ ਯੰਤਰਾਂ ਨੂੰ ਡਿਜੀਟਲ ਬੁਨਿਆਦੀ ਢਾਂਚੇ ਵਿਚ ਠੀਕ ਢੰਗ ਨਾਲ ਸ਼ਾਮਲ ਕਰਨਾ।

ਅੰਤ ਵਿਚ, ਨਿਊਰੋਮੋਰਫਿਕ ਕੰਪਿਊਟਿੰਗ ਇੱਕ ਐਸੀ ਤਕਨਾਲੋਜੀ ਹੈ ਜੋ ਭਵਿੱਖ ਵਿਚ ਮਸ਼ੀਨਾਂ ਨੂੰ ਮਨੁੱਖੀ ਦਿਮਾਗ ਵਾਂਗ ਸੋਚਣ, ਸਿੱਖਣ ਅਤੇ ਹੋਰ ਸਮਝਦਾਰੀ ਨਾਲ ਕੰਮ ਕਰਨ ਦੀ ਯੋਗਤਾ ਦੇ ਸਕਦੀ ਹੈ। ਇਹ ਸਿਸਟਮ ਨਾ ਸਿਰਫ਼ ਤੇਜ਼ ਅਤੇ ਹੋਸ਼ਿਆਰ ਹੋਣਗੇ, ਬਲਕਿ ਘੱਟ ਬਿਜਲੀ ਦੀ ਵਰਤੋਂ ਨਾਲ ਵਾਤਾਵਰਣ ਲਈ ਵੀ ਲਾਭਕਾਰੀ ਸਾਬਤ ਹੋਣਗੇ। ਇਸ ਭਵਿੱਖ ਨੂੰ ਹਕੀਕਤ ਬਣਾਉਣ ਲਈ ਵਿਗਿਆਨੀ, ਇੰਜੀਨੀਅਰ, ਨੀਤੀ ਨਿਰਮਾਤਾ ਅਤੇ ਸਿੱਖਿਆ ਸੰਸਥਾਵਾਂ ਨੂੰ ਇਕੱਠੇ ਮਿਲ ਕੇ ਕੰਮ ਕਰਨਾ ਹੋਵੇਗਾ। ਸਰਕਾਰ ਵੱਲੋਂ ਖੋਜ, ਨਵੇਂ ਸਟਾਰਟਅੱਪਾਂ ਅਤੇ ਨਿਰਮਾਣ ਵਿਚ ਨਿਵੇਸ਼ ਦੀ ਲੋੜ ਹੈ। ਵਿਦਿਆਰਥੀਆਂ ਅਤੇ ਆਮ ਲੋਕਾਂ ਲਈ ਇਹ ਇੱਕ ਮੌਕਾ ਹੈ ਕਿ ਉਹ ਇਸ ਨਵੀਂ ਸੋਚ ਨੂੰ ਸਮਝਣ ਅਤੇ ਇਸ ਨਾਲ ਜੁੜ ਕੇ ਆਪਣਾ ਭਵਿੱਖ ਬਣਾਉਣ। ਸਾਫ਼ ਹੈ ਕਿ ਨਿਊਰੋਮੋਰਫਿਕ ਕੰਪਿਊਟਿੰਗ ਸਿਰਫ਼ ਤਕਨੀਕੀ ਉੱਨਤੀ ਨਹੀਂ, ਸਗੋਂ ਸਾਡੇ ਰੋਜ਼ਾਨਾ ਜੀਵਨ ਨੂੰ ਬਿਹਤਰ ਬਣਾਉਣ ਵੱਲ ਇਕ ਮਹੱਤਵਪੂਰਨ ਕਦਮ ਹੈ।

# ਮੈਂ ਧਰਮਸ਼ਾਲਾ ਬੋਲਦੀ ਹਾਂ!

ਮੈਂ ਥਾਈ ਉਰਫ਼ ਧਰਮਸ਼ਾਲਾ ਆਪਣੀ ਹੋਣੀ ਉਤੇ ਹੌਂਕੇ ਭਰਦੀ ਹਾਂ। ਜੇ ਮਾੜੇ ਦਿਨਾਂ ਤੋਂ ਬਾਅਦ ਸੁਖ ਦੇ ਦਿਨ ਆ ਜਾਣ ਖੁਸ਼ੀ ਸਾਂਭੀ ਨਹੀਂ ਜਾਂਦੀ, ਪਰ ਜਦੋਂ ਚੰਗੇ ਦਿਨਾਂ ਬਾਅਦ ਮਾੜੇ ਦਿਨ ਆ ਜਾਣ ਫੇਰ ਓਹੀ ਜਾਣਦੈ, ਜੀਹਦੇ 'ਤੇ ਬੀਤਦੀ ਐ। ਜਦੋਂ ਕਦੇ ਮੈਂ ਸੋਚਾਂ ਵਿਚ ਡੁੱਬੀ ਆਪਣੇ ਅਤੀਤ ਵੱਲ ਝਾਤੀ ਮਾਰਦੀ ਹਾਂ ਤਾਂ ਉਹ ਦਿਨ ਯਾਦ ਆ ਜਾਂਦੇ ਹਨ ਜਦੋਂ ਅਗਵਾੜ, ਪੱਤੀ, ਮੁਹੱਲੇ ਦੀ ਕਿਸੇ ਧੀ-ਭੈਣ ਦੇ ਵਿਆਹ ਤੋਂ ਦੋ-ਤਿੰਨ ਦਿਨ ਪਹਿਲਾਂ ਮੇਰੀ ਸਾਫ-ਸਫਾਈ ਆਰੰਭ ਹੋ ਜਾਂਦੀ ਸੀ। ਝਾੜੂ,



**ਕੁਲਦੀਪ ਸਿੰਘ ਧਨੌਲਾ**
**ਫੋਨ: 94642-91023**

ਪੋਚਿਆਂ ਤੇ ਕਲੀ-ਕੂਚੀ ਦੀ ਗੱਲ ਛੱਡੋ ਮੱਕੜੀਆਂ ਦੇ ਜਾਲੇ ਤਕ ਵੀ ਉਤਾਰੇ ਜਾਂਦੇ ਸਨ। ਸਾਉਣ ਮਹੀਨੇ ਤੋਂ ਪਹਿਲਾਂ ਮੇਰੀਆਂ ਛੱਤਾਂ ਤਕ ਲਿੰਪੀਆਂ ਜਾਂਦੀਆਂ ਸਨ ਤਾਂ ਕਿ ਮੀਂਹ-ਕਣੀ ਸਮੇਂ ਪਾਣੀ ਨਾ ਚੋਵੇ। ਕੁਝ ਸਾਲਾਂ ਬਾਅਦ ਤਾਂ ਮੇਰੀਆਂ ਚੁਗਾਠਾਂ ਤੇ ਦਰਵਾਜ਼ਿਆਂ ਨੂੰ ਰੰਗ-ਰੋਗਨ ਵੀ ਕੀਤਾ ਜਾਂਦਾ ਸੀ। ਗਲੀ-ਮੁਹੱਲੇ ਦੇ ਮੁੰਡੇ-ਖੁੰਡੇ ਘਰਾਂ 'ਚੋਂ ਮੰਜੇ-ਬਿਸਤਰੇ 'ਕੱਠੇ ਕਰਕੇ ਮੇਰੇ ਹਵਾਲੇ ਕਰ ਦਿੰਦੇ ਸਨ। ਮੇਰੇ ਵਿਹੜੇ ਵਿਚ ਵੱਡੀਆਂ-ਵੱਡੀਆਂ ਚੁਰਾਂ ਪੁੱਟ ਕੇ ਜਾਂ ਇੱਟਾਂ ਦੇ ਆਰਜ਼ੀ ਚੁੱਲ੍ਹੇ ਬਣਾ ਕੇ ਬਰਾਤ ਲਈ ਵੱਡੇ-ਵੱਡੇ ਕੜਾਹੇ ਪਾਣੀ ਦੇ ਗਰਮ ਕੀਤੇ ਜਾਂਦੇ ਸਨ, ਕਿਉਂਕਿ ਉਦੋਂ ਬਰਾਤੀ ਆ ਕੇ ਗਰਮ ਪਾਣੀ ਨਾਲ ਨਹਾਉਂਦੇ ਸਨ। ਉਦੋਂ ਬਰਾਤਾਂ ਦੋ-ਦੋ, ਤਿੰਨ-ਤਿੰਨ ਦਿਨ ਰਹਿੰਦੀਆਂ ਸਨ ਤੇ ਗੱਡਿਆਂ, ਰੇੜੀਆਂ, ਬੋਤੇ-ਬੋਤੀਆਂ, ਘੋੜੇ-ਘੋੜੀਆਂ ਉਤੇ ਆਉਂਦੀਆਂ ਸਨ। ਸਿਹਰੇ ਬੰਨ੍ਹੀਂ ਜੰਞ ਸਮੇਤ ਪ੍ਰਾਹੁਣਾ ਵਾਜਿਆਂ-ਗਾਜਿਆਂ ਨਾਲ ਪਹਿਲਾਂ ਮੇਰੇ ਦਰ ਢੁਕਦਾ ਸੀ ਤੇ ਨਿਆਣੇ ਕੁੜੀ ਵਾਲਿਆਂ ਦੇ ਘਰ ਤਕ ਰੌਲਾ ਪਾਉਂਦੇ ਭੱਜੇ ਜਾਂਦੇ 'ਬਰਾਤ ਆ ਗਈ ਓਏ! ਬਰਾਤ ਆ ਗਈ ਓਏ!' ਜੰਞ ਦੇ ਆਉਣ ਸਾਰ ਰੇਡੀਏ (ਲਾਊਡ ਸਪੀਕਰ) ਵਾਲਾ ਮੇਰੀ ਛੱਤ 'ਤੇ ਦੋ ਮੰਜਿਆਂ ਦੀਆਂ ਦੌਣਾਂ ਉਪਰ ਵਾਲੇ ਪਾਸੇ ਕਰਕੇ ਉਨ੍ਹਾਂ ਨਾਲ ਦੋ-ਦੋ ਸਪੀਕਰ ਬੰਨ੍ਹ ਦਿੰਦਾ, ਇਕ ਸਪੀਕਰ ਦਾ ਮੂੰਹ ਕੁੜੀ ਵਾਲਿਆਂ ਦੇ ਘਰ ਵੱਲ ਨੂੰ ਕਰ ਦਿੰਦਾ ਤੇ ਦੂਜੇ ਦਾ ਪਿੰਡ ਵੱਲ ਨੂੰ ਕਰਕੇ ਯਮਲੇ ਜੱਟ ਦਾ ਗੀਤ 'ਸਤਿਗੁਰ ਨਾਨਕ ਤੇਰੀ ਲੀਲ੍ਹਾ ਨਿਆਰੀ ਐ...' ਲਾ ਦਿੰਦਾ। ਉਸ ਤੋਂ ਬਾਅਦ ਕੁੜੀ ਦੇ ਵਿਦਾ ਹੋਣ ਤਕ ਚੱਲ ਸੋ ਚੱਲ। ਇਕ ਨਹੀਂ ਬਹੁਤ ਵਾਰ ਗੀਤ ਲਾਉਣ ਪਿੱਛੇ ਲੜਾਈਆਂ ਤਕ ਹੋ ਜਾਂਦੀਆਂ ਸਨ। ਕਈ ਵਾਰ ਤਾਂ ਰੇਡੀਏ ਵਾਲੇ ਨੂੰ ਕੁੱਟ ਦਿੰਦੇ ਸਨ। ਇਕ ਰਿਸ਼ਤੇਦਾਰ ਕਹਿੰਦਾ ਕਵੀਸ਼ਰੀ ਲਾਓ, ਦੂਜਾ ਆਖਦਾ ਦੋਗਾਣੇ ਲਾਓ। ਬਸ ਇਨ੍ਹਾਂ ਗੱਲਾਂ ਨੂੰ ਲੈ ਕੇ ਲੜਾਈਆਂ ਹੋ ਜਾਂਦੀਆਂ ਸਨ।

ਜਦੋਂ ਰੇਡੀਏ ਵਾਲਾ ਤਵਾ ਪੂਰਾ ਹੋਣ 'ਤੇ ਸੂਈ ਕੱਢ ਕੇ ਸੁੱਟਦਾ ਤਾਂ ਕੋਲ ਖੜ੍ਹੇ ਜੁਆਕ



ਕਸਬਾ ਧਨੌਲਾ ਵਿਖੇ ਸੰਗਰ ਪੱਤੀ ਦੀ ਧਰਮਸ਼ਾਲਾ ਦਾ ਦ੍ਰਿਸ਼ (ਫੋਟੋ: ਧਨੌਲਾ)

ਭੱਜ ਕੇ ਇਕ-ਦੂਜੇ ਤੋਂ ਮੂਹਰੇ ਹੋ ਕੇ ਚੁੱਕਦੇ ਸਨ। ਜਦੋਂ ਬਰਾਤ ਕੁੜੀ ਵਾਲਿਆਂ ਦੇ ਘਰ ਚਾਹ ਪੀਣ ਜਾਂਦੀ ਤਾਂ ਟੂਮਾਂ ਵਾਲੇ ਟਰੰਕ ਕੋਲ ਬਰਾਤੀਆਂ ਦਾ ਸਿਆਣਾ ਬੰਦਾ ਰਾਖੀ ਬਹਿੰਦਾ ਸੀ ਤੇ ਉਹਦੀ ਸਪੈਸ਼ਲ ਚਾਹ ਇਥੇ ਹੀ ਪਹੁੰਚਦੀ ਸੀ। ਸ਼ਰਾਬ ਪੀਣ ਵਾਲੇ ਮੰਜਿਆਂ 'ਤੇ ਬੈਠ ਕੇ ਨਮਕੀਨ ਪਕੌੜੀਆਂ ਨਾਲ ਪੈਗ ਲਾ ਕੇ ਜਦੋਂ ਖਾਲੀ ਬੋਤਲ ਮੰਜੇ ਥੱਲੇ ਰੋੜ ਦਿੰਦੇ ਤਾਂ ਕੋਲ ਖੜ੍ਹੇ ਜੁਆਕ ਭੱਜ ਕੇ ਚੁੱਕ ਲੈਂਦੇ ਤੇ ਦੁਕਾਨਦਾਰ ਨੂੰ ਵੇਚ ਕੇ ਕੁਝ ਖਾ-ਪੀ ਲੈਂਦੇ।

ਮੇਰੇ ਵਿਹੜੇ ਵਿਚ ਰਾਤਾਂ ਨੂੰ ਮਸ਼ਾਲਾਂ ਜਗਾ ਕੇ ਅਖਾੜੇ ਲਗਦੇ ਸਨ। ਡਰਾਮੇ ਖੇਡੇ ਜਾਂਦੇ ਸਨ। ਕਵੀਸ਼ਰ ਤੇ ਗਾਇਕ ਵੀ ਖਾੜੇ ਲਾਉਂਦੇ ਸਨ ਤੇ ਆਲੇ-ਦੁਆਲੇ ਦੇ ਕਈ ਪਿੰਡਾਂ ਤੋਂ ਲੋਕ ਵਹੀਰਾਂ ਘੱਤ ਕੇ ਆਉਂਦੇ ਸਨ। ਰਾਹ ਬੰਦ ਹੋ ਜਾਂਦੇ ਮੂਹਰੋਂ ਦੀ ਲੰਘਣਾ ਵੀ ਮੁਸ਼ਕਲ ਹੋ ਜਾਂਦਾ ਸੀ। ਜੀਹਦੇ ਵਿਹੜੇ ਐਨੀ ਰੌਣਕ ਰਹੀ ਹੋਵੇ, ਉਹਦੇ ਬੁੱਲ੍ਹਾਂ 'ਤੇ ਕਿਉਂ ਨਹੀਂ ਸਿਕਰੀ ਆਵੇਗੀ?

ਹੁਣ ਸਿਰਫ਼ ਅਗਵਾੜ, ਮੁਹੱਲੇ ਦੇ ਬਜ਼ੁਰਗ ਜਾਂ ਵਿਹਲੜ ਮੁੰਡੇ-ਖੁੰਡੇ ਤਾਸ਼ ਖੇਡਣ ਆਉਂਦੇ ਹਨ ਜਾਂ ਫੇਰ ਜਦੋਂ ਕਿਸੇ ਮ੍ਰਿਤਕ ਦਾ ਸਸਕਾਰ ਕਰਕੇ ਵਾਪਸ ਮੁੜਦੇ ਹਨ, ਉਦੋਂ ਆ ਕੇ ਇਥੇ ਬੈਠਦੇ ਹਨ, ਪ੍ਰੰਤੂ ਉਹ ਲਾਊਡ ਸਪੀਕਰ ਲੱਗਣ ਵਾਲਾ ਨਜ਼ਾਰਾ ਸ਼ਾਇਦ ਮੁੜ ਨਾ ਆਵੇ। ਕਈ ਪਿੰਡਾਂ ਦੀਆਂ ਥਾਈਆਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਇਨ੍ਹਾਂ ਨੂੰ ਗੁਰਦੁਆਰੇ ਦਾ ਰੂਪ ਦੇ ਦਿੱਤਾ ਗਿਆ ਹੈ, ਜਿਸ ਕਾਰਨ ਉਥੇ ਰੌਣਕਾਂ ਲੱਗੀਆਂ ਰਹਿੰਦੀਆਂ ਹਨ। ਕਈ ਥਾਈਂ ਮੇਰੀਆਂ ਭੈਣਾਂ ਦੀ ਏਨੀ ਖਸਤਾ ਹਾਲਤ ਹੈ ਕਿ ਉਨ੍ਹਾਂ ਛੱਤਾਂ, ਕੰਧਾਂ ਡਿੱਗਣ ਕਾਰਨ ਲੋਕਾਂ ਨੇ ਕਬਜ਼ੇ ਤਕ ਕਰ ਲਏ ਹਨ। ਕਈ ਥਾਈਂ ਆਂਗਣਵਾੜੀ ਵਾਲੀਆਂ ਬੀਬੀਆਂ ਬੱਚਿਆਂ ਨੂੰ ਪੜ੍ਹਾਉਂਦੀਆਂ ਹਨ।

ਜਦੋਂ ਦਾ ਲੋਕਾਂ ਨੇ ਮੈਰਿਜ ਪੈਲੇਸਾਂ ਵੱਲ ਰੁਖ ਕਰਿਆ ਹੈ, ਉਦੋਂ ਤੋਂ ਪਿੰਡਾਂ, ਸ਼ਹਿਰਾਂ ਵਿਚੋਂ ਚੜ੍ਹਦੀਆਂ ਬਰਾਤਾਂ ਧਰਮਸ਼ਾਲਾਵਾਂ, ਥਾਈਆਂ ਵਿਚ ਉਤਰਨ ਦੀ ਥਾਂ ਮੈਰਿਜ ਪੈਲਸਾਂ ਵਿਚ ਉਤਰਦੀਆਂ ਹਨ। ਪੈਲਸ ਸੌਂਕਣਾਂ ਬਣ ਗਈਆਂ ਤੇ ਇਨ੍ਹਾਂ ਨੇ ਸਾਡੀਆਂ ਖੁਸ਼ੀਆਂ ਖੋਹ ਲਈਆਂ ਹਨ। ਰੱਬ ਲੋਕਾਂ ਨੂੰ ਬੁੱਧੀ ਬਖ਼ਸ਼ੇ ਪੈਲਸਾਂ ਦੇ ਭਾਰੀ ਖਰਚਿਆਂ ਤੋਂ ਮੁੱਖ ਮੋੜ ਦੇਵੇ ਤੇ ਮੁੜ ਸਾਡੇ ਵਿਹੜੇ ਪਰਤ ਆਉਣ।

# ਚੇਤਿਆਂ 'ਚ ਵੱਸਿਆ ਹਰਭਜਨ ਸੋਹੀ ਅਤੇ ਇਨਕਲਾਬੀ ਨਕਸਲੀ ਲਹਿਰ ਦਾ ਰੋਮਾਂਸ-7

***ਕਾਮਰੇਡ ਹਰਭਜਨ ਸੋਹੀ ਬਾਰੇ ਆਪਣੀਆਂ ਯਾਦਾਂ ਦੇ ਬਿਰਤਾਂਤ ਦੀ ਆਖਰੀ ਕਿਸ਼ਤ ਵਿਚ ਅਤਰਜੀਤ ਨੇ ਆਪਣੇ ਮਹਿਬੂਬ ਆਗੂ ਨਾਲ ਜੇਲ੍ਹ ਅੰਦਰ ਬਿਤਾਏ ਆਪਣੇ ਦਿਨਾਂ ਦੀਆਂ ਯਾਦਾਂ ਸਾਂਝੀਆਂ ਕੀਤੀਆਂ ਹਨ। ਇਨ੍ਹਾਂ ਯਾਦਾਂ ਵਿਚੋਂ ਵੀ ਉਸ ਦਾ ਕਾਮਰੇਡ ਸੋਹੀ ਪ੍ਰਤੀ ਸਤਿਕਾਰ ਡੁੱਲ੍ਹ-ਡੁੱਲ੍ਹ ਪੈਂਦਾ ਹੈ। ਕਈ ਗੱਲਾਂ ਦੇ ਨਾਲ ਉਹ ਜੇਲ੍ਹ ਅੰਦਰ ਪੜ੍ਹਨ ਲਈ ਪ੍ਰਾਪਤ ਹੋਏ ਮਹਾਨ ਫਰਾਂਸੀਸੀ ਨਾਵਲਕਾਰ ਫਲਾ ਬੇਅਰ ਦੇ ਜਗਤ ਪ੍ਰਸਿੱਧ ਨਾਵਲ 'ਮਾਦਾਮ ਬਾਵਾਰੀ' ਬਾਰੇ ਖ਼ੁਦ ਆਪਣੀ ਅਤੇ ਕਾਮਰੇਡ ਸੋਹੀ ਦੀ ਸਮਝ ਬਾਰੇ ਵੀ ਚਰਚਾ ਕੀਤੀ ਹੈ।***

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਮੈਨੂੰ ਮੁਅੱਤਲੀ ਭੱਤਾ ਮਿਲ਼ਣ ਲੱਗ ਪਿਆ। ਮੁੱਖ ਅਧਿਆਪਕਾ ਪ੍ਰਿਤਪਾਲ ਕੌਰ ਨੇ ਤਿੰਨ-ਚਾਰ ਅਧਿਆਪਕ ਮੇਰੀ ਮੁਲਾਕਾਤ ਲਈ ਭੇਜ ਕੇ ਹੌਸਲਾ-ਅਫ਼ਜ਼ਾਈ ਵੀ ਕੀਤੀ ਤੇ ਉਸ ਨੇ ਯਤਨ ਕਰ ਕੇ ਮੇਰਾ ਮੁਅੱਤਲੀ ਭੱਤਾ ਚਾਲੂ ਕਰਵਾ ਦਿੱਤਾ। ਮੈਂ ਹਰ ਮਹੀਨੇ ਰਸੀਦੀ ਟਿਕਟ ਉੱਪਰ ਦਸਤਖ਼ਤ ਕਰ ਕੇ ਮਾਸਟਰ ਮੇਘ, ਜੋ ਗ੍ਰਿਫ਼ਤਾਰੀ ਤੋਂ ਬਚਿਆ ਹੋਇਆ ਸੀ, ਕੋਲ਼ ਭੇਜ ਦਿੰਦਾ। ਉਸ ਕੋਲ਼ ਮੇਰੇ ਦੋ ਸੌ ਵੀਹ ਰੁਪਏ ਪਹੁੰਚ ਜਾਂਦੇ। ਮੇਘ ਇੱਕ ਸੌ ਵੀਹ ਰੁਪਏ ਮੇਰੀ ਮਤਰੇਈ ਭੈਣ ਮਹਿੰਦਰ, ਜੋ ਉਸ ਵਕਤ ਜੇ.ਬੀ.ਟੀ. ਕਰ ਰਹੀ ਨੂੰ ਦੇ ਦਿੰਦਾ ਤੇ ਸੌ ਰੁਪਿਆ ਮੇਰੇ ਕੋਲ਼ ਜੇਲ੍ਹ ਵਿਚ ਪਹੁੰਚਾ ਦਿੰਦਾ। ਮੈਂ ਉਹ ਪੈਸੇ ਸਾਡੇ ਕਮਿਊਨ ਵਿਚ ਦੇ ਦਿੰਦਾ। ਇਉਂ ਹਰਭਜਨ ਦੀ ਮੇਰੇ ਉੱਪਰ ਹੋਰ ਵੀ ਸਵੱਲੀ ਨਜ਼ਰ ਹੋ ਗਈ। ਬੀਮਾਰੀ ਦੇ ਕਾਰਨ

**ਅਤਰਜੀਤ**


ਕਮਜ਼ੋਰੀ ਬਹੁਤ ਹੋਈ ਜਾ ਰਹੀ ਸੀ। ਉਸ ਨੇ ਮੈਨੂੰ ਆਪਣੀ ਬੈਰਕ ਵਿਚ ਬੁਲਾਇਆ-'ਇਨ੍ਹਾਂ ਪੈਸਿਆਂ ਵਿਚੋਂ ਕਿੱਲੋ ਦੁੱਧ ਲਵਾ ਲੈ। ਆਪਾਂ ਦੋਵੇਂ ਰ਼ਲ ਕੇ ਪੀਆ ਕਰਾਂਗੇ।' ਇਹ ਨਹੀਂ ਕਿ ਉਸ ਨੂੰ ਦੁੱਧ ਦਾ ਲਾਲਚ ਸੀ। ਉਹ ਮੇਰੀ ਨਬਜ਼ ਫੜੀ ਬੈਠਾ ਸੀ ਕਿ ਮੈਂ ਆਪਣੇ ਵਾਸਤੇ ਅੱਧਾ ਕਿੱਲੋ ਦੁੱਧ ਨਹੀਂ ਲਗਵਾਵਾਂਗਾ। ਦੋਵੇਂ ਰ਼ਲ ਕੇ ਪੀਣ ਵਾ਼ਲੀ ਗੱਲ ਮਨੋਵਿਗਿਆਨਕ ਸਮਝ ਵਿਚੋਂ ਨਿੱਕਲ਼ਿਆ ਬਿਰਤਾਂਤ ਸੀ। ਅਸੀਂ ਅਗਲੇ ਹੀ ਦਿਨ ਦੁੱਧ ਲਗਵਾ ਲਿਆ। ਦੋਵੇਂ ਰ਼ਲ ਕੇ ਪੀਂਦੇ। ਮੈਂ ਸੱਚ ਕਹਿੰਦਾ ਹਾਂ ਕਿ ਮੈਨੂੰ ਚਾਅ ਜਿਹਾ ਚੜ੍ਹਿਆ ਰਹਿੰਦਾ। ਬਹੁਤ ਥੋੜ੍ਹੇ ਹੀ ਦਿਨਾਂ ਬਾਅਦ ਉਸ ਨੇ ਆਪ ਹੀ ਕਹਿ ਦਿੱਤਾ-'ਅਤਰਜੀਤ ਤੂੰ ਆਪਣੇ ਜੋਗਾ ਦੁੱਧ ਮੰਗਵਾਇਆ ਕਰ, ਮੈਨੂੰ ਦੁੱਧ ਹਜ਼ਮ ਨਹੀਂ ਹੁੰਦਾ। ਇਹ ਵੀ ਉਸ ਦਾ ਝੂਠ ਸੀ, ਪਰ ਇਸ ਦੇ ਅਰਥ ਬਹੁਤ ਗਹਿਰੇ ਸਨ। ਮੇਰਾ ਖ਼ਿਆਲ ਰੱਖਣ ਲਈ ਹੀ ਉਸ ਨੇ 'ਆਪਾਂ ਰ਼ਲ ਕੇ ਦੁੱਧ ਪੀਆ ਕਰਾਂਗੇ' ਬਿਰਤਾਂਤ ਸਿਰਜਿਆ ਸੀ।

ਜੇਲ੍ਹ ਦੀ ਲਾਇਬਰੇਰੀ ਵਿਚੋਂ ਸਾਥੀ ਬਾਰੂ ਸਤਵਰਗ 'ਮਾਦਾਮ ਬਾਵਾਰੀ' ਨਾਵਲ ਕਢਵਾ ਕੇ ਲਿਆਇਆ। ਉਹ ਨਾਵਲ ਪੜ੍ਹ ਕੇ ਮੇਰੇ ਕੋਲ਼ ਲੈ ਕੇ ਆਇਆ ਤੇ ਮੈਨੂੰ ਪੜ੍ਹਨ ਨੂੰ ਦਿੱਤਾ। ਸਾਡੇ ਵਿਚ ਨਾਵਲ ਦੇ ਵਿਸ਼ੇ ਉੱਪਰ ਬਹੁਤ ਨੋਕ-ਝੋਕ ਹੋਈ। ਉਹ ਨਾਵਲ ਨੂੰ ਲੱਚਰ ਕਹਿ ਰਿਹਾ ਸੀ। ਅਸ਼ਲੀਲ ਸ਼ਬਦ ਅਜੇ ਸਾਡੇ ਸ਼ਬਦ ਭੰਡਾਰ ਦਾ ਹਿੱਸਾ ਨਹੀਂ ਸੀ ਬਣਿਆ। ਮੈਂ ਉਸ ਨਾਲ ਸਹਿਮਤ ਨਹੀਂ ਸਾਂ। ਮੈਂ ਇਸ ਨਾਵਲ ਦੀ ਨਾਇਕ ਮਾਦਾਮ ਬਾਵਾਰੀ ਨੂੰ ਪ੍ਰਗਤੀਵਾਦੀ ਨਜ਼ਰੀਏ ਤੋਂ ਵੇਖਦਾ ਸਾਂ। ਬਾਰੂ ਸਤਵਰਗ ਨੇ ਖਿਝ ਕੇ ਇਹ ਵੀ ਕਹਿ ਦਿੱਤਾ ਸੀ ਕਿ ਤੂੰ ਤਾਂ ਮੈਰਿਜ ਬਿਉਰੋ ਵਾ਼ਲਿਆਂ ਦਾ ਪੱਖ ਲੈ ਰਿਹੈਂ, ਜਿਹੜੇ ਔਰਤਾਂ ਨਾਲ ਖੁੱਲ੍ਹ ਮਾਣਨ ਦੀ ਗੱਲ ਕਹਿੰਦੇ ਨੇ। ਇਹੋ ਜਿਹਾ ਟਕਰਾ ਮੇਰੇ ਤੇ ਬਾਰੂ ਸਤਵਰਗ ਵਿਚ ਐਮਰਜੈਂਸੀ ਤੋਂ ਪਹਿਲਾਂ ਵੀ ਉਨ੍ਹਾਂ ਦੁਆਰਾ ਕੱਢੇ ਜਾਂਦੇ ਸਾਹਿਤਕ ਪਰਚੇ ਵਿਚ ਕਾਮਰੇਡ ਲੈਨਿਨ ਦੇ ਲੇਖ-'ਪਾਰਟੀ ਜੀਵਨ ਤੇ ਪਾਰਟੀ ਸਾਹਿਤ' ਛਪਣ ਸਮੇਂ ਵੀ ਪੈਦਾ ਹੋਇਆ ਸੀ। ਮੈਂ ਉਸ ਲੇਖ ਨੂੰ ਸਾਹਿਤਕ ਨਹੀਂ ਸੀ ਮੰਨਦਾ। ਬਾਰੂ ਸਤਵਰਗ ਦੇ ਨਾਲ ਖੜ੍ਹੇ ਸਾਰੇ ਸਾਥੀ ਹੀ ਮੇਰੀ ਸਮਝ ਨੂੰ ਸੋਧਵਾਦ ਦੀ ਉੱਲੀ ਲੱਗੀ ਸਾਬਤ ਕਰਨ ਲੱਗੇ ਹੋਏ ਸਨ। ਬਹੁਤ ਸਾਲਾਂ ਬਾਅਦ ਬਾਰੂ ਸਤਵਰਗ ਮੇਰੇ ਨਾਲ ਸਹਿਮਤ ਹੋਇਆ ਕਿ ਉਹ ਲੇਖ ਸਾਹਿਤਕ ਨਹੀਂ, ਪਾਰਟੀ ਸਾਹਿਤ ਅਤੇ ਪਾਰਟੀ ਜੀਵਨ ਦੇ ਵਿਸ਼ੇ ਨਾਲ ਸਬੰਧਤ ਸੀ।

ਮਾਦਾਮ ਬਾਵਾਰੀ ਨਾਵਲ ਮੈਂ ਹਰਭਜਨ ਕੋਲ਼ ਲੈ ਗਿਆ-'ਇਹ ਨਾਵਲ ਪਹਿਲਾਂ ਪੜ੍ਹਿਆ ਹੈ ਕਿ ਨਹੀਂ।' ਉਸ ਨੇ ਮੇਰੇ ਕੋਲ਼ੋਂ ਹਾਂ-ਹੂੰ ਕਹੇ ਬਗੈਰ ਨਾਵਲ ਲੈ ਲਿਆ ਤੇ ਦੋ ਤਿੰਨ ਦਿਨਾਂ ਵਿਚ ਪੜ੍ਹ ਕੇ ਮੈਨੂੰ ਆਪਣੇ ਕੋਲ ਬੁਲਾਇਆ। ਪਾਠਕ ਸੋਚ ਸਕਦੇ ਹਨ ਕਿ ਹਰਭਜਨ ਆਪ ਮੇਰੇ ਕੋਲ਼ ਕਿਉਂ ਨਹੀਂ ਸੀ ਆਉਂਦਾ। ਕੀ ਉਹ ਆਪਣੇ ਆਪ ਨੂੰ ਇੱਕ ਹਸਤੀ ਸਮਝ ਕੇ ਮੈਨੂੰ ਆਪਣੇ ਕੋਲ਼ ਬੁਲਾਉਂਦਾ ਸੀ। ਨਹੀਂ ਅਸਲ ਵਿਚ ਸਾਡੇ ਵਾ਼ਲੀ ਬੈਰਕ ਵਿਚ ਸਾਰੇ ਹੀ ਚਾਰੂਵਾਦੀ ਸਾਥੀ ਸਨ, ਜਿਨ੍ਹਾਂ ਦਾ ਆਗੂ ਮੱਘਰ ਕੂੱਲਰੀਆਂ ਸੀ। ਉਹ ਇਸ ਗਰੁੱਪ ਪ੍ਰਤੀ ਮੰਦ-ਭਾਵਨਾ ਰੱਖਦੇ ਸਨ, ਜਿਸ ਕਾਰਨ ਹਰਭਜਨ ਤੇ ਬਾਕੀ ਵੀ ਸਾਰੇ ਪਾਸਾ ਵੱਟ ਕੇ ਰੱਖਦੇ ਸਨ। ਮੈਂ ਜਾਂਦੇ ਸਾਰ ਪੁੱਛਿਆ-'ਪੜ੍ਹ ਲਿਆ ਨਾਵਲ?' ਉਹ ਮੁਸਕਰਾਇਆ-'ਵਧੀਆ ਨਾਵਲ ਹੈ।' 'ਮੈਂ ਇਸ ਨਾਵਲ ਉੱਪਰ ਆਪਣੇ ਵਿਚਾਰ ਰੱਖਣਾ ਚਾਹੁਨਾ। ਹਰਭਜਨ ਤੂੰ ਨਾ ਬੋਲੀਂ। ਮੈਨੂੰ ਸੁਣੀਂ।' ਅਸਲ ਵਿਚ 'ਮਾਦਾਮ ਬਾਵਾਰੀ' ਨਾਵਲ ਦੀ ਨਾਇਕਾ ਆਪਣੇ ਪਤੀ ਤੋਂ ਸੰਤੁਸ਼ਟ ਨਹੀਂ ਹੁੰਦੀ। ਉਹ ਇੱਕ ਤੋਂ ਬਾਅਦ ਇੱਕ ਬੰਦਿਆਂ ਨਾਲ ਰਹਿੰਦੀ ਜਹਾਜ਼ੀਆਂ ਨਾਲ ਚਲੀ ਜਾਂਦੀ ਹੈ। ਬਹੁਤਾ ਕੁੱਝ ਉਸ ਨਾਵਲ ਦੇ ਬਿਰਤਾਂਤ ਬਾਰੇ ਮੈਨੂੰ ਯਾਦ ਨਹੀਂ ਰਿਹਾ। ਥੋੜ੍ਹੇ ਤੋਂ ਥੋੜ੍ਹੇ ਸ਼ਬਦਾਂ ਵਿਚ ਇਹੋ ਕਿਹਾ ਜਾ ਸਕਦਾ ਹੈ, ਕਿ ਉਹ ਕਿਸੇ ਵੀ ਵਿਅਕਤੀ ਨਾਲ ਨਿਭ ਨਹੀਂ ਰਹੀ। ਮੈਂ ਹਰਭਜਨ ਨੂੰ ਕਿਹਾ-'ਮੈਨੂੰ ਲੱਗਦੈ ਕਿ ਮਾਦਾਮ ਬਾਵਾਰੀ ਸਾਮੰਤੀ ਕਦਰਾਂ-ਕੀਮਤਾਂ ਨੂੰ ਵੰਗਾਰ ਰਹੀ ਹੈ। ਵੇਖਣ ਨੂੰ ਇਹ ਨਾਵਲ ਅਸ਼ਲੀਲ ਜਾਪਦਾ ਹੈ, ਪਰ ਮਾਦਾਮ ਬਾਵਾਰੀ ਦੀ ਨਾਇਕਾ ਰਾਹੀਂ ਲੇਖਕ ਨਵੀਆਂ ਕਦਰਾਂ-ਕੀਮਤਾਂ ਦੀ ਤਰਜ਼ਮਾਨੀ ਕਰ ਰਿਹਾ ਹੈ ਕਿ ਔਰਤ ਕਿਸੇ ਇੱਕ ਮਰਦ ਦੀ ਮਲਕੀਅਤ ਨਹੀਂ ਹੈ। ਜਗੀਰਦਾਰੀ ਸਮਾਜ ਵਿਚ ਔਰਤ ਨੂੰ ਦੋਮ ਦਰਜ਼ੇ 'ਤੇ ਰੱਖ ਕੇ ਉਸ ਉੱਪਰ ਮਰਦ ਦੀ ਮਾਲਕੀ ਦਰਸਾਈ ਜਾਂਦੀ ਹੈ, ਪਰ ਮਾਦਾਮ ਬਾਵਾਰੀ ਮਰਦਾਵੀਂ ਧੌਂਸ ਨੂੰ ਵੰਗਾਰਦੀ ਹੋਈ ਉਨ੍ਹਾਂ ਕਦਰਾਂ ਕੀਮਤਾਂ ਵਿਰੁੱਧ ਬਗ਼ਾਵਤ ਕਰਦੀ ਜਾਪਦੀ ਹੈ।' ਹਰਭਜਨ ਮੁਸਕਰਾਇਆ, ਉਸ ਦੇ ਅਨਾਰ ਦੇ ਦਾਣਿਆਂ ਵਾਂਗ ਚਿਣੇ ਦੰਦ ਵੇਖ ਕੇ ਮੇਰਾ ਹੌਸਲਾ ਵਧਿਆ, ਕਿ ਇੱਕ ਉੱਚ ਕੋਟੀ ਦੀ ਸ਼ਖ਼ਸੀਅਤ ਦੀਆਂ ਨਜ਼ਰਾਂ ਵਿਚ ਮੇਰੀ ਆਲੋਚਨਾ ਪਰਵਾਨ ਚੜ੍ਹੀ ਸੀ। ਲੈਨਿਲ ਦੇ ਲੇਖ ਉੱਪਰ ਮੇਰੀ ਸਮਝ ਦੀ ਵੀ ਹਰਭਜਨ ਨੇ ਪ੍ਰਸੰਸਾ ਕੀਤੀ ਸੀ, ਤੇ ਹੁਣ ਦੂਜੀ ਵਾਰ ਜਦੋਂ ਮੈਂ ਕਿਸੇ ਪੁਸਤਕ ਦੀ ਸਮੀਖਿਆ ਕੀਤੀ-'ਤੇਰਾ ਇਹ ਵਿਸ਼ਲੇਸ਼ਣ ਬਿੱਲਕੁੱਲ ਸਹੀ ਹੈ। ਇਹ ਇਨਕਲਾਬੀ ਸਾਥੀ ਬੇਸ਼ੱਕ ਇਨਕਲਾਬ ਕਰਨ ਤਾਂ ਚੱਲੇ ਹੋਏ ਨੇ ਪਰ ਸਾਮੰਤੀ ਸੱਭਿਆਚਾਰ ਵਿਚੋਂ ਬਾਹਰ ਨਿੱਕਲ਼ ਕੇ ਸੋਚਣ ਤੋਂ ਅਸਮਰੱਥ ਨੇ।'

ਬਾਰੂ ਸਤਵਰਗ ਕ੍ਰਾਂਤੀਕਾਰੀ ਖੇਮਿਆਂ ਵਿਚ ਵੱਡਾ ਨਾਂ ਸੀ। ਸਾਹਿਤਕ ਸਮਝ ਪੱਖੋਂ ਨਾ ਸਹੀ ਪਰ ਆਪਣੀ ਪ੍ਰਤੀਬੱਧਤਾ ਸਦਕਾ ਉਹ ਲਾਈਨ ਤੋਂ ਤੋੜ-ਵਿਛੋੜਾ ਕਰ ਗਏ ਮਾਸਟਰ ਮੇਘ ਨਾਲ ਮਿਲ਼ ਕੇ ਕ੍ਰਾਂਤੀਕਾਰੀ ਕਵੀ ਬਰਵਰਾ ਰਾਉ ਤੱਕ ਵੀ ਪਹੁੰਚ ਰੱਖਦਾ ਸੀ। ਉਹ ਆਪਣੇ ਸਾਹਿਤ ਵਿਚ ਕਲਾਤਮਿਕਤਾ ਨੂੰ ਨਹੀਂ, ਕ੍ਰਾਂਤੀਕਾਰੀ ਵਿਚਾਰਧਾਰਾ ਨੂੰ ਤਰਜੀਹ ਦੇਣ ਵਾਲਾ ਪ੍ਰਤੀਬੱਧ ਨਾਵਲਕਾਰ ਸੀ। ਉਸ ਦੇ ਨਾਵਲ ਜ਼ਿਆਦਾਤਰ ਇਨਕਲਾਬੀ ਰਾਜਨੀਤੀ ਨਾਲ ਜੁੜੇ ਪਾਠਕਾਂ ਦੁਆਰਾ ਹੀ ਪੜ੍ਹੇ ਜਾਂਦੇ। ਬੌਧਿਕ ਜਾਂ ਕਲਾਤਮਕਤਾ ਦੀ ਘਾਟ ਹੋਣ ਕਰਕੇ ਸਾਹਿਤਕ ਹਲਕਿਆਂ ਵਿਚ ਉਸ ਦੇ ਨਾਵਲ ਪ੍ਰਵਾਨ ਨਹੀਂ ਚੜ੍ਹ ਸਕੇ। ਇਨਕਲਾਬੀ ਤਰਜ਼ ਦੇ ਸਾਹਿਤ ਨੂੰ ਛੱਡ ਕੇ ਉਹ ਧਿਰ, ਬਾਕੀ ਸਭ ਕਾਸੇ ਨੂੰ ਸੋਧਵਾਦ ਦੀ ਤੱਕੜੀ ਨਾਲ ਹੀ ਤੋਲਦੀ ਸੀ। ਹਰਭਜਨ ਮੇਰੇ ਵੱਲੋਂ ਕੀਤੀ ਆਲੋਚਨਾ ਤੋਂ ਸੰਤੁਸ਼ਟ ਸੀ। ਉਸ ਵੱਲੋਂ ਮਿਲ਼ਿਆ ਥਾਪੜਾ ਮੇਰੇ ਲਈ ਵੱਡਾ ਸਰਟੀਫ਼ਿਕੇਟ ਸੀ। ਇਸ ਗਰੁੱਪ ਵਿਚ ਵਿਚਰਦਿਆਂ, ਸਾਹਿਤ ਸਭਾ ਰਾਮਪੁਰਾ ਫੂਲ, ਅਤੇ ਸਾਹਿਤ ਸੱਭਿਆਚਾਰ ਮੰਚ ਪੰਜਾਬ ਨੇ ਏਨੀ ਕੁ ਚੇਤਨਾ ਤਾਂ ਪੈਦਾ ਕਰ ਹੀ ਦਿੱਤੀ ਸੀ, ਕਿ ਸਾਹਿਤ ਅਤੇ ਕਲਾ ਦੀ ਭੂਮਿਕਾ ਬਾਰੇ ਮੇਰੀ ਸਮਝ ਕਾਫ਼ੀ ਹੱਦ ਤੱਕ ਵਿਕਾਸ ਕਰ ਚੁੱਕੀ ਸੀ। ਬਠਿੰਡਾਂ ਗਰੁੱਪ ਵਿਚ ਤਾਂ ਜੋ ਵੀ ਸ਼ਾਮਲ ਹੁੰਦਾ ਸੀ, ਆਪਣੀ ਲਿਆਕਤ ਦਾ ਲੋਹਾ ਜਮਾਉਣ ਦੀ ਹੀ ਕੋਸ਼ਿਸ਼ ਕਰਨ ਵਾਲਾ ਹੁੰਦਾ ਸੀ। ਸਿਦਕ ਦਿਲੀ ਨਾਲ ਇਨਕਲਾਬ ਨੂੰ ਸਮਰਪਿਤ ਚਾਰੂ ਗਰੁੱਪ ਦੇ ਸਾਥੀਆਂ ਨੂੰ ਇਨਕਲਾਬੀ ਸਰਗਰਮੀਆਂ ਦੀ ਧੁੱਸ ਕਾਰਨ ਚਿੰਤਨ ਦੇ ਵੀ ਘੱਟ ਮੌਕੇ ਮਿਲ਼ਦੇ ਸਨ। ਕੁਰਬਾਨੀ ਦਾ ਜੋਸ਼ ਤੇ ਜਜ਼ਬਾ ਹਾਵੀ ਹੋਣ ਕਰਕੇ ਬਾਕੀ ਗੱਲਾਂ ਦੋਮ ਦਰਜ਼ੇ 'ਤੇ ਰਹਿ ਜਾਂਦੀਆਂ ਸਨ।

ਇਸ ਦੌਰਾਨ ਸਾਡੇ ਵਾ਼ਲੀ ਬੈਰਕ ਵਿਚ ਮਾਸਟਰ ਅਵਤਾਰ ਸਿੰਘ ਆਹਲੂਪੁਰ ਨੇ ਆਪਣੇ ਗਰੁੱਪ ਦੇ ਵਿਰੁੱਧ ਬਗ਼ਾਵਤ ਦਾ ਝੰਡਾ ਚੁੱਕ ਲਿਆ। ਮੱਘਰ ਸਿੰਘ ਕੂੱਲਰੀਆਂ ਉਸ ਗਰੁੱਪ ਦਾ ਵੱਡਾ ਆਗੂ ਜੇਲ੍ਹ ਵਿਚ ਬੰਦ ਸੀ। ਉਨ੍ਹਾਂ ਦੇ ਨਾਲ ਕੁੱਝ ਬੰਦੀ ਸੀਰੀ ਸਾਂਝੀ ਜਾਂ ਮਜ਼ਦੂਰ ਭਾਈਚਾਰੇ ਵਿਚੋਂ ਸਨ। ਜਦੋਂ ਲੰਗਰ ਵਰਤਾਇਆ ਜਾਂਦਾ ਤਾਂ ਉਨ੍ਹਾਂ ਦੀ ਅਲਹਿਦਾ ਪੰਗਤ ਲਵਾ ਕੇ ਬਿੱਲਕੁੱਲ ਉਵੇਂ ਹੀ ਵਰਤਾਉ ਕੀਤਾ ਜਾਂਦਾ, ਜਿਵੇਂ ਉਨ੍ਹਾਂ ਨਾਲ ਜ਼ਿਮੀਦਾਰਾਂ ਦੇ ਘਰਾਂ ਵਿਚ ਦੂਰੋਂ ਦਾ਼ਲ-ਰੋਟੀ ਦਿੱਤੀ ਜਾਂਦੀ ਸੀ। ਦੇਖਦਾ ਤਾਂ ਮੈਂ ਰੋਜ਼ ਸਾਂ। ਇਹ ਵੀ ਵੇਖ ਰਿਹਾ ਸਾਂ ਕਿ ਬਾਰੂ ਸਤਵਰਗ ਵੀ ਇਸ ਦਾ ਵਿਰੋਧ ਨਹੀਂ ਸੀ ਕਰ ਰਿਹਾ। ਮਾਸਟਰ ਅਵਤਾਰ ਸਿੰਘ ਭਾਪਾ ਸੀ, ਜਿਸ ਨੇ ਪਹਿਲੀ ਵਾਰ ਇਸ ਦਾ ਡਟ ਕੇ ਵਿਰੋਧ ਕੀਤਾ। ਰੋਣੀ ਜਿਹੀ ਸੂਰਤ ਬਣਾ ਕੇ ਉਹ ਹਰਭਜਨ ਕੋਲ਼ ਗਿਆ ਤੇ ਉਸ ਨੂੰ ਸਾਰਾ ਹਵਾਲ ਸੁਣਾਇਆ। ਸੋਹੀ ਨੇ ਉਸ ਦਾ ਦਿਲ ਵੀ ਧਰਾਇਆ ਤੇ ਇਹ ਵੀ ਕਿਹਾ ਕਿ ਉਹ ਉਨ੍ਹਾਂ ਵਾਲੇ ਪਾਸੇ ਰੋਟੀ ਖਾਇਆ ਕਰੇ। ਕਿਉਂਕਿ ਸਾਡੇ ਇਸ ਗਰੁੱਪ ਵਿਚ ਤਾਂ ਸਾਰੇ ਹੀ ਇੱਕ ਥਾਂ ਘੇਰਾ ਬਣਾ ਕੇ ਰੋਟੀ ਖਾਂਦੇ ਸਨ। ਪੰਜਾਬੀ ਅਖਾਣ ਮੁਤਾਬਕ ਤਾਂ ਇੱਕ ਦੂਜੇ ਦੇ ਮੂੰਹ ਵਿਚੋਂ ਕੱਢ ਕੇ ਖਾਣ ਵਾ਼ਲੀ ਹੀ ਗੱਲ ਸੀ। ਇਸ ਨਾਲ ਵੀ ਅਵਤਾਰ




ਸਿੰਘ ਦੀ ਤਸੱਲੀ ਨਾ ਹੋਈ ਤੇ ਉਹ ਮੁਆਫ਼ੀ ਮੰਗ ਕੇ ਜ਼ਮਾਨਤ ਕਰਾ ਕੇ ਲਹਿਰ ਨੂੰ ਸਦਾ ਲਈ ਅਲਵਿਦਾ ਕਹਿ ਕੇ 'ਅੰਮ੍ਰਿਤ' ਛਕ ਕੇ 'ਸਿੱਖੀ' ਦੇ ਲੜ ਲੱਗ ਗਿਆ।

ਹਰਭਜਨ ਦੀ ਜ਼ਮਾਨਤ ਹੋ ਗਈ। ਇਸ ਨੂੰ ਬਹੁਤ ਗੁਪਤ ਰੱਖਿਆ ਗਿਆ। ਨੰਦ ਸਿੰਘ ਮਹਿਤਾ ਮੇਰੇ ਕੋਲ਼ ਆਇਆ ਤੇ ਇੱਕ ਪਾਸੇ ਲਿਜਾ ਕੇ ਦੱਸਣ ਲੱਗਿਆ-'ਅੱਜ ਹਰਭਜਨ ਬਾਹਰ ਜਾ ਰਿਹਾ ਹੈ। ਕਿਸੇ ਨਾਲ ਗੱਲ ਨਹੀਂ ਕਰਨੀ। ਸਮਾਜਵਾਦੀ ਪਾਰਟੀ ਦੇ ਜਾਂ ਪਤਾ ਨਹੀਂ ਕਿਹੜੇ ਹਰਭਜਨ ਦੀ ਜ਼ਮਾਨਤ ਹੋਈ ਹੈ। ਭੁਲੇਖੇ ਨਾਲ ਜੇਲ੍ਹ ਅਧਿਕਾਰੀਆਂ ਨੇ ਹਰਭਜਨ ਨੂੰ ਸੂਚਿਤ ਕਰ ਦਿੱਤਾ ਹੈ। ਬਹੁਤ ਗੁਪਤ ਤਰੀਕੇ ਨਾਲ ਹਰਭਜਨ ਬਾਹਰ ਚਲਾ ਜਾਊਗਾ। ਉਸ ਦੀ ਬਾਹਰ ਜ਼ਿਆਦਾ ਜ਼ਰੂਰਤ ਹੈ। ਮੂਵਮੈਂਟ ਨੂੰ ਉਹਨੇ ਦਿਸ਼ਾ ਦੇਣੀ ਹੈ। ਮੈਨੂੰ ਬਹੁਤ ਖ਼ੁਸ਼ੀ ਹੋਈ, ਕਿਉਂਕਿ ਮੈਂ ਵੀ ਇਹੋ ਸੋਚਦਾ ਸਾਂ ਕਿ ਉਸ ਦਾ ਬਾਹਰ ਜਾਣਾ ਨਹਾਇਤ ਜ਼ਰੂਰੀ ਹੈ। ਸਾਨੂੰ ਕਿਸੇ ਨੂੰ ਵੀ ਮਿਲ਼ੇ ਬਗੈਰ ਹਰਭਜਨ ਜੇਲ੍ਹ ਵਿਚੋਂ ਬਾਹਰ ਜਾ ਚੁੱਕਾ ਸੀ ਤੇ ਰੋਹੀਆਂ ਦਾ ਰਾਹੀ ਬਣ ਕੇ ਲੋਕਾਂ ਦੇ ਜੰਗਲਾਂ ਵਿਚ ਜਾ ਛੁਪਿਆ ਸੀ।

ਮੇਰੀ ਤਕਲੀਫ਼ ਬਹੁਤ ਵਧ ਗਈ ਸੀ। ਇੱਕ ਲੱਤ ਤਾਂ ਸੁੰਨ ਹੀ ਰਹਿਣ ਲੱਗ ਪਈ ਤੇ ਕਮਰ ਵਿਚ ਏਨਾ ਦਰਦ ਹੁੰਦਾ ਕਿ ਝੱਲਿਆ ਨਾ ਜਾਂਦਾ। ਤਾਂ ਵੀ ਮੈਂ 'ਚੜ੍ਹਦੀ ਕਲਾ' ਵਿਚ ਸਾਂ। ਪਰਿਵਾਰ ਵਿਚ ਤਾਂ ਮੇਰੀ ਕਿਸੇ ਨਾਲ ਬਣਦੀ ਨਹੀਂ ਸੀ। ਮੈਂ ਮਹਿੰਦਰ ਨੂੰ ਜੇ.ਬੀ.ਟੀ. ਕਰਾਉਣ ਲਈ ਵਚਨਬੱਧ ਸਾਂ। ਉਸ ਨੂੰ ਲਗਾਤਾਰ ਖ਼ਰਚ ਮਿ਼ਲੀ ਜਾ ਰਿਹਾ ਸੀ। ਭਾਵੇਂ ਕੁੱਝ ਵੀ ਹੋ ਜਾਵੇ, ਮੈਂ ਕਿਸੇ ਤਰ੍ਹਾਂ ਵੀ ਜ਼ਮਾਨਤ ਕਰਾਉਣ ਦੇ ਪੱਖ ਵਿਚ ਨਹੀਂ ਸਾਂ। ਮੈਂ ਆਪਣੀ ਉਸ ਮਤ੍ਰੇਈ ਭੈਣ ਮਹਿੰਦਰ ਨੂੰ ਖ਼ਤ ਲਿਖਿਆ ਕਿ ਭੁੱਚੋ ਕਲਾਂ ਤੋਂ ਲਾਭ ਸਿੰਘ ਕਲਾਰ ਦੇ ਘਰੋਂ ਮੇਰਾ ਸਾਰਾ ਸਾਮਾਨ ਚੁੱਕ ਲਿਆਂਦਾ ਜਾਵੇ। ਟਰੰਕ ਤੇ ਲੋੜੀਂਦਾ ਸਾਮਾਨ ਉਹ ਆਪ ਰੱਖ ਲਵੇ ਤੇ ਕਿਤਾਬਾਂ ਮਨਜੀਤ (ਮੇਰਾ ਮਤ੍ਰੇਆ ਭਰਾ) ਨੂੰ ਸੌਂਪ ਦੇਵੇ। ਮੈਂ ਉਸ ਨੂੰ ਇਹ ਵੀ ਲਿਖਿਆ ਕਿ ਕਿਸੇ ਹੋਰ ਨਾਲ ਗੱਲ ਨਾ ਕਰੇ। ਉਸ ਨੇ ਆਪਣੇ ਬਾਪ ਮੇਰੇ ਤਾਏ ਬਖ਼ਤੌਰ ਸਿੰਘ ਨੂੰ ਚਿੱਠੀ ਪੜ੍ਹਾ ਦਿੱਤੀ। ਮਹਿੰਦਰ ਮੇਰੇ ਨਾਲ ਮੁਲਾਕਾਤ ਕਰਨ ਵੀ ਆਈ। ਮੈਨੂੰ ਨੰਦ ਸਿੰਘ ਮਹਿਤਾ ਮੁਲਾਕਾਤ ਵਾ਼ਲੀ ਥਾਂ 'ਤੇ ਲੈ ਗਿਆ। ਕੁੜੀ ਨੇ ਦੱਸਿਆ ਕਿ ਚਿੱਠੀ ਪੜ੍ਹ ਕੇ ਬਾਪੂ ਸਾਰੀ ਰਾਤ ਸੁੱਤਾ ਨਹੀਂ ਵਿਹੜੇ ਵਿਚ ਗੇੜੇ ਕੱਢਦਾ ਰਿਹਾ।

ਕੁੱਝ ਦਿਨਾਂ ਬਾਅਦ ਮੇਰਾ ਡਾਕਟਰੀ ਮੁਆਇਨਾ ਕਰਾਉਣ ਦੇ ਹੁਕਮ ਆ ਗਏ। ਪਤਾ ਲੱਗਿਆ ਕਿ ਮੇਰੇ ਤਾਏ ਕਿਸੇ ਵਕੀਲ ਨਾਲ ਗੱਲ ਕਰਕੇ ਸੈਸ਼ਨ ਜੱਜ ਦੇ ਅਰਜ਼ੀ ਦੇ ਦਿੱਤੀ ਸੀ। ਲੰਬੜਦਾਰ (ਵੀਹ ਸਾਲੀ ਸਜ਼ਾ-ਜ਼ਾਫ਼ਤਾ ਕੈਦੀ) ਨੇ ਮੈਨੂੰ ਡਿਊਢੀ ਵਿਚ ਜਾਣ ਲਈ ਕਿਹਾ। ਨੰਦ ਸਿੰਘ ਮਹਿਤਾ ਮੈਨੂੰ ਲੈ ਗਿਆ। ਉੱਥੇ ਕੁੱਝ ਜੇਲ੍ਹ ਮੁਲਾਜ਼ਮ ਤੇ ਚਿੱਟੀ ਵਰਦੀ ਵਾਲੇ ਕੈਦੀ ਮੇਰੇ ਪੈਰੀਂ ਬੇੜੀ ਪਾਉਣ ਲਈ ਖੜ੍ਹੇ ਸਨ। ਸੁਪਰਿਨਟੈਂਡੈਂਟ ਦਾ ਹੁਕਮ ਸੀ ਕਿ ਹੱਥਕੜੀ ਤੇ ਬੇੜੀ ਪਾ ਕੇ ਹੀ ਹਸਪਤਾਲ ਲਿਜਾਇਆ ਜਾਏ। ਜਦ ਬੇੜੀ ਲੈ ਕੇ ਸਿਪਾਹੀ ਮੇਰੇ ਨੇੜੇ ਆਇਆ ਤਾਂ ਮੈਂ ਬੇੜੀ ਪਵਾਉਣ ਤੋਂ ਜਵਾਬ ਦੇ ਦਿੱਤਾ। ਮੇਰੀ ਅੜੀ ਵੇਖ ਕੇ ਸੁਪਰਿਨਟੈਂਡੈਂਟ ਨੇ ਮੈਨੂੰ ਵਾਪਸ ਬੈਰਕ ਭੇਜਣ ਦਾ ਹੁਕਮ ਦੇ ਦਿੱਤਾ। ਦੋ ਕੁ ਵਾਰ ਫਿਰ ਇਹੋ ਬਿਰਤਾਂਤ ਦੁਹਰਾਇਆ ਗਿਆ। ਮੈਂ ਹਰ ਵਾਰ ਬੇੜੀ ਪਵਾਉਣ ਤੋਂ ਇਨਕਾਰ ਕਰਦਾ ਰਿਹਾ। ਫਿਰ ਸੈਸ਼ਨ ਜੱਜ ਦਾ ਸਖ਼ਤ ਹੁਕਮ ਆਇਆ ਕਿ ਮਰੀਜ਼ ਦਾ ਤੁਰੰਤ ਡਾਕਟਰੀ ਮੁਆਇਨਾ ਕਰਵਾ ਕੇ ਅੱਜ ਹੀ ਰਿਪੋਰਟ ਕੀਤੀ ਜਾਵੇ। ਸੁਪਰਿਨਟੈਂਡੈਂਟ ਭੁੱਲਰ ਨੇ ਹਥਿਆਰ ਸੁੱਟ ਦਿੱਤੇ ਤੇ ਫਿਰ ਸਿਰਫ਼ ਹੱਥਕੜੀਆਂ ਲਾ ਕੇ, ਦੋ ਸਿਪਾਹੀਆਂ ਦੇ ਵਿਚਕਾਰ ਰਿਕਸ਼ੇ 'ਤੇ ਬਿਠਾ ਕੇ ਮੈਨੂੰ ਸਿਵਲ ਹਸਪਤਾਲ ਲਿਜਾਇਆ ਗਿਆ। ਡਾਕਟਰੀ ਮੁਆਇਨਾ ਕਰਨ ਵਾਲੇ ਡਾਕਟਰ ਪੂਰੀ ਤਰ੍ਹਾਂ ਚੈੱਕ ਅੱਪ ਕੀਤਾ। ਮੇਰੇ ਗੋਡਿਆਂ 'ਤੇ ਰਬੜ ਦੀ ਹਥੌੜੀ ਨਾਲ ਠਕੋਰਿਆ ਗਿਆ। ਖੱਬੇ ਗੋਡੇ 'ਤੇ ਹਥੌੜੀ ਵੱਜਣ ਦਾ ਮੈਨੂੰ ਖੜਾਕ ਤਾਂ ਸੁਣਦਾ ਸੀ ਪਰ ਮਹਿਸੂਸ ਨਹੀਂ ਸੀ ਹੋ ਰਿਹਾ, ਜਦੋਂ ਕਿ ਸੱਜੇ ਗੋਡੇ 'ਤੇ ਹਥੌੜੀ ਵੱਜਣ ਨਾਲ ਲੱਤ ਬੁੜ੍ਹਕ ਜਾਂਦੀ ਸੀ। ਰਿਪੋਰਟ ਸੈਸ਼ਨ ਜੱਜ ਦੀ ਅਦਾਲਤ ਪਹੁੰਚ ਗਈ ਤੇ ਕੁੱਝ ਹੀ ਦਿਨਾਂ ਬਾਅਦ ਮੇਰੀ ਜ਼ਮਾਨਤ ਹੋ ਗਈ। ਇਹ ਗੱਲ ਪਾਰਟੀ ਖੇਮਿਆਂ ਵਿਚ ਪਹੁੰਚੀ ਤਾਂ ਹਰਦੀਪ ਮਹਿਣਾ ਦੀ ਡਿਊਟੀ ਲਾਈ ਕਿ ਉਹ ਕੰਬ਼ਲ ਸਮੇਤ ਜੇਲ੍ਹ ਤੋਂ ਥੋੜ੍ਹਾ ਹਟਵਾਂ ਰਿਕਸ਼ਾ ਖੜ੍ਹਾ ਕਰੇ। ਜਿਉਂ ਹੀ ਜੇਲ੍ਹ ਦੇ ਗੇਟ ਤੋਂ ਬਾਹਰ ਕੱਢਿਆ ਜਾਵਾਂ, ਉਹ ਮੈਨੂੰ ਕੰਬ਼ਲ ਵਿਚ ਲੁਕਾ ਕੇ ਰਿਕਸ਼ੇ 'ਤੇ ਬਿਠਾਵੇ ਤੇ ਚੋਰ ਰਸਤੇ ਮੈਨੂੰ ਆਪਣੇ ਪਿੰਡ ਮਹਿਣੇ (ਫੌਜੀ ਬਣਨ ਸਮੇਂ ਇਹ ਪਿੰਡ ਇੱਥੋਂ ਉਠਾ ਦਿੱਤਾ ਗਿਆ ਸੀ) ਲੈ ਜਾਵੇ। ਕੁੱਝ ਦਿਨ ਮਹਿਣੇ ਰੱਖ ਕੇ ਲੁਧਿਆਣੇ ਹਰਭਜਨ ਹਲਵਾਰਵੀ ਕੋ਼ਲ ਛੱਡ ਆਂਦਾ ਗਿਆ। ਖ਼ੂਨ ਦੇ ਰਿਸ਼ਤੇ ਵੀ ਆਪਣੀ ਥਾਂ ਰੱਖਦੇ ਨੇ ਪਰ ਵਿਚਾਰਧਾਰਕ ਰਿਸ਼ਤੇ ਕਿਤੇ ਕਾਰਗਰ ਸਾਬਤ ਹੁੰਦੇ ਹਨ।

ਉੱਥੇ ਸੁਰੇਂਦਰ ਹੇਮ ਜਯੋਤੀ ਦੀ ਰਾਇ ਨਾਲ ਮੇਰਾ ਹੋਮਿਓਪੈਥੀ ਦੇ ਡਾਕਟਰ ਹਰਬੰਸ ਸਿੰਘ ਸੰਧੂ, ਜਿਸ ਦਾ ਘੁਮਾਰ ਮੰਡੀ ਵਾਲਾ ਕਲਿਨਿਕ ਹੇਮ ਜਯੋਤੀ ਮੈਗਜ਼ੀਨ ਦਾ ਦਫ਼ਤਰ ਸੀ, ਰਾਹੀਂ ਇਲਾਜ਼ ਆਰੰਭਿਆ ਗਿਆ। ਫਿਰ ਜੱਥੇਬੰਦੀ ਨੂੰ ਪਤਾ ਲੱਗਿਆ ਕਿ ਮਾਤਾ ਨੰਦ ਕੌਰ ਦੇ ਗੁਰਦੁਆਰੇ ਦੇ ਸਾਹਮਣੇ ਆਜ਼ਾਦੀ ਘੁਲਾਟੀਏ ਗਿਆਨ ਚੰਦ ਢੀਂਗਰਾ ਨੇ ਚਾਈਨਾ ਦੀ ਵਿਧੀ ਦਾ ਆਕੂਪੰਕਚਰ ਸੈਂਟਰ ਚਲਾਇਆ। ਮੇਰੇ ਸੂਈਆਂ ਲੱਗਣ ਲੱਗੀਆਂ ਤੇ ਕੁੱਝ ਕੁ ਹਫ਼ਤਿਆਂ ਵਿਚ ਮੈਂ ਬਹੁਤ ਠੀਕ ਹੋ ਗਿਆ। ਢੀਂਗਰਾ ਨਾਲ ਪਾਰਟੀ ਸਾਥੀਆਂ ਦੇ ਮੱਤ-ਭੇਦ ਖੜ੍ਹੇ ਹੋ ਗਏ ਤਾਂ ਮੈਨੂੰ ਕਲਕੱਤੇ ਦੀ ਗੱਡੀ ਚੜ੍ਹਾ ਦਿੱਤਾ ਗਿਆ, ਤਾਂ ਜੋ ਉੱਥੇ ਜਾ ਕੇ ਇੰਡੋ ਚਾਈਨਾ ਫਰੈਂਡਸ਼ਿੱਪ ਸੁਸਾਇਟੀ ਦੇ ਚੇਅਰਮੈਨ ਡਾਕਟਰ ਬਾਸੂ ਪਾਸੋਂ ਇਲਾਜ ਕਰਵਾ ਸਕਾਂ। ਇਹ ਸੀ ਹਰ ਮਸਲੇ ਨੂੰ ਵਿਗਿਆਨਕ ਨਜ਼ਰੀਏ ਵਾ਼ਲਾ ਦ੍ਰਿਸ਼ਟੀਕੋਣ। ਹਰਭਜਨ ਸੋਹੀ ਮੈਨੂੰ ਕਿਤੇ ਸਬੱਬ ਨਾਲ ਇੱਕ ਅੱਧ ਵਾਰ ਮਿਲ਼ਿਆ ਹੋਵੇਗਾ ਪਰ ਮੈਂ ਮਹਿਸੂਸ ਕਰਦਾ ਰਿਹਾ ਜਿਵੇਂ ਉਹ ਇੱਥੇ ਕਿਤੇ ਹੀ ਸਾਡੇ ਵਿਚਕਾਰ ਜਾਂ ਇੱਧਰ-ਉੱਧਰ ਫਿਰ ਰਿਹਾ ਹੈ, ਹਨੇਰ੍ਹੀਆਂ ਗੁੱਠਾਂ ਵਿਚ ਮੋਮਬੱਤੀਆਂ ਬਾ਼ਲ਼ਦਾ। ਇੱਕ ਸੇਧ ਸੀ, ਜੋ ਉਸ ਨਾਲ ਜੁੜੇ ਸਾਥੀਆਂ ਨੇ ਤੈਅ ਕੀਤੀ ਸੀ, ਦੂਜਿਆਂ ਨੂੰ ਸੇਧ ਵਿਚ ਚੱਲਣ ਦੀ ਸੂਝ ਦੇਣ ਵਾ਼ਲੀ ਦਿਸ਼ਾ ਦਿਖਾਉਂਦਾ।

ਐਮਰਜੈਂਸੀ ਦੌਰਾਨ ਆਖ਼ਰੀ ਰਚਨਾ 'ਚਿੜੀਆਂ ਦੀ ਮੌਤ' ਨਾਲ ਪਰਚਾ ਬੰਦ ਹੋ ਗਿਆ। ਸੁਰੇਂਦਰ ਸਿਰ ਕਰਜ਼ਾ ਚੜ੍ਹ ਗਿਆ। ਪ੍ਰੈੱਸ ਵਿਕ ਗਈ। ਪਰਿਵਾਰ ਨੇ ਉਸ ਦਾ ਦਿਲ ਧਰਾਉਂਦਿਆਂ ਸਾਰਾ ਕਰਜ਼ਾ ਲਾਹੁਣ ਦੀ ਪੇਸ਼ਕਸ਼ ਕੀਤੀ, ਪਰ ਉਸ ਨੇ ਇਹ ਕਹਿ ਕੇ ਜਵਾਬ ਦੇ ਦਿੱਤਾ ਕਿ ਖ਼ੂਨ ਵਿਚ ਭਿੱਜੀ ਕਮਾਈ ਵਿਚੋਂ ਉਹ ਨਵਾਂ ਪੈਸਾ ਵੀ ਨਹੀਂ ਲਵੇਗਾ। ਮੈਨੂੰ ਯਾਦ ਆਉਂਦਾ ਹੈ ਕਿ ਆਸਾਮ ਵਿਚ ਕਿਸੇ ਵੱਡੇ ਪਰਾਜੈਕਟ 'ਤੇ ਸੁਰੇਂਦਰ ਨੂੰ ਪਿਤਾ ਨੇ ਨਿਗਰਾਨ ਰੱਖਿਆ ਹੋਇਆ ਸੀ। ਇੱਕ ਦਿਨ ਸ਼ਾਇਦ ਕਿਸੇ ਤਿੱਥ-ਤਿਉਹਾਰ ਕਰਕੇ ਮਜ਼ਦੂਰਾਂ ਨੇ ਅਗਾਊਂ ਪੈਸੇ ਮੰਗ ਲਏ। ਸੁਰੇਂਦਰ ਨੇ ਖ਼ੁਸ਼ੀ ਨਾਲ ਪੈਸੇ ਦੇ ਦਿੱਤੇ। ਪਿਤਾ ਨੇ ਕਲੇਸ਼ ਪਾ ਲਿਆ ਕਿ ਇਹ ਟਕੇ ਦੇ ਮਜ਼ਦੂਰ ਧੋਖਾ ਦੇ ਕੇ ਚਲੇ ਜਾਂਦੇ ਹਨ, ਇਨ੍ਹਾਂ ਨੂੰ ਅੱਗੋਂ ਲਈ ਐਡਵਾਂਸ ਪੈਸੇ ਨਹੀਂ ਦੇਣੇ। ਸੁਰੇਂਦਰ ਆਪਣੇ ਪਿਤਾ ਨੂੰ ਇਹ ਕਹਿ ਕੇ ਲੁਧਿਆਣੇ ਆ ਗਿਆ-'ਜੇ ਇਹ ਗੱਲ ਹੈ ਤਾਂ ਮੈਂ ਤੁਹਾਡੇ ਨਾਲ ਕੰਮ ਨਹੀਂ ਕਰ ਸਕਦਾ।'

ਉਸ ਦੀ ਸ਼ਖ਼ਸੀਅਤ ਦੀ ਆਭਾ ਬਿਆਨ ਕਰਦੇ ਹੋਰ ਵੀ ਕਈ ਬਿਰਤਾਂਤ ਨੇ, ਪਰ ਇਸ ਗੱਲ ਤੋਂ ਪਤਾ ਲੱਗ ਜਾਂਦਾ ਹੈ ਕਿ ਉਹ ਕਿੰਨੀ ਜ਼ਹੀਨ ਸ਼ਖ਼ਸੀਅਤ ਦਾ ਮਾਲਕ ਸੀ। ਗਿੱਲ ਰੋਡ ਉੱਪਰ ਨਹਿਰ ਦੇ ਪੁ਼ਲ 'ਤੇ ਸਰੀਆਂ ਦਾ ਖੱਚਰ ਰੇੜ੍ਹਾ ਫਸ ਗਿਆ। ਚੜਾਈ ਚੜ੍ਹਦਿਆਂ ਖੱਚਰ ਦੀ ਬੇਵਸੀ ਕਰਕੇ ਰੇੜ੍ਹਾ ਪਿੱਛੇ ਨੂੰ ਰੁੜ੍ਹਨ ਲੱਗਿਆ। ਡਿਊਟੀ ਤੇ ਤਾਇਨਾਤ ਥਾਣੇਦਾਰ ਰੇੜ੍ਹੇ ਵਾਲੇ ਨੂੰ ਡੰਡੇ ਨਾਲ ਕੁੱਟਣ ਲੱਗਾ। ਸੁਰੇਂਦਰ ਨੇ ਥਾਣੇਦਾਰ ਤੋਂ ਡੰਡਾ ਖੋਹ ਕੇ ਗਰਜ਼ਦਿਆਂ ਕਿਹਾ-'ਏਸ ਗ਼ਰੀਬ ਦਾ ਕੀ ਕਸੂਰ ਹੈ? ਰੇੜ੍ਹਾ ਖੱਚਰ ਤੋਂ ਨਹੀਂ ਖਿੱਚਿਆ ਜਾ ਰਿਹਾ ਤਾਂ ਤੂੰ ਮਗਰੋਂ ਧੱਕਾ ਲਵਾਉਣ ਦੀ ਥਾਂ ਵਿਚਾਰੇ ਰੇੜ੍ਹੇ ਵਾਲੇ ਨੂੰ ਕਸਾਈਆਂ ਵਾਂਗ ਕੁੱਟਣ ਲੱਗ ਪਿਆ ਹੈਂ।' ਥਾਣੇਦਾਰ ਨੇ ਰੋਅਬ ਝਾੜਦਿਆਂ ਕਿਹਾ-'ਤੂੰ ਕੌਣ ਹੈਂ ਮੈਨੂੰ ਰੋਕਣ ਵਾਲਾ?' 'ਮੇਰੇ ਬਾਰੇ ਜਾਣਨਾ ਹੈ ਤਾਂ ਕਚਹਿਰੀ ਵਿਚ ਫਲਾਂ ਚੈਂਬਰ ਵਿਚ ਆ ਜਾਈਂ।'

ਐਮਰਜੈਂਸੀ ਖ਼ਤਮ ਹੋ ਗਈ । ਸਾਡੇ ਕੇਸ ਵਾਪਸ ਲੈ ਲਏ ਸਨ। ਮੈਂ ਕਲਕੱਤੇ ਇਲਾਜ ਕਰਾਉਣ ਗਿਆ ਹੋਇਆ ਸਾਂ, ਵਾਪਸ ਆ ਗਿਆ। ਹੇਮ ਜਯੋਤੀ ਨੂੰ ਵਿਦੇਸ਼ ਜਾਣ ਲਈ ਪੈਸੇ ਦੀ ਲੋੜ ਸੀ। ਉਹ ਚਾਹੁੰਦਾ ਸੀ ਕਿ ਕਰਜ਼ੇ ਦੀ ਰਕਮ ਉਹ ਹੱਥੀਂ ਮਿਹਨਤ ਕਰ ਕੇ ਹੀ ਲਾਹੇਗਾ। ਉਸ ਨੇ ਮੇਰੇ ਨਾਲ ਗੱਲ ਕੀਤੀ। ਮੈਂ ਸਕੂਲ ਤਾਂ ਹਾਜ਼ਰ ਹੋ ਗਿਆ ਸਾਂ ਪਰ ਮੁਅੱਤਲੀ ਦਾ ਬਕਾਇਆ ਅਜੇ ਨਹੀਂ ਸੀ ਮਿਲ਼ਿਆ, ਜਿਸ ਕਾਰਨ ਮੈਂ ਉਸ ਦੀ ਕੋਈ ਮੱਦਦ ਨਾ ਕਰ ਸਕਿਆ। ਜਰਮਨ ਜਾ ਕੇ ਉਸ ਨੇ ਕਿਸੇ ਹੋਟ਼ਲ ਵਿਚ ਭਾਂਡੇ ਸਾਫ਼ ਕਰਨ ਦਾ ਕੰਮ ਕਰਨਾ ਆਰੰਭ ਕੀਤਾ ਪਰ ਬੀਮਾਰ ਰਹਿਣ ਲੱਗ ਪਿਆ। ਕੁੱਝ ਸਮਾਂ ਤਾਂ ਇਸੇ ਤਰ੍ਹਾਂ ਚੱਲਦਾ ਰਿਹਾ। ਜਿੰਨੇ ਕੁ ਕਮਾਉਂਦਾ ਇਲਾਜ਼ 'ਤੇ ਖ਼ਰਚ ਹੋ ਜਾਂਦੇ। ਉੱਥੋਂ ਸੁਰੇਂਦਰ ਨੇ ਮੈਨੂੰ ਧੰਨਵਾਦ ਦੀ ਚਿੱਠੀ ਲਿਖੀ ਜਿਸ ਵਿਚ ਮੈਂ ਮੁਆਫ਼ੀ ਮੰਗਦਿਆਂ ਵਿਭਾਗੀ ਅੜਚਣ ਦਾ ਵਾਸਤਾ ਪਾਇਆ ਪਰ ਉਸ ਨੇ ਮੇਰਾ ਧੰਨਵਾਦ ਕਰਦਿਆਂ ਇੱਕ ਹੋਰ ਖ਼ਤ ਪਾਇਆ ਕਿ ਮੈਂ ਉਸ ਨੂੰ ਪੈਸੇ ਦੇਣ ਤੋਂ ਇਨਕਾਰ ਤਾਂ ਨਹੀਂ ਸੀ ਕੀਤਾ। ਮੈਂ ਸੱਚ ਕਹਿੰਦਾ ਹਾਂ ਕਿ ਮੈਂ ਸ਼ਰਮਸ਼ਾਰੀ ਵਿਚ ਉਸ ਚਿੱਠੀ ਦਾ ਕੋਈ ਜਵਾਬ ਵੀ ਨਾ ਦਿੱਤਾ, ਇਹ ਸੋਚ ਕੇ ਉਹ ਮੇਰੀ ਝੂਠੀ ਵਡਿਆਈ ਕਰ ਕੇ ਸ਼ਰਮਸ਼ਾਰ ਕਰ ਰਿਹਾ ਹੈ। ਉਸ ਦੀ ਇਸ ਹਾਲਤ ਦਾ ਸਿਰਫ਼ ਦੋ ਜਣਿਆਂ ਨੂੰ ਪਤਾ ਹੁੰਦਾ ਸੀ-ਹਰਭਜਨ ਹਲਵਾਰਵੀ ਅਤੇ ਮਾਸਟਰ ਮੇਘ ਨੂੰ।

ਉਸ ਦੀ ਦੇਖ-ਭਾ਼ਲ ਲਈ ਅਮਰਜੀਤ ਚੰਦਨ ਨੂੰ ਜਰਮਨ ਭੇਜਿਆ ਗਿਆ। ਇਹ ਗੱਲ ਅਮਰਜੀਤ ਚੰਦਨ ਨਹੀਂ ਮੰਨੇਗਾ ਕਿਉਂਕਿ ਇੱਕ ਵਾਰ ਪਹਿਲਾਂ ਵੀ ਇਨਕਾਰ ਕਰ ਚੁੱਕਾ ਹੈ। ਸੁਰੇਂਦਰ ਹੇਮ ਜਯੋਤੀ ਦੀ ਮੌਤ ਉਪਰੰਤ ਉਸ ਦਾ ਸੰਸਕਾਰ ਵਗੈਰਾ ਚੰਦਨ ਨੇ ਹੀ ਕੀਤਾ ਸੀ। ਸੁਰੇਂਦਰ ਦੀ ਹਦਾਇਤ ਅਨੁਸਾਰ ਉਸ ਦੀ ਮੌਤ ਦੀ ਸੂਚਨਾ ਕਾਮਰੇਡ ਮੇਘ ਅਤੇ ਹਰਭਜਨ ਹਲਵਾਰਵੀ ਤੋਂ ਬਗੈਰ ਕਿਸੇ ਨੂੰ ਨਹੀਂ ਸੀ ਦੇਣੀ। ਹਰਭਜਨ ਹਲਵਾਰਵੀ ਪਾਰਟੀ ਛੱਡ ਕੇ 'ਪੰਜਾਬੀ ਟ੍ਰਿਬਿਊਨ' ਦਾ ਸੰਪਾਦਕ ਬਣ ਚੁੱਕਾ ਸੀ। ਉਸ ਨੇ 'ਪੰਜਾਬੀ ਟ੍ਰਿਬਿਊਨ' ਵਿਚ ਖ਼ਬਰ ਲਗਾ ਦਿੱਤੀ-'ਸੁਰੇਂਦਰ ਹੇਮ ਜਯੋਤੀ ਨਹੀਂ ਰਹੇ।' ਖ਼ਬਰ ਉਸ ਦੇ ਪਰਿਵਾਰ

*(ਬਾਕੀ ਅਗਲੇ ਸਫੇ 'ਤੇ)*

# ਪਨਾਹ ਦੇਣ ਮਗਰੋਂ ਹੁਣ ਬਿਸ਼ਨੋਈ ਗੈਂਗ ਨੂੰ ਅੱਤਵਾਦੀ ਸੰਗਠਨ ਗਰਦਾਨਿਆ

ਕਈ ਸਾਲਾਂ ਤੋਂ, ਕੈਨੇਡਾ ਅੱਤਵਾਦੀਆਂ ਲਈ ਇੱਕ ਸੁਰੱਖਿਅਤ ਕੇਂਦਰ ਵਾਂਗ ਰਿਹਾ ਹੈ। ਭਾਰਤ ਨੇ ਕੈਨੇਡਾ ਨੂੰ ਵਾਰ-ਵਾਰ ਕਿਹਾ ਕਿ ਉਹ ਇਸ ਸਮੱਸਿਆ ਨੂੰ ਗੰਭੀਰਤਾ ਨਾਲ ਲਵੇ ਅਤੇ ਇਸ ਨਾਲ ਨਜਿੱਠੇ।

ਆਖ਼ਰਕਾਰ, ਸੋਮਵਾਰ ਨੂੰ, ਕੈਨੇਡੀਅਨ ਸਰਕਾਰ ਨੇ ਬਿਸ਼ਨੋਈ ਗੈਂਗ ਨੂੰ ਅੱਤਵਾਦੀ ਸੰਗਠਨ ਐਲਾਨਿਆ, ਜਿਸ ਕਾਰਨ ਇਸ ਦੀਆਂ ਕਿਸੇ ਵੀ ਗਤੀਵਿਧੀਆਂ ਅਤੇ ਇਸਦੇ ਮੈਂਬਰਾਂ ਦੁਆਰਾ ਕੀਤੀਆਂ ਗਈਆਂ ਅਪਰਾਧਿਕ ਕਾਰਵਾਈਆਂ ਨੂੰ ਹੁਣ ਸਖ਼ਤ ਕਾਨੂੰਨੀ ਢਾਂਚੇ ਤਹਿਤ ਵਿਚਾਰਿਆ ਜਾਵੇਗਾ। ਇਹ ਮੰਗ ਮੁੱਖ ਵਿਰੋਧੀ ਕੰਜ਼ਰਵੇਟਿਵ ਪਾਰਟੀ ਅਤੇ ਐਨਡੀਪੀ

**ਸੁਰਜੀਤ ਸਿੰਘ ਫਲੋਰਾ**

ਦੁਆਰਾ ਲੰਬੇ ਸਮੇਂ ਤੋਂ ਕੀਤੀ ਜਾ ਰਹੀ ਸੀ।

ਭਾਰਤ ਤੋਂ ਬਾਹਰ ਕੰਮ ਕਰ ਰਹੇ ਬਿਸ਼ਨੋਈ ਗੈਂਗ ਨੂੰ ਪਿਛਲੇ ਸਾਲ ਆਰਸੀਐਮਪੀ ਪੁਲਿਸ ਦੇ ਦੋਸ਼ਾਂ ਤੋਂ ਬਾਅਦ ਆਇਆ ਸੀ, ਜਿਸ ਵਿਚ ਦਾਅਵਾ ਕੀਤਾ ਗਿਆ ਸੀ ਕਿ ਇਹ ਸਮੂਹ ਕੈਨੇਡਾ ਵਿੱਚ ਸਿੱਖ ਕਾਰਕੁਨਾਂ ਨੂੰ ਨਿਸ਼ਾਨਾ ਬਣਾਉਣ ਵਾਲੀ ਹਿੰਸਾ ਅਤੇ ਡਰਾਉਣ-ਧਮਕਾਉਣ ਦੀ ਮੁਹਿੰਮ ਪਿੱਛੇ ਸੀ। ਦਰਅਸਲ! ਸਾਰੇ ਸਿੱਖ ਅੱਤਵਾਦੀ ਨਹੀਂ ਹਨ, ਨਾ ਹੀ ਸਾਰੇ ਅੱਤਵਾਦੀ ਸਿੱਖ ਹਨ।

ਪਿਛਲੇ ਸਾਲ, ਥੈਂਕਸਗਿਵਿੰਗ ਵੀਕਐਂਡ ਦੌਰਾਨ, ਬਿਸ਼ਨੋਈ ਗੈਂਗ ਨੇ ਕੈਨੇਡਾ ਵਿਚ ਰਾਸ਼ਟਰੀ ਧਿਆਨ ਆਪਣੇ ਵੱਲ ਖਿੱਚਿਆ ਜਦੋਂ ਆਰਸੀਐਮਪੀ ਨੇ ਉਨ੍ਹਾਂ 'ਤੇ ਭਾਰਤ ਵਿਚ ਸਥਾਪਤ ਕੀਤੇ ਜਾਣ ਵਾਲੇ ਇੱਕ ਸੁਤੰਤਰ ਸਿੱਖ ਰਾਜ, ਖਾਲਿਸਤਾਨ ਵਜੋਂ ਜਾਣੇ ਜਾਂਦੇ ਕੈਨੇਡੀਅਨ ਸਿੱਖਾਂ ਨੂੰ ਨਿਸ਼ਾਨਾ ਬਣਾ ਕੇ ਹਿੰਸਕ ਅਪਰਾਧ ਕਰਨ ਦੇ ਦੋਸ਼ ਲਗਾਏ।

ਉਂਟਾਰੀਓ, ਅਲਬਰਟਾ ਅਤੇ ਬ੍ਰਿਟਿਸ਼ ਕੋਲੰਬੀਆ ਵਿਚ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ ਘੱਟੋ-ਘੱਟ 2023 ਤੋਂ ਮਿਲਦੇ-ਜੁਲਦੇ ਦਾਅਵੇ ਕੀਤੇ ਸਨ।

ਇਹ ਵੀ ਦਾਅਵਾ ਕੀਤਾ ਗਿਆ ਸੀ ਕਿ ਭਾਰਤੀ ਡਿਪਲੋਮੈਟਾਂ ਨੇ ਕੈਨੇਡਾ ਵਿਚ ਖਾਲਿਸਤਾਨ ਸਮਰਥਕਾਂ ਬਾਰੇ ਵੇਰਵੇ ਨਵੀਂ ਦਿੱਲੀ ਦੇ ਅਧਿਕਾਰੀਆਂ ਨੂੰ ਪ੍ਰਦਾਨ ਕੀਤੇ ਸਨ, ਜਿਨ੍ਹਾਂ ਨੇ ਬਾਅਦ ਵਿਚ ਇਹ ਜਾਣਕਾਰੀ ਬਿਸ਼ਨੋਈ ਗੈਂਗ ਨੂੰ ਦਿੱਤੀ ਸੀ।

ਕੈਨੇਡੀਅਨ ਸਰਕਾਰ ਵਲੋਂ ਹੁਣ ਬਿਸ਼ਨੋਈ ਗੈਂਗ ਨੂੰ ਇੱਕ ਅੱਤਵਾਦੀ ਸੰਗਠਨ ਐਲਾਨੇ ਜਾਣ ਤੋਂ ਬਾਅਦ ਜੋ ਲੋਕ ਲਾਰੈਂਸ ਬਿਸ਼ਨੋਈ ਦੇ ਗੈਂਗ ਨੂੰ ਕਿਸੇ ਵੀ ਤਰ੍ਹਾਂ ਦੀ ਵਿੱਤੀ ਸਹਾਇਤਾ ਪ੍ਰਦਾਨ ਕਰਨਗੇ, ਜਿਸ ਨੇ ਕਥਿਤ ਤੌਰ 'ਤੇ ਜੇਲ੍ਹ ਤੋਂ ਫੋਨ 'ਤੇ ਅਪਰਾਧਿਕ ਨਿਰਦੇਸ਼ ਦਿੱਤੇ ਸਨ, ਉਹ ਹੁਣ ਕਾਨੂੰਨੀ ਮੁਸੀਬਤ ਵਿਚ ਫਸ ਜਾਣਗੇ। ਪਿਛਲੇ ਸਾਲ, ਕੈਨੇਡੀਅਨ ਫੈਡਰਲ ਪੁਲਿਸ ਨੇ ਦੋਸ਼ ਲਗਾਇਆ ਸੀ ਕਿ ਬਿਸ਼ਨੋਈ ਗੈਂਗ ਕੈਨੇਡਾ ਵਿਚ ਕਈ ਕਤਲਾਂ ਅਤੇ ਹਿੰਸਕ ਕਾਰਵਾਈਆਂ ਵਿਚ ਸ਼ਾਮਲ ਸੀ, ਜੋ ਉਨ੍ਹਾਂ ਨੇ ਕਥਿਤ ਤੌਰ 'ਤੇ ਭਾਰਤੀ ਖੁਫੀਆ ਏਜੰਸੀਆਂ ਦੀ ਸਰਬੋਤਮ ਵਰਤੋਂ 'ਤੇ ਕੀਤੀਆਂ ਸਨ। ਭਾਰਤ ਸਰਕਾਰ ਕੈਨੇਡਾ ਦੁਆਰਾ ਇਨ੍ਹਾਂ ਦੋਸ਼ਾਂ ਨੂੰ ਨਕਾਰਦੀ ਰਹੀ ਹੈ।

ਅਸਲ ਵਿਚ ਸਤੰਬਰ 2023 ਵਿਚ, ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਹਾਊਸ ਆਫ਼ ਕਾਮਨਜ਼ ਨੂੰ ਦੱਸਿਆ ਕਿ ਕੈਨੇਡਾ ਕੋਲ 'ਭਰੋਸੇਯੋਗ' ਸਬੂਤ ਹਨ ਕਿ ਨਵੀਂ ਦਿੱਲੀ ਇੱਕ ਸਿੱਖ ਕਾਰਕੁਨ, ਹਰਦੀਪ ਸਿੰਘ ਨਿੱਝਰ ਦੇ ਕਤਲ ਵਿਚ ਸ਼ਾਮਲ ਸੀ, ਜਿਸਦੀ ਮੌਤ ਦੇ ਰਹੱਸ ਅਜੇ ਕਿਤੇ ਨਾ ਕਿਤੇ ਦਫ਼ਨ ਹੋਏ ਪਏ ਨੇ। ਜਦ ਕਿ ਭਾਰਤ ਲਈ, ਉਹ ਇੱਕ ਅੱਤਵਾਦੀ ਤੋਂ ਵੱਧ ਕੁਝ ਨਹੀਂ ਸੀ।

ਬਹੁਤ ਸਾਰੇ ਲੋਕ ਸੋਚਦੇ ਹਨ ਕਿ ਇਹ ਟਰੂਡੋ ਨੇ ਮੋਦੀ ਨਾਲ ਖਾਰ ਖਾਦੀ ਹੈ ਕਿਉਂਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ 2018 ਵਿਚ ਭਾਰਤ ਦਾ ਅੱਠ ਦਿਨਾਂ ਦਾ ਦੌਰਾ ਇੱਕ ਪੂਰੀ ਤਰ੍ਹਾਂ ਰਾਜਨੀਤਕ ਆਫ਼ਤ ਸੀ।

ਯਾਤਰਾ ਇੱਕ ਬਹੁਤ ਹੀ ਅਸੰਤੁਸ਼ਟੀਜਨਕ ਸ਼ੁਰੂਆਤ ਨਾਲ ਸ਼ੁਰੂ ਹੋਈ, ਕਿਉਂਕਿ ਟਰੂਡੋ ਵਫ਼ਦ ਦਾ ਹਵਾਈ ਅੱਡੇ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮੰਤਰੀ ਮੰਡਲ ਦੇ ਮੈਂਬਰ ਦੀ ਬਜਾਏ ਇੱਕ ਰਾਜ ਮੰਤਰੀ ਦੁਆਰਾ ਸਵਾਗਤ ਕੀਤਾ ਗਿਆ ਸੀ। ਅੰਤਰਰਾਸ਼ਟਰੀ ਅਤੇ ਸਥਾਨਕ ਨਿਰੀਖਕਾਂ ਨੇ ਸੁਝਾਅ ਦਿੱਤਾ ਕਿ ਵੱਖਵਾਦੀਆਂ ਅਤੇ ਕੱਟੜਪੰਥੀਆਂ ਨਾਲ ਸ਼ੱਕੀ ਸਬੰਧਾਂ ਕਾਰਨ, ਸਪੱਸ਼ਟ ਅਣਦੇਖੀ ਨੂੰ ਧਿਆਨ ਵਿਚ ਰੱਖਦੇ ਹੋਏ, ਟਰੂਡੋ ਨੂੰ ਨਜ਼ਰ-ਅੰਦਾਜ਼ ਕੀਤਾ ਜਾ ਰਿਹਾ ਸੀ।

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ ਇਹ ਭਰੋਸਾ ਦਿਵਾਉਣ ਦੀਆਂ ਵਿਆਪਕ ਕੋਸ਼ਿਸ਼ਾਂ ਦੇ ਬਾਵਜੂਦ ਕਿ ਉਨ੍ਹਾਂ ਦਾ ਪ੍ਰਸ਼ਾਸਨ ਕੱਟੜਪੰਥੀਆਂ ਨਾਲ ਜੁੜਿਆ ਨਹੀਂ ਹੈ, ਭਾਰਤ ਦੀ ਯਾਤਰਾ ਦੌਰਾਨ ਉਨ੍ਹਾਂ ਦੇ ਆਪਣੇ ਹੀ ਦਲ ਵਿਚ ਇੱਕ ਅਜਿਹਾ ਵਿਅਕਤੀ ਮਿਲਿਆ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਆਪਣੀ ਮੁਲਾਕਾਤ ਤੋਂ ਕੁਝ ਘੰਟੇ ਪਹਿਲਾਂ, ਸਥਿਤੀ ਨੇ ਉਸ ਸਮੇਂ ਨਵਾਂ ਮੋੜ ਲੈ ਲਿਆ ਜਦੋਂ ਕੈਨੇਡੀਅਨ ਹਾਈ ਕਮਿਸ਼ਨਰ ਨੇ ਜਸਪਾਲ ਅਟਵਾਲ, ਜੋ ਕਿ ਇੱਕ ਸਿੱਖ ਕੱਟੜਪੰਥੀ ਹੈ, ਨੂੰ ਦਿੱਲੀ ਵਿਚ ਟਰੂਡੋ ਦੇ ਸਨਮਾਨ ਵਿਚ ਰਾਤ ਦੇ ਖਾਣੇ ਲਈ ਸੱਦਾ ਦਿੱਤਾ, ਜਿਸਦਾ ਕਤਲ ਦੀ ਕੋਸ਼ਿਸ਼ ਦਾ ਇਤਿਹਾਸ ਹੈ ਅਤੇ ਇੱਕ ਅੱਤਵਾਦੀ ਸੰਗਠਨ ਨਾਲ ਪੁਰਾਣੇ ਸਬੰਧ ਹਨ।

ਅਟਵਾਲ ਨੂੰ 1986 ਵਿਚ ਇੱਕ ਭਾਰਤੀ ਮੰਤਰੀ ਦੀ ਹੱਤਿਆ ਦੀ ਕੋਸ਼ਿਸ਼ ਕਰਨ ਦਾ ਦੋਸ਼ੀ ਠਹਿਰਾਇਆ ਗਿਆ ਸੀ ਅਤੇ ਬ੍ਰਿਟਿਸ਼ ਕੋਲੰਬੀਆ ਦੇ ਸਾਬਕਾ ਪ੍ਰਧਾਨ ਮੰਤਰੀ ਉੱਜਲ ਦੋਸਾਂਝ 'ਤੇ ਹਮਲੇ ਵਿਚ ਵੀ ਸ਼ਾਮਲ ਸੀ।

ਜਦੋਂ ਅਟਵਾਲ ਦਾ ਸੱਦਾ ਰੱਦ ਕਰ ਦਿੱਤਾ ਗਿਆ ਸੀ - ਜਿਸਨੂੰ ਟਰੂਡੋ ਨੇ 'ਮੰਦਭਾਗਾ' ਦੱਸਿਆ ਸੀ - ਅਟਵਾਲ ਪਹਿਲਾਂ ਹੀ ਮੁੰਬਈ ਵਿਚ ਟਰੂਡੋ ਦੀ ਪਤਨੀ ਸੋਫੀ ਨਾਲ ਆਪਣੇ ਸਾਥੀਆਂ ਦੇ ਹੋਰ ਮੈਂਬਰਾਂ ਨਾਲ ਫੋਟੋਆਂ ਖਿਚਵਾ ਚੁੱਕੇ ਸਨ।

ਇਹ ਸਥਿਤੀ ਭਾਰਤ ਦੇ ਖਾਲਿਸਤਾਨੀ ਪੱਖੀ ਸਿੱਖਾਂ ਲਈ ਕੈਨੇਡਾ ਦੇ ਸਪੱਸ਼ਟ ਸਮਰਥਨ ਪ੍ਰਤੀ ਅਸੰਤੁਸ਼ਟੀ ਤੋਂ ਪੈਦਾ ਹੁੰਦੀ ਹੈ, ਜਦੋਂ ਕਿ ਸ੍ਰੀ ਟਰੂਡੋ ਇਸ ਮਾਮਲੇ 'ਤੇ ਖਾਸ ਤੌਰ 'ਤੇ ਚੁੱਪ ਰਹਿੰਦੇ ਰਹੇ, ਕਦੇ ਵੀ ਇਸ ਮੁੱਦੇ ਨੂੰ ਸਿੱਧੇ ਤੌਰ 'ਤੇ ਸੰਬੋਧਿਤ ਨਹੀਂ ਕੀਤਾ ਕਦੇ ਹੀ ਇਸ ਮੁੱਦੇ ਨੂੰ ਗੰਭੀਰਤਾਂ ਨਾਲ ਨਹੀਂ ਲਿਆ।

ਅਕਤੂਬਰ 2024 ਵਿੱਚ ਦੋਵਾਂ ਸਰਕਾਰਾਂ ਦੇ ਸਬੰਧਾਂ ਨੇ ਇੱਕ ਹੋਰ ਮੋੜ ਲੈ ਲਿਆ, ਜਦੋਂ ਰਾਇਲ ਕੈਨੇਡੀਅਨ ਮਾਊਂਟੇਡ ਪੁਲਿਸ ਨੇ ਕਿਹਾ ਕਿ ਉਸਨੂੰ ਅਜਿਹੇ ਠੋਸ ਸਬੂਤ ਮਿਲੇ ਹਨ ਜੋ ਭਾਰਤ ਸਰਕਾਰ ਦੇ 'ਉੱਚ ਪੱਧਰਾਂ' ਨੂੰ ਬਿਸ਼ਨੋਈ ਗੈਂਗ ਦੁਆਰਾ ਕੈਨੇਡੀਅਨਾਂ ਵਿਰੁੱਧ ਚਲਾਈ ਗਈ ਡਰਾਉਣ-ਧਮਕਾਉਣ ਅਤੇ ਹਿੰਸਾ ਦੀ ਮੁਹਿੰਮ ਨਾਲ ਜੋੜਦੇ ਹਨ। ਇਸ ਖੋਜ ਤੋਂ ਬਾਅਦ, ਕੈਨੇਡਾ ਨੇ ਹਾਈ ਕਮਿਸ਼ਨਰ ਸਮੇਤ ਛੇ ਭਾਰਤੀ ਡਿਪਲੋਮੈਟਾਂ ਨੂੰ ਹਟਾ ਦਿੱਤਾ, ਅਤੇ ਭਾਰਤ ਨੇ ਜਵਾਬੀ ਕਾਰਵਾਈ ਵਿਚ ਉਸੇ ਗਿਣਤੀ ਵਿਚ ਕੈਨੇਡੀਅਨਾਂ ਨੂੰ ਹਟਾ ਕੇ ਜਵਾਬ ਦਿੱਤਾ।

ਭਾਰਤ ਨੇ ਕਿਹਾ ਹੈ ਕਿ ਕੈਨੇਡਾ ਸਿੱਖ ਕੱਟੜਪੰਥੀਆਂ ਨੂੰ ਦੋਵਾਂ ਦੇਸ਼ਾਂ ਵਿਚ ਧਮਕੀਆਂ ਦੇਣ ਅਤੇ ਹਿੰਸਕ ਕਾਰਵਾਈਆਂ ਕਰਨ ਦੀ ਇਜਾਜ਼ਤ ਦੇ ਰਿਹਾ ਹੈ, ਇਹ ਦਾਅਵਾ ਕਰਦੇ ਹੋਏ ਕਿ ਓਟਵਾ ਨੇ 1984 ਦੇ ਏਅਰ ਇੰਡੀਆ ਹਮਲੇ ਦੀ ਗਹਿਰਾਈ ਨੂੰ ਰੋਕਣ ਲਈ ਕਾਫ਼ੀ ਗੰਭੀਰਤਾ ਨਹੀਂ ਦਿਖਾਈ ਜੇ ਦਿਖਾਈ ਹੁੰਦੀ ਤਾਂ ਇਹ ਹਾਦਸਾ ਟਲ ਸਕਦਾ ਸੀ ਤੇ ਲੋਕਾਂ ਦੀ ਜਾਨ ਬਚ ਸਕਦੀ ਸੀ।

ਦਰਅਸਲ, ਕੈਨੇਡਾ ਤੋਂ ਲੰਡਨ ਰਾਹੀਂ ਭਾਰਤ ਜਾਣ ਵਾਲਾ ਏਅਰ ਇੰਡੀਆ ਦਾ ਇੱਕ ਜਹਾਜ਼ 23 ਜੂਨ, 1985 ਨੂੰ ਆਇਰਲੈਂਡ ਦੇ ਤੱਟ 'ਤੇ ਧਮਾਕਾ ਹੋ ਗਿਆ, ਜਿਸ ਵਿਚ ਸਵਾਰ



**ਬਰੈਂਪਟਨ ਸ਼ਹਿਰ ਦੇ ਮੇਅਰ ਪੈਟ੍ਰਿਕ ਬ੍ਰਾਊਨ ਨਾਲ ਲੇਖਕ ਸੁਰਜੀਤ ਸਿੰਘ ਫਲੋਰਾ।**

ਸਾਰੇ 329 ਵਿਅਕਤੀ ਮਾਰੇ ਗਏ। ਜਹਾਜ਼ ਵਿਚ ਰੱਖੇ ਇੱਕ ਬੈਗ ਵਿਚ ਬੰਬ ਸੀ ਭਾਵੇਂ ਟਿਕਟ ਖਰੀਦਣ ਵਾਲਾ ਵਿਅਕਤੀ ਸਵਾਰ ਨਹੀਂ ਹੋਇਆ ਸੀ। ਮਰਨ ਵਾਲੇ 268 ਕੈਨੇਡੀਅਨ ਸਨ; ਉਨ੍ਹਾਂ ਵਿਚੋਂ ਜ਼ਿਆਦਾਤਰ ਭਾਰਤੀ ਮੂਲ ਦੇ ਸਨ, ਅਤੇ 24 ਭਾਰਤੀ ਸਨ। ਪਾਣੀ ਵਿੱਚੋਂ ਸਿਰਫ਼ 131 ਲਾਸ਼ਾਂ ਮਿਲੀਆਂ।

ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰਸੀਐਮਪੀ) ਨੇ ਤਲਵਿੰਦਰ ਸਿੰਘ ਪਰਮਾਰ - ਬੱਬਰ ਖਾਲਸਾ ਨਾਮਕ ਇੱਕ ਕੱਟੜਪੰਥੀ ਸੰਗਠਨ ਦੇ ਮੁਖੀ, ਜੋ ਕਿ ਹੁਣ ਕੈਨੇਡਾ ਅਤੇ ਭਾਰਤ ਵਿਚ ਗੈਰ-ਕਾਨੂੰਨੀ ਹੈ - ਅਤੇ ਇੰਦਰਜੀਤ ਸਿੰਘ ਰਿਆਤ, ਇੱਕ ਇਲੈਕਟ੍ਰੀਸ਼ੀਅਨ, ਨੂੰ ਕਈ ਹਥਿਆਰਾਂ, ਵਿਸਫੋਟਕਾਂ ਅਤੇ ਸਾਜ਼ਿਸ਼ ਦੇ ਦੋਸ਼ਾਂ ਵਿਚ ਗ੍ਰਿਫਤਾਰ ਕੀਤਾ ਸੀ। ਪਰ ਪਰਮਾਰ - ਜਿਸਨੂੰ ਭਾਰਤ ਨੇ 1980 ਦੇ ਦਹਾਕੇ ਦੇ ਸ਼ੁਰੂ ਵਿਚ ਕੈਨੇਡਾ ਤੋਂ ਹਵਾਲਗੀ ਕਰਨ ਦੀ ਅਸਫਲ ਕੋਸ਼ਿਸ਼ ਕੀਤੀ ਸੀ - ਵਿਰੁੱਧ ਕੇਸ ਗਲਤ ਢੰਗ ਨਾਲ ਚਲਾਇਆ ਗਿਆ ਸੀ, ਅਤੇ ਉਸਨੂੰ ਡਿਸਚਾਰਜ ਕਰ ਦਿੱਤਾ ਗਿਆ ਸੀ।

ਇਹ ਵੀ ਸੱਚ ਹੈ ਕਿ ਕੈਨੇਡਾ ਦਾ ਖਾਲਿਸਤਾਨੀ ਬਾਗ਼ੀਆਂ ਅਤੇ ਅਪਰਾਧੀਆਂ ਦੀ ਮਦਦ ਕਰਨ ਦਾ ਇਤਿਹਾਸ ਰਿਹਾ ਹੈ, ਭਾਵੇਂ ਇਸਦਾ ਮਤਲਬ ਹੋਰ 'ਦੇਸੀ' ਨਿਵਾਸੀਆਂ ਦੀਆਂ ਜਾਨਾਂ ਨੂੰ ਜੋਖਮ ਵਿਚ ਪਾਉਣਾ ਸੀ। ਭਾਰਤ ਸਰਕਾਰ ਨੇ ਨਿੱਝਰ ਸਮੇਤ ਇਨ੍ਹਾਂ ਅੱਤਵਾਦੀਆਂ ਅਤੇ ਠੱਗਾਂ ਬਾਰੇ ਕੈਨੇਡਾ ਨੂੰ ਕਈ ਫਾਈਲਾਂ ਭੇਜੀਆਂ, ਪਰ ਕੈਨੇਡਾ ਨੇ ਉਨ੍ਹਾਂ ਵੱਲ ਧਿਆਨ ਨਹੀਂ ਦਿੱਤਾ। ਕੈਨੇਡਾ ਵਿਚ, ਇਸ ਸਮੇਂ ਇੱਕ ਖਾਲਿਸਤਾਨੀ ਗੈਂਗ ਵਾਰ ਚੱਲ ਰਹੀ ਹੈ ਜਿਸ ਦੇ ਨਤੀਜੇ ਵਜੋਂ ਕਈ ਖਾਲਿਸਤਾਨੀ ਅਪਰਾਧੀਆਂ ਦੀ ਮੌਤ ਹੋ ਗਈ ਹੈ। ਨਿੱਝਰ ਗੈਂਗ ਨੇ ਰਿਆਤ ਦਾ ਕਤਲ ਵੀ ਕਰ ਦਿੱਤਾ ਸੀ।

ਦਰਅਸਲ, ਜਦੋਂ ਤੋਂ ਟਰੂਡੋ ਤੋਂ ਬਾਅਦ ਕੈਨੇਡਾ ਦੇ ਨਵੇਂ ਬਣੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਭਾਰਤ ਨਾਲ ਸਬੰਧਾਂ ਦੀ ਹੌਲੀ-ਹੌਲੀ ਮੁੜ ਸਥਾਪਨਾ ਨੂੰ ਤਰਜੀਹ ਦੇ ਰਹੇ ਹਨ। ਦੋਵਾਂ ਦੇਸ਼ਾਂ ਵਿਚਕਾਰ ਵਿਸ਼ਵਾਸ ਪੈਦਾ ਕਰਨ ਲਈ, ਕਾਨੂੰਨ ਲਾਗੂ ਕਰਨ ਵਾਲਿਆਂ ਚਰਚਾਵਾਂ ਖਾਸ ਤੌਰ 'ਤੇ ਮਹੱਤਵਪੂਰਨ ਸਾਬਿਤ ਹੋ ਰਹੀਆਂ ਹਨ।

ਲਾਰੈਂਸ ਬਿਸ਼ਨੋਈ ਗੈਂਗ ਨੂੰ ਅੱਤਵਾਦੀ ਸੰਗਠਨ ਘੋਸ਼ਿਤ ਕਰਨ ਤੋਂ ਬਾਅਦ, ਕੈਨੇਡੀਅਨ ਸਰਕਾਰ ਇਸ ਗੈਂਗ ਨਾਲ ਜੁੜੇ ਲੋਕਾਂ ਦੇ ਬੈਂਕ ਖਾਤੇ ਜ਼ਬਤ ਕਰ ਸਕਦੀ ਹੈ, ਉਨ੍ਹਾਂ ਦੀ ਜਾਇਦਾਦ ਜ਼ਬਤ ਕਰ ਸਕਦੀ ਹੈ, ਅਤੇ ਉਨ੍ਹਾਂ ਦੀ ਕਿਸੇ ਵੀ ਅਪਰਾਧਕ ਗਤੀਵਿਧੀ ਨੂੰ ਪੁਲਿਸ ਅਤੇ ਅਦਾਲਤਾਂ ਦੁਆਰਾ ਆਮ ਨਾਲੋਂ ਵੱਖਰੇ ਸਖ਼ਤ ਕਾਨੂੰਨਾਂ ਅਧੀਨ ਵਿਚਾਰਿਆ ਜਾਵੇਗਾ। ਇਹ ਗੱਲ ਜ਼ਿਕਰਯੋਗ ਹੈ ਕਿ ਲਾਰੈਂਸ ਬਿਸ਼ਨੋਈ ਗੈਂਗ ਪਿਛਲੇ ਸਮੇਂ ਵਿਚ ਕੈਨੇਡਾ ਵਿਚ ਵਾਪਰੀਆਂ ਕਈ ਹੱਤਿਆਵਾਂ, ਫਿਰੌਤੀ ਦੀ ਮੰਗ ਅਤੇ ਹੋਰ ਹਿੰਸਕ ਕਾਰਵਾਈਆਂ ਦੀ ਜ਼ਿੰਮੇਵਾਰੀ ਲੈਂਦਾ ਰਿਹਾ ਹੈ। ਇਹੀ ਮੰਗ ਵਿਰੋਧੀ ਪਾਰਟੀ ਦੇ ਨਾਲ-ਨਾਲ ਕੁਝ ਰਾਜਾਂ ਦੇ ਮੁੱਖ ਮੰਤਰੀਆਂ ਅਤੇ ਸ਼ਹਿਰਾਂ ਦੇ ਮੇਅਰਾਂ ਨੇ ਵੀ ਵਧੇ ਹੋਏ ਅਪਰਾਧ ਨੂੰ ਘਟਾਉਣ ਲਈ ਉਠਾਈ ਹੈ।

ਇਸ ਤੋਂ ਇਲਾਵਾ, ਬਰੈਂਪਟਨ ਸ਼ਹਿਰ ਦੇ ਮੇਅਰ ਪੈਟ੍ਰਿਕ ਬ੍ਰਾਊਨ ਕੈਨੇਡਾ ਸਰਕਾਰ ਦੇ ਬਿਸ਼ਨੋਈ ਗੈਂਗ ਨੂੰ ਰਸਮੀ ਤੌਰ 'ਤੇ ਅਪਰਾਧਕ ਸੰਹਿਤਾ ਦੇ ਤਹਿਤ ਇੱਕ ਅੱਤਵਾਦੀ ਸੰਸਥਾ ਵਜੋਂ ਨਾਮਜ਼ਦ ਕਰਨ ਦੇ ਫੈਸਲੇ ਦੀ ਸ਼ਲਾਘਾ ਕਰ ਰਹੇ ਹਨ। ਇਹ ਨਾਮਜ਼ਦਗੀ ਮਿਊਂਸਿਪਲ ਆਗੂਆਂ, ਕਾਨੂੰਨ ਲਾਗੂ ਕਰਨ ਵਾਲਿਆਂ ਅਤੇ ਭਾਈਚਾਰਕ ਸੰਗਠਨਾਂ ਵੱਲੋਂ ਮਹੀਨਿਆਂ ਦੀ ਵਕਾਲਤ ਤੋਂ ਬਾਅਦ ਹੈ - ਜਿਸ ਵਿਚ ਮੇਅਰ ਬ੍ਰਾਊਨ ਦਾ ਜੂਨ 2025 ਵਿਚ ਪ੍ਰਧਾਨ ਮੰਤਰੀ ਮਾਰਕ ਕਾਰਨੀ ਅਤੇ ਜਨਤਕ ਸੁਰੱਖਿਆ ਮੰਤਰੀ ਗੈਰੀ ਆਨੰਦਸੰਗਰੀ ਨੂੰ ਤੁਰੰਤ ਕਾਰਵਾਈ ਦੀ ਮੰਗ ਕਰਨ ਵਾਲਾ ਪੱਤਰ ਵੀ ਸ਼ਾਮਲ ਹੈ।

ਮੇਅਰ ਬ੍ਰਾਊਨ ਨੇ ਕਿਹਾ ਕਿ 'ਬਿਸ਼ਨੋਈ ਗੈਂਗ ਸੂਝਵਾਨ, ਅੰਤਰਰਾਸ਼ਟਰੀ ਅਤੇ ਬੇਰਹਿਮ ਹੈ।' 'ਜੇਕਰ ਕਾਨੂੰਨ ਲਾਗੂ ਕਰਨ ਵਾਲਿਆਂ ਨੇ ਉਨ੍ਹਾਂ ਦੇ ਨੈੱਟਵਰਕਾਂ ਨੂੰ ਖਤਮ ਕਰਨਾ ਹੈ, ਤਾਂ ਸਾਨੂੰ ਉਸ ਸੂਝ-ਬੂਝ ਨਾਲ ਮੇਲ ਕਰਨਾ ਚਾਹੀਦਾ ਹੈ - ਜਾਂ ਇਸ ਤੋਂ ਵੱਧ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਆਵਾਜਾਈ ਅਤੇ ਸੰਚਾਰ ਲਿੰਕਾਂ ਨੂੰ ਬੰਦ ਕਰਨਾ ਚਾਹੀਦਾ ਹੈ ਜੋ ਉਨ੍ਹਾਂ ਦੇ ਕੰਮਕਾਜ ਨੂੰ ਸਮਰੱਥ ਬਣਾਉਂਦੇ ਹਨ।'

ਇਸ ਤੋਂ ਇਲਾਵਾ, ਮੇਅਰ ਬ੍ਰਾਊਨ ਪੀਲ ਰੀਜਨਲ ਪੁਲਿਸ, ਬ੍ਰਿਟਸ਼ ਕੋਲੰਬੀਆ ਦੇ ਪ੍ਰੀਮੀਅਰ ਡੇਵਿਡ ਐਬੀ, ਅਤੇ ਵਿਸ਼ਵ ਸਿੱਖ ਸੰਗਠਨ - ਦੇ ਨਾਲ-ਨਾਲ ਦੇਸ਼ ਭਰ ਦੇ ਮਿਊਂਸਿਪਲ ਆਗੂਆਂ, ਜਿਨ੍ਹਾਂ ਵਿਚ ਸਰੀ ਦੀ ਮੇਅਰ ਬ੍ਰੈਂਡਾ ਲੌਕ; ਐਡਮੰਟਨ ਦੀ ਮੇਅਰ ਅਮਰਜੀਤ ਸੋਹੀ; ਅਤੇ ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿਥ ਸ਼ਾਮਲ ਹਨ - ਦੀਆਂ ਜ਼ਰੂਰੀ ਕਾਲਾਂ ਦਾ ਜਵਾਬ ਦੇਣ ਲਈ ਸੰਘੀ ਸਰਕਾਰ ਦਾ ਧੰਨਵਾਦ ਕਰਦੇ ਹਨ - ਜਿਨ੍ਹਾਂ ਸਾਰਿਆਂ ਨੇ ਸੰਘੀ ਸਰਕਾਰ ਨੂੰ ਫੈਸਲਾਕੁਨ ਕਾਰਵਾਈ ਕਰਨ ਦੀ ਅਪੀਲ ਕੀਤੀ ਸੀ ਜਿਸ ਦੀ ਬਦੌਲਤ ਕੈਨੇਡਾ ਸਰਕਾਰ ਵਲੋਂ ਇਹ ਅਹਿਮ ਫੈਸਲਾ ਲਿਆ ਗਿਆ।

ਬਿਸ਼ਨੋਈ ਨੂੰ ਇੱਕ ਬਦਨਾਮ ਅਪਰਾਧੀ ਵਜੋਂ ਜਾਣਿਆ ਜਾਂਦਾ ਹੈ। ਉਸਨੇ ਮਸ਼ਹੂਰ ਭਾਰਤੀ ਮਸ਼ਹੂਰ ਹਸਤੀਆਂ, ਸਿਆਸਤਦਾਨਾਂ ਅਤੇ ਕਾਰੋਬਾਰੀ ਅਧਿਕਾਰੀਆਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਹਨ। 2022 ਵਿਚ ਕੈਨੇਡਾ ਵਿਚ ਥੋੜ੍ਹੇ ਸਮੇਂ ਲਈ ਰਹਿ ਰਹੇ ਪੰਜਾਬੀ ਕਲਾਕਾਰ ਸਿੱਧੂ ਮੂਸੇ ਵਾਲਾ ਦੇ ਗੋਲੀਬਾਰੀ ਕਤਲ ਦੇ ਪਿੱਛੇ ਵਿਅਕਤੀ ਹੋਣ ਦਾ ਦੋਸ਼ ਉਸ 'ਤੇ ਲਗਾਇਆ ਗਿਆ ਸੀ।

---

*(ਪਿਛਲੇ ਸਫੇ ਦਾ ਬਾਕੀ)*

ਤੱਕ ਪਹੁੰਚ ਗਈ। ਉਸ ਦੀ ਪਤਨੀ ਨਛੱਤਰ ਕੌਰ ਨੇ ਪਰਿਵਾਰ ਨਾਲ ਮਿਲ ਕੇ ਮਾਡਲ ਟਾਊਨ ਦੇ ਗੁਰਦੁਆਰੇ ਵਿਚ ਰਸਮੀ ਸ਼ਰਧਾਂਜਲੀ ਦਾ ਪ੍ਰੋਗਰਾਮ ਕੀਤਾ, ਜਿਸ ਵਿਚ ਮੈਂ ਸ਼ਾਮਲ ਹੋਇਆ ਸਾਂ। ਜਰਮਨ ਜਾ ਕੇ ਉਸਨੇ ਆਪਣਾ ਇਹ ਰੰਗ ਉਦੋਂ ਵਿਖਾ ਹੀ ਦਿੱਤਾ ਸੀ, ਜਦੋਂ ਉਹ ਜਰਮਨ ਛੱਡ ਕੇ ਬੀਬੀਸੀ ਲੰਡਨ ਦੇ ਵਿਹੜੇ ਵਿਚ ਪਹੁੰਚ ਗਿਆ ਤੇ ਲਹਿਰ ਵਿਰੋਧੀ ਪੈਂਤੜਾ ਲੈ ਕੇ ਸਭ ਨੂੰ ਪੁਣਨ ਲੱਗ ਪਿਆ। ਹੋਰ ਤਾਂ ਹੋਰ ਸੁਰੇਂਦਰ ਉੱਪਰ ਵੀ ਊਜਾਂ ਲਾਉਣ ਲੱਗ ਪਿਆ ਸੀ।

ਸੁਰੇਂਦਰ ਚਲਾ ਗਿਆ। ਮੇਰਾ ਫਿਰ ਇਹੋ ਕਹਿਣਾ ਹੈ ਕਿ ਇਹ ਪਾਰਟੀ ਦੀ ਸਹੀ ਦਿਸ਼ਾ ਵਿਚ ਜਾਣ ਦੀ ਇਹ ਵੀ ਇੱਕ ਉਦਾਹਰਣ ਸੀ। ਸੂਲਾਂ 'ਤੇ ਕਦਮ ਟਿਕਾਈ ਭੂਮੀਗਤ ਹੋਈ ਆਗੂ ਟੀਮ ਆਪਣੀ ਮਰਜ਼ੀ ਨਾਲ ਔਕੜਾਂ ਦੇ ਪਹਾੜਾਂ ਨਾਲ ਟੱਕਰ ਲੈਣ ਲਈ ਜੋ ਆਪਣੀਆਂ ਜਾਨਾਂ ਜ਼ੋਖਮ ਵਿਚ ਪਾਈ ਫਿਰਦੀ ਸੀ, ਦਾ ਆਪਣਾ ਨਿੱਜੀ ਹਿਤ ਕੀ ਸੀ? ਕੀਹਦੇ ਘਰ ਰਾਤ ਕੱਟਦੇ ਹੋਣਗੇ? ਕਿੱਥੋਂ ਅੰਨ-ਪਾਣੀ ਛਕਦੇ ਹੋਣਗੇ? ਕਿਹੜੇ ਹਾਲੀਂ ਰਹਿ ਰਹੇ ਹੋਣਗੇ? ਚੰਗੀਆਂ ਨੌਕਰੀਆਂ ਅਤੇ ਸੁਖ ਦਾ ਜੀਵਨ ਤਿਆਗ ਕੇ ਕੀ ਖੱਟ ਰਹੇ ਹਨ? ਮੇਰੇ ਮੂਹਰੇ ਬਹੁਤ ਵੱਡੇ ਸੁਆਲ ਉੱਠਦੇ ਰਹਿੰਦੇ ਹਨ ਕਿ ਭੂਮੀਵਤ ਹੋਈ ਇਹ ਲੀਡਰਸ਼ਿਪ ਨੂੰ ਤਾਂ ਆਮ ਜਨਤਾ ਜਾਣਦੀ ਵੀ ਨਹੀਂ। ਇਨ੍ਹਾਂ ਦੀ ਇਤਿਹਾਸਿਕ ਪਛਾਣ ਕਿਸੇ ਨੂੰ ਵੀ ਨਹੀਂ ਪਰ ਇਹ ਨੀਹਾਂ ਦੇ ਰੋੜੇ ਬਣਨ ਲਈ ਦਿਨ-ਰਾਤ ਜੰਗਲਾਂ ਵਿਚ ਛੁਪੇ ਇਤਿਹਾਸ ਨੂੰ ਪ੍ਰਭਾਵਤ ਕਰਨ ਲਈ ਨਹੀਂ ਬਦਲਣ ਤੁਰੇ ਹੋਏ ਸਨ। ਹਰਭਜਨ ਸੋਹੀ ਤੁਰ ਗਿਆ। ਇੱਕ ਖਿਲਾਅ ਆਪਣੇ ਪਿੱਛੇ ਛੱਡ ਗਿਆ। ਕਿੱਥੇ ਹੈ, ਉਸ ਦਾ ਕੋਈ ਇਤਿਹਾਸ? ਜਿਵੇਂ ਕਿ ਦੱਸਿਆ ਗਿਆ ਹੈ ਕਿ ਉਹ ਆਪਣੇ ਕਿਸੇ ਗੁਪਤ ਅੱਡੇ 'ਤੇ ਕੁੱਝ ਚਿਰ ਆਰਾਮ ਕਰਨ ਆਇਆ ਹੋਵੇਗਾ, ਜਿੱਥੇ ਆਮ ਤੌਰ 'ਤੇ ਦੂਜੇ ਸਾਥੀ ਵੀ ਆਉਂਦੇ ਜਾਂਦੇ ਰਹਿੰਦੇ ਸਨ। ਮੰਜੇ 'ਤੇ ਪਿਆ ਇੱਕ ਲੱਤ ਗੋਡੇ 'ਤੇ ਰੱਖ ਕੇ ਉਹ ਕੋਈ ਸਿਧਾਂਤਕ ਕਿਤਾਬ ਪੜ੍ਹ ਰਿਹਾ ਸੀ। ਉਹ ਤਾਂ ਪੈਦਾਵਾਰ ਹੀ ਸਿਧਾਂਤ ਦੀ ਸੀ। ਸਿਧਾਂਤ ਹੀ ਉਸਦੀ ਰੂਹ ਦੀ ਖ਼ੁਰਾਕ ਸੀ। ਉਸੇ ਅਵੱਸਥਾ ਵਿਚ ਉਹ ਹਮੇਸ਼ ਲਈ ਗੂੜ੍ਹੀ ਨੀਂਦ ਦੀ ਬੁੱਕਲ ਵਿਚ ਚਲਾ ਗਿਆ। ਉਨ੍ਹਾਂ ਲੋਕਾਂ ਦੇ ਚੇਤਿਆਂ ਵਿਚ ਵਸ ਗਿਆ ਹੈ, ਜਿਨ੍ਹਾਂ ਦੇ ਪਿਆਰ ਵਿਚ ਤਾਰੀਆਂ ਲਾਉਂਦਾ ਉਹ ਰੋਹੀਆਂ ਦੇ ਲੰਮੇ ਪੰਧ 'ਤੇ ਤੁਰਦਾ ਰਿਹਾ।

ਉਸ ਦੀ ਸਿਧਾਂਤਕ ਸੂਝ ਨਾਲ ਇੱਕ-ਸੁਰ ਸਾਥੀਆਂ ਦੀ ਪਹੁੰਚ ਨਾਲ ਉਸਰਿਆ ਜਨਤਕ ਉਭਾਰ, ਉਹ ਆਪ ਵੇਖਣ ਨਹੀਂ ਆਏਗਾ ਪਰ ਉਸ ਦੇ ਉਸ ਸਿਧਾਂਤ ਦੀ ਮਹਿਕ ਫ਼ਿਜ਼ਾ ਨੂੰ ਮਹਿਕਾਉਂਦੀ ਰਹੇਗੀ। ਪਿੱਛੇ ਰਹਿ ਗਏ ਉਸ ਦੇ ਸਾਥੀ ਉਸ ਵੱਲੋਂ ਰਹਿ ਗਿਆ ਪਾੜਾ ਮੇਟ ਵੀ ਲੈਣਗੇ ਪਰ ਹਰਭਜਨ ਆਪਣੇ ਚਾਹੁਣ ਵਾਲਿਆਂ ਦੇ ਸੀਨਿਆਂ ਵਿਚ ਧੜਕਦਾ ਰਹੇਗਾ।

ਉਹ ਆਪਣੇ ਪਿੱਛੇ ਬਹੁਤ ਕੁੱਝ ਛੱਡ ਗਿਆ, ਆਪਣੀ ਸਮੁੱਚੀ ਲਾਈਨ ਦਾ ਖ਼ਾਕਾ। ਹੁਣ ਉਸ ਦੇ ਬਾਕੀ ਸਾਥੀ ਜੋ ਉਸ ਦੇ ਮੋਢੇ ਨਾਲ ਮੋਢਾ ਜੋੜ ਕੇ ਲਹਿਰ ਦੇ ਪਾਹੀਏ ਬਣੇ ਹੋਏ ਸਨ, ਉਸ ਲਾਈਨ ਨੂੰ ਅੱਗੇ ਵਧਾਉਣਗੇ। ਮੇਰੇ ਸਾਹੀਂ ਜਿਉਂਦਾ ਇੱਕ ਹੋਰ ਆਗੂ ਠਾਣਾ ਸਿੰਘ ਵੀ ਕੈਂਸਰ ਨੇ ਖਾ ਲਿਆ। ਪਤਾ ਲੱਗਾ ਹੈ ਕਿ ਸੋਹੀ ਤੋਂ ਬਾਅਦ ਲਹਿਰ ਵਿਚ ਉਸੇ ਦਾ ਨਾਂ ਬੋਲਦਾ ਸੀ। ਜਨਤਕ ਲਹਿਰਾਂ ਉਸਾਰਨ ਵਿਚ ਸਮੁੱਚੀ ਟੀਮ ਹੀ ਆਪਣਾ ਆਦਰਸ਼ ਆਪ ਹੈ, ਮੇਰਾ ਵਿਸ਼ਵਾਸ ਹੈ।

ਦੋਸਤ ਬੁਰਾ ਨਾ ਮਨਾਉਣ, ਇੱਥੇ ਮੈਂ ਜ਼ੋਰ ਦੇ ਕੇ ਕਹਿਣਾ ਚਾਹੁੰਦਾ ਹਾਂ, ਕਿ ਜਿਹੜੀਆਂ ਧਿਰਾਂ ਜਨਤਕ ਲਾਈਨ ਨੂੰ ਤ੍ਰਿਸਕਾਰ ਦੀ ਦ੍ਰਿਸ਼ਟੀ ਤੋਂ ਵੇਖਦੀਆਂ ਸਨ ਤੇ ਇਸ ਧਿਰ ਨੂੰ ਛੱਜ ਵਿਚ ਪਾ ਕੇ ਛੰਡਦੀਆਂ ਸਨ, ਅੱਜ ਤਜਰਬਿਆਂ ਵਿਚੋਂ ਸਫ਼ਲਤਾ ਦੇ ਮੁਕਾਮ 'ਤੇ ਪਹੁੰਚੀ ਜਨਤਕ ਲਹਿਰ ਦਾ ਪਰਚਮ ਲਹਿਰਾਉਣ ਲੱਗੀਆਂ ਹੋਈਆਂ ਹਨ। ਇਸ ਧਿਰ ਦੀਆਂ ਜਨਤਕ ਜੱਥੇਬੰਦੀਆਂ ਵਧਵੇਂ ਪ੍ਰੋਗਰਾਮ ਦਿੰਦੀਆਂ ਹਨ। ਕੁੱਝ ਚਿਰ ਦੂਜੀਆਂ ਧਿਰਾਂ ਦੀ ਆਲੋਚਨਾ ਦਾ ਸ਼ਿਕਾਰ ਹੁੰਦੀਆਂ, ਪਰ ਦੂਜੇ ਚੌਥੇ ਦਿਨ, ਉਹ ਵੀ ਇਨ੍ਹਾਂ ਵਾਲੇ ਰਾਹ 'ਤੇ ਅਮਲ ਕਰਨ ਲੱਗਦੀਆਂ ਹਨ। ਇਹ ਹੈ ਵਿਗਿਆਨਕ ਤੌਰ-ਤਰੀਕਿਆਂ ਨਾਲ ਘੋਲ ਸ਼ੁਰੂ ਕਰਨ ਅਤੇ ਅਗਲੀ ਦਿਸ਼ਾ ਦੇਣ ਦਾ ਕਮਾਲ।

ਹਰਭਜਨ ਸੋਹੀ ਲਹਿਰ ਨੂੰ ਵਿਗੋਚਾ ਦੇ ਗਿਆ। ਸਾਨੂੰ ਛੱਡ ਕੇ ਜਾਣ ਦਾ ਰਾਹ ਵੀ ਉਸ ਨੇ ਅਜਿਹਾ ਚੁਣਿਆ ਕਿ ਸਾਡੇ ਹਿਰਦਿਆਂ ਉੱਪਰ ਵੱਡੇ ਸੱਲ ਛੱਡ ਗਿਆ। ਉਸ ਦਾ ਜੀਵਨ ਨਾਲੋਂ ਨਾਤਾ ਕਿਵੇਂ ਟੁੱਟਿਆ, ਇੱਕ ਬੁਝਾਰਤ ਬਣ ਕੇ ਰਹਿ ਗਈ। ਕਿਹੋ ਜਿਹੀ ਕਲਹਿਣੀ ਹਾਲਤ ਵਿਚ, ਲੁਕਵੇਂ ਢੰਗ ਨਾਲ, ਬਗੈਰ ਕਿਸੇ ਨੂੰ ਸੂਹ ਲੱਗਣ ਦਿੱਤੇ ਜਿਵੇਂ ਉਹ ਓਝਲ ਹੋਇਆ, ਉਸ ਦਾ ਸਸਕਾਰ ਕਰਨਾ ਪਿਆ ਸੀ, ਸਾਡੇ ਸਭ ਲਈ ਸਦਮੇਂ ਤੋਂ ਵੱਧ ਕੁੱਝ ਵੀ ਨਹੀਂ ਸੀ। ਪਰਿਵਾਰ ਵੱਲੋਂ ਰੱਖੇ ਗਏ ਉਸ ਦੇ ਸ਼ਰਧਾਂਜਲੀ ਸਮਾਗਮ 'ਤੇ ਮੈਂ ਇਹ ਗੀਤ ਪੇਸ਼ ਕੀਤਾ ਸੀ।

'ਮਾਏ ਨੀ ਸਾਡੀ 'ਥੇਲ੍ਹੀ ਉੱਤੇ ਤੂੰ ਇੱਕ ਸੂਰਜ ਧਰਿਆ।
ਸੂਰਜ ਦੀ ਹਰ ਕਿਰਨ ਸੁਨਹਿਰੀ, ਧਰਤ ਨੂੰ ਰੋਸ਼ਨ ਕਰਿਆ।
ਵਾਹ ਨੀ ਮਾਏ ਤੂੰ ਚੱਜ ਜੀਣ ਦਾ ਕਿਤ ਵਿਧ ਮਾਏ ਸਿੱਖਿਆ?
ਨਿਰਾਪੁਰਾ ਇਤਿਹਾਸ ਤੂੰ ਮਾਏ ਜਾਏ ਨਾ ਮੈਥੋਂ ਲਿਖਿਆ।
ਤੇਰੀ ਕੁੱਖ ਸਵੱਲੀ ਮਾਏ ਜਿਸ ਨੇ ਸੂਰਜ ਜਣਿਆ।
ਉਦਾਸੀ ਕੁੱਲੀ ਲਈ ਉਹ, ਕਿੰਦਾਂ ਚਾਨਣ ਬਣਿਆ।
ਤੇਰੀ ਕੁੱਖ ਨੇ ਕਿਰਨ ਸੁਨਹਿਰੀ, ਇਸ ਧਰਤੀ 'ਤੇ ਬੀਜੀ।
ਤੂੰ ਕਿਰਨਾਂ ਦੀ ਜਣਨੀ ਮਾਏ ਤਾਂਹੀਓਂ ਸਭ ਦੀ ਬੀ- ਜੀ।
ਕਿਰਨਾਂ ਬੀਜਣ ਦਾ ਵੱਲ ਮਾਏ ਤੂੰ ਕਿਰਨਾਂ ਨੂੰ ਦੱਸਿਆ।
ਕਿਰਨਾਂ ਅੱਗੋਂ ਕਿਰਨਾਂ ਬੀਜਣ ਵੇਖ ਵੇਖ ਜੱਗ ਵਸਿਆ।
ਤੂੰ ਜੋ ਮਾਏ ਬੀਜਿਆ ਸੂਰਜ, ਸੂਰਜ ਹੋਰ ਉਗਾਏ।
ਚੱਪੇ-ਚੱਪੇ ਉਗਾਏ ਸੂਰਜ ਕਿਰਨ ਕਿਰਨ ਰੁਸ਼ਨਾਏ।
ਤੇਰੇ ਜਾਏ ਸੂਰਜ ਮਾਏ, ਅੰਗ ਬਰਫ਼ਾਂ ਨੂੰ ਲਾਵਣ।
ਕੁੱਲੀਆਂ ਸਾੜਨ ਆਈਆਂ ਅੱਗਾਂ, ਅੱਗਾਂ ਨੂੰ ਪਿਘਲਾਵਣ।
ਬਰਫ਼ਾਂ ਬਣੀਆਂ ਸੋਚਾਂ ਤਾਂਈਂ, ਸੂਰਜ ਉਹ ਗਰਮਾਵਣ।
ਸੋਚਾਂ ਦੀਆਂ ਹੁਣ ਉੱਗਣ ਫ਼ਸਲਾਂ, ਹਰ ਬੰਨੇ ਲਹਿਰਾਵਣ।
ਮਾਂ ਮੈਂ ਤੇਰੀ ਉਤਾਰਾਂ ਆਰਤੀ, ਥਾਲ ਗਗਨ ਦਾ ਫੜ ਕੇ।
ਸੂਰਜ ਤਾਰੇ, ਚੰਨ ਵਿਚ ਸ਼ਰਧਾ ਦੇ ਫੁੱਲ ਧਰ ਕੇ।
ਮਾਏ ਸਿਜਦਾ ਕਰਾਂ ਮੈਂ ਤੈਨੂੰ, ਤੈਨੂੰ ਸੀਸ ਝੁਕਾਵਾਂ।
ਤੇਰੇ ਰਾਹ 'ਤੇ ਚੱਲਣ ਮਾਂਵਾਂ, ਇਹੀਓ ਬੋਲ ਸੁਣਾਵਾਂ।
(ਸਮਾਪਤ)

# ਮੋਹ ਦਾ ਨਗ਼ਮਾ ਹਨ ਧੀਆਂ

ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਧੀਆਂ, ਰੱਬ ਦੀ ਸਭ ਤੋਂ ਵੱਡੀ ਦਾਤ। ਸਮਾਜ ਦੀ ਧਰਾਤਲ। ਪਰਿਵਾਰਕ ਵਿਕਾਸ ਦੀ ਨੀਂਹ। ਘਰ ਦੇ ਵਿਹੜੇ ਵਿਚ ਖੁਸ਼ੀਆਂ ਅਤੇ ਖੇੜਿਆਂ ਦਾ ਨਗ਼ਮਾ ਗਾਉਂਦੀਆਂ, ਇਸਨੂੰ ਭਰਪੂਰਤਾ ਬਖ਼ਸ਼ਦੀਆਂ।

ਧੀਆਂ ਕੁਦਰਤ ਦਾ ਕ੍ਰਿਸ਼ਮਾ। ਮਾਂ ਦੀ ਕੁੱਖ ਵਿਚ ਦਸਤਕ ਦਿੰਦੀਆਂ। ਉਹ ਮਾਵਾਂ ਧੰਨਤਾ ਦੇ ਯੋਗ ਜੋ ਧੀਆਂ ਰਾਹੀਂ ਆਪਣੇ ਆਪ ਨੂੰ ਪੂਰਨ ਸਮਝਦੀਆਂ। ਆਉਣ ਵਾਲੇ ਜੀਅ ਦੀ ਸੁੱਖ ਮੰਗਦੀਆਂ, ਦੁਆਵਾਂ ਰਾਹੀਂ ਆਪਣੀ ਧੀ ਲਈ ਸੱਤੇ ਖ਼ੈਰਾਂ ਝੋਲੀ ਪਵਾ ਲੈਂਦੀਆਂ। ਧੀਆਂ ਨੂੰ ਧਿਰਕਾਰਨ ਵਾਲੇ ਸਮਾਜ ਦਾ ਸਭ ਤੋਂ ਵੱਡਾ ਕਲੰਕ। ਧੀ ਜਿਸਨੇ ਦਾਦੀ, ਨਾਨੀ, ਮਾਂ, ਚਾਚੀ, ਤਾਈ, ਭੂਆ, ਭਰਜਾਈ, ਪਤਨੀ, ਭੈਣ, ਭਤੀਜੀ ਤੇ ਭਾਣਜੀ ਆਦਿ ਦੇ ਰੂਪ ਵਿਚ ਸਮਾਜ ਵਿਚਲੇ ਵੱਖੋ-ਵੱਖ ਰਿਸ਼ਤਿਆਂ ਨੂੰ ਜਨਮ ਅਤੇ ਨਾਮ ਦੇਣਾ ਹੁੰਦਾ ਅਤੇ ਸਮਾਜ ਦੀ ਸਿਰਜਣਾ ਵੀ ਕਰਨਾ ਹੁੰਦੀ। ਜੇ ਅਸੀਂ ਉਸਨੂੰ ਹੀ ਨਫ਼ਰਤ ਦਾ ਪਾਤਰ ਬਣਾ ਕੇ, ਉਸਦੀ ਆਮਦ 'ਤੇ ਹੀ ਪ੍ਰਸ਼ਨ ਚਿੰਨ੍ਹ ਖੁਣ ਦਿੱਤਾ ਤਾਂ ਸਮਾਜਿਕ ਬਣਤਰ ਅਤੇ ਰਿਸ਼ਤਿਆਂ ਦਾ ਕੀ ਬਣੇਗਾ?

ਧੀਆਂ ਕਰਕੇ ਘਰ ਵੱਸਦੇ। ਘਰ ਦੀ ਆਬੋ-ਹਵਾ ਵਿਚ ਸ਼ਰਮ-ਹਯਾ ਦੀ ਮਹਿਕ। ਕਦਰਾਂ ਕੀਮਤਾਂ ਦੀ ਪਾਲਣਾ। ਸਮਾਜਿਕ ਸਰੋਕਾਰਾਂ ਦੀ ਸਮਝ। ਸੁੱਚੀ ਜੀਵਨ ਸ਼ੈਲੀ ਨੂੰ ਅਪਨਾਉਣਾ। ਧੀਆਂ ਕਰਕੇ ਹੀ ਘਰਾਂ ਵਾਲੇ ਅਕਮਲਮੰਦ, ਤਾਂ ਹੀ ਕਿਹਾ ਜਾਂਦਾ ਕਿ ਹਰ ਘਰ ਵਿਚ ਇਕ ਧੀ ਹੋਵੇ। ਧੀਆਂ ਦੇ ਜਨਮ ਦੀ ਖ਼ੁਸ਼ੀ, ਉਨ੍ਹਾਂ ਦੀ ਪਰਵਰਿਸ਼ ਦੀ ਜ਼ਿੰਮੇਵਾਰੀ, ਵਿਆਹ ਕੇ ਘਰੋਂ ਤੋਰਨਾ ਅਤੇ ਦੀਦਿਆਂ ਵਿਚ ਪੈਦਾ ਹੋਣ ਵਾਲੀ ਸਿੱਲ ਦਾ ਅਹਿਸਾਸ ਹੋਵੇ ਕਿ ਜਿਗਰ ਦੇ ਟੋਟੇ ਨੂੰ ਇੰਝ ਵੀ ਅਲਹਿਦਾ ਕਰਨਾ ਪੈਂਦਾ। ਕਮਾਲ ਦੀ ਗੱਲ ਹੈ ਕਿ ਧੀਆਂ ਸਹੁਰੇ ਘਰ ਜਾ ਕੇ ਵੀ ਆਪਣੇ ਪੇਕਿਆਂ ਲਈ ਦੁਆਵਾਂ ਕਰਦੀਆਂ। ਗਾਹੇ-ਬਗਾਹੇ ਬਿਨ-ਪੁੱਛਿਆਂ ਅਛੋਪਲੇ ਜਹੇ ਆਣ ਵੜਦੀਆਂ, ਘਰ ਨੂੰ ਮਹਿਕਾਉਂਦੀਆਂ, ਬੀਤੇ ਸਮੇਂ ਨੂੰ ਮੋੜ ਲਿਆਉਂਦੀਆਂ ਅਤੇ ਘਰ ਨੂੰ ਆਪਣੀ ਹੋਂਦ ਨਾਲ ਜਿਊਣ ਦਾ ਹੁਨਰ ਸਿਖਾਉਂਦੀਆਂ।

ਕਦੇ ਕਦਾਈਂ
ਚਾਈਂ ਚਾਈਂ
ਧੀਆਂ ਪੇਕੇ ਆਉਂਦੀਆਂ
ਤੇ ਘਰ ਦੀ ਚੁੱਪ ਨੂੰ ਬੋਲਣ ਲਾਉਂਦੀਆਂ
ਪੇਕਾ ਘਰ ਮੁੜ ਪਹਿਲੇ ਸਰੂਪ 'ਚ ਪਰਤਦਾ
ਹਰ ਕਮਰਾ ਅਤੇ ਅੰਦਰ-ਬਾਹਰ ਧੜਕਦਾ
ਵਿੱਟਰੇ ਖਿਡਾਉਣਿਆਂ ਨੂੰ ਮਨਾਉਂਦੀਆਂ
ਪੁਰਾਣੀਆਂ ਕਿਤਾਬਾਂ ਤੇ ਕਾਪੀਆਂ ਦੇ
ਮੁੜੇ ਹੋਏ ਪੰਨਿਆਂ ਨੂੰ ਸਹਿਲਾਉਂਦੀਆਂ
ਉਗੜ-ਦੁਗੜ ਵਸਤਾਂ ਨੂੰ ਥਾਂ ਸਿਰ ਟਿਕਾਉਂਦੀਆਂ
ਤੇ ਘਰ ਦੀ ਦਿੱਖ ਨੂੰ ਨਵਿਆਉਂਦੀਆਂ।

ਬਹੁਤ ਫ਼ਿਕਰ ਕਰਦੀਆਂ ਨੇ ਧੀਆਂ ਮਾਪਿਆਂ ਦਾ
ਸਮੇਂ ਸਿਰ ਖਾਣਾ ਖਾਣ ਦੀ ਨਸੀਹਤ ਦਿੰਦੀਆਂ
ਵਕਤ ਨਾਲ ਦਵਾਈ ਲੈਣ ਲਈ ਸਮਝਾਉਂਦੀਆਂ
ਸਹੁਰਿਆਂ ਤੇ ਪੇਕਿਆਂ ਲਈ ਪੁੱਲ ਬਣਾਉਂਦੀਆਂ
ਪੇਕੇ ਆ ਕੇ ਹੱਸਦੀਆਂ ਤੇ ਹਸਾਉਂਦੀਆਂ
ਤੇ ਸੱਖਣੇ ਕਮਰਿਆਂ ਨੂੰ ਘਰ ਬਣਾਉਂਦੀਆਂ।

ਧੀਆਂ ਦੀ ਕੇਹੀ ਅਪਣੱਤ
ਕਿ ਉਹ ਪੇਕੇ ਘਰ ਆ ਕੇ
ਇਸਦੀਆਂ ਸੁੱਖਾਂ ਮਨਾਉਂਦੀਆਂ
ਚਾਵਾਂ ਦੀ ਚੋਗ ਇਸਦੀ
ਤਲੀ 'ਤੇ ਟਿਕਾਉਂਦੀਆਂ
ਤੇ ਪੇਕੇ ਘਰ ਦੇ ਪਲੂ ਦੀ ਕੰਨੀ
ਸਮਝੌਤੀਆਂ ਦੀ ਗੰਢ ਮਾਰ ਜਾਂਦੀਆਂ।

ਧੀਆਂ ਦਾ ਆਉਣਾ
ਪੇਕੇ ਘਰ ਦੀਆਂ ਬਰੂਹਾਂ 'ਤੇ ਨਤਮਸਤਕ ਹੋਣਾ
ਮਾਈਆਂ ਨਿਆਮਤਾਂ ਦਾ ਸ਼ੁਕਰ ਮਨਾਉਣਾ
ਉਨ੍ਹਾਂ ਦੀ ਫ਼ਿਤਰਤ ਦਾ ਹਿੱਸਾ ਹੁੰਦਾ
ਕਿਉਂਕਿ ਪੇਕੇ ਘਰ ਨੇ
ਉਨ੍ਹਾਂ ਨੂੰ ਸੁਪਨੇ ਲੈਣ ਤੇ ਸੁਪਨਿਆਂ ਦਾ ਸੱਚ
ਵਕਤ ਦੇ ਵਰਕੇ 'ਤੇ ਲਿਖਣ ਦਾ ਹੁਨਰ ਬਖ਼ਸ਼ਿਆ।
ਪੇਕੇ ਘਰ ਆ ਕੇ ਧੀਆਂ
ਮਾਪਿਆਂ ਨੂੰ ਜਿਊਣ ਜੋਗਾ ਕਰਦੀਆਂ
ਪੇਕਿਆਂ ਦੀਆਂ ਦੁਆਵਾਂ ਨਾਲ ਝੋਲੀ ਭਰਦੀਆਂ
ਆਪਣੇ ਘਰ ਨੂੰ ਪਰਤਣ ਲੱਗਿਆਂ
ਬੁੱਢੇ ਮਾਪਿਆਂ ਦੀ ਚਿੰਤਾ ਕਰਦੀਆਂ
ਤੇ ਚੇਤਾਵਨੀਆਂ ਦੀ ਸੁੱਖਣਾ ਸਿਰਹਾਣੇ ਧਰਦੀਆਂ।

ਤੇ ਵਾਪਸ ਪਰਤਣ ਵੇਲੇ
ਘਰ ਤੋਂ ਦੂਰ ਹੁੰਦੀਆਂ ਵੀ
ਪਿੱਛੇ ਮੁੜ ਮੁੜ ਤੱਕਦੀਆਂ
ਦਰਾਂ 'ਤੇ ਖੜੇ ਮਾਪਿਆਂ ਨੂੰ ਨਿਹਾਰਦੀਆਂ
ਹੱਥ ਹਿਲਾਉਂਦੀਆਂ
ਤੇ ਜਲਦੀ ਆਉਣ ਦੀ ਢਾਰਸ ਬੰਨਾਉਂਦੀਆਂ
ਸਹੁਰੇ ਘਰ ਦੇ ਰਾਹ ਪੈ ਜਾਂਦੀਆਂ।

ਸੱਚੀਂ!
ਧੀਆਂ ਪੇਕੇ ਆਉਂਦੀਆਂ
ਤਾਂ ਸੁੰਨੇ ਘਰ ਨੂੰ ਧੜਕਣ ਲਾਉਂਦੀਆਂ
ਧੀਆਂ ਪੇਕੇ ਆਉਂਦੀਆਂ.....

ਧੀਆਂ ਬਹੁਤ ਹੀ ਭਾਵੁਕ ਅਤੇ ਸੰਵੇਦਨਸ਼ੀਲ। ਮਾਪਿਆਂ ਦੇ ਦਰਦ ਵਿਚ ਪਸੀਜਦੀਆਂ। ਨਿੱਕੀ ਜਹੀ ਚੋਟ ਆਉਣ 'ਤੇ ਖ਼ੁਦ ਜ਼ਖ਼ਮ ਜ਼ਖ਼ਮ ਹੋ ਜਾਂਦੀਆਂ। ਹਰ ਜ਼ਿੰਮੇਵਾਰੀ ਤੇ ਮੁਸੀਬਤ ਲਈ ਤਿਆਰ-ਬਰ-ਤਿਆਰ। ਸ਼ਾਇਦ ਇਹ ਧੀਆਂ ਦੀ ਫਿਤਰਤ ਕਿ ਉਨ੍ਹਾਂ ਦੀ ਚੇਤਨਾ ਅਤੇ ਚਿੰਤਨ ਵਿਚ ਕੁਝ ਚੰਗੇਰਾ ਕਰਨ ਦਾ ਕੇਹਾ ਗੁਣ ਕਿ ਉਹ ਆਪਣੇ ਮਾਪਿਆਂ ਦੇ ਸਾਹੀਂ ਜਿਉਂਦੀਆਂ, ਉਨ੍ਹਾਂ ਦੀ ਹੂੰਗਰ ਸੁਣ ਕੇ ਮਰਨਹਾਰੀਆਂ ਹੋ ਜਾਂਦੀਆਂ।

'ਕੇਰਾਂ ਇਕ ਬਾਪ ਆਪਣੀ ਪਤਨੀ ਦੀ ਮੌਤ ਤੋਂ ਬਾਅਦ ਆਪਣੇ ਵਿਆਹੇ ਵਰ੍ਹੇ ਦੋ ਪੁੱਤਰਾਂ ਅਤੇ ਇਕ ਧੀ ਦੀ ਨੀਅਤ ਨੂੰ ਪਰਖਣ ਲਈ, ਉਹ ਆਪਣੇ ਵੱਡੇ ਪੁੱਤਰ ਦੇ ਘਰ ਦਾ ਬੂਹਾ ਖੜਕਾਉਂਦਾ ਹੈ। ਪੁੱਤ ਬੂਹਾ ਖੋਲ੍ਹਦਾ ਹੈ ਅਤੇ ਪੁੱਛਦਾ ਹੈ ਕਿ ਕੀ ਗੱਲ ਆ? ਕਿਉਂ ਆਇਆ ਏਂ? ਬਾਪ ਕਹਿੰਦਾ ਹੈ ਕਿ ਮੈਂ ਅੱਖਾਂ ਦਾ ਓਪਰੇਸ਼ਨ ਕਰਵਾਉਣਾ ਹੈ। ਕੁਝ ਪੈਸਿਆਂ ਦੀ ਲੋੜ ਹੈ। ਪੁੱਤ ਕਹਿੰਦਾ ਹੈ ਕਿ ਮੇਰੇ ਕੋਲ ਕੋਈ ਪੈਸਾ ਨਹੀਂ। ਆਪਣੇ ਦੂਸਰੇ ਪੁੱਤ ਕੋਲੋਂ ਲੈ ਲਾ ਜਾ ਕੇ ਅਤੇ ਘਰੋਂ ਬਾਹਰ ਕੱਢ ਕੇ ਬੂਹਾ ਬੰਦ ਕਰ ਲੈਂਦਾ ਹੈ। ਉਹ ਦੂਸਰੇ ਪੁੱਤ ਦਾ ਬੂਹਾ ਖੜਕਾਉਂਦਾ ਹੈ। ਨੂੰਹ ਬੂਹਾ ਖੋਲ੍ਹਦੀ ਹੈ ਅਤੇ ਸਹੁਰੇ ਵਲੋਂ ਪੈਸੇ ਮੰਗਣ 'ਤੇ, ਬੂਹੇ ਤੋਂ ਹੀ ਮੋੜ ਦਿੰਦੀ ਹੈ ਅਤੇ ਕਹਿੰਦੀ ਹੈ ਕਿ ਆਪਣੀ ਧੀ ਕੋਲੋਂ ਮੰਗ ਜਾ ਕੇ ਅਤੇ ਠਾਹ ਦੇਣੀ ਬੂਹਾ ਬੰਦ ਕਰ ਲੈਂਦੀ ਹੈ। ਆਖ਼ਰ ਨੂੰ ਉਹ ਆਪਣੀ ਧੀ ਦੇ ਬੂਹੇ ਦੀ ਘੰਟੀ ਵਜਾਉਂਦਾ ਹੈ। ਧੀ ਬੂਹਾ ਖੋਲ੍ਹਦੀ ਹੈ ਅਤੇ ਬਾਪ ਨੂੰ ਦੇਖ ਕੇ ਖ਼ੁਸ਼ੀ ਵਿਚ ਖੀਵੀ ਹੋ ਜਾਂਦੀ ਹੈ। ਬਾਪ ਦੀ ਸੁੱਖ-ਸਾਂਦ ਪੁੱਛਦੀ ਹੈ। ਜਦ ਬਾਪ ਕਹਿੰਦਾ ਹੈ ਕਿ ਅੱਖਾਂ ਦੇ ਓਪਰੇਸ਼ਨ ਲਈ ਕੁਝ ਪੈਸਿਆਂ ਦੀ ਲੋੜ ਹੈ ਤਾਂ ਉਹ ਨਿੱਜੀ ਖ਼ਰਚ ਲਈ ਰੱਖੇ ਸਾਰੇ ਪੈਸੇ ਬਾਪ ਨੂੰ ਦੇ ਕੇ ਕਹਿੰਦੀ ਹੈ ਕਿ ਚੱਲੋ! ਮੈਂ ਤੁਹਾਡੇ ਨਾਲ ਚੱਲਦੀ ਹਾਂ ਅਤੇ ਅੱਜ ਹੀ ਓਪਰੇਸ਼ਨ ਕਰਵਾਉਂਦੇ ਹਾਂ। ਬਾਪ ਬਹੁਤ ਭਾਵੁਕ ਹੋ ਕੇ ਧੀ ਨੂੰ ਹਿੱਕ ਨਾਲ ਲਾ ਕੇ ਕਹਿੰਦਾ ਏ, "ਧੀਏ ਮੈਂ ਠੀਕ ਠਾਕ ਹਾਂ। ਮੈਂ ਤਾਂ ਸਿਰਫ਼ ਆਪਣੀ ਔਲਾਦ ਨੂੰ ਪਰਖਣਾ ਸੀ। ਹੁਣ ਪਤਾ ਲੱਗਾ ਕਿ ਪੁੱਤ ਵੰਡਾਉਣ ਜ਼ਮੀਨਾਂ, ਧੀਆਂ ਦੁੱਖ ਵੰਡਾਉਂਦੀਆਂ ਨੇ।"

ਦਰਅਸਲ ਧੀਆਂ ਮਾਪਿਆਂ ਦਾ ਦੁੱਖ ਜਰ ਹੀ ਨਹੀਂ ਸਕਦੀਆਂ ਅਤੇ ਉਨ੍ਹਾਂ ਦੀ ਹਰ ਸਹੂਲਤ ਅਤੇ ਦਵਾ-ਦਾਰੂ ਦਾ ਖ਼ਿਆਲ ਰੱਖਣਾ ਉਹ ਆਪਣਾ ਧਰਮ ਸਮਝਦੀਆਂ। ਖ਼ਾਸ ਕਰ ਜਦੋਂ ਮਾਪੇ ਇਕੱਲੇ ਰਹਿੰਦੇ ਹੋਣ ਅਤੇ ਉਨ੍ਹਾਂ ਦਾ ਕੋਈ ਪੁੱਤ ਨਾ ਹੋਵੇ। ਤਾਂ ਧੀਆਂ ਸਰਵਣ ਪੁੱਤ ਬਣਦੀਆਂ। ਉਨ੍ਹਾਂ ਦੀ ਫ਼ਿਕਰਮੰਦੀ ਦਾ ਕੇਹਾ ਆਲਮ ਕਿ ਉਹ ਮਾਪਿਆਂ ਦੀ ਦਵਾਈ ਅਤੇ ਖਾਣ ਦੇ ਟਾਈਮ ਦੀ ਸਮਾਂ-ਸੂਚੀ ਨੂੰ ਹਰ ਦਮ ਚੇਤੇ ਰੱਖਦੀਆਂ ਅਤੇ ਯਾਦ ਕਰਵਾਉਂਦੀਆਂ ਰਹਿੰਦੀਆਂ। ਇੰਝ ਅਕਸਰ ਹੀ ਸਾਡੇ ਨਾਲ ਹੁੰਦਾ ਹੈ।

ਕੋਵਿਡ ਦੀ ਤਰਾਸਦੀ ਦੌਰਾਨ ਧੀਆਂ ਨੇ ਸਾਡੀ ਸਿਹਤਯਾਬੀ ਲਈ, ਸਾਨੂੰ ਆਪਣੇ ਹੀ ਘਰ ਰਹਿਣ ਦਾ ਹੁਕਮ ਸੁਣਾਇਆ ਅਤੇ ਕਿਹਾ ਕਿ ਤੁਹਾਡੀ ਗਰੋਸਰੀ ਅਤੇ ਹਰ ਲੋੜੀਂਦਾ ਸਾਮਾਨ ਗੈਰਾਜ ਵਿਚ ਪਹੁੰਚ ਜਾਵੇਗਾ। ਉਥੋਂ ਲੈ ਲੈਣਾ ਅਤੇ ਕਿਸੇ ਦੇ ਵੀ ਸੰਪਰਕ ਵਿਚ ਨਹੀਂ ਆਉਣਾ। ਇਥੋਂ ਤੱਕ ਮੇਰੀਆਂ ਧੀਆਂ ਤੇ ਜਵਾਈਆਂ ਨੇ ਇਕ ਵਿੱਥ ਰੱਖਣੀ ਜ਼ਰੂਰੀ ਸਮਝੀ ਕਿਉਂਕਿ ਡਾਕਟਰ ਹੋਣ ਦੇ ਨਾਤੇ ਉਨ੍ਹਾਂ ਦਾ ਤਾਂ ਮਰੀਜ਼ਾਂ ਨਾਲ ਵਾਹ ਪੈਂਦਾ ਸੀ ਅਤੇ ਸਾਨੂੰ ਵਡੇਰੀ ਉਮਰ ਕਰਕੇ ਕੋਵਿਡ ਹੋਣ ਦਾ ਖ਼ਤਰਾ ਬਹੁਤ ਜ਼ਿਆਦਾ ਸੀ। ਧੀਆਂ ਵੱਲੋਂ ਲਾਗੂ ਸਾਵਧਾਨੀਆਂ ਦਰਅਸਲ ਸਾਡੇ ਹਿੱਤ ਤੇ ਸਿਹਤਮੰਦ ਰਹਿਣ ਲਈ ਬਹੁਤ ਜ਼ਰੂਰੀ ਸਨ ਕਿਉਂਕਿ ਉਹ ਅਵੇਸਲੇ ਰਹਿ ਕੇ ਕਿਸੇ ਕਿਸਮ ਦਾ ਖ਼ਤਰਾ ਸਹੇੜਨਾ ਨਹੀਂ ਸਨ ਚਾਹੁੰਦੀਆਂ। ਜ਼ਿਆਦਾਤਰ ਬੱਚਿਆਂ ਨੇ ਉਸ ਸਮੇਂ ਦੌਰਾਨ ਆਪਣੇ ਮਾਪਿਆਂ ਦਾ ਇੰਝ ਹੀ ਖ਼ਿਆਲ ਰੱਖਿਆ। ਭਾਵੇਂ ਕਿ ਉਹ ਅਜੇਹਾ ਵਕਤ ਸੀ ਜਦੋਂ ਆਪਣਿਆਂ ਨੇ ਆਪਣਿਆਂ ਤੋਂ ਇਥੋਂ ਤੱਕ ਦੂਰੀ ਬਣਾ ਰੱਖੀ ਕਿ ਉਹ ਆਪਣਿਆਂ ਦੀਆਂ ਆਖ਼ਰੀ ਰਸਮਾਂ ਵੀ ਨਿਭਾਉਣ ਤੋਂ ਮੁਕਰ ਗਏ।

ਦਰਅਸਲ ਧੀਆਂ ਨੇ ਪੁਰਾਣੀਆਂ ਪ੍ਰੰਪਰਾਵਾਂ ਨੂੰ ਨਕਾਰਦਿਆਂ, ਇਕ ਜ਼ਿੰਮੇਵਾਰ ਔਲਾਦ ਦੇ ਫ਼ਰਜ਼ਾਂ ਨੂੰ ਪਛਾਣਦਿਆਂ, ਨਿਭਾਉਂਦਿਆਂ ਅਤੇ ਮਾਪਿਆਂ ਦੀ ਪੁੱਤਾਂ ਵਾਂਗ ਸੇਵਾ ਸੰਭਾਲ ਕਰਕੇ ਇਹ ਦਰਸਾ ਦਿੱਤਾ ਕਿ ਧੀਆਂ ਅਤੇ ਪੁੱਤ ਬਰਾਬਰ ਹੁੰਦੇ। ਸਿਰਫ਼ ਸਾਨੂੰ ਆਪਣੇ ਦਕਿਆਨੂਸੀ ਵਿਚਾਰ ਤਿਆਗਣੇ ਪੈਣਗੇ।

ਕਈ ਵਾਰ ਮਨ ਵਿਚ ਪੈਦਾ ਹੋਇਆ ਛੋਟਾ ਜਿਹਾ ਅਹਿਸਾਸ ਵੀ ਬਹੁਤ ਵੱਡੇ ਅਰਥ ਅਤੇ ਖ਼ੁਸ਼ੀ ਦੇ ਪਲ ਅਤੇ ਭਰਪੂਰਤਾ ਦਾ ਅਹਿਸਾਸ ਕਿਸੇ ਦੇ ਮਨ ਵਿਚ ਧਰ ਜਾਂਦਾ ਏ। ਪਿਛਲੇ ਸਾਲ ਦੀ ਗੱਲ ਹੈ ਕਿ ਮੇਰੇ ਪਿੰਡ ਦੀ ਧੀ ਧਿਆਣੀ ਜੋ ਆਰਮੀ ਦੇ ਲੈਫਟੀਨੈਂਟ ਜਨਰਲ ਦੀ ਪਤਨੀ ਅਤੇ ਸ਼ਾਇਰਾ ਵੀ ਹੈ, ਆਪਣੀ ਕਵਿਤਾ ਦੀ ਪੁਸਤਕ ਦੇਣ ਵਾਸਤੇ ਉਚੇਚੇ ਤੌਰ 'ਤੇ ਮੈਨੂੰ ਮਿਲਣ ਕਪੂਰਥਲੇ ਆਈ। ਇਹ ਕਾਵਿ-ਪੁਸਤਕ ਮੇਰੇ ਪਿੰਡ, ਉਸਦੇ ਪਿੱਤਰੀ ਪਰਿਵਾਰ ਅਤੇ ਦਾਦਾ ਜੀ ਨਾਲ ਜੁੜੀਆਂ ਯਾਦਾਂ ਦਾ ਕਾਵਿਕ ਬਿਰਤਾਂਤ ਹੈ। ਉਸਦੇ ਮਾਪੇ ਸੁਰਗਵਾਸ ਹੋ ਚੁੱਕੇ ਹਨ ਅਤੇ ਭਰਾ ਪਰਿਵਾਰ ਸਮੇਤ ਅਮਰੀਕਾ ਰਹਿੰਦਾ ਹੈ। ਜਾਣ ਲੱਗੀ ਤਾਂ ਮੇਰੀ ਪਤਨੀ ਨੇ ਉਸਨੂੰ ਗਿਆਰਾਂ ਸੌ ਰੁਪਏ ਦਾ ਸ਼ਗਨ ਦਿਤਾ। ਉਹ ਨਾਂਹ-ਨੁੱਕਰ ਕਰਨ ਲੱਗੀ ਤਾਂ ਮੇਰੀ ਪਤਨੀ ਕਹਿਣ ਲੱਗੀ ਕਿ ਤੂੰ ਆਪਣੇ ਪੇਕਿਆਂ ਦੇ ਘਰ ਆਈ ਏਂ। ਮਾਪੇ, ਆਪਣੀਆਂ ਧੀਆਂ ਨੂੰ ਘਰੋਂ ਕਦੇ ਵੀ ਖ਼ਾਲੀ ਹੱਥ ਨਹੀਂ ਤੋਰਦੇ। ਇਹ ਸੁਣ ਕੇ ਉਹ ਬਹੁਤ ਭਾਵੁਕ ਹੋ ਗਈ। ਸੱਚ ਹੈ ਕਿ ਅਸੀਂ ਪੰਜਾਬੀ ਧੀਆਂ ਦਾ ਸਿਰ ਪਲੋਸਣਾ ਅਤੇ ਪਿਆਰ ਭਰਿਆ ਸ਼ਗਨ ਦੇਣ ਤੋਂ ਕਦੇ ਨਹੀਂ ਉਕਦੇ ਭਾਵੇਂ ਧੀਆਂ ਕਿੰਨੇ ਵੀ ਵੱਡੇ ਰੁਤਬੇ ਜਾਂ ਅਹੁਦੇ ਦਾ ਮਾਣ ਹੋਣ। ਧੀਆਂ ਦਾ ਆਪਣੇ ਮਾਪਿਆਂ ਤੇ ਦਾਈਏ ਸਭ ਤੋਂ ਵੱਧ ਹੁੰਦਾ।

ਧੀਆਂ ਅਤੇ ਉਨ੍ਹਾਂ ਦੇ ਬੱਚੇ ਤੁਹਾਡਾ ਕਿੰਨਾ ਖ਼ਿਆਲ ਰੱਖਦੇ ਹਨ, ਕਈ ਵਾਰ ਸਾਨੂੰ ਅੰਦਾਜ਼ਾ ਹੀ ਨਹੀਂ ਹੁੰਦਾ। 31 ਦਸੰਬਰ 2023, ਰਾਤ ਦੇ 9 ਵਜੇ। ਅਸੀਂ ਰੋਟੀ ਖਾ ਕੇ ਟੀਵੀ ਦੇਖ ਰਹੇ ਸਾਂ ਤਾਂ ਦੋਵੇਂ ਧੀਆਂ ਆਪਣੇ ਪਰਿਵਾਰ ਸਮੇਤ ਅਚਨਚੇਤੀ ਸਾਡੇ ਘਰ ਆ ਗਈਆਂ ਦੋਹਤਾ/ਦੋਹਤੀਆਂ ਸਾਨੂੰ ਕਹਿਣ ਲੱਗੇ ਕਿ ਬਾਹਰ ਆਓ। ਤੁਹਾਡੇ ਲਈ ਇਕ ਸਰਪਰਾਈਜ਼ ਹੈ। ਅਸੀਂ ਮੀਆਂ/ਬੀਵੀ ਹੈਰਾਨ ਅਤੇ ਭੁੱਚੱਕੇ। ਬਾਹਰ ਆਏ ਤਾਂ ਡਰਾਈਵ ਵੇ 'ਤੇ ਫੁੱਲਾਂ ਨਾਲ ਸਜਾਈ ਨਵੀਂ ਨਕੋਰ ਹੌਂਡਾ ਔਸਯੂਵੀ ਖੜ੍ਹੀ ਸੀ। ਅਸੀਂ ਸੋਚਿਆ ਕਿ ਬੱਚਿਆਂ ਨੇ ਨਵੀਂ ਗੱਡੀ ਲਈ ਹੈ ਅਤੇ ਦਿਖਾਉਣ ਆਏ ਹਨ। ਬੱਚਿਆਂ ਨੇ ਸਾਨੂੰ ਹੁਕਮ ਕੀਤਾ ਕਿ ਇਸ ਨਵੀਂ ਗੱਡੀ ਵਿਚ ਇਕ ਰਾਈਡ ਲੈ ਕੇ ਦੇਖੋ। ਅਸੀਂ ਜਦੋਂ ਪੰਜ ਮਿੰਟਾਂ ਬਾਅਦ ਵਾਪਸ ਮੁੜ ਕੇ ਆਏ ਤਾਂ ਬੱਚੇ ਕਹਿਣ ਲੱਗੇ ਕਿ ਨਾਨਾ/ਨਾਨੀ ਇਹ ਨਵੀਂ ਗੱਡੀ ਤੁਹਾਡੇ ਲਈ ਨਵੇਂ ਸਾਲ ਦਾ ਗਿਫ਼ਟ ਹੈ। ਦੋਹਾਂ ਧੀਆਂ ਦੇ ਸਮੁੱਚੇ ਪਰਿਵਾਰ ਵਲੋਂ ਦਿਖਾਈ ਇਸ ਦਰਿਆਦਿਲੀ ਅਤੇ ਸਨੇਹ ਤੋਂ ਅਚੰਭਿਤ ਅਤੇ ਅਬੋਲ ਹੋ ਗਏ। ਦਰਅਸਲ ਸਾਡੇ ਕੋਲ ਤਾਂ ਟੋਇਟਾ ਦੀ ਕੈਮਰੀ ਕਾਰ ਸੀ। ਪਰ ਬੱਚਿਆਂ ਨੂੰ ਲੱਗਾ ਕਿ ਇਸ ਉਮਰ ਵਿਚ ਕਾਰ ਦੀ ਬਜਾਏ ਵੱਡੀ ਗੱਡੀ ਵਿਚ ਸਫ਼ਰ ਕਰਨਾ ਜ਼ਿਆਦਾ ਸੁਵਿਧਾਜਨਕ ਅਤੇ ਸੁਰੱਖਿਅਤ ਹੈ। ਇਸ ਲਈ ਸਾਨੂੰ ਨਵੀਂ ਕਾਰ ਦਾ ਸਰਪਰਾਈਜ਼ ਗਿਫ਼ਟ ਦਿੱਤਾ ਕਿਉਂਕਿ ਸਾਨੂੰ ਪੁੱਛਦੇ ਤਾਂ ਅਸੀਂ ਇਨਕਾਰ ਕਰ ਦੇਣਾ ਸੀ।

ਪਤਾ ਨਹੀਂ ਕੀ ਕੀ ਸੋਚਦੀਆਂ ਰਹਿੰਦੀਆਂ ਨੇ ਮਨਾਂ ਵਿਚ ਇਹ ਧੀਆਂ ਆਪਣੇ ਮਾਪਿਆਂ ਬਾਰੇ। ਮਾਪਿਆਂ ਦੀਆਂ ਤਰਜੀਹਾਂ ਨੂੰ ਆਪਣੀ ਤਰਜੀਹ ਬਣਾ ਲੈਂਦੀਆਂ ਅਤੇ ਫਿਰ ਚੁੱਪ-ਚੁਪੀਤੇ ਹੀ ਕੁਝ ਅਜੇਹਾ ਕਰ ਦਿੰਦੀਆਂ ਕਿ ਮਾਪੇ ਦੇਖਦੇ ਹੀ ਰਹਿ ਜਾਂਦੇ। ਅਜੇਹੀਆਂ ਮਾਣਮੱਤੀਆਂ ਫਿਕਰਮੰਦ ਧੀਆਂ ਦੇ ਸਦਕੇ ਜਾਈਦਾ ਅਤੇ ਰੱਬ ਅੱਗੇ ਅਰਦਾਸ ਕਰੀਦੀ ਕਿ ਜਿਉਂਦੀਆਂ ਰਹਿਣ ਇਹ ਸੱਤਯੁੱਗੀ ਧੀਆਂ ਜੋ ਆਪਣੇ ਮਾਪਿਆਂ ਦੀ ਪਿਛਲੇਰੀ ਉਮਰ ਦੀ ਜੀਵਨ-ਯਾਤਰਾ ਨੂੰ ਸੁੱਖ ਸਹੂਲਤਾਂ ਨਾਲ ਲੈਸ ਕਰਨ ਲਈ ਸੰਵੇਦਨਸ਼ੀਲ ਨੇ। ਅਸਲ ਵਿਚ ਧੀਆਂ ਨੂੰ ਮਾਪਿਆਂ ਦੇ ਅਹਿਸਾਨਾਂ ਦਾ ਅਹਿਸਾਸ ਹੁੰਦਾ ਕਿਉਂਕਿ ਜੀਵਨੀ ਉਪਲਬਧੀਆਂ ਦਾ ਮੂਲ ਅਧਾਰ ਤਾਂ ਮਾਪੇ ਹੀ ਹੁੰਦੇ।

ਧੀਆਂ ਧਰਮ ਤੇ ਧੀਆਂ ਧੌਲ। ਧੀਆਂ, ਮਾਪਿਆਂ ਦੇ ਘਰ ਨੂੰ ਤਾਮੀਰ ਕਰਦੀਆਂ ਅਤੇ ਫਿਰ ਸਹੁਰੇ ਘਰ ਦੀ ਸਿਰਜਣਾ ਵਿਚ ਰੁੱਝ ਜਾਂਦੀਆਂ। ਇਹ ਸਿਰਫ਼ ਧੀਆਂ ਦੇ ਹਿੱਸੇ ਹੀ ਆਇਆ ਕਿ ਉਹ ਇਕ ਨਹੀਂ ਸਗੋਂ ਦੋ ਘਰਾਂ ਦੀਆਂ ਸਿਰਜਣਹਾਰੀਆਂ। ਦੋਹਾਂ ਵਿਚ ਸੰਤੁਲਨ ਰੱਖ ਕੇ ਆਪਣੀ ਪਰਿਵਾਰਕ ਜੀਵਨ ਨੂੰ ਖ਼ੁਸ਼ਹਾਲੀ ਅਤੇ ਖ਼ੈਰੀਅਤ ਨਾਲ ਮਾਣਦੀਆਂ ਅਤੇ ਮਾਪਿਆਂ ਦੇ ਦਰੀਂ ਆਏ ਠੰਢੇ ਹਵਾ ਦੇ ਬੁੱਲਿਆਂ ਦੀ ਲੋਚਾ ਮਨ ਵਿਚ ਪਾਲਦੀਆਂ।

ਬਹੁਤ ਹੀ ਸੂਖਮ ਤੇ ਸੰਵੇਦਨਸ਼ੀਲ ਸ਼ਾਇਰ ਮਿੱਤਰ ਪ੍ਰੋ. ਔਜਲਾ ਦੀ ਧੀਆਂ ਨਾਲ ਕੇਹੀ ਅਪਣੱਤ (ਭਾਵੇਂ ਕਿ ਉਸਦੀ ਆਪਣੀ ਬੇਟੀ ਨਹੀਂ ਪਰ ਪੋਤਰੀ ਹੈ) ਕਿ ਉਸਨੇ ਆਪਣੀਆਂ ਪੁਸਤਕਾਂ ਦੇ ਨਾਮ 'ਕਵਿਤਾ ਵਰਗੀਆਂ ਧੀਆਂ' ਅਤੇ 'ਧੀਆਂ ਡਾਲਰ ਖੋਜਣ ਚੱਲੀਆਂ' ਰੱਖੇ ਹਨ ਅਤੇ ਇਨ੍ਹਾਂ ਲਿਖਤਾਂ ਦੀ ਤਾਸੀਰ ਰਾਹੀਂ ਉਗੀ ਧੀਆਂ ਦੀ ਤਵਾਰੀਖ਼ੀ ਤਸਵੀਰ ਨੂੰ ਇਕ ਵੱਖਰੀ ਅਤੇ ਅਲੋਕਾਰੀ ਰੰਗਤ ਦਿੱਤੀ।

ਘਰ ਦੀ ਕਿਸਮਤ ਹੁੰਦੀਆਂ, ਵਿਹੜਿਆਂ ਨੂੰ ਮਹਿਕਾਉਂਦੀਆਂ, ਮਾਪਿਆਂ ਨੂੰ ਜਿਊਣਾ ਸਿਖਾਉਂਦੀਆਂ ਅਤੇ ਸੂਖਮ ਅਹਿਸਾਸਾਂ ਦੀ ਜਾਗ ਹਰ ਮਨ-ਜੂਹੇ ਲਾਉਂਦੀਆਂ ਨੇ ਧੀਆਂ। ਧੀਆਂ ਸਿਰ ਦਾ ਤਾਜ ਹੁੰਦੀਆਂ, ਅਣਖ ਨਾਲ ਜਿਊਣ-ਅੰਦਾਜ਼ ਹੁੰਦੀਆਂ, ਅੰਬਰਾਂ ਨੂੰ ਛੂਹਣ ਵਾਲੀ ਪ੍ਰਵਾਜ਼ ਹੁੰਦੀਆਂ ਅਤੇ ਮੁੱਖ ਤੋਂ ਨਿਕਲੇ ਸੁੱਚੇ ਅਲਫ਼ਾਜ਼ ਹੁੰਦੀਆਂ। ਧੀਆਂ ਜਦੋਂ ਮਾਪਿਆਂ ਦੇ ਘਰੋਂ ਸਹੁਰੇ ਘਰ ਜਾਂਦੀਆਂ ਤਾਂ ਉਹ ਵਿਹੜੇ 'ਚ ਫੈਲੀ ਮਹਿਕ ਹੁੰਦੀਆਂ। ਕਮਰੇ ਵਿਚਲੇ ਖਿਡੌਣਿਆਂ ਦੀਆਂ ਅਦਿੱਖ ਹਰਕਤਾਂ ਹੁੰਦੀਆਂ, ਕਾਪੀਆਂ ਅਤੇ ਕਿਤਾਬਾਂ ਦੇ ਅੱਖਰਾਂ ਵਿਚ ਧੜਕਦੀਆਂ ਅਤੇ ਕੰਧਾਂ 'ਤੇ ਮਾਰੀਆਂ ਲੀਕਾਂ ਵਿਚ ਵੀ ਨਜ਼ਰ ਆਉਂਦੀਆਂ ਕਿਉਂਕਿ ਧੀਆਂ ਮਾਪਿਆਂ ਦੇ ਘਰੋਂ ਜਾ ਕੇ ਵੀ ਮਾਪਿਆਂ ਦੇ ਘਰ ਵਿਚ ਹਰ ਦਮ ਹਾਜ਼ਰ ਨਾਜ਼ਰ ਰਹਿੰਦੀਆਂ। ਧੀਆਂ ਘਰ ਦਾ ਗੀਤ ਹੁੰਦੀਆਂ, ਫ਼ਿਜ਼ਾ ਵਿਚ ਘੁਲਿਆ ਸੰਗੀਤ ਹੁੰਦੀਆਂ, ਸਾਹਾਂ ਨਾਲ ਨਿਭਣ ਵਾਲੀ ਰੀਤ ਹੁੰਦੀਆਂ ਅਤੇ ਹਰ ਮੰਜ਼ਲ 'ਤੇ ਲਿਖੀ ਜੀਤ ਹੁੰਦੀਆਂ।

ਯੁੱਗ ਜਿਉਂਦੀਆਂ ਰਹਿਣ ਧੀਆਂ, ਧੀਆਂ ਦੇ ਮਾਪੇ ਅਤੇ ਧੀਆਂ ਦੇ ਸਿਰਾਂ ਦੇ ਸਾਈਂ ਜਿਨ੍ਹਾਂ ਦੇ ਹੁੰਦਿਆਂ ਉਹ ਪਰਿਵਾਰਕ ਬਾਦਸ਼ਾਹਤ ਮਾਣਦੀਆਂ, ਆਪਣੇ ਸੁਪਨਿਆਂ ਦੇ ਸੱਚ ਸਮਿਆਂ ਦੇ ਨਾਮ ਕਰਦੀਆਂ ਰਹਿਣ।

# 1988 ਵੇਲੇ ਦੇ ਹੜ੍ਹਾਂ ਦੀ ਇੱਕ ਯਾਦ

ਜ਼ਿੰਦਗੀ ਨਾਮਾ



ਹਰਪ੍ਰੀਤ ਸਿੰਘ ਜਵੰਦਾ

*ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ 'ਜ਼ਿੰਦਗੀ ਨਾਮਾ' ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।*

ਉਦੋਂ ਅਜੇ ਬਾਡਰ ਤੇ ਵਾੜ ਨਹੀਂ ਸੀ ਲੱਗੀ...ਪਿੰਡ ਚੱਕ ਤਖਤਪੁਰ...ਇਥੇ ਰਾਵੀ ਪਾਕਿਸਤਾਨ ਵੱਲ ਨੂੰ ਹੋ ਕੇ ਫੇਰ ਏਧਰ ਨੂੰ ਮੁੜ ਆਉਂਦਾ...ਉਸ ਰਾਤ ਧੁੱਸੀ 'ਤੇ ਕਿੰਨਾ ਸਾਰਾ ਮਾਲ ਡੰਗਰ ਅਤੇ ਮੰਜੀਆਂ ਬਿਸਤਰੇ...ਪਰ ਨੀਂਦਰ ਕਿੰਨੂੰ ਆਉਣੀ ਸੀ...ਬੱਸ ਦੂਰ ਸ਼ੂਕਦੇ ਪਾਣੀ ਦਾ ਖੜਾਕ ਸੁਣ ਅੰਦਾਜੇ ਜਿਹੇ ਲਾਈ ਜਾਵਣ...!

ਤੜਕੇ ਅਜੇ ਮੂੰਹ ਹਨੇਰਾ...ਰੌਲਾ ਪੈ ਗਿਆ...ਧੁੱਸੀ ਟੁੱਟ ਗਈ...ਪਹਿਲੋਂ ਛੋਟਾ ਫੇਰ ਵੱਡਾ ਪਾੜ...ਬਥੇਰੀ ਵਾਹ ਲਾਈ...ਅਖੀਰ ਨੂੰ ਬੱਸ ਹੋ ਗਈ...ਸਾਰਾ ਕੁਝ ਕਿਸਮਤ ਆਸਰੇ ਛੱਡ ਡੰਗਰ ਵੱਛਾ ਸਾਂਭਣ ਵੱਲ ਨੂੰ ਹੋ ਗਏ...ਪਾਣੀ ਦਾ ਪੱਧਰ ਵਧੀ ਜਾਵੇ...ਵਹਾਅ ਵੀ ਹੋਰ ਈ ਤਰ੍ਹਾਂ ਦਾ...ਕਦੇ ਏਧਰ ਤੇ ਕਦੇ ਓਧਰ ਨੂੰ...ਕਦੇ ਘੁੰਮਣ ਘੇਰੀ ਤੇ ਕਦੇ ਗੜੂੰਮ...ਇੱਕ ਮੂਸਲ ਆਉਂਦਾ ਵੇਖਿਆ...ਰੁੜ੍ਹੇ ਆਉਂਦੇ ਰੁੱਖ ਦੇ ਐਨ ਨਾਲ ਲੱਗਾ ਹੋਇਆ...ਮੇਰਾ ਟਾਹਣ ਨੂੰ ਹੱਥ ਪੈ ਗਿਆ...!

ਸੱਜਰ ਸੂਈਆਂ ਪੂਰੀ ਵਾਹ ਲਾਈ ਜਾਵਣ...ਅਖੀਰ ਨੂੰ ਹਰ ਹੰਭ ਕੇ ਅੱਖੋਂ ਓਹਲੇ ਹੋ ਗਈਆਂ...ਡੁੱਬ ਗਈਆਂ ਆਖਣ ਦਾ ਜੇਰਾ ਅਜੇ ਵੀ ਹੈਨੀ...!

ਰੁੱਖ ਦੇ ਹੋਰ ਟਾਹਣ...ਸੱਪ ਅਤੇ ਹੋਰ ਜਨਵਰ...ਐਨ ਦੜ ਕੇ ਬੈਠੇ ਹੋਏ...ਅੱਖੀਆਂ ਵਿਚੋਂ ਝਲਕਦੀ ਬੇਬਸੀ...ਘਰ ਛੱਡਣੇ ਕਿਹੜੇ ਸੌਖੇ...ਬੰਦਾ ਹੋਵੇ ਭਾਵੇਂ ਜਨਵਰ...!

ਕਈ ਵੇਰ ਲੱਗਿਆ ਬੱਸ ਹੁਣ ਗਿਆ...ਪਰ ਪਤਾ ਨੀ ਕਿਸ ਕਰਮਾਂ ਵਾਲੇ ਦੇ ਹੱਥ ਦਾ ਲਾਇਆ ਹੋਇਆ ਸੀ...ਬੱਸ ਤੁਰੀ ਹੀ ਗਿਆ...ਨਾ ਆਪ ਡੁੱਬਿਆ ਤੇ ਨਾ ਸਾਨੂੰ ਈ ਡੁੱਬਣ ਦਿੱਤਾ...!



ਅਖੀਰ ਦਿਨ ਦਾ ਢੁਕਾ ਹੋਇਆਂ ਤਾਂ ਇੱਕ ਉੱਚੇ ਟਿੱਬੇ 'ਤੇ ਕਿੰਨੇ ਸਾਰੇ ਲੋਕ ਦਿਸੇ...ਰੁੜ੍ਹ ਕੇ ਆਉਂਦੀਆਂ ਮੱਝਾਂ ਕੱਢੀ ਜਾਣ...ਲੰਮਾ ਸਾਰਾ ਢੀਂਗਰ ਸੁੱਟ ਮੈਨੂੰ ਵੀ ਖਿੱਚ ਲਿਆ...ਮਗਰੋਂ ਬੜੀ ਦੀਦ ਕੀਤੀ...ਜੋ ਕੋਲ ਹੈ ਸੀ...ਖਾਣ ਪੀਣ ਨੂੰ ਵੀ ਦਿੱਤਾ...ਪਿੰਡ ਸੀ ਉੱਚਾ-ਲੰਗਾਹ...ਕਈ ਓਧਰ ਵੀ ਹੈਨ ਏਧਰ ਦੇ ਨਾਵਾਂ ਵਾਲੇ...!

ਦਸ ਦਿਨਾਂ ਮਗਰੋਂ ਰੇਂਜਰਾਂ ਦੇ ਨਿਗਰਾਨੀ ਹੇਠ ਵਾਪਸੀ ਹੋਈ...ਏਧਰ ਵਾਲੇ ਆਖਣ ਤੂੰ ਓਧਰ ਰੁੜ੍ਹ ਕੇ ਨਹੀਂ ਸਗੋਂ ਹਥਿਆਰ ਲੈਣ ਗਿਆ ਹੋਵੇਂਗਾ!

ਮੈਂ ਸਾਰੀ ਉਮਰ ਕਦੇ ਕੋਈ ਰੁੱਖ ਨਹੀਂ ਸੀ ਲਾਇਆ...ਬੱਸ ਵੱਢੇ ਹੀ...ਚੋਰੀ ਜਾਂ ਮਹਿਕਮੇ ਨਾਲ ਰਲ ਕੇ...ਪਰ ਉਸ ਮਗਰੋਂ ਨਾ ਆਪ ਤੇ ਨਾ ਕਿਸੇ ਹੋਰ ਨੂੰ ਹੀ ਵੱਢਣ ਦਿੱਤਾ...ਜਿਹੜਾ ਜੜ੍ਹੋਂ ਉਖੜ ਕੇ ਵੀ ਏਨੀਆਂ ਜਾਨਾਂ ਬਚਾ ਗਿਆ...ਡੋਏ ਵਿਚ ਗੱਡਿਆਂ ਪਤਾ ਨੀਂ ਕੀ ਕੀ ਕਰ ਸਕਦਾ ਹੋਊ...!

ਗੁਰਦੁਆਰੇ ਗਏ ਨੂੰ ਕਈ ਠਿੱਠ ਕਰਨ...ਕਾਮਰੇਡਾ ਤੂੰ ਤੇ ਵਾਗਰੂ ਨੂੰ ਨਹੀਂ ਸੀ ਮੰਨਦਾ...ਅੱਖੇ ਐਵੇਂ ਗੱਲਾਂ ਬਣੀਆਂ ਨੇ...ਆਹ ਰੱਬ ਰੁੱਬ ਕੁਝ ਨੀ ਹੁੰਦਾ...ਹੁਣ ਕੀ ਹੋ ਗਿਆ?

ਅੱਗੋਂ ਆਖਿਆ...ਹੋਰ ਤੇ ਕਿਸੇ ਦਾ ਪਤਾ ਨੀ ਪਰ ਮੈਂ ਤੇ ਉਸਨੂੰ ਕੋਲ ਬੈਠੇ ਨੂੰ ਵੇਖਿਆ...ਸੱਪ ਦਾ ਭੇਸ ਧਾਰੀ...ਪਰ ਕਰਮਾਂ ਵਾਲੇ ਨੇ ਡੰਗ ਨੀ ਮਾਰਿਆ...ਇਹ ਕੰਮ ਤੇ ਸੁਣਿਆ ਉਸਨੇ ਅੱਜਕੱਲ੍ਹ ਸੱਪਾਂ ਕੋਲੋਂ ਲੈ ਕੇ ਬੰਦਿਆਂ ਦੇ ਸਪੁਰਦ ਕਰ ਦਿੱਤਾ!

# ਲੁੱਕ ਛਿੱਪ

## ਕਹਾਣੀ

ਦਵਿੰਦਰ ਨਾਂ ਸੀ ਉਸਦਾ, ਇਹ ਵੇਖਣ ਨੂੰ ਬੜੀ ਸੁਲਝੀ ਹੋਈ ਔਰਤ ਲੱਗਦੀ ਸੀ। ਵਾਲ ਬੜੇ ਸਲੀਕੇ ਨਾਲ ਵਾਹੇ ਹੋਏ, ਕੱਪੜੇ ਬੜੇ ਢੰਗ ਦੇ ਪਾਏ ਹੋਏ ਸੀ। ਵੇਖਣ ਨੂੰ ਬੜੀ ਸੁਘ-ਸਿਆਣੀ ਲੱਗਦੀ ਸੀ। ਜਿੰਦਾਂ ਇਹਦੇ ਵਿਚ ਗੁਣ ਹੀ ਗੁਣ ਹੋਣ। ਜਦੋਂ ਮੈਂ ਇਹਨੂੰ ਆਪਣੇ ਘਰ ਪਹਿਲੀ ਵਾਰ ਵੇਖਿਆ ਤਾਂ ਮੇਰੇ ਅੰਦਰੋਂ ਇਹ ਖਿਆਲ ਉੱਠਿਆ ਸੀ। 'ਕਿੰਨੇ ਕਰਮਾਂ ਵਾਲੇ ਲੋਕ ਉਹ ਹੋਣਗੇ, ਜਿਨ੍ਹਾਂ ਨੂੰ ਇੰਦਾਂ ਦੀਆਂ ਔਰਤਾਂ ਮਿਲ ਜਾਂਦੀਆਂ, ਉਨ੍ਹਾਂ ਦੇ ਘਰ ਤੇ ਜੀਵਨ ਸਵਰਗ ਨਾਲੋਂ ਘੱਟ ਨਹੀਂ ਹੁੰਦਾ ਹੋਵੇਗਾ'...ਪਰ ਜਦੋਂ ਮੈਨੂੰ ਇਹਨੇ ਆਪਣੀ ਕਹਾਣੀ ਦੱਸੀ, ਸ਼ਾਇਦ ਮੈਂ ਇੰਦਾਂ ਦੀ ਬੇਵਕੂਫ਼ ਔਰਤ ਨਾ ਆਪਣੇ ਜ਼ਿੰਦਗੀ ਵਿਚ ਵੇਖੀ ਸੀ, ਨਾ ਕਿਸੇ ਨੇ ਸੁਣੀ ਹੋਵੇਗੀ। ਮੈਂ ਹੈਰਾਨ ਹੋ ਗਿਆ, ਮੇਰਾ ਸਿਰ ਚੱਕਰ ਖਾਣ ਲੱਗ ਪਿਆ, ਅੱਜ ਦੀ ਦੁਨੀਆ ਵਿਚ ਇਹੋ ਜਿਹੇ ਲੋਕ ਵੀ ਵਸਦੇ ਨੇ।

ਇਹ ਮੇਰੇ ਘਰ ਮੇਰੀ ਘਰਵਾਲੀ ਦੀ ਫਰੈਂਡ ਜਗਦੀਪ ਨਾਲ ਆਈ ਸੀ। ਚਾਹ ਪੀਣ ਤੋਂ ਬਾਅਦ ਮੈਨੂੰ ਜਗਦੀਪ ਆਖਣ

ਰਣਵੀਰ ਸਿੰਘ ਰਾਣਾ
ਫੋਨ:0044-743816-5326

ਲੱਗੀ।

'...ਵੀਰ ਅਸੀਂ ਸੁਣਿਆ ਤੇਰਾ ਅੰਕਲ ਬਹੁਤ ਪੜ੍ਹਿਆ-ਲਿਖਿਆ ਆ, ਉਹਨੇ ਲੋਕਾਂ ਦੇ ਬਹੁਤ ਮਸਲੇ ਹੱਲ ਕਰਾਏ ਨੇ, ਜੇ ਏਸ ਵਿਚਾਰੀ ਦੀ ਵੀ ਮਦਦ ਕਰ ਦੇਵੇ?'

'ਤੁਸੀਂ ਫਿਕਰ ਨਾ ਕਰੋ, ਅੰਕਲ ਅੱਜ ਘਰੇ ਆ, ਆਪਾਂ ਉੱਥੇ ਚੱਲਦੇ ਆਂ ਤੁਸੀਂ ਸਾਰਾ ਮਸਲਾ ਅੰਕਲ ਨੂੰ ਦੱਸ ਦਿਓ, ਅੰਕਲ ਤੁਹਾਡੀ ਪੂਰੀ ਮਦਦ ਕਰੇਗਾ।'

ਦਵਿੰਦਰ ਨੇ ਹੌਲੀ-ਹੌਲੀ ਦਿਲ ਫਰੋਲਣਾ ਸ਼ੁਰੂ ਕੀਤਾ। ਮੈਂ ਸੱਤ ਕੁ ਸਾਲ ਦੀ ਸੀ ਜਦੋਂ ਪੰਜਾਬ ਤੋਂ ਆਈ ਕੱਲੀ ਘਰਦਿਆਂ ਦੀ ਕੁੜੀ ਸੀ। ਸਾਰੇ ਮੈਨੂੰ ਬਹੁਤ ਪਿਆਰ ਕਰਦੇ। ਫਿਰ ਮੇਰਾ ਵਿਆਹ ਹੋ ਗਿਆ ਉਹ ਬਹੁਤ ਸੋਹਣਾ ਤੇ ਸ਼ਰੀਫ਼ ਸੀ। ਮੈਂ ਤਾਂ ਉਹਦੇ ਮੂਹਰੇ ਕੁੱਝ ਵੀ ਨਹੀਂ ਸੀ। ਉਹ ਮੈਨੂੰ ਬਹੁਤ ਪਿਆਰ ਕਰਦਾ। ਇਹ ਤਿੰਨ ਭਰਾ ਸੀ। ਵਿਆਹ ਤੋਂ ਦੋ ਸਾਲ ਬਾਅਦ ਮੰਮੀ-ਡੈਡੀ ਨਾਲ ਸਲਾਹ ਕਰਕੇ ਅਸੀਂ ਆਪਣਾ ਘਰ ਲੈ ਲਿਆ। ਕੁਝ ਡੈਡੀ ਨੇ ਮਦਦ ਕਰ ਦਿੱਤੀ। ਸਾਡੀ ਦੋਵਾਂ ਦੇ ਕੰਮ ਵੀ ਵਧੀਆ ਸੀ। ਮੈਂ ਆਪਣੇ ਘਰ ਆ ਕੇ ਬਹੁਤ ਖੁਸ਼ ਸੀ। ਇਥੇ ਮੇਰੇ ਦੋਵੇਂ ਬੱਚਿਆਂ ਲੜਕੇ ਤੇ ਲੜਕੀ ਨੇ ਜਨਮ ਲਿਆ। ਇਹਨੂੰ ਗਾਰਡਨ, ਗੱਡੀ ਤੇ ਆਪਣੀ ਸਫਾਈ ਰੱਖਣ ਦਾ ਬਹੁਤ ਸ਼ੌਕ ਸੀ। ਮੈਨੂੰ ਸੰਜ-ਸੰਵਰ ਕੇ ਰਹਿਣ ਨੂੰ ਕਹਿੰਦਾ। ਸਾਨੂੰ ਵੇਖ ਕੇ ਕੋਈ ਇਹ ਨਹੀਂ ਕਹਿ ਸਕਦਾ, ਕਿ ਸਾਡੇ ਵਿਆਹ ਹੋਏ ਨੂੰ ਇੰਨਾ ਚਿਰ ਹੋ ਗਿਆ ਹੋਣਾ। ਇੰਝ ਲੱਗਦਾ ਸੀ ਜਿੰਦਾਂ ਕੱਲ੍ਹ ਮੁਕਲਾਵਾ ਆਇਆ ਹੋਵੇ।

ਜਿੱਥੇ ਮੈਂ ਕੰਮ ਕਰਦੀ ਸੀ ਉੱਥੇ ਇਕ ਤੇਜੋ ਨਾਂ ਦੀ ਅੰਟੀ ਕੰਮ ਕਰਦੀ ਸੀ। ਇੱਕ ਦਿਨ ਮੈਨੂੰ ਆਖਣ ਲੱਗੀ, 'ਕੁੜੇ ਦਵਿੰਦਰ ਆਪਣੇ ਖਸਮ ਨਾਲ ਤੈਂ ਬਥੇਰੀਆਂ ਰੰਗ-ਰਲੀਆਂ ਮਨਾ ਲਈਆਂ ਕਦੇ ਆਪਣੇ ਅੱਗੇ ਬਾਰੇ ਵੀ ਸੋਚਿਆ...ਅੱਗੇ ਤੋਂ ਅੰਟੀ ਜੀ ਕੀ ਮਤਲਬ?

ਕੁੜੇ ਆਹੀ! ਮਾਨਸ ਜਨਮ ਮਸਾਂ ਮਿਲਿਆ ਮੁਕਤੀ ਬਾਰੇ ਸੋਚ, ਕਿ ਮੁੜ ਮੁੜ ਜੰਮੀ ਜਾਵੇਂ ਤੇ ਮਰੀ ਜਾਵੇਂ। ਤੇਜੋ ਅੰਟੀ ਰੋਜ਼ ਇੰਦਾਂ ਦੀਆਂ ਗੱਲਾਂ ਕਰਦੀ। ਮੇਰੇ 'ਤੇ ਅੰਟੀ ਦੀਆਂ ਗੱਲਾਂ ਦਾ ਹੌਲੀ ਹੌਲੀ ਅਸਰ ਹੋਣ ਲੱਗ ਪਿਆ। ਇਕ ਦਿਨ ਮੈਂ ਪੁੱਛ ਲਿਆ।

ਇਹ ਚੁਰਾਸੀ ਕੱਟਣ ਤੇ ਮੁਕਤੀ ਪਾਉਣ ਦਾ ਤਰੀਕਾ ਕੀ ਆ?

'ਨੀ ਸਾਡੇ ਬਾਬਾ ਜੀ ਆ, ਲੱਗ ਜਾ ਉਨ੍ਹਾਂ ਦੇ ਚਰਨੀਂ, ਤੇਰਾ ਆਪੇ ਬੇੜਾ ਪਾਰ ਕਰ ਦੇਣਗੇ...।'

ਮੈਂ ਵੀ ਪੰਜ-ਸੱਤ ਬੁੜੀਆਂ ਨਾਲ ਡੇਰੇ ਜਾਣ ਲੱਗ ਪਈ। ਤੇਜੋ ਅੰਟੀ ਨੇ ਮੇਰੀ ਸਿਫਾਰਸ਼ ਕਰ ਦਿੱਤੀ।

'ਬਾਬਾ ਜੀ ਲਾਓ ਚਰਨੀਂ ਬੱਚੀ ਨੂੰ ਦਿਓ ਅਸੀਸ ਏਸ ਬੱਚੀ ਨੂੰ।' ਬਾਬੇ ਨੇ ਬੜੇ ਪਿਆਰ ਨਾਲ ਮੇਰੇ ਸਿਰ ਤੇ ਪਿੱਠ 'ਤੇ ਹੱਥ ਫੇਰਿਆ। ਤੇਜੋ ਆਂਟੀ ਆਖਣ ਲੱਗੀ, 'ਕੁੜੇ ਬਾਬਾ ਜੀ ਤਾਂ ਬੜੇ ਦਿਆਲ ਨੇ ਤੇਰੇ 'ਤੇ, ਸਾਡੇ ਵੱਲ ਤਾਂ ਵੇਖਦੇ ਵੀ ਨਹੀਂ, ਜਿਹਦੇ 'ਤੇ ਦਿਆਲ ਹੋਣ ਉਹਨੂੰ ਪਿਆਰ ਦੇਂਦੇ ਨੇ।' ਹੁਣ ਮੈਂ ਹਰੇਕ ਐਤਵਾਰ ਬਾਬੇ ਦੇ ਡੇਰੇ ਜਾਣ ਲੱਗ ਪਈ। ਹੋਰ ਬੁੜੀਆਂ ਵੀ ਬਾਬੇ ਦੀਆਂ ਲੱਤਾਂ ਘੁੱਟਦੀਆਂ, ਮੈਂ ਵੀ ਇੱਕ ਦਿਨ ਘੁੱਟਣ ਲੱਗ ਪਈ। ਬਾਬਾ ਜੀ ਆਖਣ ਲੱਗੇ, 'ਬੀਬੀ ਤੂੰ ਹਰੇਕ ਐਤਵਾਰ ਸਾਡੇ ਲਈ ਘਰੋਂ ਪ੍ਰਸ਼ਾਦਾ ਤਿਆਰ ਕਰਕੇ ਲਿਆਇਆ ਕਰੀਂ। ਬਾਬਾ ਜੀ ਨੇ ਮੈਨੂੰ ਇੱਕ ਹੋਰ ਸੇਵਾ ਲਾ ਦਿੱਤੀ, ਸੱਤਰ ਪੌਂਡ ਹਰੇਕ ਵੀਕ ਸੇਵਾ ਵਿਚ ਪਾਇਆ ਕਰ। ਮੈਂ ਹਰੇਕ ਵੀਕ ਇੰਦਾਂ ਕਰਦੀ। ਬਾਬਾ ਜੀ ਕਦੇ-ਕਦੇ ਬਚਨ ਕਰਦੇ 'ਜੇ ਮੁਕਤੀ ਲੈਣੀ ਹੋਵੇ ਘਰ ਪਰਿਵਾਰ ਦਾ ਤਿਆਗ ਕਰਨਾ ਪੈਂਦਾ।' ਇੱਕ ਦਿਨ ਬਾਬਾ ਜੀ ਕਹਿਣ ਲੱਗੇ, ਬੀਬੀ ਅਸੀਂ ਤੇਰੀ ਸੇਵਾ ਤੋਂ ਬਹੁਤ ਖੁਸ਼ ਆ, ਪਰ ਤੇਰੀ ਮੁਕਤੀ ਦੇ ਰਾਹ ਵਿਚ ਤੇਰਾ ਪਰਿਵਾਰ ਰੁਕਾਵਟ ਪਾ ਰਿਹਾ?


'ਬਾਬਿਆਂ ਦਾ ਹੁਕਮ ਮੰਨੀ ਦਾ', ਮੈਨੂੰ ਮੇਰੇ ਨਾਲ ਦੀਆਂ ਕਹਿੰਦੀਆਂ। ਮੈਂ ਇਹ ਕਿੰਦਾਂ ਕਰ ਸਕਦੀ ਆਂ, 'ਨੀ ਜਿੰਦਾਂ ਅਸੀਂ ਖਸਮ ਛੱਡੇ ਹੋਏ ਆ ਤੂੰ ਵੀ ਇੰਦਾਂ ਕਰ ਲੈ, ਮੁਕਤੀ ਕਿਤੇ ਉਂਦਾਂ ਮਿਲਦੀ ਆ, ਨਾਲੇ ਬਾਬੇ ਸਿੱਧਾ ਨੀ ਕਹਿੰਦੇ ਹੁੰਦੇ, ਗੁੱਝੀਆਂ ਰਮਜ਼ਾਂ ਮਾਰਦੇ ਹੁੰਦੇ ਨੇ' ਇਹ ਮੇਰੇ ਲਈ ਔਖਾ ਫੈਸਲਾ ਸੀ, ਇਨ੍ਹਾਂ ਬੁੜੀਆ ਨੇ ਮੇਰਾ ਬ੍ਰੇਨ ਵਾਸ਼ ਕਰ ਦਿੱਤਾ, ਮੈਂ ਬਾਬੇ ਲਈ ਕੁਝ ਵੀ ਕਰਨ ਨੂੰ ਤਿਆਰ ਹੋ ਗਈ। ਹੌਲੀ ਹੌਲੀ ਮੈਂ ਆਪਣੇ ਆਦਮੀ ਨਾਲ 'ਭੰਨ ਤੜਕ' ਕਰਨ ਲੱਗ ਪਈ। ਇੱਕ ਦਿਨ ਮੈਨੂੰ ਬੜੇ ਪਿਆਰ ਨਾਲ ਸਮਝਾਇਆ 'ਵੇਖ ਦਵਿੰਦਰ ਆਪਾਂ ਜ਼ਿੰਦਗੀ ਦੀ ਪੀਂਘ ਬੜੇ ਪਿਆਰ ਨਾਲ ਝੂਟ ਰਹੇ ਹਾਂ, ਕਿਉਂ ਤੂੰ ਰੱਸੇ ਵੱਢਣ 'ਤੇ ਆ ਗਈ ਆਂ ਕਿ ਆਪਾਂ ਦੋਵੇਂ ਡਿੱਗ ਪਈਏ, ਮੈਂ ਤੈਨੂੰ ਹੁਣ ਤੱਕ ਫੁੱਲਾਂ ਵਾਂਗ ਰੱਖਿਆ।'

ਉਹਦੀਆਂ ਗੱਲਾਂ ਦਾ ਮੇਰੇ 'ਤੇ ਕੋਈ ਅਸਰ ਨਾ ਹੁੰਦਾ। ਮੈਨੂੰ ਹਰ ਪਾਸੇ ਬਾਬਾ ਦਿਸਦਾ, ਜਦੋਂ ਕੋਈ ਗੱਲ ਮੈਨੂੰ ਬੱਚੇ ਪੁੱਛਦੇ ਮੈਂ ਤਰ੍ਹਾਂ ਤਰ੍ਹਾਂ ਦੀਆਂ ਕਹਾਣੀਆਂ ਬਣਾ ਕੇ ਬੱਚਿਆਂ ਮੂਹਰੇ ਰੋਣ ਲੱਗ ਜਾਂਦੀ, ਬੱਚੇ ਚੁੱਪ ਹੋ ਜਾਂਦੇ। ਨਾਲੇ ਇਥੋਂ ਦੇ ਬੱਚੇ ਬਹੁਤੀ ਕਿਸੇ ਦੀ ਜ਼ਿੰਦਗੀ ਵਿਚ ਦਖਲ ਨੀ ਦੇਂਦੇ, ਪਤਾ ਬੱਚਿਆਂ ਨੂੰ ਵੀ ਸੀ ਕਿ ਸਾਰਾ ਕਸੂਰ ਮੇਰੇ ਵਿਚ ਆ ਪਰ ਉਹ ਮੂੰਹੋਂ ਕੁਝ ਵੀ ਨਾ ਕਹਿੰਦੇ। ਅਖੀਰ ਅੱਕ ਕੇ ਮੈਨੂੰ ਮੇਰੇ ਪਤੀ ਇੱਕ ਦਿਨ ਕਹਿਣ ਲੱਗੇ, 'ਜੇ ਮੈਂ ਤੈਨੂੰ ਨਹੀਂ ਚੰਗਾ ਲੱਗਦਾ ਆਪਾਂ ਵੱਖ ਹੋ ਜਾਂਦੇ ਹਾਂ' ਇਹੀ ਤਾਂ ਮੈਂ ਚਾਹੁੰਦੀ ਸੀ। ਅਖੀਰ ਆਪਣਾ ਸਮਾਨ ਬੰਨ੍ਹ ਕੇ ਘਰੋਂ ਤੁਰਨ ਲੱਗਾ ਕਹਿਣ ਲੱਗਾ, 'ਦਵਿੰਦਰ ਅਜੇ ਵੀ ਮੌਕਾ ਜੇ ਮੈਂ ਇਕ ਵਾਰ ਦਰਵਾਜ਼ਾ ਲੰਘ ਗਿਆ ਮੁੜ ਕੇ ਕਦੇ ਨਹੀਂ ਆਵਾਂਗਾ, ਸੋਚ ਲੈ?' 'ਪਰ ਮੇਰੇ ਕੰਨਾਂ 'ਤੇ ਜੂੰ ਨਾ ਸਰਕੀ, ਮੈਨੂੰ ਹਰ ਪਾਸੇ ਬਾਬਾ ਦਿਸਦਾ ਸੀ। ਅਖੀਰ ਦਰਵਾਜ਼ੇ ਕੋਲ ਖੜ੍ਹ ਕੇ ਕਹਿਣ ਲੱਗਾ, 'ਦਵਿੰਦਰ ਪਤਾ ਨੀ ਪਹਿਲਾਂ ਕੀਹਨੇ ਮਰਨਾ, ਜੇ ਮੈਂ ਪਹਿਲਾਂ ਮਰ ਗਿਆ ਤਾਂ ਮੇਰੀ ਲਾਸ਼ 'ਤੇ ਚਿੱਟੀ ਚੁੰਨੀ ਲੈ ਕੇ 'ਪਾਖੰਡ ਪੁਣਾ' ਨਾ ਕਰਨ ਆਵੀਂ, ਮੈਨੂੰ ਤਾਂ ਤੂੰ ਭੁੱਲ ਜਾ, ਜੇ ਮੈਂ ਅੱਜ ਤੋਂ ਬਾਅਦ ਤੇਰਾ ਜਿਉਂਦੀ ਦਾ ਮੂੰਹ ਵੀ ਵੇਖ ਗਿਆ।' ਐਨੀ ਗੱਲ ਕਹਿ ਕੇ ਦਰਵਾਜ਼ੇ ਤੋਂ ਬਾਹਰ ਹੋ ਗਿਆ। ਬੱਚੇ ਵੀ ਨਾਲੇ ਚਲੇ ਗਏ ਘਰ ਵੰਡਿਆ ਗਿਆ, ਡਾਇਵੋਰਸ ਹੋ ਗਿਆ। ਮੈਂ ਇਧਰ ਕਈ ਸਾਲਾਂ ਤੋਂ ਬਾਬੇ ਦੀ ਸੇਵਾ ਤਨ-ਮਨ-ਧਨ ਨਾਲ ਕਰ ਰਹੀ ਸੀ। ਸਾਰੇ ਕਮਰੇ ਵਿਚ ਬਾਬੇ ਦੀਆਂ ਫੋਟੋਆਂ ਲਾਈਆਂ ਹੋਈਆਂ ਸਨ। ਸਵੇਰੇ ਉੱਠ ਕੇ ਪਹਿਲਾਂ ਬਾਬੇ ਦੀਆਂ ਤਸਵੀਰਾਂ ਨੂੰ ਮੱਥਾ ਟੇਕਦੀ, ਰੋਟੀ ਪਹਿਲਾਂ ਬਾਬੇ ਦੀ ਤਸਵੀਰ ਨੂੰ ਲਾਉਂਦੀ, ਫੇਰ ਆਪ ਖਾਂਦੀ।

ਅੱਜ ਬਰਫ਼ ਬਹੁਤ ਪੈ ਚੁੱਕੀ ਸੀ। ਬਾਬੇ ਕੋਲ ਸੰਗਤ ਬਹੁਤ ਘੱਟ ਸੀ। ਮੈਂ ਪਰਸ਼ਾਦਾ ਤੇ ਸੱਤਰ ਪੌਂਡ ਲੈ ਕੇ ਪਹੁੰਚ ਗਈ। ਪ੍ਰਸ਼ਾਦਾ ਛਕਾ ਕੇ ਮੈਂ ਭਾਂਡੇ ਧੋ ਕੇ ਬਾਬੇ ਦੀਆਂ ਲੱਤਾਂ ਘੁੱਟਣ ਲੱਗ ਪਈ, ਬਾਬੇ ਨੇ ਲੱਤਾਂ ਪਸਾਰ ਦਿੱਤੀਆਂ। ਮੇਰੇ ਹੱਥ ਗੋਡਿਆਂ ਤੋਂ ਉੱਪਰ ਹੋ ਗਏ। ਹਾਲੇ ਦੋ ਕੁ ਮਿੰਟ ਹੋਏ ਸੀ ਲੱਤਾਂ ਘੁੱਟਦੀ ਨੂੰ, ਬਾਬੇ ਨੇ ਆਪਣਾ ਕੁੜਤਾ ਉਪਰ ਚੁੱਕ ਦਿੱਤਾ।

'ਲੈ ਬੀਬਾ ਜ਼ਰਾ ਇਥੋਂ ਵੀ ਘੁੱਟ ਦੇ।'

ਮੈਂ ਇਹ ਵੇਖ ਕੇ ਹੈਰਾਨ ਹੋ ਗਈ, ਜਿੰਦਾਂ ਮੈਨੂੰ ਕਰੰਟ ਲੱਗਾ ਹੋਵੇ। ਮੈਂ ਗੱਡੀ ਵਿਚ ਬੈਠ ਕੇ ਘਰ ਆ ਕੇ ਸਾਹ ਲਿਆ।



ਪਾਣੀ ਦਾ ਗਲਾਸ ਪੀਤਾ, ਮੈਨੂੰ ਬਰਫ਼ ਵਿਚ ਵੀ ਪਸੀਨਾ ਆਈ ਜਾਵੇ। ਮੇਰਾ ਸਰੀਰ ਭੱਠੀ ਵਾਂਗ ਤਪ ਰਿਹਾ ਸੀ। ਸਿਰ ਚੱਕਰ ਖਾ ਰਿਹਾ ਸੀ। ਸਿਰ ਵਿਚ ਜਿੰਦਾਂ ਹਥੌੜੇ ਵੱਜ ਰਹੇ ਸੀ। ਇਹ ਕੀ ਮੇਰੇ ਨਾਲ ਹੋ ਗਿਆ, ਐਨੇ ਚਿਰ ਦੀ ਸੇਵਾ, ਰੱਬ ਵਰਗਾ ਪਤੀ, ਫੁੱਲਾਂ ਵਰਗੇ ਬੱਚੇ, ਸਭ ਕੁਝ ਉੱਜੜ ਗਿਆ।

ਕੌਣ ਸੁਣੇਗਾ ਤੇਰੀ...ਬਾਬੇ ਦੇ ਚੇਲਿਆਂ ਨੇ ਛਿੱਤਰ ਮਾਰਨੇ ਤੇਰੇ...ਸਾਡੇ ਰੱਬ ਵਰਗੇ ਬਾਬੇ 'ਤੇ ਇਲਜ਼ਾਮ ਲਾਉਂਦੀ ਆ। ਉਂਦਾਂ ਬੈਡ 'ਤੇ ਪੈ ਗਈ, ਨਾ ਕੁਝ ਖਾਧਾ, ਨਾ ਕੁੱਝ ਪੀਤਾ, ਨਾਂ ਨੀਂਦ ਆਈ, ਬੱਸ ਏਸ ਘੁੰਮਣ ਘੇਰੀ ਵਿਚ ਫਸੀ ਰਹੀ। ਮੁੜ ਮੁੜ ਖਿਆਲ ਆਉਂਦਾ, ਵੇਖ ਦਵਿੰਦਰ ਤੇਰਾ ਪਤੀ ਤੇਰੇ ਮੂਹਰੇ ਕਿੰਨਾ ਗਿੜਗਿੜਾਉਂਦਾ ਰਹਿਆ ਸੀ, ਕਿੰਨਾ ਤੈਨੂੰ ਸਮਝਾਇਆ, ਪਰ ਤੂੰ ਆਖੇ ਮੈਂ ਸਹੇ ਨੂੰ ਚੌਥੀ ਲੱਤ ਲੱਗਣ ਨੀ ਦੇਣੀ, ਤਿੰਨ ਨਾਲ ਭਜਾਉਣਾ। ਇਨ੍ਹਾਂ ਘੁੰਮਣ-ਘੇਰੀਆਂ ਵਿਚ ਦਿਨ ਚੜ੍ਹਦੇ ਅੱਖ ਲੱਗੀ, ਕਿਸੇ ਨੇ ਮੇਰੀ ਜ਼ੋਰ-ਜ਼ੋਰ ਦੀ ਡੋਰ ਕੀਤੀ, ਜਦੋਂ ਮੈਂ ਡੋਰ ਖੋਲ੍ਹ ਕੇ ਵੇਖਿਆ, ਬਾਬੇ ਦੇ ਚਾਰ ਪੰਜ ਚੇਲੇ ਮੂਹਰੇ ਖੜੇ ਸੀ। ਆਖਣ ਲੱਗੇ, 'ਭੁੱਲ ਜਾ ਜੋ ਕੁੱਝ ਹੋਇਆ ਤੇਰੇ ਨਾਲ, ਨਹੀ ਤਾਂ ਬਹੁਤ ਬੁਰਾ ਹੋਵੇਗਾ ਤੇਰੇ ਨਾਲ, ਸਾਡੇ ਹੱਥ ਬਹੁਤ ਲੰਮੇ ਨੇ, ਫਿਰ ਨਾ ਤੈਨੂੰ ਪਛਤਾਉਣਾ ਪਵੇ, ਅਸੀਂ ਤੈਨੂੰ ਸਮਝਾਉਣ ਆਏ ਹਾਂ, ਇਹ ਦੇਸ਼ ਤਾਂ ਕੀ, ਤੈਨੂੰ ਦੁਨੀਆ ਨਾ ਛੱਡਣੀ ਪੈ ਜਾਵੇ, ਸਾਡਾ ਤੂੰ ਕੁਝ ਨੀ ਵਿਗਾੜ ਸਕਦੀ, ਸਾਡਾ ਇੱਕ ਬੰਦਾ ਤੇਰੇ ਘਰ ਦੀ ਨਿਗਰਾਨੀ ਰੱਖੇਗਾ, ਤੂੰ ਕਿਸ ਨੂੰ ਮਿਲਦੀ ਆਂ, ਕੌਣ ਤੇਰੇ ਘਰ ਆਉਂਦਾ।' ਇੰਦਾਂ ਵੀਹ ਕੁ ਦਿਨ ਚੱਲਦਾ ਰਿਹਾ। ਕਦੇ ਚੇਲੇ, ਤੇ ਕਦੇ ਚੇਲੀਆਂ ਮੈਨੂੰ ਸਮਝਾਉਣ ਤੇ ਡਰਾਉਣ ਆ ਜਾਂਦੇ।

ਇੱਕ ਦਿਨ ਮੈਂ ਕਿਸੇ ਤੋਂ ਲੱਭ ਕੇ ਆਪਣੇ ਪਤੀ ਨੂੰ ਟੈਲੀਫ਼ੋਨ ਕੀਤਾ, 'ਕਿਉਂ' ਬਾਬੇ ਨੇ ਤੈਨੂੰ ਇਜਾਜ਼ਤ ਦੇ ਦਿੱਤੀ ਮੇਰੇ ਨਾਲ ਗੱਲ ਕਰਨ ਦੀ, ਤੇਰੀ ਹਿੰਮਤ ਕਿੰਦਾਂ ਪਈ ਟੈਲੀਫ਼ੋਨ ਕਰਨ ਦੀ, ਅਸੀਂ ਮਸਾਂ ਜ਼ਿੰਦਗੀ ਸੈਟ ਕੀਤੀ ਆ, ਫਿਰ ਉਜਾੜਨ ਆ ਗਈ ਏਂ, ਚੇਤੇ ਭੁੱਲ ਗਿਆ, ਜਾਂ ਯਾਦ ਆ, ਜਦੋਂ ਮੈਂ ਤੁਰਨ ਲੱਗੇ ਨੇ ਕਿਹਾ ਸੀ, ਤੇਰਾ ਅੱਜ ਤੋਂ ਬਾਅਦ ਜਿਉਂਦੀ ਦਾ ਮੂੰਹ ਨਹੀਂ ਦੇਖਣਾ, ਕਿਉਂ ਹੁਣ ਬਾਬੇ ਨੂੰ ਤੇਰੇ ਤੋਂ ਸੋਹਣੀ ਰੰਨ ਲੱਭ ਗਈ, ਜਿਹੜਾ ਤੈਨੂੰ ਹੁਣ ਮੂੰਹ ਨੀ ਲਾਉਂਦਾ।' ਬਹੁਤ ਕੁਝ ਬੋਲਿਆ। ਫੇਰ ਮੇਰੇ ਲੜਕੇ ਨਾਲ ਗੱਲ ਕਰਾਈ। ਲੜਕੇ ਨੇ ਆਖਿਆ, ਮੰਮੀ ਤੂੰ ਕੀ ਸਮਝਦੀ ਸੀ ਸਾਨੂੰ ਕੁਝ ਪਤਾ ਨੀ, ਕਿੰਦਾਂ ਸਾਡੇ ਬਾਪ ਨੇ ਇੱਟ ਨਾਲ ਇੱਟ ਜੋੜ ਕੇ ਘਰ ਬਣਾਇਆ, ਪਰ ਤੂੰ ਇੱਕ ਮਿੰਟ ਨੀ ਲਾਇਆ ਜਦੋਂ ਹੱਸਦਾ-ਵੱਸਦਾ ਘਰ ਉਜਾੜ ਦਿੱਤਾ। ਫੇਰ ਮੇਰੀ ਧੀ ਨਾਲ ਗੱਲ ਕਰਾਈ, ਮੰਮੀ ਅਸੀਂ ਮਰ ਗਏ ਆਂ ਤੇਰੇ ਲਈ, ਹੁਣ ਤੈਨੂੰ ਸਾਡਾ ਚੇਤਾ ਆ ਗਿਆ, ਜਾਹ ਜਾ ਕੇ ਬਾਬੇ ਨਾਲ ਵਿਆਹ ਕਰਵਾ ਲੈ, ਮੁੜ ਕੇ ਸਾਨੂੰ ਟੈਲੀਫ਼ੋਨ ਨਾ ਕਰੀਂ, ਅਸੀਂ ਆਪਣੀ ਜ਼ਿੰਦਗੀ ਤੋਂ ਖੁਸ਼ ਹਾਂ।' ਇੰਨਾ ਕਹਿ ਕੇ ਮੇਰੀ ਲੜਕੀ ਨੇ ਟੈਲੀਫ਼ੋਨ ਕੱਟ ਦਿੱਤਾ। ਬਹੁਤ ਰੋਈ! ਕਿੱਥੇ ਜਾਂਦੀ, ਕੋਈ ਸਹਾਰਾ ਨਾ ਮਿਲਿਆ ਮੇਰੀਆਂ ਕੀਤੀਆਂ ਗਲਤੀਆਂ ਮੇਰੇ ਅੱਗੇ ਆ ਗਈਆਂ। ਆਖਰ ਨੂੰ ਮੈਂ ਆਪਣਾ ਦਰਦ ਜਗਦੀਪ ਭੈਣ ਜੀ ਨੂੰ ਦੱਸਿਆ ਇਹੀ ਮੈਨੂੰ ਤੁਹਾਡੇ ਕੋਲ ਲੈ ਕੇ ਆਈ ਆ। ਇੰਨਾ ਕਹਿ ਕੇ ਦਵਿੰਦਰ ਨੇ ਉੱਚੀ ਉੱਚੀ ਰੋਣਾ ਸ਼ੁਰੂ ਕਰ ਦਿੱਤਾ। ਦਵਿੰਦਰ ਦੀ ਹੱਡ-ਬੀਤੀ ਸੁਣ ਕੇ ਅੰਕਲ ਗੁੱਸੇ ਵਿਚ ਲਾਲ ਹੋ ਗਿਆ।

'ਕੁੜੀਏ ਮੇਰਾ ਚਿੱਤ ਕਰਦਾ, ਜੁੱਤੀ ਮਾਰ-ਮਾਰ ਤੇਰਾ ਸਿਰ ਗੰਜਾ ਕਰ ਦੇਵਾਂ ਤੈਨੂੰ ਸ਼ਰਮ ਨਾ ਆਈ, ਤੂੰ ਇਥੋਂ ਦੀ ਪੜ੍ਹੀ-ਲਿਖੀ, ਏਸ ਅਨਪੜ੍ਹ ਲਾਣੇ ਦੇ ਮਗਰ ਲੱਗ ਗਈ।

ਫੜ ਲਿਆ ਬਾਬੇ ਦਾ ਫਾਲਾਤੂ। ਅੰਕਲ ਆਪਣੇ ਆਪ ਬੋਲਣ ਲੱਗ ਪਿਆ। ਮੈਨੂੰ ਵੀਹ ਸਾਲ ਹੋ ਗਏ ਨੇ ਲੋਕਾਂ ਦੀ ਮਕਾਣ ਦਿੰਦੇ ਨੂੰ, ਲੋਕੋ ਬਚੋ! ਇਹ ਸਾਨੂੰ ਘੁਣ ਵਾਂਗ ਖਾ ਰਹੇ ਨੇ, ਪਰ ਕੋਈ ਨੀ ਸੁਣਦਾ, ਜਦੋਂ ਕੋਈ ਉੱਨੀ-ਇੱਕੀ ਹੋ ਜਾਂਦੀ ਆ ਫੇਰ ਮੇਰੇ ਕੋਲ ਮੂੰਹ ਚੁੱਕ ਕੇ ਤੁਰ ਪੈਂਦੇ ਆ।

ਕੁੜੀਏ ਜੋ ਕੁਝ ਤੈਂ ਦੱਸਿਆ ਜੇ ਇਹ ਅੱਖਰ-ਅੱਖਰ ਸੱਚ ਆ, ਜੇ ਤੂੰ ਏਸ ਸਟੈਂਡ 'ਤੇ ਖੜੀ ਰਹੇਂ, ਮੈਂ ਤੇਰਾ ਪੂਰਾ ਸਾਥ ਦੇਵਾਂਗਾ, ਥੋੜ੍ਹੇ ਸਮੇਂ ਵਿਚ ਹੀ ਮੈਂ ਇਹਦੀਆਂ ਪੂਛਾਂ ਚੁਕਵਾ ਦੇਵਾਂਗਾ, ਇਹ ਛੋਟੀ ਸੀਖਾਂ ਪਿੱਛੇ ਹੋਵੇਗਾ, ਇਹ ਹੋਰ ਤੇਰੇ ਵਰਗੀਆਂ ਬੇਵਕੂਫ਼ਾਂ ਨੂੰ ਹੱਥ ਪਾਉਣ ਲੱਗਾ ਦਸ ਵਾਰੀ ਸੋਚੇਗਾ, ਜੇ ਕੁਝ ਕਰਨ ਜੋਗੀ ਤਾਂ ਹਾਂ ਕਰੀਂ, ਨਹੀਂ ਤਾਂ ਹੁਣੇ ਜਵਾਬ ਦੇ ਦੇ। ਦਵਿੰਦਰ ਨੇ ਮੂੰਹ ਚੁੱਕ ਕੇ ਕਿਹਾ, ਅੰਕਲ ਜੀ ਮੈਨੂੰ ਪੰਜ-ਸੱਤ ਦਿਨ ਸੋਚਣ ਲਈ ਦਿਓ। ਕੁੜੀਏ ਜਦ ਮਰਜ਼ੀ ਆ ਜਾਵੀਂ।

ਦੋ ਦਿਨ, ਚਾਰ ਦਿਨ, ਮਹੀਨਾ ਮਹੀਨੇ ਤੋਂ ਸਾਲ, ਸਾਲ ਤੋਂ ਕਈ ਸਾਲ ਗੁਜ਼ਰ ਗਏ, ਦਵਿੰਦਰ ਨਾ ਵਾਪਸ ਆਈ। ਮੈਂ ਤੇ ਅੰਕਲ ਦਵਿੰਦਰ ਨੂੰ ਭੁੱਲ ਚੁੱਕੇ ਸੀ। ਉਧਰ ਸਾਧ ਨੂੰ ਵੀ ਮਰ ਚੁੱਕੇ ਨੂੰ ਸਾਲ ਹੋ ਚੁੱਕਾ ਸੀ। ਅੱਜ ਮੈਂ ਬੈਠਾ ਟੈਲੀ ਵੇਖ ਰਿਹਾ ਸੀ। ਸਾਧ ਦੀ ਪਹਿਲੀ ਬਰਸੀ ਮਨਾਈ ਜਾ ਰਹੀ ਸੀ। ਸਟੇਜ ਸੈਕਟਰੀ ਸਾਧ ਬਾਰੇ ਵੱਡੇ-ਵੱਡੇ ਗੱਪ ਛੱਡ ਰਿਹਾ ਸੀ।

...ਸਾਧ ਦੀ ਮਹਿਮਾ...ਸੱਚਖੰਡ ਵਾਸੀ...ਕੌਮ ਨੂੰ ਤਾਰਨ ਵਾਲਾ...ਦੁਖੀਆਂ ਦਾ ਸਹਾਰਾ...ਗਰੀਬਾਂ ਦਾ ਸਹਾਰਾ...ਦੁਨੀਆ ਨੂੰ ਤਾਰਨ ਵਾਲਾ...ਹੋਰ ਪਤਾ ਨੀਂ ਕੀ ਕੁਝ ਕਹੀ ਗਿਆ, ਕਹਿੰਦਾ ਕਹਿੰਦਾ ਆਪ ਵੀ ਰੋਣ ਲੱਗ ਪਿਆ। ਜਦੋਂ ਨੂੰ ਜਗਦੀਪ ਵੀ ਆ ਗਈ ਮੈਂ ਗੱਲਾਂ ਗੱਲਾਂ ਵਿਚ ਦਵਿੰਦਰ ਬਾਰੇ ਪੁੱਛਿਆ। 'ਭੈਣ ਜੀ ਕਈ ਸਾਲ ਹੋ ਗਏ ਕੋਈ ਦਵਿੰਦਰ ਬਾਰੇ ਉੱਘ ਸੁੱਘ ਹੋਵੇ?' ਵੀਰ ਤੈਨੂੰ ਤੇ ਅੰਕਲ ਨੂੰ ਮਿਲਣ ਤੋਂ ਬਾਅਦ ਪੰਜ ਕੁ ਦਿਨਾਂ ਬਾਅਦ ਮਿਲੀ ਸੀ। ਉਸ ਤੋਂ ਬਾਅਦ ਤਾਂ ਪਤਾ ਨਹੀਂ ਲੱਗਾ ਕਿੱਥੇ ਚਲੀ ਗਈ ਆ, ਪਤਾ ਨੀ ਕਿੱਥੇ ਵਿਚਾਰੀ ਆਪਣਾ 'ਲੁਕ ਛਿਪ' ਕੇ ਵਕਤ ਲੰਘਾਉਂਦੀ ਆ।

# ਬਾਰ, ਦੁਆਬੇ ਅਤੇ ਕੈਲੇਫੋਰਨੀਆ ਦੀ ਕਾਹੀ !

ਕਦੇ-ਕਦੇ ਅੱਖਾਂ ਦੁਆਰਾ ਅਚਾਨਕ ਦੇਖਿਆ ਕੋਈ ਦ੍ਰਿਸ਼, ਮਨ-ਮਸਤਕ ਵਿਚ ਪਈਆਂ ਯਾਦਾਂ ਨੂੰ ਐਸਾ ਹਲੂਣਾ ਦੇ ਦਿੰਦਾ ਹੈ ਕਿ ਬੰਦੇ ਦੀ ਸੋਚ-ਉਡਾਰੀ ਪਲਾਂ ਵਿਚ ਹੀ ਕਿਤੇ ਦੀ ਕਿਤੇ ਪਹੁੰਚ ਜਾਂਦੀ ਹੈ!



ਲੰਘੇ 10 ਅੱਸੂ ਨਾਨਕਸ਼ਾਹੀ ਸੰਮਤ 557 ਵਾਲੇ ਦਿਨ ਸਵੇਰੇ-ਸਵੇਰੇ ਸਤਲੁਜ ਵੱਲ ਸੈਰ ਕਰਨ ਜਾ ਰਿਹਾ ਸਾਂ। ਰਾਹ ਦੇ ਨਾਲ ਕਾਹੀ ਦੇ ਚਿੱਟੇ ਫੁੱਲਾਂ ਜਿਹੇ ਸਿੱਟੇ ਦੇਖ ਕੇ ਮੈਨੂੰ ਗੁਰੂ ਨਾਨਕ ਸਾਹਿਬ ਵਲੋਂ ਉਚਾਰੀ

ਤਰਲੋਚਨ ਸਿੰਘ ਦੁਪਾਲ ਪੁਰ
ਫੋਨ: 001-408-915-1268

ਬਾਰਹਮਾਹ ਤੁਖਾਰੀ ਦੀਆਂ ਕਈ ਤੁਕਾਂ ਯਾਦ ਆ ਗਈਆਂ। ਜਿਨ੍ਹਾਂ ਵਿਚ ਗੁਰੂ ਸਾਹਿਬ ਨੇ ਅੱਸੂ ਮਹੀਨੇ ਦੀ ਰੁੱਤੇ ਕਾਹੀ ਦੇ ਖਿੜੇ ਸਿੱਟਿਆਂ ਨੂੰ ਚੇਤੇ ਕੀਤਾ ਹੋਇਆ ਹੈ। ਇਤਿਹਾਸਕਾਰ ਦੱਸਦੇ ਨੇ ਚਾਰੇ ਉਦਾਸੀਆਂ ਦੀ ਸਮਾਪਤੀ ਉਪਰੰਤ ਗੁਰੂ ਸਾਹਿਬ ਨੇ 'ਬਾਰ' ਛੱਡ ਕੇ ਸ੍ਰੀ ਕਰਤਾਰ ਪੁਰ ਆਣ ਵਾਸਾ ਕੀਤਾ। ਜਿੱਥੇ ਜੋਤੀ ਜੋਤ ਸਮਾਉਣ ਤੋਂ ਕੁੱਝ ਚਿਰ ਪਹਿਲਾਂ ਰਾਗ ਤੁਖਾਰੀ ਵਿਚ ਇਹ ਬਾਰਹਮਾਹ ਦੀ ਬਾਣੀ ਉਚਾਰੀ।

ਇੱਥੇ ਨਿਵਾਸ ਕਰਦਿਆਂ ਗੁਰੂ ਮਹਾਰਾਜ ਨੂੰ ਬਚਪਨ ਵੇਲੇ ਰਾਇ ਭੋਇ ਦੀ ਤਲਵੰਡੀ ਦੀ ਜੂਹ ਵਿਚ ਚਾਰੀਆਂ ਮੱਝਾਂ ਅਤੇ ਵੱਖ-ਵੱਖ ਰੁੱਤਾਂ ਦੇ ਚੌਗਿਰਦੇ ਵਾਲੇ ਦ੍ਰਿਸ਼ ਜ਼ਰੂਰ ਚੇਤੇ ਆਏ ਹੋਣਗੇ। ਅੰਬਾਂ ਦੇ ਮੌਸਮ ਵਿਚ ਕੋਇਲ ਦੀ ਕੂ-ਕੂ, ਸੌਣ-ਭਾਦੋਂ ਵਿਚ ਚੜ੍ਹ-ਚੜ੍ਹ ਆਉਂਦੀਆਂ ਕਾਲੀਆਂ ਘਟਾਵਾਂ, ਗਰਜਦੇ ਬੱਦਲ, ਡੰਗਦੇ ਮੱਛਰ ਦੀ 'ਭੀਂ...ਭੀਂ' ਅਤੇ ਬਿੰਡੇ ਦੀ 'ਟੀਂ...ਟੀਂ' ਦਾ ਵਰਣਨ ਕਰਦਿਆਂ ਗੁਰੂ ਜੀ ਨੇ ਦੋ ਵਾਰੀ 'ਬਾਰ' ਇਲਾਕੇ ਦਾ ਜ਼ਿਕਰ ਕੀਤਾ ਹੈ:-





'ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ॥'

'ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ॥'

ਅਤੇ ਕਾਹੀ ਦੇ ਖਿੜੇ ਹੋਏ ਚਿੱਟੇ ਸਿੱਟਿਆਂ ਬਾਰੇ ਫੁਰਮਾਇਆ:-

'ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹ ਸਿ ਫੁਲੇ॥'

(ਸ੍ਰੀ ਗੁਰੂ ਗ੍ਰੰਥ ਸਾਹਿਬ-ਅੰਗ1107)

ਅੱਜ ਆਪਣੇ ਪਿੰਡ ਲਾਗੇ ਕਾਹੀ ਦੇ ਕੂਲੇ-ਕੂਲੇ ਸਫੈਦ ਸਿੱਟੇ ਦੇਖ ਕੇ ਮੈਨੂੰ ਯਾਦ ਆਇਆ ਕਿ ਪਿਛਲੇ ਸਾਲ ਇਸੇ ਰੁੱਤ ਵਿਚ ਮੈਂ ਕੈਲੇਫੋਰਨੀਆ ਦੇ ਸ਼ਹਿਰ ਸੈਨਹੋਜ਼ੇ ਵਿਚ ਕਾਹੀ ਵਰਗੇ ਸਰਵ੍ਹਾੜ ਦੇ ਸਿੱਟੇ ਦੇਖੇ ਸਨ। ਉਹ ਫੋਟੋ ਮੈਂ ਇਹ ਸੋਚ ਕੇ ਸਾਂਭ ਲਈ ਸੀ ਕਿ ਕਿਤੇ ਸਮਾਂ ਮਿਲਿਆ ਤਾਂ ਇਨ੍ਹਾਂ ਦਾ ਆਪਣੇ ਦੁਆਬੇ ਦੀ ਕਾਹੀ ਦੇ ਸਿੱਟਿਆਂ ਨਾਲ ਟਾਕਰਾ ਕਰਾਂਗਾ!

'ਸੂਰਜੁ ਏਕੋ ਰੁਤਿ ਅਨੇਕ॥
ਨਾਨਕ ਕਰਤੇ ਕੇ ਕੇਤੇ ਵੇਸ॥'

# ਕਾਵਿ -ਕਿਆਰੀ

## ਭਾਦੋਂ ਅੱਸੂ

ਗੰਦਰਿਆ ਹੈ ਝੋਨਾ ਤੇ ਵੱਢਦੇ ਨੇ ਛੱਲੀਆਂ,
ਕਿਰਤੀ ਕਿਸਾਨਾਂ ਨੇ ਆਣ ਵੱਟਾਂ ਮੱਲੀਆਂ।

ਬੱਸ ਰੌਣਕਾਂ ਨੇ ਸ਼ੁਰੂ ਮੇਲੇ ਖੇਤਾਂ 'ਚ ਲੱਗਦੇ ,
ਧੁੱਪ ਨਾਲ ਚੇਹਰੇ ਲਾਲ ਅੱਗ ਵਾਂਗੂੰ ਦਗ਼ਦੇ!

ਜੱਟੀ ਦਾ ਪਸੀਨਾ ਚੋਅ ਕੇ ਭਰਦੀ ਪਰਾਤ ਹੈ,
ਹੁਸਨ ਦੇ ਮਾਲਕਾਂ ਨੂੰ ਹੁਨਾਲ ਦੀ ਸੌਗਾਤ ਹੈ।

ਕਹਿੰਦੇ ਭਾਦੋਂ ਦੀ ਧੁੱਪ 'ਚ ਜੱਟ ਹੁੰਦਾ ਸਾਧ ਹੈ,
ਪਿੱਠ ਕਾਲੀ ਹਿਰਨ ਦੀ ਕਰਦੀ ਧੁੱਪ ਵਾਧ ਹੈ।

ਹਰੇ ਰੰਗਾ ਦੁਸ਼ਾਲਾ ਲੈ ਕੇ ਖੇਤਾਂ ਵਿਚ ਖੜ੍ਹੀਆਂ,
ਲਾਲ ਪੀਲੇ ਜੋਗੀਏ ਮੋਤੀਆਂ ਦੀਆਂ ਲੜੀਆਂ।

ਵੱਢ ਵੱਢ ਟਾਂਢੇ ਨਾਲੇ ਸੱਥਰ ਨੇ ਵਿਛਾਈ ਜਾਂਦੇ,
ਕੱਢ ਕੱਢ ਪੂਣਾਂ 'ਚੋਂ ਢੇਰ ਇੰਝ ਲਗਾਈ ਜਾਂਦੇ।

ਦਿਸੇ ਦੂਰੋਂ ਜਿਉਂ ਜਲੇਬੀਆਂ ਦੇ ਪਏ ਗੰਡ ਨੇ,
ਨੇੜੇ ਆ ਕੇ ਤੱਕੋ ਨਿਰੀ ਦਾਣਿਆਂ ਦੀ ਪੰਡ ਨੇ।

ਖਿੜੀਆਂ ਕਪਾਹਾਂ ਚੋਗੇ ਚੋਗੀਆਂ ਨੇ ਚੁਗਣੇ,
ਤੋੜ ਤੋੜ ਲਾਲ ਮਿਰਚਾਂ, ਢੇਰ ਲਾਉਣੇ ਦੁੱਗਣੇ।

ਵੱਢਣਗੇ ਝੋਨਾ ਭਰ ਟਰਾਲੀਆਂ ਲਿਜਾਉਣਗੇ,
ਮੰਡੀਆਂ 'ਚ ਜਾ ਚਹਿਲ ਪਹਿਲ ਲਗਾਉਣਗੇ।

ਪੰਪਾਂ ਦੀ ਧੁਕ ਧੁਕ ਤੋਂ, ਮਸਾਂ ਸਾਹ ਨੇ ਆਉਣੇ,
ਨਹਿਰ ਦੇ ਪਾਣੀਆਂ ਵੀ, ਸ਼ੁਕਰ ਨੇ ਮਨਾਉਣੇ।

ਹਾੜ੍ਹੀ ਦੀ ਫ਼ਸਲ ਨੂੰ, ਜ਼ਮੀਨ ਤਿਆਰ ਕਰਨੀ,
ਫ਼ਸਲ ਦੇ ਕਰਜ਼ੇ ਸ਼ਾਹੂਕਾਰ,ਬੈਂਕ ਵਾਲੀ ਭਰਨੀ।

ਭੰਡਾ ਭੰਡਾਰੀਆ ਤੂੰ ਜਰਾ ਦੱਸ ਕਿੰਨਾ ਭਾਰ ਵੇ?
'ਇੱਕ ਮੁੱਠੀ ਚੁੱਕ ਤੂੰ ਹੋ ਜਾ ਦੂਜੀ ਨੂੰ ਤਿਆਰ ਵੇ।'
ਡਿਗੇ ਕਣੀ ਜੇ ਅੰਬਰੋਂ ਦਿਲ ਪਾਰੇ ਵਾਂਗੂੰ ਕੰਬਦੈ,
ਰੀਝਾਂ ਤੇ ਉਮੰਗਾਂ ਨੂੰ ਕਾਲ਼ੇ ਨਾਗ ਵਾਂਗੂੰ ਡੰਗਦੈ।

ਸੋਨੇ ਦੀ ਕਿਣੀ ਨ ਪਾਵੇ ਖ਼ੈਰਾਂ ਰੱਬ ਕੋਲੋਂ ਮੰਗਦੈ,
ਬੇਮੌਸਮੀ ਵਰ੍ਹ ਜਾਵੇ ਤਾਂ ਜਿੰਦ ਸੂਲੀ ਉੱਤੇ ਟੰਗਦੈ।

ਐਤਕੀ ਆ ਹੜ੍ਹਾਂ ਨੇ ਪਾਣੀ ਆਸਾਂ ਉੱਤੇ ਫੇਰੀਆਂ,
ਅਣਭੋਲ ਬੈਠੇ ਪਾਈਆਂ ਦਰਿਆਵਾਂ ਨੇ ਘੇਰੀਆਂ।

ਰੋੜ੍ਹ ਲੈ ਗਈ ਕਮਾਈ ਇੱਕਦਮ ਸਾਲ ਭਰ ਦੀ,
ਡੁੱਬ ਗਏ ਘਰਬਾਰ ਨੇ ਜੰਤਾ ਤੌਬਾ-ਤੌਬਾ ਕਰਦੀ।

*-ਸੇਵਾ ਸਿੰਘ "ਨੂਰਪੁਰੀ "*

---

## ਗ਼ਜ਼ਲ

ਤੇਰੇ ਮੁੱਖ ਭੁਆਉਣ ਦਾ ਏ ਨਾ, ਮੈਨੂੰ ਗਿਲਾ ਕੋਈ।
ਨਹੀਂ ਲੋਚਦਾਂ ਆਪਣੀ ਵਫ਼ਾ ਦਾ, ਮੈਂ ਸਿਲਾ ਕੋਈ।

ਨਾ ਹੋਸ਼ ਪਰਤੇ ਹਸ਼ਰ ਤੀਕਰ, ਗ਼ਮਜ਼ਦਾ ਰਹਾਂ,
ਇਕ ਜਾਮ ਐਸਾ ਸਾਕੀਆ, ਮੈਨੂੰ ਪਿਲਾ ਕੋਈ।

ਨਾਕਾਮ ਆਸ਼ਕਾਂ ਦੀਆਂ ਮਹਿਫ਼ਿਲਾਂ 'ਚ ਲੱਖ ਗਿਆਂ,
ਨਹੀਂ ਹਾਣ ਤੇਰੇ ਹੈ ਲੱਭਿਆ, ਮੈਨੂੰ ਦਿਲਾ ਕੋਈ।

ਭੋਰਾ ਭੋਰਾ ਕਰ ਮੇਰੇ ਦੋਸਤਾ, ਨਾ ਤੂੰ ਮੈਨੂੰ ਮਾਰ,
ਹਾਦਸਾ ਇੱਕੋ ਹੀ ਜਾਨ-ਲੇਵਾ, ਮੈਨੂੰ ਮਿਲਾ ਕੋਈ।

ਨਾਕਾਮੀਆਂ ਦਾ ਜ਼ਹਿਰ ਚੜ੍ਹਦਾ-ਚੜ੍ਹਦਾ ਚੜ੍ਹ ਗਿਆ,
ਨਾ ਹੋਇਆ ਸਫ਼ਲਤਾ ਦਾ ਸਰ, ਇਕ ਵੀ ਕਿਲ੍ਹਾ ਕੋਈ।

ਕੰਧਾੜੇ ਚੜ੍ਹ ਕੇ ਓ ਵੈਰ ਦੇ, ਨਾ ਆਰੀਆਂ ਚਲਾ,
ਦੋਸਤੀਆਂ ਦੇ ਬਾਗ ਸਜਾਅ, ਫੁੱਲ ਹੀ ਖਿਲਾ ਕੋਈ।

ਦਫ਼ਤਰਾਂ 'ਚ ਉੱਚੇ ਕਾਗਜ਼ਾਂ ਦੇ, ਢੇਰ ਲੱਗ ਗਏ,
ਬਿਨ ਰਿਸ਼ਵਤਾਂ ਰਾਜ਼ੀ ਏ ਨਾ, ਕਾਗਜ਼ ਹਿਲਾ ਕੋਈ।

ਨੈਣ ਪੱਥਰ! ਪੈਰ ਭਾਰੇ! ਨਾ ਪਤਾ ਕਿੱਧਰ ਨੂੰ ਜਾਂ'!
'ਨਾਕਾਮ' ਜੇਹਿਆ ਵੀ ਹੋਵੇ ਨਾ, ਬੇ-ਮੰਜ਼ਿਲਾ ਕੋਈ।

*-ਗੁਰਬਖ਼ਸ਼ ਸਿੰਘ 'ਨਾਕਾਮ'*
*ਫੋਨ: +1 864 318 5500*

---

## ਕਾਸ਼ ! ਅੱਜ ਮਾਂ ਹੁੰਦੀ

ਬਹੁਤ ਫ਼ਿਕਰ ਕਰਦੀ ਸੀ ਮਾਂ
ਅਕਸਰ ਹੀ ਜਦੋਂ ਛੋਟੇ-ਛੋਟੇ ਕੰਮ ਕਰਦਿਆਂ
ਜਾਂ ਯਾਰਾਂ ਬੇਲੀਆਂ ਸੰਗ ਐਵੇਂ ਹੀ ਗੱਲਾਂ ਕਰਦਿਆਂ
ਸ਼ਹਿਰੋਂ ਲੇਟ ਹੋ ਜਾਈਦਾ ਸੀ
ਘਰ ਦੀਆਂ ਬਰੂਹਾਂ ਤੋਂ ਹੌਲੀ ਹੌਲੀ ਤੁਰਦੀ ਮਮਤਾ
ਰਾਹ ਤੱਕਦੀ ਤੱਕਦੀ
ਪਿੰਡ ਦੀ ਫਿਰਨੀ
ਫਿਰਨੀ ਤੋਂ ਪਿੰਡ ਦੀ ਜੂਹ
ਤੇ ਫਿਰ ਮੇਨ ਰੋਡ ਤੱਕ ਪਹੁੰਚ ਜਾਂਦੀ ਸੀ ਮਾਂ।

ਸੋਚਾਂ ਦੀਆਂ ਘੁੰਮਣ ਘੇਰੀਆਂ 'ਚ ਗੁਆਚੀ ਮਮਤਾ
ਧੁੰਦਲੀ ਐਨਕ ਦੇ ਸ਼ੀਸ਼ੇ
ਚੁੰਨੀ ਦੇ ਪੱਲੇ ਨਾਲ ਬਾਰ ਬਾਰ ਸਾਫ ਕਰਦੀ
ਤੇ ਫਿਰ ਕਿਸੇ ਬੱਤੀ ਨੂੰ ਪਿੰਡ ਵੱਲ ਮੁੜਦਾ ਤੱਕਦੀ
ਤਾਂ ਸਮਝ ਲੈਂਦੀ
ਕਿ ਉਸ ਦਾ ਪੁੱਤ ਵਾਪਸ ਪਰਤ ਆਇਆ ਹੈ
ਤੇ ਉਹ ਉਨ੍ਹੀਂ ਪੈਰੀਂ ਵਾਪਸ ਮੁੜ ਪੈਂਦੀ
ਪਰ ਜਦੋਂ ਉਹ ਕੋਈ ਹੋਰ ਨਿਕਲਦਾ
ਤਾਂ ਉਸ ਦਾ ਦਿਲ ਫਿਰ ਚਿੰਤਾ ਵਿੱਚ ਡੁੱਬ ਜਾਂਦਾ
ਬੇਬਸੀ 'ਚ ਹਉਕੇ ਭਰਦੀ ਆਪੇ ਨਾਲ ਗੱਲਾਂ ਕਰਦੀ।

ਖਵਰੇ ਕਿਉਂ ਦੇਰ ਕੀਤੀ ਏ
ਕਹਿੰਦਾ ਤਾਂ ਸੀ ਕਿ ਜਲਦੀ ਵਾਪਸ ਆਵਾਂਗਾ
ਫਿਰ ਜਦੋਂ ਮੈਂ ਪਿੰਡ ਦਾ ਮੋੜ ਮੁੜਦਾ
ਤਾਂ ਮਾਂ ਨੂੰ ਰਾਹ 'ਚ ਖੜੀ ਉਡੀਕਦੀ ਦੇਖ
ਐਵੇਂ ਹੀ ਉੱਚੀ ਬੋਲ ਉੱਠਦਾ
ਕਿਉਂ ਕਰਦੀ ਏਂ ਮਾਂ ਤੂੰ ਇਸ ਤਰ੍ਹਾਂ ਚਿੰਤਾ
ਮੇਰੇ ਕੋਲ ਕਿਹੜੇ ਗਹਿਣੇ ਸਨ ਜੋ ਕਿਸੇ ਨੇ ਖੋ ਲੈਣੇ ਸੀ।

ਤਾਂ ਮਾਂ ਕਹਿੰਦੀ
ਨਾ ਮੇਰਾ ਪੁੱਤ ਇੰਜ ਨਹੀਂ ਕਹੀਦਾ
ਤੂੰ ਤਾਂ ਮੇਰਾ ਕੋਹਿਨੂਰ ਏ
ਤੂੰ ਏ ਤਾਂ ਜਹਾਨ ਏ
ਨਹੀਂ ਤਾਂ ਭਲਾ ਮੇਰਾ ਕੌਣ ਏ
ਤੇ ਫਿਰ ਘਰ ਪਹੁੰਚਦਿਆਂ ਹੀ
ਮਾਂ ਗੂੜ੍ਹੀ ਨੀਂਦੇ ਸੌਂ ਜਾਂਦੀ
ਜਿਵੇਂ ਕੋਈ ਘੋੜੇ ਵੇਚ ਕੇ ਸੌਂ ਜਾਂਦਾ ਹੈ।

ਹੁਣ ਜਦੋਂ ਮਾਂ ਨਹੀਂ ਹੈ
ਤਾਂ ਅਕਸਰ ਹੀ ਪਿੰਡ ਦਾ ਮੋੜ ਮੁੜਦਿਆਂ
ਭੁਚੰਕਾ ਜਿਹਾ ਲੱਗਦਾ ਹੈ
ਤੇ ਦੂਰੋਂ ਕਾਹੀ ਦਾ ਬੂਟਾ ਵੀ ਇਉਂ ਲੱਗਦਾ
ਜਿਵੇਂ ਮਾਂ ਖੜੀ ਉਡੀਕ ਰਹੀ ਹੋਵੇ।

ਹੁਣ ਤਾਂ ਮੈਂ
ਵੀ ਵੇਲੇ ਸਿਰ ਹੀ ਘਰ ਪਰਤ ਆਉਂਦਾ ਹਾਂ
ਤੇ ਸੋਚਦਾ ਹਾਂ
ਕਾਸ਼! ਅੱਜ ਮਾਂ ਹੁੰਦੀ
ਤਾਂ ਉਸ ਦੀ ਗੋਦ ਵਿਚ ਸਿਰ ਰੱਖ ਕੇ ਆਖਦਾ
ਕਿ ਮਾਂ
ਹੁਣ ਮੈਂ ਕਦੇ ਵੀ ਲੇਟ ਨਹੀਂ ਆਵਾਂਗਾ
ਕਾਸ਼! ਅੱਜ ਮਾਂ ਹੁੰਦੀ...।

*-ਗੁਰਭਜਨ ਸਿੰਘ 'ਲਾਸਾਨੀ'*
*ਫੋਨ: 98724-39278*

# ਲੱਦਾਖ ਅਸਥਿਰਤਾ ਲਈ ਜ਼ਿੰਮੇਵਾਰ ਕੌਣ...?

ਲੱਦਾਖ ਵਿਚ ਹਾਲ ਹੀ ਵਿਚ ਵਾਪਰੀ ਅਸਥਿਰਤਾ ਨੇ ਨਾ ਸਿਰਫ਼ ਇਸ ਸਰਹੱਦੀ ਖੇਤਰ ਨੂੰ ਹਿਲਾ ਕੇ ਰੱਖ ਦਿੱਤਾ ਹੈ ਬਲਕਿ ਇੱਕ ਵਿਵਾਦਪੂਰਨ ਸ਼ਖ਼ਸੀਅਤ ਸੋਨਮ ਵਾਂਗਚੁਕ ਦੇ ਚਰਿੱਤਰ ਨੂੰ ਵੀ ਬੇਨਕਾਬ ਕਰ ਦਿੱਤਾ ਹੈ। ਸਤੰਬਰ 2025 ਵਿਚ ਲੇਹ ਵਿਚ ਹੋਈ ਹਿੰਸਾ, ਜਿੱਥੇ ਚਾਰ ਲੋਕਾਂ ਦੀ ਮੌਤ ਹੋ ਗਈ ਅਤੇ 40-45 ਲੋਕ ਗੰਭੀਰ ਜ਼ਖਮੀ ਹੋ ਗਏ, ਨੇ ਸਾਬਤ ਕਰ ਦਿੱਤਾ ਹੈ ਕਿ ਵਾਂਗਚੁਕ ਵਰਗੇ ਵਿਅਕਤੀ ਆਪਣੇ ਨਿੱਜੀ ਏਜੰਡੇ ਲਈ ਕਿਸ ਹੱਦ ਤੱਕ ਜਾ ਸਕਦੇ ਹਨ। ਇਹ ਹਿੰਸਾ ਭਾਜਪਾ ਦਫਤਰ ਨੂੰ ਅੱਗ ਲਗਾਉਣ, ਵਾਹਨਾਂ ਨੂੰ ਸਾੜਨ ਅਤੇ ਪੁਲਿਸ ਨਾਲ ਟਕਰਾਅ ਨਾਲ ਭਰੀ ਹੋਈ ਸੀ, ਜਿਸ ਨੂੰ ਵਾਂਗਚੁਕ ਦੇ ਭੜਕਾਊ ਬਿਆਨਾਂ ਅਤੇ ਅੰਦੋਲਨਾਂ ਨੇ ਹਵਾ ਦਿੱਤੀ। ਵਾਂਗਚੁਕ ਆਪਣੇ ਆਪ ਨੂੰ ਵਾਤਾਵਰਣ ਵਾਦੀ ਅਤੇ ਸਿੱਖਿਆ ਸੁਧਾਰਕ ਵਜੋਂ ਪੇਸ਼ ਕਰਦਾ ਹੈ, ਪਰ ਅਸਲ ਵਿਚ ਉਸ ਦੀਆਂ ਗਤੀਵਿਧੀਆਂ ਮੌਜੂਦਾ ਸਰਕਾਰ ਨੂੰ ਬਦਨਾਮ ਕਰਨ ਅਤੇ ਲੱਦਾਖ ਵਿਚ ਅਸਥਿਰਤਾ ਪੈਦਾ ਕਰਨ ਵੱਲ ਇਸ਼ਾਰਾ ਕਰਦੀਆਂ ਹਨ। ਇਹ ਕੋਈ ਨਵੀਂ ਗੱਲ ਨਹੀਂ ਹੈ, 2019 ਵਿਚ ਲੱਦਾਖ ਨੂੰ ਯੂਨੀਅਨ ਟੈਰੀਟਰੀ ਬਣਾਉਣ ਤੋਂ ਬਾਅਦ ਤੋਂ ਵਾਂਗਚੁਕ ਨੇ ਲਗਾਤਾਰ ਵਿਰੋਧ ਕੀਤਾ ਹੈ, ਜੋ ਕਿ ਨਾ ਸਿਰਫ਼ ਵਿਕਾਸ ਵਿਰੋਧੀ ਹੈ ਬਲਕਿ ਦੇਸ਼ ਵਿਰੋਧੀ ਏਜੰਡੇ ਨਾਲ ਜੁੜਿਆ ਨਜ਼ਰ ਆਉਂਦਾ ਹੈ।



ਸੰਦੀਪ ਕੁਮਾਰ
ਫੋਨ: 70098-07121

ਸੋਨਮ ਵਾਂਗਚੁਕ ਦੀਆਂ ਗਤੀਵਿਧੀਆਂ ਨੂੰ ਨੇੜਿਓਂ ਵੇਖੀਏ ਤਾਂ ਪਤਾ ਲੱਗਦਾ ਹੈ ਕਿ ਉਹ ਲੋਕਲ ਲੋਕਾਂ ਨੂੰ ਸਭਿਆਚਾਰ ਅਤੇ ਵਾਤਾਵਰਣ ਨੂੰ ਬਚਾਉਣ ਦੇ ਨਾਂ 'ਤੇ ਭੜਕਾਉਂਦਾ ਰਿਹਾ ਹੈ। ਉਹ ਕਹਿੰਦਾ ਹੈ ਕਿ ਸਰਕਾਰੀ ਪ੍ਰੋਜੈਕਟ ਜਿਵੇਂ ਹਾਈਡਰੋ ਪਾਵਰ ਪਲਾਂਟ, ਸੋਲਰ ਊਰਜਾ ਅਤੇ ਟੂਰਿਜ਼ਮ ਵਿਕਾਸ ਨਾਲ ਲੱਦਾਖ ਦਾ ਨਾਜ਼ੁਕ ਵਾਤਾਵਰਣ ਅਤੇ ਪੁਰਾਣੇ ਸਭਿਆਚਾਰ ਨੂੰ ਖ਼ਤਰਾ ਹੈ। ਪਰ ਇਹ ਸਿਰਫ਼ ਇੱਕ ਬਹਾਨਾ ਹੈ। ਵਿਕਾਸ ਦੀ ਪ੍ਰਕਿਰਿਆ ਵਿਚ ਭੂਮੀ ਬਦਲਾਅ ਇੱਕ ਕੁਦਰਤੀ ਵਰਤਾਰਾ ਹੈ, ਜੋ ਨਾ ਸਿਰਫ਼ ਭਾਰਤ ਵਿਚ ਬਲਕਿ ਸੰਸਾਰ ਭਰ ਵਿਚ ਵਾਪਰਦਾ ਹੈ। ਤਰੱਕੀ ਕਦੇ ਵੀ ਸਭਿਆਚਾਰ ਨੂੰ ਖਤਮ ਨਹੀਂ ਕਰਦੀ, ਉਹ ਤਾਂ ਉਸ ਨੂੰ ਨਵਾਂ ਰੂਪ ਦਿੰਦੀ ਹੈ ਅਤੇ ਲੋਕਾਂ ਨੂੰ ਬਿਹਤਰ ਜੀਵਨ ਪ੍ਰਦਾਨ ਕਰਦੀ ਹੈ। ਅਸਲ ਵਿਚ ਸਭਿਆਚਾਰ ਉਦੋਂ ਖਤਮ ਹੁੰਦਾ ਹੈ ਜਦੋਂ ਵਿਅਕਤੀ ਆਪਣੀਆਂ ਨਿੱਜੀ ਸਹੂਲਤਾਂ ਅਤੇ ਲਾਭਾਂ ਲਈ ਸਭਿਆਚਾਰਕ ਮੁੱਲਾਂ ਤੋਂ ਪਿੱਛੇ ਹਟ ਜਾਂਦੇ ਹਨ। ਵਾਂਗਚੁਕ ਵਰਗੇ ਵਿਅਕਤੀ ਇਸ ਨੂੰ ਨਹੀਂ ਸਮਝਦੇ ਜਾਂ ਜਾਣਬੁੱਝ ਕੇ ਅਣਗੌਲਿਆ ਕਰਦੇ ਹਨ, ਕਿਉਂਕਿ ਉਨ੍ਹਾਂ ਦਾ ਉਦੇਸ਼ ਵਿਕਾਸ ਨੂੰ ਰੋਕਣਾ ਅਤੇ ਲੋਕਾਂ ਵਿਚ ਨਾਰਾਜ਼ਗੀ ਪੈਦਾ ਕਰਨਾ ਹੈ। ਉਹ ਭੁੱਖ ਹੜਤਾਲਾਂ ਅਤੇ ਵੀਡੀਓਜ਼ ਰਾਹੀਂ ਲੋਕਾਂ ਨੂੰ ਉਕਸਾਉਂਦਾ ਹੈ, ਜਿਸ ਨਾਲ ਨੌਜਵਾਨ ਵਰਗ ਖਾਸ ਕਰਕੇ ਗਲਤ ਦਿਸ਼ਾ ਵਿਚ ਜਾਂਦਾ ਹੈ। ਸਤੰਬਰ 2025 ਵਿਚ ਵਾਂਗਚੁਕ ਨੇ ਇੱਕ ਅਨਿਸ਼ਚਿਤ ਸਮੇਂ ਦੀ ਭੁੱਖ ਹੜਤਾਲ ਸ਼ੁਰੂ ਕੀਤੀ, ਜੋ ਛੇਵੀਂ ਅਨੁਸੂਚੀ ਅਤੇ ਸਥਾਨਕ ਆਟੋਨੋਮੀ ਦੀ ਮੰਗ ਨਾਲ ਜੁੜੀ ਹੋਈ ਸੀ। ਪਰ ਇਹ ਅੰਦੋਲਨ ਸ਼ਾਂਤੀਪੂਰਵਕ ਨਹੀਂ ਰਿਹਾ, ਇਸ ਨੇ ਹਿੰਸਕ ਰੂਪ ਧਾਰਨ ਕੀਤਾ ਅਤੇ ਲੇਹ ਨੂੰ ਜੰਗ ਦੇ ਮੈਦਾਨ ਵਿਚ ਬਦਲ ਦਿੱਤਾ। ਚਾਰ ਲੋਕਾਂ ਦੀ ਮੌਤ ਅਤੇ ਕੁੱਲ 80 ਤੋਂ ਵੱਧ ਗੰਭੀਰ ਜ਼ਖਮੀ ਹੋਣ ਨਾਲ ਇਹ ਸਪਸ਼ਟ ਹੋ ਗਿਆ ਕਿ ਵਾਂਗਚੁਕ ਦੀ ਅਗਵਾਈ ਵਾਲੇ ਵਿਰੋਧ ਨੇ ਨੇਪਾਲ ਵਿਚ ਹੋਈ ਜਨਰੇਸ਼ਨ ਜ਼ੀ ਦੀ ਲਹਿਰ ਵਾਂਗ ਦੰਗਿਆਂ ਵਰਗੀ ਸਥਿਤੀ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਨਾ ਸਿਰਫ਼ ਸਮਾਜਿਕ ਅਪਰਾਧ ਹੈ ਬਲਕਿ ਕਾਨੂੰਨੀ ਤੌਰ 'ਤੇ ਵੀ ਗੰਭੀਰ ਮਾਮਲਾ ਹੈ, ਕਿਉਂਕਿ ਅਜਿਹੀਆਂ ਗਤੀਵਿਧੀਆਂ ਨੈਸ਼ਨਲ ਸੁਰੱਖਿਆ ਨੂੰ ਖ਼ਤਰੇ ਵਿਚ ਪਾਉਂਦੀਆਂ ਹਨ। ਲੱਦਾਖ, ਚੀਨ ਅਤੇ ਪਾਕਿਸਤਾਨ ਨਾਲ ਸਰਹੱਦੀ ਖੇਤਰ ਹੈ ਅਤੇ ਇੱਥੇ ਅਸਥਿਰਤਾ ਪੈਦਾ ਕਰਨਾ ਦੇਸ਼ ਵਿਰੋਧੀ ਤੱਤਾਂ ਨੂੰ ਫਾਇਦਾ ਪਹੁੰਚ ਸਕਦਾ ਹੈ।



ਵਾਂਗਚੁਕ ਦੀਆਂ ਵਿਦੇਸ਼ੀ ਗਤੀਵਿਧੀਆਂ ਵੀ ਸ਼ੱਕ ਦੇ ਘੇਰੇ ਵਿਚ ਹਨ। ਫਰਵਰੀ 2025 ਵਿਚ ਉਹ ਪਾਕਿਸਤਾਨ ਵਿਚ 'ਬ੍ਰੀਥ ਪਾਕਿਸਤਾਨ' ਨਾਂ ਦੀ ਵਾਤਾਵਰਣ ਕਾਨਫਰੰਸ ਵਿਚ ਸ਼ਾਮਲ ਹੋਇਆ। ਉਹ ਇਸ ਨੂੰ ਵਾਤਾਵਰਣ ਸੁਰੱਖਿਆ ਨਾਲ ਜੋੜ ਕੇ ਬਚਾਉਣ ਦੀ ਕੋਸ਼ਿਸ਼ ਕਰਦਾ ਹੈ, ਪਰ ਸਵਾਲ ਇਹ ਹੈ ਕਿ ਕੀ ਵਾਤਾਵਰਣ ਸਬੰਧੀ ਕਾਨਫਰੰਸਾਂ ਸਿਰਫ਼ ਪਾਕਿਸਤਾਨ ਵਿਚ ਹੀ ਹੁੰਦੀਆਂ ਹਨ? ਸੰਸਾਰ ਭਰ ਵਿਚ ਅਨੇਕਾਂ ਦੇਸ਼ ਜਿਵੇਂ ਅਮਰੀਕਾ, ਯੂਰਪ ਅਤੇ ਏਸ਼ੀਆ ਵਿਚ ਅਜਿਹੀਆਂ ਕਾਨਫਰੰਸਾਂ ਦਾ ਆਯੋਜਨ ਕਰਦੇ ਹਨ। ਵਾਂਗਚੁਕ ਉਥੇ ਜਾ ਕੇ ਭਾਰਤ ਅਤੇ ਆਪਣੇ ਵਿਚਾਰ ਪੇਸ਼ ਕਰ ਸਕਦਾ ਸੀ, ਪਰ ਉਸ ਨੇ ਪਾਕਿਸਤਾਨ ਨੂੰ ਚੁਣਨਾ ਕਿਉਂ ਜ਼ਰੂਰੀ ਸਮਝਿਆ? ਇਹ ਯਾਤਰਾ ਉਸ ਨੂੰ ਭਾਰਤ ਵਿਰੋਧੀ ਤੱਤਾਂ ਨਾਲ ਜੋੜਦੀ ਹੈ, ਖਾਸ ਕਰਕੇ ਜਦੋਂ ਲੱਦਾਖ ਵਿਚ ਚੀਨ ਅਤੇ ਪਾਕਿਸਤਾਨ ਨਾਲ ਜੁੜੇ ਸਰਹੱਦੀ ਵਿਵਾਦ ਚੱਲ ਰਹੇ ਹਨ। ਇਸ ਤੋਂ ਇਲਾਵਾ, ਉਸ ਦੇ ਐਨਜੀਓ ਹਿਮਾਲੀਅਨ ਇੰਸਟੀਚਿਊਟ ਆਫ ਅਲਟਰਨੇਟਿਵਜ਼ ਲੱਦਾਖ (ਐਚਆਈਏਐਲ) ਅਤੇ ਸਟੂਡੈਂਟਸ ਐਜੂਕੇਸ਼ਨਲ ਐਂਡ ਕਲਚਰਲ ਮੂਵਮੈਂਟ ਆਫ ਲੱਦਾਖ (ਸੈਕਮੋਲ) ਨੂੰ ਵਿਦੇਸ਼ੀ ਫੰਡਿੰਗ ਮਿਲੀ ਹੈ, ਜਿਸ ਨੂੰ ਐਫਸੀਆਰਏ ਨਿਯਮਾਂ ਦੀ ਉਲੰਘਣਾ ਮੰਨ ਕੇ ਰੱਦ ਕਰ ਦਿੱਤਾ ਗਿਆ ਹੈ। ਸੀਬੀਆਈ ਨੇ ਅਗਸਤ 2025 ਵਿਚ ਇਸ ਦੀ ਜਾਂਚ ਸ਼ੁਰੂ ਕੀਤੀ ਅਤੇ ਹੁਣ ਤੱਕ ਦੇ ਨਤੀਜੇ ਵਾਂਗਚੁਕ ਨੂੰ ਵਿਦੇਸ਼ੀ ਤਾਕਤਾਂ ਨਾਲ ਜੁੜੇ ਹੋਣ ਵੱਲ ਇਸ਼ਾਰਾ ਕਰਦੇ ਹਨ। ਉਸ ਨੇ ਆਪਣੇ ਐਨਜੀਓ ਰਾਹੀਂ ਵਿਦੇਸ਼ੀ ਫੰਡ ਲੈ ਕੇ ਲੱਦਾਖ ਵਿਚ ਅੰਦੋਲਨ ਨੂੰ ਹਵਾ ਦਿੱਤੀ ਹੈ, ਜੋ ਕਿ ਲੈਫਟਿਸਟ ਏਜੰਡੇ ਨਾਲ ਮੇਲ ਖਾਂਦੀ ਹੈ। ਲੈਫਟ ਵਿੰਗ ਦੇ ਮੋਹਰੇ ਵਜੋਂ ਕੰਮ ਕਰਦੇ ਹੋਏ ਉਹ ਮੌਜੂਦਾ ਸਰਕਾਰ ਦੀਆਂ ਵਿਕਾਸ ਨੀਤੀਆਂ ਦਾ ਵਿਰੋਧ ਕਰਦਾ ਹੈ ਅਤੇ ਲੋਕਾਂ ਨੂੰ ਭੜਕਾ ਕੇ ਉਨ੍ਹਾਂ ਨੂੰ ਵਿਰੋਧ ਵਿਚ ਸ਼ਾਮਲ ਕਰਵਾਉਂਦਾ ਹੈ। ਇਹ ਵਿਸ਼ਵਾਸਘਾਤ ਵਰਗਾ ਕੰਮ ਹੈ, ਕਿਉਂਕਿ ਇਹ ਨਾ ਸਿਰਫ਼ ਦੇਸ਼ ਦੇ ਵਿਕਾਸ ਨੂੰ ਰੋਕਦਾ ਹੈ ਬਲਕਿ ਸਰਹੱਦੀ ਖੇਤਰ ਵਿਚ ਅਸਥਿਰਤਾ ਪੈਦਾ ਕਰਕੇ ਵਿਦੇਸ਼ੀ ਤਾਕਤਾਂ ਨੂੰ ਫਾਇਦਾ ਪਹੁੰਚਾਉਂਦਾ ਹੈ।

ਵਾਂਗਚੁਕ ਨੇ 2020 ਵਿਚ ਗਲਵਾਨ ਵੈਲੀ ਵਿਚ ਚੀਨ ਨਾਲ ਵਾਪਰੀ ਘਟਨਾ ਤੋਂ ਬਾਅਦ ਚੀਨੀ ਉਤਪਾਦਾਂ ਦੇ ਬਾਈਕਾਟ ਦੀ ਅਪੀਲ ਕੀਤੀ ਸੀ ਅਤੇ ਅਕਸਾਈ ਚਿਨ ਵਿਚ ਚੀਨ ਦੇ ਕਬਜ਼ੇ ਦੀ ਨਿੰਦਾ ਵੀ ਕੀਤੀ ਸੀ। ਪਰ ਇਹ ਸਿਰਫ਼ ਬਾਹਰੀ ਰੂਪ ਹੈ, ਅੰਦਰੂਨੀ ਤੌਰ 'ਤੇ ਉਸ ਦੀਆਂ ਗਤੀਵਿਧੀਆਂ ਅਸਿੱਧੇ ਤੌਰ 'ਤੇ ਚੀਨ ਅਤੇ ਪਾਕਿਸਤਾਨ ਵਰਗੇ ਦੇਸ਼ਾਂ ਨੂੰ ਫਾਇਦਾ ਪਹੁੰਚਾ ਸਕਦੀਆਂ ਹਨ। ਸਾਲ 2007 ਵਿਚ ਯੂਪੀਏ ਸਰਕਾਰ ਨੇ ਵੀ ਉਸ ਨੂੰ ਚੀਨ ਨਾਲ ਐਂਟੀ-ਨੈਸ਼ਨਲ ਸੰਬੰਧਾਂ ਲਈ ਫਲੈਗ ਕੀਤਾ ਸੀ, ਜੋ ਹੁਣ ਤੱਕ ਦੀ ਪੁਰਾਣੀ ਗੱਲ ਹੈ ਪਰ ਉਸ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਹਾਲੀਆ ਘਟਨਾਵਾਂ ਵਿਚ, ਸਤੰਬਰ 2025 ਵਿਚ ਵਾਂਗਚੁਕ ਨੂੰ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਹੈ ਅਤੇ ਉਸ ਨੂੰ ਹਿੰਸਾ ਭੜਕਾਉਣ ਦੇ ਦੋਸ਼ ਲੱਗੇ ਹਨ। ਗ੍ਰਿਹ ਮੰਤਰਾਲੇ ਨੇ ਉਸ ਨੂੰ ਅਰਬ ਸਪ੍ਰਿੰਗ ਅਤੇ ਨੇਪਾਲ ਦੇ ਨੌਜਵਾਨ ਅੰਦੋਲਨਾਂ ਨਾਲ ਜੋੜ ਕੇ ਭੜਕਾਊ ਬਿਆਨਾਂ ਲਈ ਜ਼ਿੰਮੇਵਾਰ ਠਹਿਰਾਇਆ ਹੈ। ਇਹ ਸਥਿਤੀ ਡੀਪ ਸਟੇਟ ਵਰਗੀ ਜਾਪਦੀ ਹੈ, ਜਿੱਥੇ ਵਿਦੇਸ਼ੀ ਏਜੰਸੀਆਂ ਅਸਥਿਰਤਾ ਪੈਦਾ ਕਰਨ ਲਈ ਅੰਦਰੂਨੀ ਤੱਤਾਂ ਨੂੰ ਵਰਤਦੀਆਂ ਹਨ। ਵਾਂਗਚੁਕ ਦੇ ਅੰਦੋਲਨ ਨੇ ਲੱਦਾਖ ਵਿਚ ਬੇਰੁਜ਼ਗਾਰੀ ਅਤੇ ਵਾਤਾਵਰਣਕ ਮੁੱਦਿਆਂ ਨੂੰ ਬਹਾਨਾ ਬਣਾ ਕੇ ਲੋਕਾਂ ਨੂੰ ਭੜਕਾਇਆ ਹੈ, ਪਰ ਅਸਲ ਵਿਚ ਇਹ ਸਰਕਾਰ ਨੂੰ ਅਸਥਿਰ ਕਰਨ ਦੀ ਕੋਸ਼ਿਸ਼ ਹੈ।

ਲੱਦਾਖ ਦੀ ਅਸਥਿਰਤਾ ਦੀਆਂ ਜੜ੍ਹਾਂ ਵਿਚ ਸਥਾਨਕ ਮੁੱਦੇ ਜਿਵੇਂ ਬੇਰੁਜ਼ਗਾਰੀ (33% ਤੋਂ ਵੱਧ), ਸਰਕਾਰੀ ਅਣਦੇਖੀ ਅਤੇ ਵਾਤਾਵਰਣਕ ਚਿੰਤਾਵਾਂ ਹਨ, ਪਰ ਵਾਂਗਚੁਕ ਨੇ ਇਨ੍ਹਾਂ ਨੂੰ ਵਿਦੇਸ਼ੀ ਏਜੰਡੇ ਨਾਲ ਜੋੜ ਕੇ ਵੱਡਾ ਰੂਪ ਦੇ ਦਿੱਤਾ ਹੈ। ਉਸ ਨੇ ਲੋਕਾਂ ਨੂੰ ਆਟੋਨੋਮੀ ਅਤੇ ਛੇਵੀਂ ਅਨੁਸੂਚੀ ਦੇ ਨਾਂ 'ਤੇ ਉਕਸਾਇਆ ਹੈ, ਜੋ ਕਿ ਸਰਕਾਰ ਨੇ ਪਹਿਲਾਂ ਹੀ ਹਿੱਲ ਕੌਂਸਲ ਨੂੰ ਵਧੇਰੇ ਅਧਿਕਾਰ ਦੇ ਕੇ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਪਰ ਵਾਂਗਚੁਕ ਨੂੰ ਇਹ ਮਨਜ਼ੂਰ ਨਹੀਂ, ਕਿਉਂਕਿ ਉਸ ਨੂੰ ਅਸਥਿਰਤਾ ਚਾਹੀਦੀ ਹੈ। ਇਹ ਨੇਪਾਲ ਵਿਚ ਹੋਈ ਨੌਜਵਾਨ ਲਹਿਰ ਵਾਂਗ ਹੈ, ਜਿੱਥੇ ਵਿਦੇਸ਼ੀ ਤੱਤਾਂ ਨੇ ਅੰਦੋਲਨ ਨੂੰ ਹਾਈਜੈਕ ਕੀਤਾ ਸੀ। ਵਾਂਗਚੁਕ ਦੇ ਅੰਦੋਲਨ ਵਿਚ ਵੀ ਨੇਪਾਲੀ ਨਾਗਰਿਕਾਂ ਦੇ ਜ਼ਖਮੀ ਹੋਣ ਦੀਆਂ ਖ਼ਬਰਾਂ ਆਈਆਂ ਹਨ, ਜੋ ਵਿਦੇਸ਼ੀ ਦਖ਼ਲ ਵੱਲ ਇਸ਼ਾਰਾ ਕਰਦੀਆਂ ਹਨ। ਸੀਬੀਆਈ ਅਤੇ ਗ੍ਰਿਹ ਮੰਤਰਾਲੇ ਨੇ ਉਸ ਨੂੰ ਐਫਸੀਆਰਏ ਵਾਇਲੇਸ਼ਨ ਅਤੇ ਪਬਲਿਕ ਸੇਫਟੀ ਐਕਟ ਤਹਿਤ ਜਾਂਚ ਲਈ ਗ੍ਰਿਫ਼ਤਾਰ ਕੀਤਾ ਹੈ। ਇਹ ਸਹੀ ਕਦਮ ਹੈ, ਕਿਉਂਕਿ ਅਜਿਹੇ ਵਿਅਕਤੀ ਨੂੰ ਆਜ਼ਾਦ ਛੱਡਣਾ ਦੇਸ਼ ਲਈ ਖ਼ਤਰਾ ਹੈ।

ਸਰਕਾਰ ਨੂੰ ਇਸ ਮਾਮਲੇ ਵਿਚ ਸਖ਼ਤੀ ਨਾਲ ਕਾਰਵਾਈ ਕਰਨੀ ਚਾਹੀਦੀ ਹੈ। ਵਾਂਗਚੁਕ ਅਤੇ ਉਸ ਨਾਲ ਜੁੜੇ ਤੱਤਾਂ ਨੂੰ ਗ੍ਰਿਫ਼ਤਾਰ ਕਰਕੇ ਜਾਂਚ ਕੀਤੀ ਜਾਵੇ, ਵਿਦੇਸ਼ੀ ਫੰਡਿੰਗ ਦੇ ਸਾਰੇ ਰਸਤੇ ਬੰਦ ਕੀਤੇ ਜਾਣ ਅਤੇ ਪਿੱਛੇ ਕੰਮ ਕਰਨ ਵਾਲੀਆਂ ਤਾਕਤਾਂ ਦਾ ਪਰਦਾਫਾਸ਼ ਕੀਤਾ ਜਾਵੇ। ਇਹ ਡੀਪ ਸਟੇਟ ਵਰਗੀ ਸਾਜ਼ਿਸ਼ ਜਾਪਦੀ ਹੈ, ਜਿੱਥੇ ਵਿਦੇਸ਼ੀ ਏਜੰਸੀਆਂ ਦੂਜੇ ਦੇਸ਼ਾਂ ਵਿਚ ਅਸਥਿਰਤਾ ਪੈਦਾ ਕਰਨ ਲਈ ਅੰਦਰੂਨੀ ਮੋਹਰੇ ਵਰਤਦੀਆਂ ਹਨ। ਲੱਦਾਖ ਵਿਚ ਵਿਕਾਸ ਨੂੰ ਅੱਗੇ ਵਧਾਉਣ ਲਈ ਸਰਕਾਰ ਨੂੰ ਲੋਕਾਂ ਨਾਲ ਸਿੱਧੀ ਗੱਲਬਾਤ ਕਰਨੀ ਚਾਹੀਦੀ ਹੈ ਅਤੇ ਵਾਂਗਚੁਕ ਵਰਗੇ ਵਿਅਕਤੀਆਂ ਨੂੰ ਰੋਕਣਾ ਚਾਹੀਦਾ ਹੈ। ਇਹ ਨਾ ਸਿਰਫ਼ ਲੱਦਾਖ ਨੂੰ ਸਥਿਰ ਬਣਾਏਗਾ ਬਲਕਿ ਦੇਸ਼ ਦੀ ਸੁਰੱਖਿਆ ਨੂੰ ਵੀ ਮਜ਼ਬੂਤ ਕਰੇਗਾ। ਅੰਤ ਵਿਚ, ਕੋਈ ਵੀ ਵਿਅਕਤੀ ਦੇਸ਼ ਦੀ ਸੁਰੱਖਿਆ ਨਾਲ ਸਿੱਧੇ-ਅਸਿੱਧੇ ਢੰਗ ਨਾਲ ਖਿਲਵਾੜ ਕਰਨ ਦੀ ਕੋਸ਼ਿਸ਼ ਕਰੇ ਤਾਂ ਉਸ ਨਾਲ ਸਖ਼ਤੀ ਨਾਲ ਨਜਿੱਠਦੇ ਹੋਏ ਦੇਸ਼ ਦੀ ਸੁਰੱਖਿਆ ਨੂੰ ਬਹਾਲ ਰੱਖਿਆ ਜਾਵੇ।

# ਫ਼ਿਲਮ ਲੋਕ

## ਸ਼ਵੇਤਾ ਤਿਵਾੜੀ ਦੀ ਦਿੱਖ 'ਤੇ ਪ੍ਰਸ਼ੰਸਕ ਹੋਏ ਫ਼ਿਦਾ



ਟੀ.ਵੀ.ਸ਼ੋਆਂ ਵਿੱਚ ਸਭ ਤੋਂ ਆਕਰਸ਼ਕ,ਸਭ ਤੋਂ ਜਿਆਦਾ ਫੀਸ ਲੈਣ ਵਾਲੀ ਮਸ਼ਹੂਰ ਅਦਾਕਾਰਾ ਸ਼ਵੇਤਾ ਤਿਵਾੜੀ ਦਰਸ਼ਕਾਂ ਲਈ ਐਮਾਜ਼ੋਨ ਪ੍ਰਾਈਮ ਵੀਡੀਓ 'ਤੇ ਉਪਲਬਧ ਕਰਨ ਜੌਹਰ ਦੇ ਧਰਮਾ ਪ੍ਰੋਡਕਸ਼ਨ ਵਲੋਂ ਬਣਾਈ ਕਾਮੇਡੀ ਅਤੇ ਡਰਾਮਾ ਵੈੱਬ ਸੀਰੀਅਜ਼ 'ਡੂ ਯੂ ਵਾਨਾ ਪਾਰਟਨਰ ?' ਵਿਚ ਤਮੰਨਾ ਭਾਟੀਆ, ਡਾਇਨਾ ਪੇਂਟੀ ਅਤੇ ਨਕੂਲ ਮਹਿਤਾ ਦੇ ਨਾਲ ਨਜ਼ਰ ਆ ਰਹੀ ਹੈ। ਸੀਰੀਜ਼ ਵਿਚ ਸ਼ਵੇਤਾ ਤਿਵਾੜੀ ਦਾ ਅੰਦਾਜ਼ ਅਤੇ ਪੇਸ਼ਕਾਰੀ ਪ੍ਰਸ਼ੰਸਕਾਂ ਲਈ ਇਕ ਬਿਲਕੁਲ ਨਵਾਂ ਅਨੁਭਵ ਸਾਬਤ ਹੋ ਰਹੀ ਹੈ। ਏਕਤਾ ਕਪੂਰ ਦੇ ਟੀ.ਵੀ. ਸ਼ੋਅ 'ਕਸੌਟੀ ਜ਼ਿੰਦਗੀ ਕੀ' ਵਿਚ ਪ੍ਰੇਰਣਾ ਸ਼ਰਮਾ ਦੇ ਕਿਰਦਾਰ ਲਈ ਸ਼ਵੇਤਾ ਤਿਵਾੜੀ ਨੂੰ ਵਿਆਪਕ ਰੂਪ 'ਚ ਪਛਾਣ ਮਿਲੀ ਸੀ। ਅੱਜ ਵੀ ਉਸ ਦੇ ਇਸ ਕਿਰਦਾਰ ਨੂੰ ਟੈਲੀਵਿਜ਼ਨ ਦੀ ਸਭ ਤੋਂ ਮਜ਼ਬੂਤ ਔਰਤ ਵਾਲੇ ਕਿਰਦਾਰਾਂ ਵਿਚੋਂ ਇਕ ਮੰਨਿਆ ਜਾਂਦਾ ਹੈ।

ਸ਼ਵੇਤਾ ਤਿਵਾੜੀ ਨੇ ਆਪਣੀ ਖ਼ੂਬਸੂਰਤੀ, ਗਲੈਮਰ ਅਤੇ ਹੁਨਰ ਦੇ ਦਮ 'ਤੇ ਲੋਕਾਂ ਦੇ ਦਿਲਾਂ ਵਿਚ ਥਾਂ ਬਣਾਈ ਹੈ। ਉਹ ਪਰਦੇ 'ਤੇ ਜਿੰਨੀ ਖ਼ੂਬਸੂਰਤ ਨਜ਼ਰ ਆਉਂਦੀ ਹੈ, ਉਸ ਤੋਂ ਕਿਤੇ ਜ਼ਿਆਦਾ ਅਸਲ ਜ਼ਿੰਦਗੀ ਵਿਚ ਖ਼ੂਬਸੂਰਤ ਹੈ। ਸ਼ਵੇਰਾ ਆਪਣੇ ਕੰਮ ਤੋਂ ਜ਼ਿਆਦਾ ਆਪਣੀਆਂ ਕਾਤਲ ਅਦਾਵਾਂ ਨੂੰ ਲੈ ਕੇ ਚਰਚਾ ਵਿਚ ਰਹਿੰਦੀ ਹੈ। ਇਸ ਵਧਦੀ ਉਮਰ ਵਿਚ ਵੀ ਸ਼ਵੇਤਾ ਤਿਵਾੜੀ ਕਿਸੇ ਦਾ ਵੀ ਦਿਲ ਬੇਹੱਦ ਸੌਖਿਆਂ ਹੀ ਲੁੱਟ ਲੈਂਦੀ ਹੈ। ਉਹ ਆਪਣੇ ਅੰਦਾਜ਼ ਨਾਲ ਅੱਗ ਲਗਾਉਣ ਵਿਚ ਮਾਹਿਰ ਹੈ। ਉਸ ਨੇ ਖ਼ੁਦ ਨੂੰ ਇਕਦਮ ਚੁਸਤ-ਦਰੁੱਸਤ ਰੱਖਿਆ ਹੋਇਆ ਹੈ। ਸ਼ਵੇਤਾ ਦੀ ਹਰ ਦਿੱਖ ਪ੍ਰਸ਼ੰਸਕਾਂ ਨੂੰ ਪਸੰਦ ਆਉਂਦੀ ਹੈ। ਸਾਲ 2023 ਵਿਚ ਸ਼ਵੇਤਾ ਤਿਵਾੜੀ ਨੇ ਟਾਈਮ ਨਾਓ ਦੀਆਂ 'ਹਰਮਨਪਿਆਰੀਆਂ ਟੈਲੀਵਿਜ਼ਨ ਅਭਿਨੇਤਰੀਆਂ' ਦੀ ਸੂਚੀ ਵਿਚ ਪਹਿਲਾ ਸਥਾਨ ਹਾਸਿਲ ਕੀਤਾ ਸੀ।

ਸ਼ਵੇਤਾ ਤਿਵਾੜੀ ਟੈਲੀਵਿਜ਼ਨ ਤੋਂ ਇਲਾਵਾ ਹੁਣ ਤੱਕ ਹਿੰਦੀ, ਭੋਜਪੁਰੀ, ਪੰਜਾਬੀ, ਕੰਨੜ, ਭਾਰਤੀ ਭਾਸ਼ਾਵਾਂ ਸਮੇਤ ਨੇਪਾਲੀ ਅਤੇ ਪਾਕਿਸਤਾਨੀ ਫਿਲਮਾਂ ਅਤੇ ਵੈੱਬ ਸੀਰੀਜ਼ ਵਿਚ ਵੀ ਨਜ਼ਰ ਆ ਚੁੱਕੀ ਹੈ। ਪ੍ਰੋਫੈਸ਼ਨਲ ਜ਼ਿੰਦਗੀ ਵਿਚ ਬੇਹੱਦ ਕਾਮਯਾਬ ਰਹੀ ਸ਼ਵੇਤਾ ਤਿਵਾੜੀ ਨੇ ਆਪਣੀ ਅਸਲ ਜ਼ਿੰਦਗੀ ਵਿਚ ਕਾਫ਼ੀ ਦਰਦ ਦੇਖਿਆ ਹੈ। ਦੋ ਵਾਰ ਵਿਆਹ ਵਿਚ ਨਾਕਾਮ ਰਹਿਣ ਦੇ ਬਾਵਜੂਦ ਟੁੱਟਣ ਦੀ ਬਜਾਏ ਸ਼ਵੇਤਾ ਬੇਹੱਦ ਮਜ਼ਬੂਤ ਬਣ ਕੇ ਉੱਭਰੀ ਹੈ।

## ਜਾਹਨਵੀ ਕਪੂਰ ਕਾਬਲੀਅਤ ਵਿਚ ਕੋਈ ਕਮੀ ਨਹੀਂ

ਅਦਾਕਾਰਾ ਜਾਹਨਵੀ ਕਪੂਰ ਬਾਲੀਵੁੱਡ ਦੀਆਂ ਹਰਮਨ ਪਿਆਰੀਆਂ ਅਦਾਕਾਰਾਂ ਵਿਚੋਂ ਇਕ ਹੈ। ਉਹ ਨਾ ਸਿਰਫ਼ ਆਪਣੀ ਐਕਟਿੰਗ, ਸਗੋਂ ਦਿੱਖ ਕਰਕੇ ਵੀ ਹਮੇਬਾ ਪ੍ਰਸ਼ੰਸਕਾਂ ਨੂੰ ਦੀਵਾਨਾ ਬਣਾਈ ਰੱਖਦੀ ਹੈ। ਉਸ ਦਾ ਸਟਾਈਲਿੰਗ ਸੈਂਸ ਲੋਕਾਂ ਨੂੰ ਕਾਇਲ ਕਰ ਦਿੰਦਾ ਹੈ। ਵੈਸਟਰਨ ਹੋਵੇ ਜਾਂ ਇੰਡੀਅਨ, ਹਰ ਦਿੱਖ ਵਿਚ ਉਹ ਬੇਹੱਦ ਕਮਾਲ ਲਗਦੀ ਹੈ। ਸਿਧਾਰਥ ਮਲਹੋਤਰਾ ਦੇ ਨਾਲ ਵਾਲੀ ਉਸ ਦੀ ਰੋਮਾਂਟਿਕ ਕਾਮੇਡੀ ਫਿਲਮ 'ਪਰਮ ਸੁੰਦਰੀ' 28 ਅਗਸਤ ਨੂੰ ਸਿਨੇਮਾਘਰਾਂ ਵਿਚ ਰਿਲੀਜ਼ ਹੋ ਚੁੱਕੀ ਹੈ। ਹਮੇਸ਼ਾ ਦੀ ਤਰ੍ਹਾਂ ਇਸ ਫ਼ਿਲਮ ਵਿਚ ਵੀ ਜਾਹਨਵੀ ਕਪੂਰ ਨੇ ਸਭ ਤੋਂ ਜਿਆਦਾ ਪ੍ਰਭਾਵਿਤ ਕੀਤਾ। 'ਪਰਮ ਸੁੰਦਰੀ' ਤੋਂ ਬਾਅਦ ਜਾਹਨਵੀ ਦੀ ਰੋਮਾਂਟਿਕ, ਕਾਮੇਡੀ, ਪਰਿਵਾਰਕ ਡਰਾਮਾ ਫ਼ਿਲਮ 'ਸਨੀ ਸੰਸਕਾਰੀ ਕੀ ਤੁਲਸੀ ਕੁਮਾਰੀ ਪਹਿਲਾਂ 18 ਅਪ੍ਰੈਲ ਨੂੰ ਰਿਲੀਜ਼ ਹੋਣ ਵਾਲੀ ਸੀ ਪਰ ਹੁਣ ਇਹ 2 ਅਕਤੂਬਰ ਨੂੰ ਰਿਲੀਜ਼ ਹੋਈ ਹੈ। ਪ੍ਰਸੰਸਕਾਂ ਦੀ ਉਮੀਦ ਹੁਣ ਜਾਹਨਵੀ ਦੀ ਇਸੇ ਫਿਲਮ 'ਤੇ ਟਿਕ ਚੁੱਕੀ ਹੈ। ਜਸ਼ਾਂਕ ਖੇਤਾਨ ਵਲੋਂ ਨਿਰਦੇਸ਼ਿਤ ਇਸ ਫ਼ਿਲਮ ਵਿਚ ਜਾਹਨਵੀ ਦੇ ਨਾਲ ਵਰੁਣ ਧਵਨ, ਸਾਨੀਆ ਮਲਹੋਤਰਾ, ਰੋਹਿਤ ਸਰਾਫ਼ ਮਨੀਸ਼ ਪਾਲ ਹਨ। ਫ਼ਿਲਮ 'ਬਵਾਲ' ਤੋਂ ਬਾਅਦ ਇਹ ਇਸ ਜੋੜੇ ਦੀ ਦੂਜੀ ਫ਼ਿਲਮ ਹੈ। ਇਸ ਤੋਂ ਇਲਾਵਾ ਜਾਹਨਵੀ ਐਕਸ਼ਨ, ਡਰਾਮਾ ਫ਼ਿਲਮ 'ਪੈਂਡੀ' ਕਰ ਰਹੀ ਹੈ। ਇਸ ਨੂੰ ਦੱਖਣ ਭਾਰਤ ਦੇ ਨਿਰਦੇਸ਼ਕ ਬੁਚੀ ਨਿਰਦੇਸ਼ਤ ਕਰ ਰਹੇ ਹਨ। ਇਸ ਫਿਲਮ ਵਿਚ ਜਾਹਨਵਰੀ ਕਪੂਰ ਰਾਮਚਰਨ ਦੇ ਨਾਲ ਨਜ਼ਰ ਆਏਗੀ । ਅਗਲੇ ਸਾਲ ਦੀ ਸ਼ੁਰੂਆਤ ਵਿਚ ਇਸ ਨੂੰ ਰਿਲੀਜ਼ ਕੀਤਾ ਜਾ ਸਕਦਾ ਹੈ। ਜੇਕਰ ਸੂਤਰਾਂ ਦੀ ਮੰਨੀਏ ਤਾਂ ਜਾਹਨਵੀ ਦੇ ਕੋਲ ਉਸ ਦੀ ਮੰਮੀ ਸ੍ਰੀਦੇਵੀ ਦੀ ਸੁਪਰ ਹਿੱਟ ਫ਼ਿਲਮ 'ਚਾਲਬਾਜ਼' ਦੇ ਵਿਸਥਾਰ' ਦੀ ਪੇਸ਼ਕਸ਼ ਵੀ ਆਈ ਹੈ। ਇਹ ਪੇਸ਼ਕਸ਼ ਉਸ ਲਈ ਇਕ ਫ਼ਿਲਮ ਨਹੀਂ, ਸਗੋਂ ਇਮੋਸ਼ਨ ਹੈ। ਇਸ ਨੂੰ ਲੈ ਕੇ ਜਾਹਨਵੀ ਕਾਫ਼ੀ ਉਤਸ਼ਾਹੀ ਹੈ। ਪਰ ਇਸ ਵਿਸਥਾਰ ਲਈ ਹਾਂ ਕਹਿਣ ਤੋਂ ਪਹਿਲਾਂ ਜਾਨਵਰੀ ਬੇਹੱਦ ਸਾਵਧਾਨੀ ਨਾਲ ਜਾਂਚ-ਪਰਖ ਲੈਣਾ ਚਾਹੁੰਦੀ ਹੈ ਕਿ ਇਸ ਦੇ ਨਾਲ ਉਹ ਨਿਆਂ ਕਰ ਸਕੇਗੀ ਜਾਂ ਨਹੀਂ ? ਉਮੀਦ ਕੀਤੀ ਜਾ ਰਹੀ ਹੈ ਕਿ ਇਸ ਮਹੀਨੇ ਦੇ ਅਖੀਰ ਤੱਕ ਉਹ ਫਿਲਮ ਨੂੰ ਕਰਨ ਜਾਂ ਨਾ ਕਰਨ ਬਾਰੇ ਫੈਸਲਾ ਲੈ ਲਵੇਗੀ ।





-0-

## 30 ਹਜ਼ਾਰ ਤੋਂ ਵੱਧ ਗੀਤਾਂ ਨੂੰ ਅਵਾਜ਼ ਦੇਣ ਵਾਲੀ ਲਤਾ ਮੰਗੇਸ਼ਕਰ

ਦਰਸ਼ਨ ਸਿੰਘ ਪ੍ਰੀਤੀਮਾਨ



ਕਿਸੇ ਸਖ਼ਸ਼ ਦਾ ਟੀਸੀ ਤੇ ਪਹੁੰਚਣਾ ਉਸ ਦੀ ਮਿਹਨਤ ਨੂੰ ਸਲਾਮ ਕਰਨ ਬਣਦਾ ਹੈ। ਸਖ਼ਤ ਮਿਹਨਤ ਹਮੇਸ਼ਾਂ ਰੰਗ ਲਿਆਉਂਦੀ ਹੈ।ਕਿਸੇ ਖੇਤਰ ਵਿਚ ਹੱਦੋਂ ਵੱਧ ਕੀਤੇ ਕੰਮ ਦੀ ਵਡਿਆਈ ਹੋਣੀ ਹੀ ਹੁੰਦੀ ਹੈ ਜੋ ਸਦੀਵੀ ਛਾਪ ਛੱਡਦੀ ਹੈ। ਜਿਹੜੇ ਵਿਅਕਤੀ ਸਮਾਜ ਲਈ ਕਿਸੇ ਵੀ ਖੇਤਰ ਵਿਚ ਤਨ-ਦੇਹੀ ਨਾਲ ਕੰਮ ਕਰਦੇ ਹਨ, ਲੋਕ ਉਨ੍ਹਾਂ ਨੂੰ ਪਲਕਾ 'ਤੇ ਬਿਠਾ ਲੈਂਦੇ ਹਨ, ਮਨਾਂ 'ਚ ਵਸਾ ਲੈਂਦੇ ਹਨ, ਆਪਣੇ ਖੇਤਰ ਵਿਚ ਪ੍ਰਸਿੱਧੀ ਖੱਟਣ ਵਾਲੇ ਸਖ਼ਸ਼ ਨੂੰ ਲੋਕ ਆਪਣਾ ਬਣਾ ਲੈਂਦੇ ਹਨ, ਉਸ ਦਾ ਐਨਾ ਆਦਰ ਵੱਧ ਜਾਂਦਾ ਹੈ ਕਿ ਇਕ ਨਾਂ ਇਕ ਦਿਨ ਉਹ ਵੱਡੀ ਹਸਤੀ ਪੂਜਣਯੋਗ ਬਣ ਜਾਂਦੀ ਹੈ। ਉਪਰੋਕਤ ਗੱਲ ਫਿਲਮੀ ਸੰਗੀਤਕ ਹਸਤੀ ਲਤਾ ਮੰਗੇਸ਼ਕਰ ਤੇ ਪੂਰੀ ਢੁੱਕਦੀ ਹੈ।

ਲਤਾ ਮਗੇਸ਼ਕਰ ਦਾ ਜਨਮ 28 ਸਤੰਬਰ 1929 ਨੂੰ ਮਾਤਾ ਸੁਧਾਮਤੀ (ਸਿਵੰਤੀ) ਦੀ ਕੁੱਖੋਂ, ਪਿਤਾ ਪੰਡਤ ਦੀਨਾ ਨਾਥ ਮੰਗੇਸ਼ਕਰ ਦੇ ਘਰ, ਦਾਦਾ ਗਨੇਸ਼ ਭੱਟ ਦੇ ਖੇੜੇ ਮਹਾਰਾਸ਼ਟਰ ਦੇ ਇੰਦੌਰ ਸ਼ਹਿਰ ਦੇ ਮੰਗੇਸ਼ ਨਾਂ ਦੇ ਇਕ ਮੁਹੱਲੇ ਵਿਚ ਹੋਇਆ।ਪੰਡਤ ਦੀਨਾ ਨਾਥ ਮੰਗੇਸ਼ਕਰ ਪ੍ਰਸਿੱਧ ਸ਼ਾਸਤਰੀ, ਗਾਇਕ, ਅਦਾਕਾਰ ਸੀ। ਉਨ੍ਹਾਂ ਦੀ ਪਹਿਲੀ ਪਤਨੀ ਨਰਮਦਾ ਸੀ ਤੇ ਦੂਸਰੀ ਪਤਨੀ ਸੁਧਾਮਤੀ (ਸਿਵੰਤੀ) ਸੀ, ਜਿਸ ਦੀ ਕੁੱਖੋਂ ਲਤਾ ਮੰਗੇਸ਼ਕਰ ਨੇ ਜਨਮ ਲਿਆ। ਲਤਾ ਮੰਗੇਸ਼ਕਰ ਦੇ ਭਰਾ ਹਿਰਦੇਨਾਥ ਮੰਗੇਸ਼ਕਰ ਤੇ ਭੈਣਾਂ ਊਸ਼ਾ ਮੰਗੇਸ਼ਕਰ, ਮੀਨਾ ਮੰਗੇਸ਼ਕਰ ਅਤੇ ਆਸ਼ਾ ਭੋਂਸਲੇ ਸਨ। ਲਤਾ ਮੰਗੇਸ਼ਕਰ ਦਾ ਬਚਪਨ ਦਾ ਨਾਂ 'ਰਿਦਿਆ' ਸੀ।

ਰਿਦਿਆ ਤੋਂ ਲਤਾ ਮੰਗੇਸ਼ਕਰ ਬਣੀ ਨੇ ਆਪਣੀ ਰੋਜ਼ੀ-ਰੋਟੀ ਲਈ ਸੰਗੀਤ ਨੂੰ ਚੁਣਿਆ।ਲਤਾ, ਉਸਤਾਦ ਬੜੇ ਗੁਲਾਮ ਅਲੀ ਖਾਨ ਤੋਂ ਸ਼ਾਸਤਰੀ ਸੰਗੀਤ ਦੀਆਂ ਬਰੀਕੀਆਂ ਬਾਰੇ ਜਾਣੂ ਹੋਈ, ਉਸ ਨੇ ਪੰਡਿਤ ਤੁਲਸੀ ਦਾਸ, ਅਮਾਨ ਅਲੀ ਖਾਨ, ਅਮਾਨਤ ਅਲੀ ਖਾਨ ਨੂੰ ਉਸਤਾਦ (ਗੁਰੂ) ਮੰਨਿਆ।



ਲਤਾ ਮੰਗੇਸ਼ਕਰ ਨੇ 13 ਵਰ੍ਹਿਆਂ ਦੀ ਉਮਰ ਵਿਚ ਸੰਗੀਤ ਦੀ ਦੁਨੀਆਂ 'ਚ ਆਪਣੀ ਅਵਾਜ਼ 'ਚ ਗਾਇਆ, ਉਸ ਨੇ ਆਪਣਾ ਪਹਿਲਾ ਗੀਤ ਸੰਨ 1949 ਵਿਚ ਰਿਕਾਰਡ ਕਰਵਾਇਆ। ਸੰਨ 1948 ਤੋਂ ਲੈ ਕੇ 1989 ਤੱਕ 30 ਹਜਾਰ ਤੋਂ ਜ਼ਿਆਦਾ ਗੀਤ ਗਾਏ। ਜਿਸ ਵਿਚ 1000 ਤੋਂ ਵੱਧ ਗੀਤ ਫਿਲਮਾ ਦੇ ਗਾਏ। ਲਤਾ ਮੰਗੇਸ਼ਕਰ ਨੇ ਸਭ ਤੋਂ ਵੱਧ ਗੀਤ ਮਰਾਠੀ ਤੇ ਹਿੰਦੀ ਭਾਸ਼ਾ 'ਚ ਗਾਏ। ਸਭ ਤੋਂ ਵੱਧ ਗਾਣੇ ਰਿਕਾਰਡ ਕਰਨ 'ਚ ਵੀ ਉਨ੍ਹਾਂ ਦਾ ਨੰਬਰ ਹੈ।ਵੱਧ ਗਾਣੇ ਉਨ੍ਹਾਂ ਨੇ ਮਹੰਮਦ ਰਫ਼ੀ ਨਾਲ ਗਾਏ। ਲਤਾ ਨੇ 8 ਦਹਾਕਿਆਂ ਦੇ ਕੈਰੀਅਰ ਵਿਚ 36 ਭਾਰਤੀ ਭਾਸ਼ਾਵਾਂ ਵਿਚ ਆਪਣੇ ਗੀਤ ਗਾਏ।

ਲਤਾ ਮੰਗੇਸ਼ਕਰ ਨੇ ਆਪਣੀ ਗਾਇਕੀ ਦਾ ਰਾਹ ਰੋਜ਼ੀ-ਰੋਟੀ ਲਈ ਚੁਣਿਆ ਸੀ। ਗਾਉਣ ਦੇ ਸ਼ੌਕ ਨੂੰ ਤਰਜੀਹ ਦੇਣ ਵਾਲੀ ਲਤਾ ਨੇ ਵਿਆਹ ਵੀ ਨਹੀਂ ਕਰਵਾਇਆ।ਲਤਾ ਦੇ ਸ਼ੌਕ ਵੱਖ-ਵੱਖ ਪਕਵਾਨਾ ਦਾ ਸ਼ੌਕ, ਸੰਗੀਤ ਸੁਣਨਾ, ਨਾਟਕ ਦੇਖਣੇ, ਫਿਲਮਾਂ ਵੇਖਣੀਆਂ ਉਸ ਦੇ ਸ਼ੌਕ ਸਨ। ਉਹ ਸੰਗੀਤ ਨੂੰ ਬਹੁਤ ਪਿਆਰ ਕਰਦੀ ਸੀ।

ਭਾਰਤ ਦੀ ਸ਼ਾਨ ਤੇ ਮਾਣ ਨੇ ਭਾਰਤ ਦਾ ਨਾਂ ਪੂਰੀ ਦੁਨੀਆਂ ਵਿਚ ਚਮਕਾਇਆ। ਲਤਾ ਮੰਗੇਸ਼ਕਰ ਨੇ 92 ਸਾਲ ਦੀ ਉਮਰ ਵਿਚ ਮੁੰਬਈ ਦੇ ਬ੍ਰੀਚ ਕੈਂਡੀ ਹਸਪਤਾਲ ਵਿਚ ਆਖਰੀ ਸਾਹ ਲਿਆ, ਉਹ 8 ਜਨਵਰੀ ਸੰਨ 2022 ਨੂੰ ਹਸਪਤਾਲ ਵਿਚ ਦਾਖਲ ਹੋਏ, ਉਨ੍ਹਾਂ ਨੂੰ ਚੰਦਰੀ ਬਿਮਾਰੀ ਕਰੋਨਾ ਨੇ ਆਪਣੀ ਲਪੇਟ ਵਿਚ ਲੈ ਲਿਆ ਤੇ ਨਾਲ ਹੀ ਨਿਮੂਨੀਆਂ ਵੀ ਹੋ ਗਿਆ। ਉਨ੍ਹਾਂ ਦੇ ਸਾਰੇ ਅੰਗ ਕੰਮ ਕਰਨੋ ਹਟ ਗਏ। ਭਾਰਤ ਦੀ ਕੋਇਲ ਦਾ ਪੈਡਰ ਮਾਰਗ ਰਿਹਾਇਸ਼ 'ਪ੍ਰਭੂ ਕੁੰਜ' ਵਿਖੇ 6 ਫਰਵਰੀ 2022 ਦਿਨ ਐਤਵਾਰ ਨੂੰ ਹੀ ਸ਼ਾਮ ਦੇ 7 ਵੱਜ ਕੇ 16 ਮਿੰਟ ਤੇ ਸਵੇਰੇ 8 ਵਜੇ ਕੇ 12 ਮਿੰਟ ਤੇ ਦੇਹਾਂਤ ਹੋ ਗਿਆ ਸੀ ਅਤੇ ਐਤਵਾਰ ਨੂੰ ਸ਼ਾਮ ਦੇ 7 ਵੱਜ ਕੇ 16 ਮਿੰਟ ਤੇ ਰਾਜਸੀ ਸਨਮਾਨ ਨਾਲ ਸੰਸਕਾਰ ਕੀਤਾ ਗਿਆ ਸੀ, ਉਨ੍ਹਾਂ ਦੇ ਭਰਾ ਹਿਰਦੈਨਾਥ ਤੇ ਭਤੀਜੇ ਅਦਿੱਤਿਆ ਨੇ ਉਨ੍ਹਾਂ ਦੀ ਚਿਖਾ ਨੂੰ ਅਗਨੀ ਵਿਖਾਈ ਸੀ ਕੇਂਦਰ ਸਰਕਾਰ ਨੇ ਲਤਾ ਮੰਗੇਸ਼ਕਰ ਦੀ ਮੌਤ ਤੇ ਇਕ ਦਿਨ ਸਰਕਾਰੀ ਛੁੱਟੀ ਦਾ ਐਲਾਨ ਕੀਤਾ ਸੀ ਤੇ ਕੇਂਦਰ ਸਰਕਾਰ ਨੇ ਦੋ ਦਿਨ ਦੇ ਸਰਕਾਰੀ ਸੋਗ ਦਾ ਐਲਾਨ ਕੀਤਾ ਸੀ।

ਅਜੇ ਤੱਕ ਲਤਾ ਮੰਗੇਸ਼ਕਰ ਦੇ ਮੁਕਾਬਲੇ ਦਾ ਹਾਣੀ ਕੋਈ ਨਹੀਂ ਜੰਮਿਆ ਲਤਾ ਮੰਗੇਸ਼ਕਰ ਨੇ ਦੇਸ਼ ਦਾ ਨਾਂ ਉੱਚਾ ਕੀਤਾ। ਭਾਵੇ ਅੱਜ ਹਰਮਨ ਪਿਆਰੀ ਲਤਾ ਸਾਡੇ ਵਿਚਕਾਰ ਤਾਂ ਨਹੀਂ ਰਹੀ ਪਰ ਉਸ ਦੀਆਂ ਫਿਲਮਾਂਣਕਣ ਤਸਵੀਰਾਂ ਤੇ ਪਿਆਰੀ ਅਵਾਜ਼, 'ਚ ਰਿਕਾਉਡ ਕਰਵਾਏ ਹਜ਼ਾਰਾਂ ਗੀਤ, ਉਸ ਦੀ ਯਾਦ ਨੂੰ ਹਮੇਸ਼ਾਂ ਤਰੋ-ਤਾਜ਼ਾ ਰੱਖਣਗੇ। ਕਾਸ! ਲ਼ਤਾ ਮੰਗੇਸ਼ਕਰ ਸਾਡੇ ਦੇਸ਼ ਦੀ ਮਾਣ ਤੇ ਸ਼ਾਨ ਦਾ ਸਾਡੇ ਦੇਸ਼ ਅੰਦਰ ਦੁਵਾਰਾ ਜਨਮ ਹੋਵੇ।

-ਪਿੰਡ ਤੇ ਡਾਕ ਘਰ ਰਾਮਪੁਰਾ, ਤਹਿਸੀਲ ਰਾਮਪੁਰਾ ਫੂਲ,
ਜ਼ਿਲ੍ਹਾ ਬਠਿੰਡਾ (ਪੰਜਾਬ)-151103
ਮੋ: 97792-97682

# Reliable Trucks & Trailer Repair Shop

7401 Brookville Road Indianapolis, IN 46239

* Truck & Trailer Alignment
* Truck Oil Change
* Truck & Trailer Brakes
* Shock and Chambers
* Drive Lines & AC Work
* Tire Change, Repair, & Balance
* Reefer Oil Change



* DPF Work * Nox Sensor
*Truck & Trailer Bushings
*Air Compressor * Air Dryer
* Radiator Change

ਟਰੱਕ ਅਤੇ ਟਰੇਲਰ ਅਲਾਈਨਮੈਂਟ, ਟਰੱਕ ਆਇਲ ਬਦਲਣ, ਟਰੱਕ ਅਤੇ ਟਰੇਲਰ ਬਰੇਕਾਂ, ਟਾਇਰ ਬਦਲਣ, ਰਿਪੇਅਰ ਅਤੇ ਬੈਲੇਂਸ, ਰੀਫਰ ਆਇਲ ਬਦਲਣ, ਏਅਰ ਡਰਾਇਰ, ਰੇਡੀਏਟਰ ਬਦਲਣ ਅਤੇ ਟਰੱਕਾਂ ਤੇ ਟਰੇਲਰ ਨਾਲ ਸਬੰਧਤ ਹੋਰ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ।

**Gurbaksh S Randhawa: 317-800-2976**

**Sam Bhullar: 317-995-2020**

# ਇੰਡੀਅਨਐਪੋਲਿਸ ਵਿਚ ਪਾਰਕਿੰਗ ਅਤੇ ਸੈਲਫ ਸਟੋਰੇਜ

## Indianapolis, IN

Yard Address: 10318 Pendleton Pike, Indianapolis, IN 46236

## Semiyard

Parking & Self-Storage Available

Download Semiyard App & Book

916 755 0085

Mobile & Text:

916 610 0033

SCAN ME !

Install via App Store

Install via Google Play

24/7 Access & Support

PARK MONTHLY!

